ਐਤਵਾਰ, 5 ਮਈ, 2024
23 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 72
ਅੰਕ/NO. : 335

# ਨਵਾਂ ਜ਼ਮਾਨਾ

DAILY NAWAN ZAMANA • SUNDAY, 5 MAY, 2024
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

## ਗੜ੍ਹੀ ਆਨੰਦਪੁਰ ਤੋਂ ਉਮੀਦਵਾਰ



**ਬੰਗਾ (ਅਵਤਾਰ ਕਲੇਰ)**-ਬਸਪਾ ਨੇ ਆਪਣੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਹੈ। ਇਸ ਨਾਲ ਬਸਪਾ ਨੇ ਪੰਜਾਬ ਦੀਆਂ ਸਾਰੀਆਂ 13 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਗੜ੍ਹੀ ਦਾ 'ਆਪ' ਦੇ ਮਾਲਵਿੰਦਰ ਕੰਗ, ਕਾਂਗਰਸ ਦੇ ਵਿਜੈ ਇੰਦਰ ਸਿੰਗਲਾ ਅਤੇ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਮੁਕਾਬਲਾ ਹੋਵੇਗਾ। ਭਾਜਪਾ ਨੇ ਹਾਲੇ ਉਮੀਦਵਾਰ ਐਲਾਨਣਾ ਹੈ।

## ਸੈਪਟਿਕ ਟੈਂਕ ਦੀ ਸਫਾਈ ਦੌਰਾਨ ਦੋ ਮਜ਼ਦੂਰਾਂ ਦੀ ਮੌਤ

**ਨੋਇਡਾ :** ਇੱਥੇ ਘਰ ਦੇ ਸੈਪਟਿਕ ਟੈਂਕ ਦੀ ਸਫਾਈ ਕਰਦੇ ਸਮੇਂ ਦਮ ਘੁਟਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ। ਨੋਇਡਾ ਸੈਕਟਰ-26 ਦੇ ਰਹਿਣ ਵਾਲੇ ਸੁਮਿਤ ਚਾਵਲਾ ਨੇ ਦੋ ਵਿਅਕਤੀਆਂ ਨੂੰ ਸੈਪਟਿਕ ਟੈਂਕ ਦੀ ਸਫਾਈ ਲਈ ਬੁਲਾਇਆ ਸੀ, ਜਦੋਂ ਦੋਵੇਂ ਟੈਂਕ ਦੀ ਸਫਾਈ ਕਰਨ ਲਈ ਹੇਠਾਂ ਗਏ ਤਾਂ ਉਨ੍ਹਾਂ ਦਾ ਦਮ ਘੁਟਣ ਲੱਗਾ ਅਤੇ ਕੁਝ ਹੀ ਦੇਰ ਵਿਚ ਜ਼ਹਿਰੀਲੀ ਗੈਸ ਦੀ ਲਪੇਟ ਵਿਚ ਆ ਗਏ। ਦੋਵਾਂ ਨੂੰ ਬਾਹਰ ਕੱਢ ਕੇ ਕੈਲਾਸ਼ ਹਸਪਤਾਲ ਲਿਜਾਇਆ ਗਿਆ, ਜਿੱਥੇ ਸ਼ੁੱਕਰਵਾਰ ਦੇਰ ਰਾਤ ਦੋਵਾਂ ਦੀ ਮੌਤ ਹੋ ਗਈ।

## 5 ਵਿਦਿਆਰਥੀਆਂ ਦੀ ਮੌਤ

**ਦੇਹਰਾਦੂਨ :** ਉੱਤਰਾਖੰਡ 'ਚ ਸ਼ਨੀਵਾਰ ਮਸੂਰੀ-ਦੇਹਰਾਦੂਨ ਰੋਡ 'ਤੇ ਕਾਰ ਡੂੰਘੀ ਖਾਈ 'ਚ ਡਿੱਗਣ ਕਾਰਨ 5 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਦੀ ਪਛਾਣ ਨੈਨਸੀ ਵਜੋਂ ਹੋਈ ਹੈ। ਕਾਰ 'ਚ 4 ਮੁੰਡੇ ਤੇ 2 ਕੁੜੀਆਂ ਸਵਾਰ ਸਨ। ਇਹ ਸਾਰੇ ਦੇਹਰਾਦੂਨ ਆਈ ਐੱਮ ਐੱਸ ਕਾਲਜ ਦੇ ਵਿਦਿਆਰਥੀ ਸਨ ਅਤੇ ਘੁੰਮਣ ਲਈ ਮਸੂਰੀ ਆਏ ਸਨ। ਸਵੇਰੇ ਦੇਹਰਾਦੂਨ ਪਰਤਦੇ ਸਮੇਂ ਹਾਦਸਾ ਵਾਪਰ ਗਿਆ।

# ਪਰਨੀਤ ਕੌਰ ਦੇ ਘਿਰਾਓ ਵੇਲੇ ਕਿਸਾਨ ਦੀ ਮੌਤ



**ਰਾਜਪੁਰਾ (ਰਮੇਸ਼ ਕਟਾਰੀਆ)**

ਲੋਕ ਸਭਾ ਹਲਕਾ ਪਟਿਆਲਾ ਤੋਂ ਭਾਜਪਾ ਉਮੀਦਵਾਰ ਪਰਨੀਤ ਕੌਰ ਦੇ ਸ਼ਨੀਵਾਰ ਘਨੌਰ ਹਲਕੇ ਅਧੀਨ ਪਿੰਡ ਸੇਹਰਾ ਵਿਖੇ ਚੋਣ ਪ੍ਰੋਗਰਾਮ ਦੌਰਾਨ ਘਿਰਾਓ ਕਰਨ ਮੌਕੇ ਕਿਸਾਨ ਆਗੂ ਸੁਰਿੰਦਰ ਪਾਲ ਸਿੰਘ ਆਕੜੀ ਦੀ ਮੌਤ ਹੋ ਗਈ। ਜਦੋਂ ਕਿਸਾਨ ਪਰਨੀਤ ਕੌਰ ਦੇ ਕਾਫਲੇ ਨੂੰ ਘੇਰ ਰਹੇ ਸਨ ਤਾਂ ਆਕੜੀ ਭਾਜਪਾ ਨੇਤਾ ਦੀ ਗੱਡੀ ਦੇ ਮੂਹਰੇ ਆ ਖਲੋਤਾ। ਉਸ ਨੂੰ ਲਾਂਭੇ ਕਰਨ ਲਈ ਪਰਨੀਤ ਕੌਰ ਦੇ ਸਮਰਥਕ ਨੇ ਉਸ ਨੂੰ ਕਥਿਤ ਤੌਰ 'ਤੇ ਧੱਕਾ ਮਾਰ ਦਿੱਤਾ, ਜਿਸ ਕਾਰਨ ਉਹ ਪਿਛਾਂਹ ਡਿੱਗ ਗਿਆ ਤੇ ਇਸ ਦੌਰਾਨ ਹੀ ਉਸ ਦੀ ਮੌਤ ਹੋ ਗਈ। ਇਸ ਮਗਰੋਂ ਉਸ ਨੂੰ ਸਿਵਲ ਹਸਪਤਾਲ ਰਾਜਪੁਰਾ ਵਿਖੇ ਲਿਜਾਇਆ ਗਿਆ, ਜਿੱਥੇ ਵੱਡੀ ਗਿਣਤੀ 'ਚ ਕਿਸਾਨ ਇਕੱਠੇ ਹੋ ਗਏ ਸਨ। ਇਸ ਦੌਰਾਨ ਇਸ ਸੰਬੰਧੀ ਵੀਡੀਓ ਸਾਹਮਣੇ ਆਈ ਹੈ, ਜਿਸ 'ਚ ਇੰਝ ਲੱਗਦਾ ਹੈ ਜਿਵੇਂ ਆਕੜੀ ਚੱਕਰ ਖਾ ਕੇ ਡਿੱਗਿਆ, ਪਰ ਕਿਸਾਨਾਂ ਦਾ ਕਹਿਣਾ ਹੈ ਕਿ ਉਸ ਨੂੰ ਪਰਨੀਤ ਕੌਰ ਦੇ ਸਮਰਥਕ ਹਰਵਿੰਦਰ ਸਿੰਘ ਹਰਪਾਲਪੁਰ ਨੇ ਧੱਕਾ ਮਾਰਿਆ।

ਹਰਪਾਲਪੁਰ ਨੇ ਕਿਹਾ ਹੈ ਕਿ ਉਹ ਤਾਂ ਆਕੜੀ ਦੇ ਨੇੜੇ-ਤੇੜੇ ਵੀ ਨਹੀਂ ਸੀ। ਵੀਡੀਓ 'ਚ ਸਾਫ ਹੈ ਕਿ ਆਕੜੀ ਨੂੰ ਜਾਂ ਤਾਂ ਚੱਕਰ ਆਇਆ ਜਾਂ ਦਿਲ ਦਾ ਦੌਰਾ ਪਿਆ। ਇਸੇ ਦੌਰਾਨ ਅਕਾਲੀ ਦਲ ਦੇ ਲੀਡਰ ਚਰਨਜੀਤ ਸਿੰਘ ਬਰਾੜ ਨੇ ਕਿਹਾ ਕਿ ਕਿਸਾਨ ਲੀਡਰ ਦੀ ਮੌਤ ਕਰਕੇ ਐਤਵਾਰ ਰਾਜਪੁਰਾ 'ਚ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਜਾਣ ਵਾਲੀ 'ਪੰਜਾਬ ਬਚਾਓ ਯਾਤਰਾ' ਰੱਦ ਕਰ ਦਿੱਤੀ ਗਈ ਹੈ, ਕਿਉਂਕਿ ਅਕਾਲੀ ਦਲ ਕਿਸਾਨਾਂ ਦੀ ਤੇ ਪੰਜਾਬ ਦੀ ਖੇਤਰੀ ਪਾਰਟੀ ਹੋਣ ਕਰਕੇ ਪਰਵਾਰ ਨਾਲ ਖੜ੍ਹੇਗਾ।

# ਸ਼ਹਿਨਸ਼ਾਹ ਮੋਦੀ ਦਾ ਚਿਹਰਾ ਕਦੇ ਨੀਝ ਨਾਲ ਦੇਖਿਆ ?



**ਅਹਿਮਦਾਬਾਦ :** ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਸ਼ਨੀਵਾਰ ਕਿਹਾ ਕਿ ਉਨ੍ਹਾ ਦੇ ਭਰਾ ਰਾਹੁਲ ਗਾਂਧੀ ਨੂੰ ਸ਼ਹਿਜ਼ਾਦਾ ਕਹਿਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਸ਼ਹਿਨਸ਼ਾਹ (ਸ਼ਾਹਾਂ ਦੇ ਸ਼ਾਹ) ਹਨ।

ਬਨਾਸਕਾਂਠਾ ਦੇ ਲਖਾਨੀ ਵਿਚ ਪਾਰਟੀ ਉਮੀਦਵਾਰ ਗੇਨੀਬੇਨ ਠਾਕੋਰ ਦੀ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਨੇ ਕਿਹਾ—ਉਹ ਮੇਰੇ ਭਰਾ ਨੂੰ ਸ਼ਹਿਜ਼ਾਦਾ ਕਹਿੰਦੇ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਇਸ ਸ਼ਹਿਜ਼ਾਦੇ ਨੇ ਤੁਹਾਡੀਆਂ ਮੁਸ਼ਕਲਾਂ ਸਮਝਣ ਲਈ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਚਾਰ ਹਜ਼ਾਰ ਕਿੱਲੋਮੀਟਰ ਦੀ ਪੈਦਲ ਯਾਤਰਾ ਕੀਤੀ। ਉਹ ਮੇਰੀਆਂ ਭੈਣਾਂ, ਭਰਾਵਾਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਮਿਲੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਪੁੱਛੀਆਂ। ਦੂਜੇ ਪਾਸੇ ਤੁਹਾਡੇ ਸ਼ਹਿਨਸ਼ਾਹ ਮਹਿਲ ਵਿਚ ਰਹਿੰਦੇ ਹਨ। ਤੁਸੀਂ ਉਨ੍ਹਾਂ ਨੂੰ ਟੈਲੀਵੀਜ਼ਨ 'ਤੇ ਕਦੇ ਗਹੁ ਨਾਲ ਦੇਖਿਆ? ਉਨ੍ਹਾ ਦੇ ਚਿਹਰੇ 'ਤੇ ਧੂੜ ਦਾ ਇਕ ਕਣ ਵੀ ਨਜ਼ਰ ਨਹੀਂ ਆਉਂਦਾ। ਉਹ ਤੁਹਾਡੀਆਂ ਸਮੱਸਿਆਵਾਂ ਕਿਵੇਂ ਸਮਝ ਸਕਦੇ ਹਨ?

ਪ੍ਰਿਅੰਕਾ ਨੇ ਇਹ ਵੀ ਕਿਹਾ—ਮੋਦੀ ਸੱਤਾ ਨਾਲ ਘਿਰੇ ਹੋਏ ਹਨ। ਉਨ੍ਹਾ ਦੇ ਨੇੜੇ-ਤੇੜੇ ਦੇ ਲੋਕ ਉਨ੍ਹਾ ਤੋਂ ਡਰਦੇ ਹਨ। ਉਨ੍ਹਾਂ ਵਿੱਚੋਂ ਕੋਈ ਕੁਝ ਨਹੀਂ ਕਹਿੰਦਾ। ਜੇ ਕੋਈ ਆਵਾਜ਼ ਉਠਾ ਵੀ ਲਵੇ ਤਾਂ ਉਸ ਦੀ ਆਵਾਜ਼ ਨੂੰ ਦਬਾਅ ਦਿੱਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਗੁਜਰਾਤ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸਤਿਕਾਰ ਤੇ ਤਾਕਤ ਦਿੱਤੀ, ਪਰ ਉਹ ਸਿਰਫ ਵੱਡੇ ਲੋਕਾਂ ਦੇ ਨਾਲ ਹੀ ਨਜ਼ਰ ਆਉਂਦੇ ਹਨ। ਕੀ ਤੁਸੀਂ ਕਦੇ ਉਨ੍ਹਾ ਨੂੰ ਕਿਸਾਨ ਨੂੰ ਮਿਲਦੇ ਦੇਖਿਆ? ਕਿਸਾਨਾਂ ਨੇ ਕਾਲੇ ਕਾਨੂੰਨਾਂ ਖਿਲਾਫ ਪ੍ਰੋਟੈਸਟ ਕੀਤਾ। ਸੈਂਕੜੇ ਕਿਸਾਨ ਸ਼ਹੀਦ ਹੋ ਗਏ, ਪਰ ਪ੍ਰਧਾਨ ਮੰਤਰੀ ਉਨ੍ਹਾਂ ਨੂੰ ਮਿਲਣ ਨਹੀਂ ਗਏ। ਜਦੋਂ ਚੋਣਾਂ ਆਈਆਂ ਤਾਂ ਮਹਿਸੂਸ ਕੀਤਾ ਕਿ ਕਿਸਾਨਾਂ ਨੇ ਵੋਟਾਂ ਨਹੀਂ ਦੇਣੀਆਂ। ਫਿਰ ਪ੍ਰਧਾਨ ਮੰਤਰੀ ਨੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਪ੍ਰਿਅੰਕਾ ਨੇ ਕਿਹਾ ਕਿ ਭਾਜਪਾ ਸੰਵਿਧਾਨ ਬਦਲਣਾ ਚਾਹੁੰਦੀ ਹੈ। ਲੋਕਾਂ ਨੂੰ ਮਿਲੇ ਹੱਕਾਂ ਨੂੰ ਘਟਾਉਣਾ ਚਾਹੁੰਦੀ ਹੈ।

ਮੋਦੀ ਨੇ ਵੀਰਵਾਰ ਗੁਜਰਾਤ ਵਿਚ ਚੋਣ ਪ੍ਰਚਾਰ ਦੌਰਾਨ ਕਿਹਾ ਸੀ ਕਿ ਪਾਕਿਸਤਾਨ ਸਭ ਤੋਂ ਪੁਰਾਣੀ ਪਾਰਟੀ ਦੇ ਸ਼ਹਿਜ਼ਾਦੇ ਨੂੰ ਅਗਲਾ ਪ੍ਰਧਾਨ ਮੰਤਰੀ ਬਣਦਾ ਦੇਖਣਾ ਚਾਹੁੰਦਾ ਹੈ, ਕਿਉਂਕਿ ਦੇਸ਼ ਦੇ ਦੁਸ਼ਮਣ ਕਮਜ਼ੋਰ ਸਰਕਾਰ ਚਾਹੁੰਦੇ ਹਨ।

# ਨਿੱਝਰ ਕਾਂਡ 'ਚ ਫੜੇ ਮੁੰਡਿਆਂ ਦੀਆਂ ਤਸਵੀਰਾਂ ਜਾਰੀ

**ਓਟਾਵਾ :** ਕੈਨੇਡਾ 'ਚ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ 'ਚ ਤਿੰਨ ਭਾਰਤੀ ਨਾਗਰਿਕਾਂ ਨੂੰ ਗ੍ਰਿਫਤਾਰ ਕਰਨ ਵਾਲੇ ਕੈਨੇਡੀਅਨ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦੀ ਜਾਂਚ ਹਾਲੇ ਖਤਮ ਨਹੀਂ ਹੋਈ ਅਤੇ ਇਸ ਕਤਲ 'ਚ 'ਹੋਰਾਂ' ਨੇ ਭੂਮਿਕਾ ਨਿਭਾਈ ਹੈ। ਐਡਮਿੰਟਨ ਦੇ ਰਹਿਣ ਵਾਲੇ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਅਤੇ ਕਰਨਪ੍ਰੀਤ ਸਿੰਘ (28) 'ਤੇ ਕਤਲ ਅਤੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ ਲਾਏ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀ ਇਕ ਕਥਿਤ ਸਮੂਹ ਦੇ ਮੈਂਬਰ ਹਨ, ਜਿਸ ਨੂੰ ਭਾਰਤ ਸਰਕਾਰ ਨੇ ਪਿਛਲੇ ਸਾਲ ਨਿੱਝਰ ਦੀ ਹੱਤਿਆ ਦਾ ਕੰਮ ਸੌਂਪਿਆ ਸੀ। ਨਿੱਝਰ (45) ਦੀ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਗੁਰਦੁਆਰੇ ਦੇ ਬਾਹਰ ਹੱਤਿਆ ਕਰ ਦਿੱਤੀ ਗਈ ਸੀ। ਨਿੱਝਰ ਕੈਨੇਡਾ ਦਾ ਨਾਗਰਿਕ ਸੀ। 'ਇੰਟੈਗਰੇਟਿਡ ਹੋਮੀਸਾਈਡ



ਕਰਨ ਬਰਾੜ ਕਮਲਪ੍ਰੀਤ ਸਿੰਘ ਕਰਨਪ੍ਰੀਤ ਸਿੰਘ

ਇਨਵੈਸਟੀਗੇਸ਼ਨ ਟੀਮ' (ਆਈ ਐੱਚ ਆਈ ਟੀ) ਦੇ ਇੰਚਾਰਜ ਸੁਪਰਡੈਂਟ ਮਨਦੀਪ ਮੂਕਰ ਨੇ ਕਿਹਾ—ਜਾਂਚ ਇੱਥੇ ਖਤਮ ਨਹੀਂ ਹੁੰਦੀ। ਸਾਨੂੰ ਪਤਾ ਹੈ ਕਿ ਇਸ ਕਤਲ 'ਚ ਕੁਝ ਹੋਰ ਲੋਕਾਂ ਦੀ ਵੀ ਅਹਿਮ ਭੂਮਿਕਾ ਹੈ ਅਤੇ ਅਸੀਂ ਹਰ ਇੱਕ ਦੀ ਪਛਾਣ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਾਂਗੇ।

ਕੈਨੇਡੀਅਨ ਪੁਲਸ ● ਬਾਕੀ ਸਫ਼ਾ 2 'ਤੇ

## ਭਾਰਤ 'ਤੇ ਕੈਨੇਡੀਅਨ ਚੋਣਾਂ 'ਚ ਦਖਲ ਦਾ ਦੋਸ਼

**ਓਟਾਵਾ :** ਕੈਨੇਡਾ ਦੀ ਇਕ ਸਰਕਾਰੀ ਜਾਂਚ ਏਜੰਸੀ ਮੁਤਾਬਕ ਭਾਰਤੀ ਅਧਿਕਾਰੀਆਂ ਤੇ ਕੈਨੇਡਾ ਅਧਾਰਤ ਉਸ ਦੇ ਬੰਦਿਆਂ ਨੇ ਕੈਨੇਡੀਅਨ ਚੋਣਾਂ ਨੂੰ ਪ੍ਰਭਾਵਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਨ੍ਹਾਂ ਨੇ ਖਾਸਕਰ ਕੈਨੇਡਾ ਵਿਚ ਖਾਲਿਸਤਾਨੀ ਵੱਖਵਾਦੀਆਂ ਤੇ ਹੋਰ ਮੁੱਦਿਆਂ 'ਤੇ ਕੈਨੇਡੀਅਨ ਭਾਈਚਾਰਿਆਂ ਤੇ ਸਿਆਸਤਦਾਨਾਂ ਨੂੰ ਆਪਣੇ ਨਾਲ ਕਰਨ ਲਈ ਜ਼ੋਰ ਲਾਇਆ।

ਅਜ਼ਾਦਾਨਾ ਜਨਤਕ ਜਾਂਚ ਦੀ ਅਗਵਾਈ ਕਰਨ ਵਾਲੇ ਕਮਿਸ਼ਨਰ ਮੈਰੀ ਜੋਸੀ ਹੋਗ ਨੇ ਆਪਣੀ ਅੰਤਰਮ ● ਬਾਕੀ ਸਫ਼ਾ 2 'ਤੇ

# ਤੇਰੇ ਮੂਹਰੇ ਥਾਨ ਸੁੱਟਿਆ, ਭਾਵੇਂ...



**ਸ਼ਾਹਕੋਟ (ਗਿਆਨ ਸੈਦਪੁਰੀ)**

ਸ਼ੁੱਕਰਵਾਰ ਸ਼ਾਮ ਲੋਕ ਸਭਾ ਚੋਣ ਦੇ ਪ੍ਰਚਾਰ ਦੌਰਾਨ ਸਥਾਨਕ ਰਾਮਗੜ੍ਹੀਆ ਚੌਕ ਵਿੱਚ ਪਹਿਲੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਾਜਪਾ ਵੱਲੋਂ ਰਾਮ ਮੰਦਰ ਜਾਂ ਰਾਮ ਦੇ ਨਾਂਅ 'ਤੇ ਰਾਜਨੀਤੀ ਕਰਕੇ ਮੁਲਕ ਅੰਦਰ ਫਿਰਕੂ ਜ਼ਹਿਰ ਫੈਲਾਉਣ ਦਾ ਦੋਸ਼ ਲਾਇਆ।

ਰਾਣਾ ਗੁਰਜੀਤ ਸਿੰਘ ਤੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਸਟੇਜ 'ਤੇ ਮੌਜੂਦਗੀ ਦੇ ਹਵਾਲੇ ਨਾਲ ਵਿਸ਼ਾਲ ਇਕੱਠ ਵੱਲ ਇਸ਼ਾਰਾ ਕਰਦਿਆ ਚੰਨੀ ਨੇ ਕਿਹਾ ਕਿ ਇਹ ਰਾਣਾ ਤੇ ਸ਼ੇਰੋਵਾਲੀਆ ਦਾ ਹਲਕੇ ਦੇ ਲੋਕਾਂ ਨਾਲ ਪਿਆਰ ਦਰਸਾਉਂਦਾ ਹੈ। ਉਨ੍ਹਾ ਕਿਹਾ ਕਿ ਮੈਨੂੰ ਵਰਕਰਜ਼ ਮੀਟਿੰਗ ● ਬਾਕੀ ਸਫ਼ਾ 2 'ਤੇ

## ਲਵਲੀ ਫਿਰ ਭਾਜਪਾ 'ਚ



**ਨਵੀਂ ਦਿੱਲੀ :** ਦਿੱਲੀ ਕਾਂਗਰਸ ਦੇ ਸਾਬਕਾ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਸ਼ਨੀਵਾਰ ਇਥੇ ਭਾਜਪਾ 'ਚ ਸ਼ਾਮਲ ਹੋ ਗਏ। ਲਵਲੀ ਦੇ ਨਾਲ ਕਾਂਗਰਸ ਨੇਤਾ ਰਾਜ ਕੁਮਾਰ ਚੌਹਾਨ, ਅਮਿਤ ਮਲਿਕ, ਤਿੰਨ ਵਾਰ ਵਿਧਾਇਕ ਰਹੇ ਨਸੀਬ ਸਿੰਘ ਤੇ ਨੀਰਜ ਬੈਸਯਾ ਵੀ ਭਾਜਪਾ 'ਚ ਰਲ ਗਏ। ਇਸ ਮੌਕੇ ਲਵਲੀ ਨੇ ਕਿਹਾ—ਮੈਨੂੰ ਪੂਰੀ ਉਮੀਦ ਹੈ ਕਿ ਦੇਸ਼ ਵਿਚ ਪ੍ਰਚੰਡ ਬਹੁਮਤ ਨਾਲ ਭਾਜਪਾ ਦੀ ਸਰਕਾਰ ਬਣੇਗੀ। ਭਾਜਪਾ ਦਾ ਪਰਚਮ ਦਿੱਲੀ ਵਿਚ ਵੀ ਲਹਿਰਾਏਗਾ। ਲਵਲੀ ਨੇ ਪਿਛਲੇ ਦਿਨੀਂ ਦਿੱਲੀ 'ਚ ਲੋਕ ਸਭਾ ਚੋਣਾਂ ਲਈ ਆਪ ਨਾਲ ਗੱਠਜੋੜ ਦਾ ਵਿਰੋਧ ਕਰਦਿਆਂ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਸੀ, ਪਰ ਨਾਲ ਹੀ ਕਿਹਾ ਸੀ ਕਿ ਉਨ੍ਹਾ ਪ੍ਰਧਾਨਗੀ ਛੱਡੀ ਹੈ, ਕਾਂਗਰਸ ਨਹੀਂ। ਉਹ ਕਨ੍ਹੱਈਆ ਕੁਮਾਰ ਨੂੰ ਉੱਤਰ-ਪੂਰਬੀ ਦਿੱਲੀ ਤੇ ਉਦਿਤ ਰਾਜ ਨੂੰ ਉੱਤਰ-ਪੱਛਮੀ ਦਿੱਲੀ ਤੋਂ ਕਾਂਗਰਸ ਉਮੀਦਵਾਰ ਬਣਾਉਣ ਤੋਂ ਔਖੇ ਸਨ। ਲਵਲੀ, ਜਿਹੜੇ ਸ਼ੀਲਾ ਦੀਕਸ਼ਿਤ ਦੀ ਸਰਕਾਰ ਵੇਲੇ ਮੰਤਰੀ ਰਹੇ, 18 ਅਪ੍ਰੈਲ 2017 'ਚ ਵੀ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਏ ਸਨ ਤੇ 10 ਮਹੀਨਿਆਂ ਬਾਅਦ 17 ਫਰਵਰੀ 2018 ਨੂੰ ਪਰਤ ਆਏ ਸਨ। ਕਾਂਗਰਸ ਨੇ ਉਨ੍ਹਾ ਨੂੰ 31 ਅਗਸਤ 2023 ਨੂੰ ਪ੍ਰਧਾਨਗੀ ਵੀ ਸੌਂਪ ਦਿੱਤੀ ਸੀ।

## ਹਰਸ਼ਦ ਮਹਿਤਾ ਤੇ ਕੇਤਨ ਪਾਰਿਖ ਦਾ ਜ਼ਮਾਨਾ ਪਰਤਿਆ

**ਮੁੰਬਈ :** ਆਰ ਪੀ ਜੀ ਗਰੁੱਪ ਦੇ ਚੇਅਰਮੈਨ ਹਰਸ਼ ਗੋਇਨਕਾ ਨੇ ਪ੍ਰਚੂਨ ਨਿਵੇਸ਼ਕਾਂ ਨੂੰ ਖਬਰਦਾਰ ਕੀਤਾ ਹੈ ਕਿ ਛਾਲਾਂ ਮਾਰਦਾ ਨਜ਼ਰ ਆ ਰਿਹਾ ਸ਼ੇਅਰ ਬਾਜ਼ਾਰ ਉਨ੍ਹਾਂ ਦਾ ਤਕੜਾ ਨੁਕਸਾਨ ਕਰ ਸਕਦਾ ਹੈ, ਕਿਉਂਕਿ ਹਰਸ਼ਦ ਮਹਿਤਾ ਤੇ ਕੇਤਨ ਪਾਰਿਖ ਵੇਲਿਆਂ ਦੇ ਘਾਲੇਮਾਲੇ ਵਾਲਾ ਦੌਰ ਫਿਰ ਆ ਗਿਆ ਹੈ, ਖਾਸਕਰ ਕੋਲਕਾਤਾ ਵਿਚ। ਉਨ੍ਹਾ ਸ਼ਨੀਵਾਰ 'ਐਕਸ' 'ਤੇ ਪੋਸਟ ਕੀਤਾ—ਗੁਜਰਾਤੀ-ਮਾਰਵਾੜੀ ਬ੍ਰੋਕਰ ਸ਼ੇਅਰ ਬਾਜ਼ਾਰ ਨੂੰ ਗੈਰ-ਹਕੀਕੀ ਪੱਧਰ ਤਕ ਚੜ੍ਹਾ ਰਹੇ ਹਨ। ਸਮਾਂ ਹੈ ਕਿ ਇਸ ਤੋਂ ਪਹਿਲਾਂ ਕਿ ਛੋਟੇ ਨਿਵੇਸ਼ਕਾਂ ਦਾ ਕਚੂੰਬਰ ਨਿਕਲ ਜਾਵੇ ਸੇਬੀ ਤੇ ਫਿਨਮਿਨ ਇੰਡੀਆ ਦਖਲ ਦੇ ਕੇ ਜਾਂਚ ਕਰਨ।

# ਗੁਰਦਿਆਲ ਸਿੰਘ ਦੀ ਚੋਣ ਮੁਹਿੰਮ ਭਖੀ



**ਖਡੂਰ ਸਾਹਿਬ :** ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੀ ਚੋਣ ਮੁਹਿੰਮ ਸਿਖਰਾਂ ਵੱਲ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਅਤੇ ਉਮੀਦਵਾਰ ਗੁਰਦਿਆਲ ਸਿੰਘ ਨੇ ਖਡੂਰ ਸਾਹਿਬ ਵਿਖੇ ਨਰੇਗਾ ਕਾਮਿਆਂ ਦੀ ਮੀਟਿੰਗ ਨੂੰ ਸੰਬੋਧਨ ਦੌਰਾਨ ਕੀਤਾ। ਉਹਨਾਂ ਕਿਹਾ ਕਿ ਭਾਜਪਾ, ਅਕਾਲੀ, ਕਾਂਗਰਸ ਅਤੇ ਵਾਅਦਿਆਂ ਤੋਂ ਮੁੱਕਰੀ ਆਪ ਸਰਕਾਰ ਨੂੰ ਹਰਾਉਣਾ ਅਤਿ ਜ਼ਰੂਰੀ ਹੈ। ਮਾੜੀਮੇਘਾ ਨੇ ਕਿਹਾ ਕਿ ਆਪਾਂ ਪਹਿਲਾਂ ਅਕਾਲੀ-ਭਾਜਪਾ ਤੇ ਕਾਂਗਰਸ ਸਰਕਾਰਾਂ ਦੀ ਲੁੱਟ ਵੀ ਵੇਖ ਚੁੱਕੇ ਹਾਂ। ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਨੇ ਇਕੱਲਾ ਲੋਕਾਂ ਨੂੰ ਲੁੱਟਿਆ ਹੀ ਨਹੀਂ, ਸਗੋਂ ਕੁੱਟਿਆ ਵੀ ਹੈ। ਜੇ ਗੁਰਦਿਆਲ ਸਿੰਘ ਚੋਣ ਜਿੱਤ ਜਾਂਦਾ ਹੈ ਤਾਂ ਉਹ ਨਰੇਗਾ ਕੰਮ ਸਾਰਾ ਸਾਲ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ


ਚੋਣ ਵੱਡੀ ਇੱਕ ਭਾਰਤ ਵਿੱਚ ਹੋਣ ਵਾਲੀ,
ਲੱਗਦਾ ਦ੍ਰਿਸ਼ ਪੰਜਾਬ ਵਿੱਚ ਅਜੀਬ ਬੇਲੀ।
ਭੰਬਲਭੂਸਾ ਬਈ ਪਿਆ ਹਰ ਸੀਟ ਉੱਪਰ,
ਆਉਂਦੀ ਸਮਝ ਨਾ ਕੋਈ ਤਰਤੀਬ ਬੇਲੀ।
ਮਿੱਤਰ ਚਿਰਾਂ ਦੇ ਆਪੋ ਵਿੱਚ ਲੜਨ ਪਿੱਛੋਂ,
ਬਣੇ ਆ ਸਿਆਸਤ ਦੇ ਵੱਡੇ ਰਕੀਬ ਬੇਲੀ।
ਦੁਸ਼ਮਣੀ ਚਿਰਾਂ ਦੀ ਛੱਡੀ ਕੁਝ ਹੋਰਨਾਂ ਨੇ,
ਆ ਗਏ ਅਚਾਨਕ ਹੀ ਬੜੇ ਕਰੀਬ ਬੇਲੀ।
ਬਦਲਦਾ ਰਹਿੰਦਾ ਦ੍ਰਿਸ਼ ਇਹ ਰੋਜ਼ ਜਿੱਦਾਂ,
ਪਤਾ ਨਹੀਂ ਚੋਣਾਂ ਦੇ ਤੀਕ ਕੀ ਹੋਊ ਬੇਲੀ।
ਠਿੱਬੀ ਪਤਾ ਨਹੀਂ ਕਿਸੇ ਨੂੰ ਲਾਊ ਕਿਹੜਾ,
ਤੇ ਕਿਹੜਾ ਪਕੜ ਮੱਥਾ ਬੈਠਾ ਰੋਊ ਬੇਲੀ।

-ਤੀਸ ਮਾਰ ਖਾਂ

## ਪੁਰੀ ਦੀ ਕਾਂਗਰਸ ਉਮੀਦਵਾਰ ਨੇ ਟਿਕਟ ਮੋੜੀ

**ਭੁਬਨੇਸ਼ਵਰ :** ਓਡੀਸ਼ਾ ਦੇ ਪੁਰੀ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਉਮੀਦਵਾਰ ਸੁਚਰਿਤਾ ਮੋਹੰਤੀ ਨੇ ਇਹ ਦੋਸ਼ ਲਾਉਂਦਿਆਂ ਆਪਣੀ ਟਿਕਟ ਵਾਪਸ ਕਰ ਦਿੱਤੀ ਹੈ ਕਿ ਪਾਰਟੀ ਨੇ ਉਸ ਨੂੰ ਫੰਡ ਦੇਣ ਤੋਂ ਇਨਕਾਰ ਕੀਤਾ ਹੈ। ਉਸ ਨੇ ਇਹ ਵੀ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਾਲ ਹੀ ਹੋ ਰਹੀਆਂ ਵਿਧਾਨ ਸਭਾ ਚੋਣਾਂ ਲਈ ਕੁਝ ਸੀਟਾਂ 'ਤੇ ਜਿੱਤਣ ਯੋਗ ਉਮੀਦਵਾਰ ਨਹੀਂ ਹਨ। ਇਸ ਦੀ ਬਜਾਏ ਕੁਝ ਕਮਜ਼ੋਰ ਉਮੀਦਵਾਰਾਂ ਨੂੰ ਟਿਕਟ ਦਿੱਤੀ ਗਈ।

ਪਾਰਟੀ ਦੇ ਕੌਮੀ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੂੰ ਲਿਖੇ ਪੱਤਰ 'ਚ ਮੋਹੰਤੀ ਨੇ ਦਾਅਵਾ ਕੀਤਾ ਕਿ ਪੁਰੀ ਹਲਕੇ 'ਚ ਉਨ੍ਹਾ ਦੀ ਮੁਹਿੰਮ ਫੰਡਾਂ ਦੀ ਘਾਟ ਕਾਰਨ ਡੁੱਬ ਰਹੀ ਹੈ। ਕਾਂਗਰਸ ਦੇ ਓਡੀਸ਼ਾ ਦੇ ਇੰਚਾਰਜ ਡਾ. ਅਜੋਏ ਕੁਮਾਰ ਨੇ ਕਿਹਾ ਹੈ ਕਿ ਫੰਡਾਂ ਦਾ ਕੋਈ ਮਾਮਲਾ ਨਹੀਂ। ਉਨ੍ਹਾ ਦੋ ਮਈ ਨੂੰ ● ਬਾਕੀ ਸਫ਼ਾ 2 'ਤੇ



## ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਮਜ਼ਦੂਰ ਦਿਵਸ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ 133 ਦੀ ਮਹੀਨਾਵਾਰੀ ਮੀਟਿੰਗ ਪ੍ਰਧਾਨ ਜਿੰਦਰ ਪਾਲ ਧੀਮਾਨ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਰਾਮਗੜ੍ਹੀਆ ਘਰ ਵਿੱਚ ਹੋਈ।ਪ੍ਰਧਾਨ ਜਿੰਦਰ ਪਾਲ ਧੀਮਾਨ ਨੇ ਕਿਹਾ ਕਿ ਮਹੀਨਾਵਾਰ ਮੀਟਿੰਗ ਕਰਨ ਦਾ ਮੁੱਖ ਮੰਤਵ ਠੇਕੇਦਾਰਾਂ ਨੂੰ ਆ ਰਹੀ ਮੁਸ਼ਕਲਾਂ ਦਾ ਹੱਲ ਕਰਨਾ ਹੁੰਦਾ ਹੈ।ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਮਜ਼ਦੂਰ ਦਿਵਸ ਦੇ ਮੌਕੇ 'ਤੇ ਠੇਕੇਦਾਰਾਂ ਨੂੰ ਵਧਾਈ ਦਿੱਤੀ ਗਈ ਮੀਟਿੰਗ ਵਿੱਚ ਸੰਸਥਾ ਵੱਲੋਂ ਭਵਿੱਖ ਵਿੱਚ ਲਾਏ ਜਾਣ ਵਾਲੇ ਸਮਾਜ ਸੇਵੀ ਪ੍ਰੋਜੈਕਟਾਂ ਬਾਰੇ ਵੀ ਵਿਚਾਰ ਕੀਤਾ ਗਿਆ ਤੇ ਜਗਰਾਓਂ ਨਿਵਾਸੀਆਂ ਨੂੰ ਵਾਤਾਵਰਣ ਸ਼ੁੱਧ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਅਪੀਲ ਕੀਤੀ ਗਈ। ਤਰਲੋਚਨ ਸਿੰਘ ਸੀਹਰਾ ਦੇ ਜੀਜਾ ਦਿਲਬਾਗ ਸਿੰਘ ਤੇ ਰਜਿੰਦਰ ਸਿੰਘ ਦੇ ਭਰਾ ਦਰਵਿੰਦਰ ਸਿੰਘ ਬੱਬੋ ਵਾਲਿਆਂ ਦਾ ਅਚਾਨਕ ਦੇਹਾਂਤ ਹੋਣ ਕਰਕੇ ਦੋ ਮਿੰਟ ਦਾ ਮੌਨ ਧਾਰਿਆ ਗਿਆ। ਇਸ ਮੌਕੇ ਠੇਕੇਦਾਰ ਕਸ਼ਮੀਰੀ ਲਾਲ, ਠੇਕੇਦਾਰ ਗੁਰਮੇਲ ਸਿੰਘ ਢੁੱਡੀਕੇ, ਪ੍ਰਿਤਪਾਲ ਸਿੰਘ ਮਣਕੂ, ਕਰਮ ਸਿੰਘ ਜਗਦੇ, ਪ੍ਰੀਤਮ ਸਿੰਘ ਗੇਂਦੂ, ਪ੍ਰਧਾਨ ਜਿੰਦਰਪਾਲ ਸਿੰਘ ਧੀਮਾਨ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਅਮਰਜੀਤ ਸਿੰਘ ਘਟੋੜੇ, ਸੀਨੀਅਰ ਮੀਤ ਪ੍ਰਧਾਨ ਠੇਕੇਦਾਰ ਮੰਗਲ ਸਿੰਘ ਸਿੱਧੂ, ਖ਼ਜ਼ਾਨਚੀ ਠੇਕੇਦਾਰ ਹਰਨੇਕ ਸਿੰਘ ਸੋਹੀ, ਜਨਰਲ ਸਕੱਤਰ ਜਸਪਾਲ ਸਿੰਘ ਕਲਿਆਣ, ਜਗਰੂਪ ਸਿੰਘ ਗੋਗੂ, ਜਗਦੀਸ਼ ਸਿੰਘ ਦੀਸ਼ਾ ਤੇ ਪ੍ਰੀਤਮ ਸਿੰਘ ਜੰਡੂ ਆਦਿ ਹਾਜ਼ਰ ਸਨ।

## ਅਗਰਵਾਲ ਸਭਾ ਮਹਿਲਾ ਵਿੰਗ ਨੇ ਬੱਚਿਆਂ ਨੂੰ ਕਾਪੀਆਂ ਵੰਡੀਆਂ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਪੰਜਾਬ ਮਹਿਲਾ ਅਗਰਵਾਲ ਸਭਾ ਦੀ ਪ੍ਰਧਾਨ ਰੇਵਾ ਛਾਹੜੀਆ ਤੇ ਪ੍ਰਧਾਨ ਸੁਨਾਮ ਮੰਜੂ ਗਰਗ ਦੀ ਅਗਵਾਈ ਵਿੱਚ ਅਨੁਵਰਤ ਭਾਸ ਭਾਰਤੀ ਹਾਈ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ ਦੌਲਾ ਸਿੰਘ ਵਾਲਾ ਵਿੱਚ ਬੱਚਿਆਂ ਨੂੰ ਕਾਪੀਆਂ ਦਿੱਤੀਆਂ ਗਈਆਂ ਤੇ ਹੋਰ ਵੀ ਸਾਮਾਨ ਦਿੱਤਾ ਗਿਆ। ਇਸ ਮੌਕੇ ਰੇਵਾ ਛਾਹੜੀਆਂ ਨੇ ਕਿਹਾ ਕਿ ਪੰਜਾਬ ਮਹਿਲਾ ਵਿੰਗ ਅਗਰਵਾਲ ਸਭਾ ਤੇ ਸੁਨਾਮ ਮਹਿਲਾ ਅਗਰਵਾਲ ਸਭਾ ਵੱਲੋਂ ਲਗਾਤਾਰ ਸਮਾਜ ਸੇਵੀ ਕੰਮ ਕੀਤੇ ਜਾ ਰਹੇ ਹਨ ਤੇ ਮਹਾਰਾਜਾ ਅਗਰਸੈਨ ਦੇ ਦਿਖਾਏ ਰਸਤਿਆਂ 'ਤੇ ਚੱਲ ਕੇ ਮਹਿਲਾ ਅਗਰਵਾਲ ਸਭਾ ਦਾ ਕੰਮ ਜਾਰੀ ਜਾ ਰਿਹਾ ਹੈ। ਇਸ ਮੌਕੇ ਮਹਿਲਾ ਅਗਰਵਾਲ ਸਭਾ ਪੰਜਾਬ ਪ੍ਰਧਾਨ ਸ੍ਰੀਮਤੀ ਰੇਵਾ ਛਾਹੜੀਆ ਤੇ ਅਨੁਵ੍ਰਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਜੈਨ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ



**ਬਾਘਾ ਪੁਰਾਣਾ (ਮਨੀ ਸਿਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜੈਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਦਾ ਅੱਠਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ।ਪ੍ਰੀਖਿਆ ਵਿੱਚ ਕੁੱਲ 30 ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਸਾਰੇ ਹੀ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਅੰਕ ਪ੍ਰਾਪਤ ਕੀਤੇ।ਸਕੂਲ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਜੈਸਮੀਨ ਕੌਰ ਨੇ 95 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਨਵਨਜੋਤ ਕੌਰ ਨੇ 94 ਫੀਸਦੀ ਅੰਕ ਪ੍ਰਾਪਤ ਕਰ ਕੇ ਦੂਸਰਾ ਤੇ ਸ੍ਰਿਸ਼ਟੀ ਰਾਣਾ ਨੇ 93 ਫੀਸਦੀ ਅਤੇ ਜਸ਼ਨਦੀਪ ਕੌਰ ਨੇ 93 ਫੀਸਦੀ ਅੰਕ ਪ੍ਰਾਪਤ ਕਰ ਕੇ ਤੀਸਰਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ 90 ਫੀਸਦੀ ਤੋਂ ਉੱਪਰ 15 ਵਿਦਿਆਰਥੀਆਂ ਤੇ ਬਾਕੀ ਵਿਦਿਆਰਥੀਆਂ ਨੇ 80 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਅਤੇ ਸੰਸਥਾ ਦਾ ਨਾ ਰੌਸ਼ਨ ਕੀਤਾ।ਇਸ ਸਫਲਤਾ ਤੇ ਸ਼ਾਨਦਾਰ ਪ੍ਰਾਪਤੀ 'ਤੇ ਸੰਸਥਾ ਦੇ ਪ੍ਰਧਾਨ ਵਿਜੇ ਕੁਮਾਰ ਬਾਂਸਲ, ਸੁਪਰਵਾਈਜ਼ਰ ਪਵਨਦੀਪ ਸਿੰਘ, ਸੀਮਾ ਰਾਣੀ, ਗੁਰਪ੍ਰੀਤ ਕੌਰ ਤੇ ਅਵਤਾਰ ਕੌਰ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਮਾਪਿਆਂ ਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ।

# ਸਾਈਲੋ ਗੁਦਾਮ 'ਚ ਢੋਆ-ਢੁਆਈ ਲਈ ਟਰੱਕਾਂ ਦੀ ਆਵਾਜਾਈ ਖਿਲਾਫ ਪਿੰਡ ਵਾਸੀਆਂ ਵੱਲੋਂ ਧਰਨਾ

**ਟਰੱਕਾਂ ਦੀ ਆਵਾਜਾਈ ਕੀਤੀ ਬੰਦ, ਕਈ-ਕਈ ਕਿਲੋਮੀਟਰ ਲੱਗੀਆਂ ਕਤਾਰਾਂ**



**ਦਿੜ੍ਹਬਾ (ਜਸਵੀਰ ਲਾਡੀ)**-ਇੱਥੇ ਨਾਲ ਦੇ ਪਿੰਡ ਛਾਜਲੀ ਵਿਖੇ ਛਾਜਲੀ-ਨੀਲੋਵਾਲ ਰਸਤੇ 'ਤੇ ਸਥਿਤ ਸਾਈਲੋ ਗੁਦਾਮ ਦੀ ਮੈਨੇਜਮੈਂਟ ਦੇ ਅੜੀਅਲ ਪ੍ਰਬੰਧਾਂ ਤੋਂ ਜਿੱਥੇ ਟਰੱਕ ਡਰਾਈਵਰ ਪ੍ਰੇਸ਼ਾਨ ਹਨ, ਉੱਥੇ ਹੀ ਮੈਨੇਜਮੈਂਟ ਖ਼ਿਲਾਫ਼ ਪਿੰਡ ਵਾਸੀਆਂ ਦਾ ਗੁੱਸਾ ਵੀ ਸੱਤਵੇਂ ਅਸਮਾਨ 'ਤੇ ਚੜ੍ਹਿਆ ਦਿਖਾਈ ਦਿੱਤਾ। ਪਿੰਡ ਵਾਸੀਆਂ ਨੇ ਸਾਈਲੋ ਨੂੰ ਆਉਣ-ਜਾਣ ਵਾਲੇ ਟਰੱਕਾਂ ਨੂੰ ਰੋਕ ਕੇ ਸਟੇਸ਼ਨ ਨਜ਼ਦੀਕ ਧਰਨਾ ਲਗਾ ਦਿੱਤਾ।ਪ੍ਰਾਪਤ ਜਾਣਕਾਰੀ ਅਨੁਸਾਰ ਕਣਕ ਦੀ ਢੋਆ ਢੁਆਈ ਲਈ ਸਾਈਲੋ ਜਾ ਰਹੇ ਟਰੱਕਾਂ ਦੀ ਲੰਮੀਆਂ ਕਤਾਰਾਂ, ਧੂੜ-ਮਿੱਟੀ ਤੇ ਬੱਚਿਆਂ ਨੂੰ ਸਕੂਲ ਆਉਣ ਜਾਣ ਲਈ ਆ ਰਹੀਆਂ ਸਮੱਸਿਆਵਾਂ ਤੋਂ ਪ੍ਰੇਸ਼ਾਨ ਪਿੰਡ ਵਾਸੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਵੱਲੋਂ ਧਰਨਾ ਲਗਾ ਕੇ ਪੰਜਾਬ ਸਰਕਾਰ ਤੇ ਸਾਈਲੋ ਪ੍ਰਬੰਧਾਂ ਖ਼ਿਲਾਫ਼ ਖੁੱਲ੍ਹ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਧਰਨਾਕਾਰੀਆਂ ਦਾ ਕਹਿਣਾ ਹੈ ਕਿ ਟਰੱਕਾਂ ਦੀ ਦਿਨ-ਰਾਤ ਚਲਦੀ ਬੇਸ਼ੁਮਾਰ ਆਵਾਜਾਈ ਤੇ ਟਰੱਕਾਂ ਦੀਆਂ ਲੰਮੀਆਂ ਕਤਾਰਾਂ ਨੇ ਉਨ੍ਹਾਂ ਦਾ ਜਿਉਣਾ ਦੁੱਭਰ ਕਰ ਦਿੱਤਾ ਹੋਇਆ ਹੈ, ਟਰੱਕਾਂ ਦੀ ਉਡਦੀ ਧੂੜ-ਮਿੱਟੀ ਨਾਲ ਉਨ੍ਹਾਂ ਦੀਆਂ ਘਰ ਦੀ ਵਸਤਾਂ ਤਾਂ ਖਰਾਬ ਹੁੰਦੀਆਂ ਹੀ ਹਨ, ਸਗੋਂ ਉਨ੍ਹਾਂ ਨੂੰ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬੱਚਿਆਂ ਨੂੰ ਘਰਾਂ ਅੰਦਰ ਬੰਦ ਕਰਕੇ ਰੱਖਣਾ ਪੈਂਦਾ ਹੈ ਤੇ ਟਰੱਕਾਂ ਦੀ ਭਰਮਾਰ ਕਾਰਨ ਸਕੂਲ ਵੈਨਾਂ ਵੀ ਬੱਚਿਆਂ ਨੂੰ ਲੈਣ ਲਈ ਨਹੀਂ ਆਉਂਦੀਆਂ ਅਤੇ ਬੱਚਿਆਂ ਦੀ ਪੜ੍ਹਾਈ ਖ਼ਰਾਬ ਹੋ ਰਹੀ ਹੈ।ਧਰਨੇ ਦੀ ਖ਼ਬਰ ਮਿਲਦਿਆਂ ਹੀ ਸਥਾਨਕ ਥਾਣੇ ਦੇ ਪੁਲਸ ਮੁਲਾਜ਼ਮ ਮੌਕੇ 'ਤੇ ਪਹੁੰਚ ਗਏ, ਪੁਲਸ ਦੇ ਪਹੁੰਚਦਿਆਂ ਹੀ ਤੂੰ-ਤੂੰ ਮੈਂ-ਮੈਂ ਨਾਲ ਮਾਹੌਲ ਗਰਮਾ ਗਿਆ।ਪ੍ਰਦਰਸ਼ਨਕਾਰੀਆਂ ਨੇ ਸਹਾਇਕ ਥਾਣੇਦਾਰ 'ਤੇ ਸਾਈਲੋ ਅਧਿਕਾਰੀਆਂ ਦਾ ਸਾਥ ਦੇਣ ਦੇ ਦੋਸ਼ ਲਾਏ ਤੇ ਧੱਕੇਸ਼ਾਹੀ ਅਤੇ ਧਮਕਾਉਣ ਦਾ ਵੀ ਦੋਸ਼ ਲਾਇਆ। ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਨ ਤੇ ਸਮਝਾਉਣ ਲਈ ਪਹੁੰਚੇ ਅਧਿਕਾਰੀਆਂ ਵੱਲੋਂ ਪਿੰਡ ਵਾਸੀਆਂ ਨੂੰ ਆਵਾਜਾਈ ਤੇ ਮਿੱਟੀ ਪੈਣ ਤੋਂ ਰੋਕਣ ਦਾ ਭਰੋਸਾ ਦਿੱਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਦੋ ਦਿਨਾਂ ਦਾ ਅਲਟੀਮੇਟਮ ਦੇ ਕੇ ਧਰਨਾ ਸਮਾਪਤ ਕਰ ਦਿੱਤਾ। ਅਧਿਕਾਰੀ ਬਦਕਾਰਨ ਬਿਆਨ ਦਿੰਦੇ ਤੇ ਵਾਰ ਵਾਰ ਆਪਣੇ ਬਿਆਨ ਬਦਲਦੇ ਨਜ਼ਰ ਆਏ।

ਇਸ ਸਬੰਧੀ ਜਦੋਂ ਦਰਸ਼ਨ ਸਿੰਘ ਨੀਲੋਵਾਲ, ਲਖਵਿੰਦਰ ਬਲਿਆਲ, ਹਰਭਜਨ ਸਿੰਘ ਭਵਾਨੀਗੜ੍ਹ ਯੂਨੀਅਨ ਡਰਾਈਵਰਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਾਨੂੰ ਕਈ ਕਈ ਦਿਨ ਸੜਕ 'ਤੇ ਗੱਡੀਆਂ ਨਾਲ ਭੁੱਖੇ ਤਿਹਾਏ ਖੜੇ ਹਾਂ ਤੇ ਸਾਨੂੰ ਨਾ ਕੋਈ ਪਾਣੀ ਪੀਣ ਲਈ ਮਿਲਦਾ ਹੈ। ਸਾਡਾ ਬਹੁਤ ਬੁਰਾ ਹਾਲ ਹੋ ਰਿਹਾ ਹੈ, ਸਾਨੂੰ ਸੜਕਾਂ 'ਤੇ ਮੱਛਰਾਂ ਵਿੱਚ ਰਾਤਾਂ ਜਾਗ ਜਾਗ ਕੇ ਰਹਿਣਾ ਪੈ ਰਿਹਾ ਹੈ। ਉਨ੍ਹਾਂ ਸਾਈਲੋ ਮੈਨੇਜਮੈਂਟ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਡਰਾਈਵਰਾਂ ਨੂੰ ਖਾਣ ਪੀਣ ਲਈ ਚਾਹ-ਰੋਟੀ ਦੀ ਨਸੀਬ ਨਹੀਂ ਹੁੰਦੀ, ਇੱਥੇ 'ਤੇ ਕੋਈ ਵੀ ਸਾਈਲੋ ਗੁਦਾਮ ਵਾਲੇ ਉਨ੍ਹਾਂ ਨੂੰ ਪੀਣ ਲਈ ਪਾਣੀ ਵੀ ਨਹੀਂ ਦਿੰਦੇ, ਉਨ੍ਹਾਂ ਨੂੰ ਖੇਤਾਂ ਦੀਆਂ ਮੋਟਰਾਂ ਤੋਂ ਪਾਣੀ ਪੀ ਕੇ ਪਿਆਸ ਬੁਝਾਉਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਸਾਈਲੋ ਗੁਦਾਮ ਦੇ ਪ੍ਰਬੰਧਕ ਡਰਾਈਵਰਾਂ ਨਾਲ ਧੱਕਾ ਕਰਦੇ ਹਨ ਤੇ ਮਨਮਰਜ਼ੀ ਕਰਕੇ ਜਾਣਬੁੱਝ ਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ।ਸਾਈਲੋ ਅਧਿਕਾਰੀਆਂ ਵੱਲੋਂ ਜਾਣਬੁੱਝ ਕੇ ਜ਼ਿਆਦਾ ਸੈਂਕੜੇ ਗੱਡੀਆਂ ਮੰਗਵਾਈਆਂ ਜਾਂਦੀਆਂ ਹਨ, ਅਧਿਕਾਰੀਆਂ ਨੂੰ ਜਿੰਨੀਆਂ ਗੱਡੀਆਂ ਅਨਲੋਡ ਹੋਣ ਉਨੀਆਂ ਹੀ ਗੱਡੀਆਂ ਦੀ ਮੰਗ ਕਰਨੀ ਚਾਹੀਦੀ ਹੈ, ਇਸ ਨਾਲ ਡਰਾਈਵਰਾਂ ਨੂੰ 'ਤੇ ਵੀ ਆਰਥਿਕ ਬੋਝ ਨਹੀਂ ਪੈਣਾ।

## ਭ੍ਰਿਸ਼ਟਾਚਾਰ ਨੂੰ ਲੁਕਾਉਣ ਲਈ ਆਰ ਟੀ ਆਈ ਕਾਰਕੁਨ 'ਤੇ ਲਾਏ ਦੋਸ਼

**ਜੈਤੋ (ਸਤੀਸ਼ ਕੁਮਾਰ ਭੋਰੀ)**-ਮਾਰਕਫੈੱਡ ਜ਼ਿਲ੍ਹਾ ਫ਼ਰੀਦਕੋਟ ਦਾ ਭ੍ਰਿਸ਼ਟਾਚਾਰ ਨਾਲ ਗੂੜ੍ਹਾ ਰਿਸ਼ਤਾ ਜੱਗ ਜ਼ਾਹਿਰ ਕਰਦੀਆਂ ਖ਼ਬਰਾਂ ਪਿਛਲੇ ਕੁਝ ਸਾਲਾਂ ਤੋਂ ਅਖ਼ਬਾਰਾਂ ਦਾ ਸ਼ਿੰਗਾਰ ਬਣ ਚੁੱਕੀਆਂ ਹਨ।ਇਸੇ ਲੜੀ ਨੂੰ ਅੱਗੇ ਤੋਰਦਿਆਂ ਜ਼ਿਲ੍ਹਾ ਮੈਨੇਜਰ ਮਾਰਕਫੈੱਡ ਨੇ ਹੁਣ ਇੱਕ ਆਰ.ਟੀ.ਆਈ ਕਾਰਕੁਨ ਨੂੰ ਮੁਲਾਜ਼ਮਾਂ ਨੂੰ ਪ੍ਰੇਸ਼ਾਨ ਕਰਨ ਤੇ ਸਰਕਾਰੀ ਸਮਾਂ ਖਰਾਬ ਕਰਨ ਦਾ ਦੋਸ਼ੀ ਹੋਣ ਦਾ ਐਲਾਨ ਕਰ ਦਿੱਤਾ ਹੈ।ਪਤਾ ਲੱਗਾ ਹੈ ਕਿ ਇੱਕ ਆਰ ਟੀ ਆਈ ਕਾਰਕੁਨ ਐਡਵੋਕੇਟ ਸਤੀਸ਼ ਕੁਮਾਰ ਵੱਲੋਂ 26 ਮਾਰਚ ਨੂੰ ਸੂਚਨਾ ਅਧਿਕਾਰੀ ਮਾਰਕਫੈੱਡ ਫ਼ਰੀਦਕੋਟ ਤੋਂ ਸੂਚਨਾ ਪ੍ਰਾਪਤ ਕਰਨ ਲਈ ਇੱਕ ਪੱਤਰ ਲਿਖਿਆ ਗਿਆ ਸੀ, ਜਿਸ 'ਤੇ 33 ਦਿਨ ਬਾਅਦ ਵੀ ਕੋਈ ਜਵਾਬ ਨਹੀਂ ਆਉਣ 'ਤੇ ਅਪੀਲਕਰਤਾ ਵੱਲੋਂ 29 ਅਪ੍ਰੈਲ ਨੂੰ ਜ਼ਿਲ੍ਹਾ ਮੈਨੇਜਰ ਮਾਰਕਫੈੱਡ (ਅਪੀਲ ਅਥਾਰਟੀ) ਕੋਲ ਅਪੀਲ ਦਾਇਰ ਕਰ ਦਿੱਤੀ ਗਈ, ਜਿਸ 'ਤੇ ਗੁੱਸੇ ਵਿੱਚ ਆਏ ਜ਼ਿਲ੍ਹਾ ਮੈਨੇਜਰ ਵੱਲੋਂ 30 ਅਪ੍ਰੈਲ ਨੂੰ ਹੀ ਅਪੀਲ ਕਰਤਾ ਨੂੰ ਪੱਤਰ ਲਿਖ ਕੇ ਉਸ ਨੂੰ ਸਰਕਾਰੀ ਸਮਾਂ ਖਰਾਬ ਕਰਨ ਤੇ ਜਾਣਬੁੱਝ ਕੇ ਮੁਲਾਜ਼ਮਾਂ ਨੂੰ ਪ੍ਰੇਸ਼ਾਨ ਕਰਨ ਦੇ ਦੋਸ਼ਾਂ ਨਾਲ ਨਿਵਾਜ ਦਿੱਤਾ ਗਿਆ।ਐਡਵੋਕੇਟ ਸਤੀਸ਼ ਕੁਮਾਰ ਨੇ ਦੱਸਿਆ ਕਿ ਉਸ ਵੱਲੋਂ 26 ਮਾਰਚ ਨੂੰ ਭੇਜੀ ਗਈ ਡਾਕ ਦਾ ਟਰੈਕਿੰਗ ਰਿਕਾਰਡ ਚੈੱਕ ਕੀਤਾ ਗਿਆ, ਜਿਸ ਤੋਂ ਪਤਾ ਲੱਗਾ ਕਿ ਸੂਚਨਾ ਅਧਿਕਾਰੀ ਕਮ ਜ਼ਿਲ੍ਹਾ ਮੈਨੇਜਰ ਮਾਰਕਫੈੱਡ ਫ਼ਰੀਦਕੋਟ ਨੂੰ ਡਾਕ ਅਗਲੇ ਦਿਨ ਭਾਵ 27 ਮਾਰਚ ਨੂੰ ਹੀ ਡਲੀਵਰ ਹੋ ਚੁੱਕੀ ਹੈ।ਇਨ੍ਹਾਂ ਸਾਰੀਆਂ ਗੱਲਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮਾਰਕਫੈੱਡ ਫ਼ਰੀਦਕੋਟ ਵੱਲੋਂ ਜਾਣ-ਬੁੱਝ ਕੇ ਝੂਠ ਬੋਲਦੇ ਹੋਏ ਆਪਣੇ ਭ੍ਰਿਸ਼ਟਾਚਾਰ ਨੂੰ ਲੁਕਾਉਣ ਲਈ ਕੁਤਾਹੀਆਂ ਵਰਤੀਆਂ ਜਾ ਰਹੀਆਂ ਹਨ ਤੇ ਇੱਕ ਆਰ.ਟੀ.ਆਈ ਕਾਰਕੁਨ ਨੂੰ ਪ੍ਰੇਸ਼ਾਨ ਕਰਨ ਦੇ ਦੋਸ਼ਾਂ ਵਿੱਚ ਫਸਾਉਣ ਦੀ ਕੋਝੀ ਹਰਕਤ ਕੀਤੀ ਗਈ ਹੈ।ਐਡਵੋਕੇਟ ਨੇ ਕਿਹਾ ਕਿ ਮਾਰਕਫੈੱਡ ਦੇ ਅਨੇਕਾਂ ਅਧਿਕਾਰੀ ਤੇ ਕੁਝ ਮੁਲਾਜ਼ਮ ਭਰਿਸ਼ਟ ਹਨ, ਵਿਭਾਗ ਨੂੰ ਗਰਗੇ ਲਾਉਣ ਤੇ ਭ੍ਰਿਸ਼ਟਾਚਾਰ ਵਿੱਚ ਗਲਤਾਨ ਹੋਣ ਕਰਕੇ ਚਾਰਜਸ਼ੀਟਾਂ ਦਾ ਸਾਹਮਣਾ ਕਰ ਰਹੇ ਹਨ।ਇਸ ਲਈ ਮਾਰਕਫੈੱਡ ਫ਼ਰੀਦਕੋਟ ਦੇ ਸੂਚਨਾ ਅਧਿਕਾਰੀ ਵੱਲੋਂ ਮੰਗਿਆ ਗਿਆ ਰਿਕਾਰਡ ਵਿੱਚ ਵਿਆਪਕ ਭ੍ਰਿਸ਼ਟਾਚਾਰ ਨੂੰ ਜਨਤਕ ਤੌਰ 'ਤੇ ਉਜਾਗਰ ਹੋਣ ਤੋਂ ਰੋਕਣ ਲਈ ਆਰ ਟੀ ਆਈ ਕਾਰਕੁਨ ਵੱਲੋਂ ਮੰਗੀ ਗਈ ਜਾਣਕਾਰੀ ਦੇਣ ਦੀ ਥਾਂ ਮੁਲਾਜ਼ਮਾਂ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼ੀ ਬਣਾ ਕੇ ਡਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਇਸ ਪੂਰੇ ਮਾਮਲੇ ਸਬੰਧੀ ਪੱਖ ਲੈਣ ਲਈ ਜ਼ਿਲ੍ਹਾ ਮੈਨੇਜਰ ਮਾਰਕਫੈੱਡ ਫ਼ਰੀਦਕੋਟ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਸਿਰੇ ਨਹੀਂ ਚੜ੍ਹ ਸਕੀ।

# ਵਿਦਿਆਰਥੀਆਂ ਨੂੰ ਤੁਰੰਤ ਰੋਲ ਨੰਬਰ ਜਾਰੀ ਕੀਤੇ ਜਾਣ : ਆਇਸਾ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੀ ਗੁਰੂ ਨਾਨਕ ਕਾਲਜ ਬੁਢਲਾਡਾ ਦੀ ਇਕਾਈ ਵੱਲੋਂ ਜ਼ਿਲ੍ਹਾ ਕਮੇਟੀ ਮੈਂਬਰ ਸਤਨਾਮ ਸਿੰਘ ਗੰਢੂ ਖੁਰਦ ਤੇ ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਅਮਨਦੀਪ ਸਿੰਘ ਰਾਮਪੁਰ ਮੰਡੇਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਨਾ ਕਰਨ ਦੇ ਰੋਸ ਵਜੋਂ ਕਾਲਜ ਪ੍ਰਿੰਸੀਪਲ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਆਇਸਾ ਦੇ ਜ਼ਿਲ੍ਹਾ ਕਮੇਟੀ ਮੈਂਬਰ ਸਤਨਾਮ ਸਿੰਘ ਗੰਢੂ ਖੁਰਦ ਤੇ ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਅਮਨਦੀਪ ਸਿੰਘ ਰਾਮਪੁਰ ਮੰਡੇਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਜਿੱਥੇ ਵਿਦਿਆਰਥੀਆਂ ਦੀ ਵਜ਼ੀਫਾ ਰਾਸ਼ੀ ਜਾਰੀ ਕਰਨ ਵਿੱਚ ਕੁਤਾਹੀ ਕੀਤੀ ਜਾ ਰਹੀ ਹੈ, ਉੱਥੇ ਨਾਲ ਹੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੀ ਪਿਛਲੇ ਲੰਬੇ ਸਮੇਂ ਤੋਂ ਰੁਕੀ ਹੋਈ ਵਜ਼ੀਫਾ ਰਾਸ਼ੀ ਵੀ ਜਾਰੀ ਨਹੀਂ ਕੀਤੀ ਜਾ ਰਹੀ, ਜਿਸ ਕਰਕੇ ਜ਼ਿਲ੍ਹੇ ਦੇ ਵੱਖ ਵੱਖ ਕਾਲਜਾਂ ਦੇ ਪ੍ਰਬੰਧਕ ਵੱਲੋਂ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੌਰਾਨ ਰੋਲ ਨੰਬਰ ਜਾਰੀ ਨਹੀਂ ਕੀਤੇ ਜਾ ਰਹੇ ਤੇ ਪੂਰੀਆਂ ਫੀਸਾਂ ਭਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।ਆਗੂਆਂ ਨੇ ਮੰਗ ਕੀਤੀ ਕਿ ਵਿਦਿਆਰਥੀਆਂ ਦੀ ਲੰਬੇ ਸਮੇਂ ਤੋਂ ਰੁਕੀ ਹੋਈ ਵਜ਼ੀਫਾ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇ, ਵਜ਼ੀਫਾ ਫਾਰਮ ਭਰਨ ਲਈ ਲਗਾਈਆਂ ਵਾਧੂ ਸ਼ਰਤਾਂ ਵੀ ਤੁਰੰਤ ਹਟਾਈਆਂ ਜਾਣ, ਵਿਦਿਆਰਥੀਆਂ ਨੂੰ ਬਿਨਾਂ ਸ਼ਰਤ ਰੋਲ ਨੰਬਰ ਜਾਰੀ ਕੀਤੇ ਜਾਣ।ਆਗੂਆਂ ਨੇ ਕਿਹਾ ਕਿ ਮੰਗਾਂ ਦਾ ਹੱਲ ਨਾ ਕੀਤੇ ਜਾਣ 'ਤੇ ਵਿਦਿਆਰਥੀਆਂ ਦੀ ਲਾਮਬੰਦੀ ਕਰਕੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ।

ਆਗੂਆਂ ਨੇ ਜਿਨ੍ਹਾਂ ਵਿਦਿਆਰਥੀਆਂ ਦੇ ਖਾਤਿਆਂ ਵਿੱਚ ਵਜ਼ੀਫ਼ਾ ਰਾਸ਼ੀ ਆ ਚੁੱਕੀ ਹੈ, ਉਨ੍ਹਾਂ ਨੂੰ ਵਜ਼ੀਫਾ ਰਾਸ਼ੀ ਵਿੱਚੋਂ ਬਣਦੀ ਰਾਸ਼ੀ ਕਾਲਜਾਂ ਕੋਲ ਜਮ੍ਹਾਂ ਕਰਵਾਉਣ ਦੀ ਅਪੀਲ ਵੀ ਕੀਤੀ।

## ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਅੱਜ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਿਲਕਾਰੀ ਹਸਪਤਾਲ ਸੰਗਰੂਰ ਤੇ ਜਿੰਦਲ ਹਸਪਤਾਲ ਸੁਨਾਮ ਵੱਲੋਂ 0 ਤੋਂ 15 ਸਾਲ ਦੇ ਬੱਚਿਆਂ ਅਤੇ ਔਰਤਾਂ ਦੇ ਰੋਗਾਂ ਦਾ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ 5 ਮਈ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਕਸਬੇ ਦੇ ਜੈਨ ਮੰਦਿਰ ਵਿਖੇ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਲਕਾਰੀ ਹਸਪਤਾਲ ਦੇ ਡਾ. ਸ਼ਿਵ ਜਿੰਦਲ ਨੇ ਦੱਸਿਆ ਕਿ ਇਸ ਕੈਂਪ ਦੇ ਮੁੱਖ ਮਹਿਮਾਨ ਮੁੱਖ ਮਹਿਮਾਨ ਕੈਬਨਿਟ ਮੰਤਰੀ ਪੰਜਾਬ ਅਮਨ ਅਰੋੜਾ ਤੇ ਵਿਸ਼ੇਸ਼ ਮਹਿਮਾਨ ਨਗਰ ਕੌਂਸਲ ਲੌਂਗੋਵਾਲ ਪ੍ਰਧਾਨ ਪਰਮਿੰਦਰ ਕੌਰ ਬਰਾੜ ਹੋਣਗੇ।ਇਸ ਕੈਂਪ ਵਿੱਚ ਫਰੀ ਲੋੜੀਂਦੇ ਟੈਸਟ ਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।

## ਜੀ ਹੋਲੀ ਹਾਰਟ ਸਕੂਲ 'ਚ ਲਗਾਇਆ ਅੱਖਾਂ ਦਾ ਚੈੱਕਅੱਪ ਕੈਂਪ

[illegible]

ਸਾਵਧਾਨੀਆਂ ਸੰਬੰਧੀ ਸਮਝਾਇਆ ਕਿ ਅਸੀਂ ਕਿਵੇਂ ਆਪਣੀਆਂ ਅੱਖਾਂ ਦਾ ਖਿਆਲ ਰੱਖ ਸਕਦੇ ਹਾਂ।ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਨੇ ਗੱਲਬਾਤ ਦੌਰਾਨ ਸਲੋਗਨ 'ਅੱਖਾਂ ਗਈਆਂ ਜਹਾਨ ਗਿਆ' ਦੀ ਵਰਤੋਂ ਕਰਦੇ ਕਿਹਾ ਕਿ ਸਾਡਾ ਵੱਡਿਆਂ ਦਾ ਫ਼ਰਜ਼ ਬਣਦਾ ਹੈ ਕਿ ਬੱਚਿਆਂ ਦੀ ਪੜ੍ਹਾਈ ਦੇ ਨਾਲ਼ ਨਾਲ਼ ਉਨ੍ਹਾਂ ਦੀ ਸਿਹਤ ਦਾ ਵੀ ਖਿਆਲ ਰੱਖਿਆ ਜਾਵੇ।

## ਅਕੈਡਮੀਆ ਵਲਰਡ ਸਕੂਲ 'ਚ ਸਲਾਨਾ ਇਨਾਮ ਵੰਡ ਸਮਾਰੋਹ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸੁਨਾਮ ਇਲਾਕੇ ਦੀ ਸਿਰਮੌਰ ਸੰਸਥਾ ਅਕੈਡਮੀਆ ਵਲਰਡ ਸਕੂਲ ਵਿਖੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਦੀ ਅਗਵਾਈ ਹੇਠ 2023-24 ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਸਮਾਗਮ ਦੌਰਾਨ ਸਕੂਲ ਦੇ ਵਿੱਦਿਅਕ ਗਤੀ ਵਿਧੀਆਂ ਵਾਲ਼ੇ ਵਿਦਿਆਰਥੀਆਂ ਨੂੰ ਆਏ ਹੋਏ ਮਹਿਮਾਨਾਂ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਮਨਦੀਪ ਸਿੰਘ ਸੰਧੂ ਡੀ.ਐੱਸ.ਪੀ. (ਸੁਨਾਮ) ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਆਪਣੇ ਸੰਬੋਧਨ ਦੌਰਾਨ ਬੱਚਿਆਂ ਨੂੰ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਦੌਰਾਨ ਉਨ੍ਹਾਂ ਨੇ ਵਿੱਦਿਅਕ ਗਤੀਵਿਧੀਆਂ ਵਿੱਚੋਂ ਜਿਹੜੇ ਵਿਦਿਆਰਥੀਆਂ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਉਨ੍ਹਾਂ ਨੂੰ ਸ਼ੀਲਡਾਂ ਨਾਲ ਸਨਮਾਨਤ ਕੀਤਾ। ਇਸ ਸਮਾਗਮ ਦੌਰਾਨ ਵਿਦਿਆਰਥਣ ਦੀਕਸ਼ਾ ਸ਼ਰਮਾ ਤੇ ਹਸ਼ਮੀਤ ਸਿੰਘ ਵੱਲੋਂ ਸਟੇਜ ਸੰਚਾਲਨ ਕੀਤਾ ਗਿਆ।ਇਸ ਮੌਕੇ ਸਾਰੇ ਵਿਦਿਆਰਥੀਆਂ ਦੇ ਮਾਪੇ ਵੀ ਹਾਜ਼ਰ ਸਨ।

ਉਹ ਸਾਰੇ ਆਪਣੇ ਬੱਚਿਆਂ ਉੱਤੇ ਮਾਣ ਮਹਿਸੂਸ ਕਰਦੇ ਹੋਏ ਉਨ੍ਹਾਂ ਦਾ ਹੌਸਲਾ ਅਫ਼ਜ਼ਾਈ ਕਰ ਰਹੇ ਸਨ। ਸਾਰਾ ਔਡੀਟੋਰੀਅਮ ਹਾਲ ਤਾੜੀਆਂ ਦੇ ਨਾਲ ਗੂੰਜ ਰਿਹਾ ਸੀ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸੈਮੀ ਕਲਾਸੀਕਲ ਡਾਂਸ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਸਕੂਲ ਦੇ ਸਮੂਹ ਸਟਾਫ਼ ਮੈਂਬਰ ਵੀ ਮੌਜੂਦ ਸਨ।ਸਕੂਲ ਦੇ ਚੇਅਰਮੈਨ ਸ੍ਰ ਐਡਵੋਕੇਟ ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਮਿਹਨਤ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੰਦਿਆਂ ਚੰਗਾ ਮੁਕਾਮ ਹਾਸਲ ਕਰਨ ਦੀ ਨਸੀਹਤ ਦਿੱਤੀ।ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਆਪਣੇ ਭਾਸ਼ਣ ਦੌਰਾਨ ਵਿਦਿਆਰਥੀਆਂ ਨੂੰ ਅਨੁਸ਼ਾਸਨ ਦੀ ਪਾਲਣਾ ਤੇ ਵੱਡਿਆਂ ਦਾ ਸਤਿਕਾਰ ਕਰਨ ਲਈ ਪ੍ਰੇਰਿਆ ਤੇ ਉਨ੍ਹਾਂ ਨੂੰ ਆਉਣ ਵਾਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਸਰਕਾਰੀ ਸਕੂਲ ਔਲਖ ਦੇ ਵਿਦਿਆਰਥੀਆਂ ਐਮੀਨੈਂਸ ਤੇ ਮੈਰੀਟੋਰੀਅਸ ਦਾਖਲਾ ਪ੍ਰੀਖਿਆ ਪਾਸ ਕੀਤੀ




**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਵੱਲੋਂ ਪਿਛਲੇ ਸਮੇਂ ਦੌਰਾਨ ਪੰਜਾਬ ਦੇ ਸਰਕਾਰੀ ਐਮੀਨੈਂਸ ਸਕੂਲਾਂ ਤੇ ਮੈਰੀਟੋਰੀਅਸ ਸਕੂਲਾਂ ਵਿੱਚ ਨੌਵੀਂ ਤੇ ਗਿਆਰਵੀਂ ਜਮਾਤ ਵਿੱਚ ਦਾਖਲੇ ਲਈ 30 ਮਾਰਚ 2024 ਨੂੰ ਪ੍ਰੀਖਿਆ ਲਈ ਗਈ ਸੀ।ਸਰਕਾਰੀ ਹਾਈ ਸਕੂਲ ਔਲਖ ਦੇ ਮੁੱਖ ਅਧਿਆਪਕ ਜਗਜੀਵਨ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ ਸਰਕਾਰੀ ਹਾਈ ਸਕੂਲ ਔਲਖ ਦੇ 23 ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ 19 ਵਿਦਿਆਰਥੀਆਂ ਨੇ ਪ੍ਰੀਖਿਆ ਪਾਸ ਕਰਕੇ ਆਪਣਾ ਤੇ ਸਕੂਲ ਦਾ ਮਾਣ ਵਧਾਇਆ ਹੈ।ਉਨ੍ਹਾਂ ਦੱਸਿਆ ਕਿ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਵਿੱਚ ਪ੍ਰਭਦੀਪ ਕੌਰ, ਲਖਵਿੰਦਰ ਸਿੰਘ, ਅਮਨਦੀਪ ਕੌਰ, ਗੁਰਜੀਤ ਸਿੰਘ, ਪਮਨਦੀਪ ਕੌਰ, ਹੈਪੀ ਸਿੰਘ, ਰੀਤੂ ਕੌਰ, ਗਗਨਦੀਪ ਕੌਰ, ਹਰਜੀਤ ਸਿੰਘ, ਕਰਨਜੀਤ ਸਿੰਘ, ਜਸ਼ਨਪ੍ਰੀਤ ਕੌਰ, ਮਨਦੀਪ ਕੌਰ, ਲਵਪ੍ਰੀਤ ਕੌਰ, ਰਮਨਪ੍ਰੀਤ ਕੌਰ, ਰਜਿੰਦਰ ਸਿੰਘ, ਲਵਪ੍ਰੀਤ ਸਿੰਘ ਪੁੱਤਰ ਰਸ਼ਪਾਲ ਸਿੰਘ, ਲਵਪ੍ਰੀਤ ਸਿੰਘ ਪੁੱਤਰ ਇਕਬਾਲ ਸਿੰਘ, ਹਨੀ ਸਿੰਘ ਤੇ ਸੁਖਦੀਪ ਕੌਰ ਸ਼ਾਮਲ ਹਨ।ਸਕੂਲ ਦੇ ਮੁੱਖ ਅਧਿਆਪਕ ਜਗਜੀਵਨ ਸਿੰਘ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਲਈ ਸਕੂਲ ਦੇ ਸਮੂਹ ਅਧਿਆਪਕ ਸਾਹਿਬਾਨ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਕੀਤੀ ਗਈ ਸਖ਼ਤ ਮਿਹਨਤ ਦਾ ਨਤੀਜਾ ਦੱਸਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਦੇ ਅਧਿਆਪਕ ਭੁਪਿੰਦਰ ਪਾਲ ਸਿੰਘ, ਸੁਖਚੈਨ ਸਿੰਘ, ਦਵਿੰਦਰ ਸਿੰਘ ਗਿੱਲ, ਨੀਰੂ ਸ਼ਰਮਾ, ਹਰਜਿੰਦਰ ਕੌਰ, ਨਵਲ ਕਿਸ਼ੋਰ, ਰਣਜੀਤ ਕੌਰ, ਰਾਜਵੀਰ ਕੌਰ, ਗੁਰਚਰਨ ਕੌਰ, ਨਰਿੰਦਰਜੀਤ ਕੌਰ, ਗੁਰਿੰਦਰ ਪਾਲ ਸਿੰਘ, ਰਾਜੇਸ਼ ਕੁਮਾਰ ਤੇ ਸੱਜਣ ਕੁਮਾਰ ਆਦਿ ਸ਼ਾਮਲ ਸਨ।

## ਸਰਕਾਰੀ ਸਕੂਲ ਫੂਲ ਟਾਊਨ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਦੇ ਨਤੀਜੇ ਵਿੱਚ ਇੰਚਾਰਜ ਪ੍ਰਿੰਸੀਪਲ ਰਵਿੰਦਰ ਕੌਰ ਦੀ ਯੋਗ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੂਲ ਟਾਊਨ (ਲੜਕੇ) ਦਾ ਨਤੀਜਾ 100 ਪ੍ਰਤੀਸ਼ਤ ਰਿਹਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਮਾਤ ਬਾਰਵੀਂ ਦੇ ਇੰਚਾਰਜ ਹਰਚਰਨ ਸਿੰਘ, ਕੰਪਿਊਟਰ ਫੈਕਲਟੀ ਤੇ ਸ੍ਰੀਮਤੀ ਮੀਨਾ ਗਰਗ ਲੈਕਚਰਾਰ ਅੰਗਰੇਜ਼ੀ ਨੇ ਦੱਸਿਆ ਕਿ ਬੋਰਡ ਵੱਲੋਂ ਐਲਾਨੇ ਗਏ ਨਤੀਜੇ ਵਿੱਚ ਇਸ ਸੰਸਥਾ ਦੇ ਜਮਾਤ ਬਾਰਵੀਂ ਕੁੱਲ 68 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜਿਨ੍ਹਾਂ ਵਿੱਚੋਂ 61 ਵਿਦਿਆਰਥੀ ਪਹਿਲੇ ਦਰਜੇ ਤੇ 07 ਵਿਦਿਆਰਥੀ ਦੂਸਰੇ ਦਰਜੇ ਵਿੱਚ ਪਾਸ ਹੋਏ।ਜਮਾਤ ਵਿੱਚੋਂ ਪਹਿਲਾ ਸਥਾਨ ਲਵਪ੍ਰੀਤ ਸਿੰਘ (94.2%), ਦੂਜਾ ਸਥਾਨ ਜਸਪ੍ਰੀਤ ਕੌਰ (93.6%) ਤੇ ਤੀਸਰਾ ਸਥਾਨ ਸ਼ੰਭੂ (91.8%) ਨੇ ਹਾਸਲ ਕੀਤਾ ਹੈ।ਇਸ ਮੌਕੇ ਇਸ ਸੰਸਥਾ ਦੇ ਸੇਵਾਮੁਕਤ ਲੈਕਚਰਾਰ ਗੁਰਮੇਲ ਸਿੰਘ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਸਕੂਲ ਮੈਨੇਜਮੈਂਟ ਕਮੇਟੀ ਤੇ ਚੇਅਰਮੈਨ ਮੋਹਨ ਸਿੰਘ ਵੱਲੋਂ ਸਮੂਹ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਨਗਰ ਨਿਵਾਸੀਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਉਣ ਦੀ ਅਪੀਲ ਕੀਤੀ ਗਈ।ਇਸ ਮੌਕੇ ਸੁਮਨ ਰਾਣੀ ਲੈਕਚਰਾਰ ਪੰਜਾਬੀ, ਅਵਿਨਾਸ਼ ਕੁਮਾਰ, ਨੀਤੀ, ਜਰਨੈਲ ਸਿੰਘ ਤੇ ਜਸਕਰਨ ਸਿੰਘ ਨੇ ਸਮੂਹ ਵਿਦਿਆਰਥੀਆਂ ਨਾਲ ਇਸ ਸ਼ਾਨਦਾਰ ਨਤੀਜੇ ਦੀ ਖੁਸ਼ੀ ਸਾਂਝੀ ਕੀਤੀ।

## ਜੀ ਐੱਨ ਗਰਲਜ਼ ਕਾਲਜ 'ਚ ਮਨਾਇਆ ਮਹਿਲਾ ਉੱਦਮੀ ਦਿਵਸ



**ਸਮਰਾਲਾ (ਸੁਰਜੀਤ ਸਿੰਘ)**-ਇਕ ਮਈ ਨੂੰ ਸਮੁੱਚੇ ਸੰਸਾਰ ਵਿੱਚ ਕਿਰਤ ਨਾਲ ਸਬੰਧਤ ਲੋਕਾਂ ਦੇ ਸੰਘਰਸ਼ ਨੂੰ ਲੈ ਕੇ ਕਿਰਤ ਦਿਹਾੜਾ ਮਨਾਇਆ ਜਾਂਦਾ ਹੈ। ਇਸ ਨੂੰ ਮੁੱਖ ਰੱਖ ਕੇ ਨਵੀਂ ਪਹਿਲ ਕਰਦੇ ਹੋਏ ਜੀਐਨ ਗਰਲਜ਼ ਕਾਲਜ ਵਿੱਚ ਉਦਮੀ ਔਰਤਾਂ, ਜਿਨ੍ਹਾਂ ਨੂੰ ਮਹਿਲਾ ਇੰਟਰਪਰਨਿਓਰ ਵੀ ਕਿਹਾ ਜਾਂਦਾ ਹੈ, ਉਨ੍ਹਾਂ ਨੂੰ ਸਮਰਪਤ ਦਿਵਸ ਮਨਾਇਆ ਗਿਆ। ਇਸ ਮੌਕੇ ਸ਼ਹਿਰ ਵਿੱਚੋਂ ਵੱਖ-ਵੱਖ ਖੇਤਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ, ਜੋ ਕਿਸੇ ਵਿਸ਼ੇਸ਼ ਕਿਸਮ ਦੇ ਬਾਹਰੀ ਸਹਿਯੋਗ ਤੋਂ ਬਿਨਾਂ ਆਪਣੇ ਆਪ, ਆਪਣਾ ਵਪਾਰ ਸ਼ੁਰੂ ਕਰਕੇ ਸਫ਼ਲਤਾ ਨਾਲ ਚਲਾ ਰਹੀਆਂ ਹਨ, ਉਨ੍ਹਾਂ ਨੂੰ ਇੱਕ ਮੰਚ ਪ੍ਰਦਾਨ ਕੀਤਾ ਗਿਆ ਹੈ। ਇਨ੍ਹਾਂ ਔਰਤਾਂ ਨੇ ਬਹੁਤ ਸਾਰੇ ਖੇਤਰਾਂ ਵਿੱਚ ਲਗਾਤਾਰ ਮਿਹਨਤ ਕਰਕੇ ਆਪਣੇ ਆਪ ਨੂੰ ਸਥਾਪਤ ਕੀਤਾ ਹੈ। ਇਹ ਨਾ ਸਿਰਫ਼ ਆਪ ਸਫ਼ਲ ਹੋਈਆਂ ਹਨ, ਸਗੋਂ ਬਹੁਤ ਸਾਰੀਆਂ ਹੋਰ ਔਰਤਾਂ ਨੂੰ ਸਿੱਖਿਆ ਵੀ ਦੇ ਰਹੀਆਂ ਹਨ।ਦੂਜੇ ਪਾਸੇ ਕਾਲਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਵਿੱਚੋਂ, ਜਿਨ੍ਹਾਂ ਵਿੱਚ ਵੀ ਕੁਝ ਨਾ ਕੁਝ ਹੱਥੀਂ ਕੰਮ ਕਰਨ ਦੀ ਚੇਤਨਾ ਦਿਖੀ, ਉਨ੍ਹਾਂ ਵਿਦਿਆਰਥੀਆਂ ਨੂੰ ਵੀ ਮੌਕਾ ਪ੍ਰਦਾਨ ਕੀਤਾ ਗਿਆ। ਇਸ ਮੌਕੇ ਕੁਝ ਵਿਦਿਆਰਥੀਆਂ ਵੱਲੋਂ ਖਾਣ ਪੀਣ, ਪਹਿਨਣ ਤੇ ਮਹਿਲਾਵਾਂ ਨਾਲ ਸੰਬੰਧਤ ਹੋਰ ਕਿੱਤਿਆਂ ਨੂੰ ਵਪਾਰਕ ਪੱਧਰ 'ਤੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਲੜਕੀਆਂ ਵੱਲੋਂ ਆਪਣੇ ਸਟਾਲ ਲਾਏ ਗਏ ਤੇ ਆਪਣੇ ਬਣਾਏ ਹੋਏ ਉਤਪਾਦ ਵੇਚੇ ਗਏ। ਕਾਲਜ ਦੇ ਚੇਅਰਮੈਨ ਡਾਕਟਰ ਸਤਿਨਾਮ ਸਿੰਘ ਸੰਧੂ ਨੇ ਕਿਹਾ ਕਿ ਸਾਡਾ ਮਕਸਦ ਲੜਕੀਆਂ ਅੰਦਰ ਵਪਾਰਕ ਚੇਤਨਾ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਯੋਗ ਬਣਾਉਣਾ ਹੈ। ਇਸ ਨਾਲ ਲੜਕੀਆਂ ਨੂੰ ਪੜ੍ਹਾਉਣ ਤੋਂ ਬਾਅਦ ਕੇਵਲ ਬੇਰੁਜ਼ਗਾਰੀ ਦੀ ਕਤਾਰ ਵਿੱਚ ਲਾਉਣਾ ਸਾਡਾ ਮਕਸਦ ਨਹੀਂ। ਕਾਲਜ ਦੀ ਪ੍ਰਿੰਸੀਪਲ ਡਾਕਟਰ ਮੰਜੂ ਵਾਲੀਆ ਨੇ ਕਿਹਾ ਕਿ ਜੇਕਰ ਵਿਦਿਆਰਥੀਆਂ ਨੂੰ ਅਸੀਂ ਵਪਾਰਕ ਰੁਚੀਆਂ ਨਾਲ ਜੋੜਾਂਗੇ ਤਾਂ ਵਿਦਿਆਰਥੀ ਨਸ਼ਿਆਂ ਤੋਂ ਬਚੇ ਰਹਿਣਗੇ ਤੇ ਆਪਣੇ ਪੈਰਾਂ ਸਿਰ ਖੜੇ ਹੋਣ ਦੀ ਸਮਰੱਥਾ ਆਵੇਗੀ।

# ਕਾਮਰੇਡ ਅਤੁਲ ਅਨਜਾਨ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



**ਮਾਨਸਾ (ਆਤਮਾ ਸਿੰਘ ਪਮਾਰ)**-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਤੇ ਪੰਜਾਬ ਕਿਸਾਨ ਸਭਾ ਦੇ ਸੀਨੀਅਰ ਆਗੂ ਕਾਮਰੇਡ ਜਸਵੰਤ ਸਿੰਘ ਬੀਰੋਕੇ ਨੇ ਦੇਸ਼ ਪੱਧਰ ਦੇ ਕਮਿਊਨਿਸਟ ਆਗੂ ਕਾਮਰੇਡ ਅਤੁਲ ਕੁਮਾਰ ਅਨਜਾਨ ਦੇ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਾਮਰੇਡ ਅਨਜਾਨ ਵਿਦਿਆਰਥੀ ਜੀਵਨ ਤੋਂ ਲੈ ਕੇ ਹੁਣ ਤੱਕ ਸੰਘਰਸ਼ਾਂ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਉਨ੍ਹਾਂ ਦਾ ਅਨੇਕਾਂ ਸੰਘਰਸ਼ਾਂ ਵਿੱਚ ਵੱਡੇ ਆਗੂ ਵਜੋਂ ਮਹੱਤਵਪੂਰਨ ਯੋਗਦਾਨ ਰਿਹਾ ਹੈ।ਕਾ. ਬੀਰੋਕੇ ਨੇ ਉਨ੍ਹਾਂ ਨਾਲ 1970ਵੇਂ ਦਹਾਕੇ ਦੇ ਆਖੀਰਲੇ ਸਾਲਾਂ ਵਿੱਚ ਨੌਜਵਾਨਾਂ-ਵਿਦਿਆਰਥੀਆਂ ਦੇ ਦਿੱਲੀ ਸੰਘਰਸ਼ ਦੀ ਯਾਦਾਂ ਤਾਜ਼ਾ ਕਰਦਿਆਂ ਕਿਹਾ ਕਿ ਉਨ੍ਹਾਂ ਦਿਨਾਂ ਵਿੱਚ ਪੰਜਾਬ ਦੇ ਸਾਥੀਆਂ ਨਾਲ ਉਹ ਕਾਮਰੇਡ ਅਨਜਾਨ ਨਾਲ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਨਜ਼ਰਬੰਦ ਰਹੇ ਹਨ। ਕਮਿਊਨਿਸਟ ਆਗੂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਫਿਰਕੂ ਫਾਸ਼ੀਵਾਦੀ ਤੇ ਕਾਰਪੋਰੇਟ ਪੱਖੀ ਤਾਕਤਾਂ ਦਾ ਖਤਰਾ ਤੇ ਹਮਲਾ ਵਧੇਰੇ ਤਿੱਖਾ ਹੈ ਇਨ੍ਹਾਂ ਹਾਲਤਾਂ ਵਿੱਚ ਅਜਿਹੇ ਸਿਰੜੀ, ਸੂਝਵਾਨ ਤੇ ਲੜਾਕੂ ਸਾਥੀ ਵਿਛੋੜਾ ਖੱਬੀ ਜਮਹੂਰੀ ਲਹਿਰ ਤੇ ਦੇਸ਼ ਦੀ ਕਿਰਤੀ ਕਿਸਾਨ ਲਹਿਰ ਲਈ ਵੱਡਾ ਘਾਟਾ ਹੈ।ਸੀ.ਪੀ.ਆਈ. ਦੇ ਕੌਮੀ ਸਕੱਤਰ ਕਾਮਰੇਡ ਅਨਜਾਣ ਦੀ ਬੇਵਕਤੀ ਮੌਤ 'ਤੇ ਦੁੱਖ ਜ਼ਾਹਰ ਕਰਨ ਵਾਲਿਆਂ ਵਿੱਚ ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਆਗੂ ਕਾ. ਅਮਰਜੀਤ ਸਿੰਘ ਸਿੱਧੂ, ਕਾ. ਨਛੱਤਰ ਸਿੰਘ ਢੈਪਈ, ਕਾ. ਸਵਰਨਜੀਤ ਸਿੰਘ ਦਲਿਓ, ਕਾ. ਅਵਤਾਰ ਸਿੰਘ ਛਾਪਿਆਂਵਾਲੀ, ਕਾ. ਤੇਜਾ ਸਿੰਘ ਹੀਰਕੇ, ਕਾ. ਗੁਰਪ੍ਰੀਤ ਸਿੰਘ ਬਰਨ, ਕਾ. ਸਿਮਰੂ ਸਿੰਘ ਬਰਨ, ਕਾ. ਸੁਰੇਸ਼ ਕੁਮਾਰ ਮਾਨਸਾ, ਕਾ. ਹਰਜਿੰਦਰ ਸਿੰਘ ਬਰੇਟਾ, ਕਾ. ਜਗਸੀਰ ਸਿੰਘ ਜੱਗਾ ਬਰੇਟਾ, ਕਾ. ਰੂਪਾ ਸਿੰਘ ਬੁਢਲਾਡਾ ਆਦਿ ਸ਼ਾਮਲ ਸਨ।

# ਬਿਨਾਂ ਕਿਸੇ ਨਵੇਂ ਟੈਕਸ ਤੋਂ ਮਾਨ ਸਰਕਾਰ ਨੇ ਖਜ਼ਾਨਾ ਭਰਿਆ : ਟੀਨੂੰ



**ਜਲੰਧਰ (ਨ ਜ ਸ)**-ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਜਲੰਧਰ ਤੋਂ ਉਮੀਦਵਾਰ ਪਵਨ ਟੀਨੂੰ ਨੇ ਨਕੋਦਰ ਤੇ ਫਿਲੌਰ ਹਲਕਿਆਂ ਦੇ ਪਿੰਡਾਂ ਦਾ ਦੌਰਾ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਨੇ ਕੋਈ ਨਵਾਂ ਟੈਕਸ ਨਹੀਂ ਲਗਾਇਆ ਫਿਰ ਵੀ ਖਜਾਨਾ ਲਗਾਤਾਰ ਭਰ ਰਿਹਾ ਹੈ, ਇਸ ਦਾ ਮਤਲਬ ਪਿਛਲੀਆਂ ਸਰਕਾਰਾਂ ਵੇਲੇ ਪੰਜਾਬ ਦੇ ਖਜਾਨੇ ਨੂੰ ਮੌਕਾਪ੍ਰਸਤਾਂ ਨੇ ਮੋਰੀਆਂ ਕੀਤੀਆਂ ਹੋਈਆਂ ਸਨ। ਪਵਨ ਟੀਨੂੰ ਵੱਲੋਂ ਪਿੰਡਾਂ ਦੇ ਦੌਰੇ ਦੀ ਸ਼ੁਰੂਅਤ ਤੋਂ ਪਹਿਲਾਂ ਨਕੋਦਰ ਵਿਖੇ ਗੁਰਦੁਆਰਾ ਧੰਨ ਧੰਨ ਬਾਬਾ ਮੱਲ ਜੀ, ਮਾਲੜੀ ਸਾਹਿਬ, ਡੇਰਾ ਬਾਬਾ ਮੁਰਾਦ ਸ਼ਾਹ, ਪ੍ਰਾਚੀਨ ਸ਼ਿਵਾਲਿਆ ਮੰਦਰ, ਸ੍ਰੀ ਗੁਰੂ ਰਵਿਦਾਸ ਧਾਮ, ਡੇਰਾ ਅਲਮਸਤ ਬਾਪੂ ਲਾਲ ਬਾਦਸ਼ਾਹ ਅਤੇ ਪਿੰਡ ਉਗੀ ਵਿਖੇ ਭਗਵਾਨ ਵਾਲਮੀਕਿ ਜੀ ਯੋਗ ਆਸ਼ਰਮ ਵਿਖੇ ਮੱਥਾ ਟੇਕਿਆ ਤੇ ਅਸ਼ੀਰਵਾਦ ਲਿਆ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕਾ ਨਕੋਦਰ ਬੀਬੀ ਇੰਦਰਜੀਤ ਕੌਰ ਮਾਨ, ਅਸ਼ਵਨੀ ਕੋਹਲੀ ਸਾਬਕਾ ਉਪ ਪ੍ਰਧਾਨ ਨਗਰ ਕੌਂਸਲ, ਸੁਖਵਿੰਦਰ ਗੜ੍ਹਵਾਲ, ਮਨੀ ਮਹਿੰਦਰੂ, ਬੌਬੀ ਸ਼ਰਮਾ, ਪ੍ਰਦੀਪ ਸਿੰਘ ਸ਼ੇਰਪੁਰ ਬਲਾਕ ਪ੍ਰਧਾਨ, ਦਰਸ਼ਨ ਟਾਹਲੀ, ਜਸਵੀਰ ਧੰਜਲ, ਸੰਜੀਵ ਅਹੂਜਾ, ਹਰਭਜਨ ਸਿੰਘ ਆਦਿ ਸਖਸ਼ੀਅਤਾਂ ਸਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਪੁਰਾਣੇ ਕਾਬਜ ਹੁਕਮਰਾਨ 2, 3 ਘਰਾਣਿਆਂ ਤੋਂ ਦੁਖੀ ਹਨ ਇਸੇ ਕਰਕੇ ਸੂਬੇ ਵਿੱਚ ਬਦਲਾਅ ਲਿਆ ਰਹੇ ਹਨ। ਇਸੇ ਤਰ੍ਹਾਂ ਕੇਂਦਰ ਵਿੱਚ ਨਿਜੀਕਰਣ ਦੇ ਮਾਮਲੇ ਵਿੱਚ ਭਾਜਪਾ ਤੇ ਕਾਂਗਰਸ ਇਕਮਿਕ ਹਨ, ਜਿਸ ਕਾਰਣ ਪੰਜਾਬ ਵਿੱਚ ਵੀ ਨਿੱਜੀਕਰਣ ਨੇ ਵੱਡੀ ਬੇਰੋਜਗਾਰੀ ਪੈਦਾ ਕੀਤੀ ਹੈ, ਜਿਸ ਲਈ ਆਮ ਆਦਮੀ ਪਾਰਟੀ ਦੇ ਹੱਥ ਮਜਬੂਤ ਕਰਨ ਦੀ ਲੋੜ ਹੈ। ਆਪ ਪਾਰਟੀ ਦੇ ਸਰਗਰਮ ਉਮੀਦਵਾਰ ਪਵਨ ਟੀਨੂੰ ਨੂੰ ਫਿਲੌਰ ਹਲਕੇ ਦੇ ਪਿੰਡ ਧਲੇਤਾ ਵਿਖੇ ਸਰਪੰਚ ਹਰਜੀਤ ਸਿੰਘ, ਕਰਮਜੀਤ ਪੰਚ, ਪਹਿਲਵਾਨ ਬੁੱਧ ਸਿੰਘ ਧੁਲੇਤਾ, ਅਮਰੀਕ ਸਿੰਘ, ਅਮਰਜੀਤ ਕੈਲੇ, ਜਗਦੀਸ਼ ਪਾਲ, ਸੁਰਿੰਦਰ ਸੂਦ, ਕਸ਼ਮੀਰੀ ਲਾਲ ਵਿਰਦੀ ਤੇ ਹੋਰਾਂ ਵੱਲੋਂ ਸਵਾਗਤ ਕੀਤਾ ਗਿਆ।

# ...ਸਫ਼ਾ 1 ਦੇ ਬਾਕੀ

## ਨਿੱਝਰ ਕਾਂਡ 'ਚ ਫੜੇ ...

ਵੱਲੋਂ ਗ੍ਰਿਫਤਾਰ ਕੀਤੇ ਤਿੰਨ ਪੰਜਾਬੀ ਨੌਜਵਾਨਾਂ ਬਾਰੇ ਪਤਾ ਲੱਗਾ ਹੈ ਕਿ ਇਨ੍ਹਾਂ ਵਿੱਚੋਂ ਇੱਕ ਦਾ ਪਿਤਾ ਪੰਜਾਬ ਦੇ ਉਸ ਕਿਸਾਨ ਗਰੁੱਪ ਨਾਲ ਸੰਬੰਧਤ ਹੈ, ਜਿਸ ਦੇ ਆਗੂਆਂ ਖਿਲਾਫ ਲਾਲ ਕਿਲ੍ਹੇ 'ਚ ਹਿੰਸਾ ਦਾ ਕੇਸ ਦਰਜ ਕੀਤਾ ਗਿਆ ਸੀ। ਇਸ ਨੌਜਵਾਨ ਦਾ ਨਾਂਅ ਕਰਨਪ੍ਰੀਤ ਸਿੰਘ ਹੈ, ਜੋ ਬਟਾਲਾ ਨੇੜਲੇ ਪਿੰਡ ਘਣੀਏ ਕੇ ਬਾਂਗਰ ਦਾ ਰਹਿਣ ਵਾਲਾ ਹੈ। ਪੰਜਾਬ ਪੁਲਸ ਦੇ ਸੂਤਰਾਂ ਨੇ ਦੱਸਿਆ ਕਿ ਉਸ ਦਾ ਪਿਤਾ ਸੁਖਦੇਵ ਸਿੰਘ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਹੈ ਅਤੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦੇ ਗਰੁੱਪ ਦਾ ਮੈਂਬਰ ਹੈ। ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਉਹ ਇਸ ਗੱਲ ਦੀ ਪੁਸਟੀ ਨਹੀਂ ਕਰ ਸਕਦੇ ਕਿ ਸੁਖਦੇਵ ਸਿੰਘ ਉਨ੍ਹਾ ਦੀ ਜਥੇਬੰਦੀ ਦਾ ਮੈਂਬਰ ਹੈ ਜਾਂ ਨਹੀਂ। ਉਨ੍ਹਾ ਕਿਹਾ ਕਿ ਜਥੇਬੰਦੀ ਦੀ ਪਿੰਡ ਘਣੀਏ ਕੇ ਬਾਂਗਰ 'ਚ ਕਿਸਾਨ ਕਮੇਟੀ ਨਹੀਂ ਹੈ। ਕਰਨਪ੍ਰੀਤ ਦੇ ਤਿੰਨ ਸਾਲ ਪਹਿਲਾਂ ਕੈਨੇਡਾ ਜਾਣ ਤੋਂ ਪਹਿਲਾਂ ਦੋਵੇਂ ਪਿਓ-ਪੁੱਤ ਦੁਬਈ 'ਚ ਟਰੱਕ ਡਰਾਈਵਰ ਸਨ। ਕਰਨ ਬਰਾੜ ਕੋਟਕਪੂਰਾ ਨਾਲ ਸੰਬੰਧਤ ਹੈ ਅਤੇ ਉਸ ਦੇ ਪਿਤਾ ਮਨਦੀਪ ਸਿੰਘ ਬਰਾੜ ਦੀ ਕਰੀਬ ਦੋ ਹਫਤੇ ਪਹਿਲਾਂ ਜੱਦੀ ਘਰ ਵਿਖੇ ਮੌਤ ਹੋ ਗਈ ਸੀ। ਉਹ ਧੋਖਾਧੜੀ ਦੇ ਕੇਸ ਦਾ ਸਾਹਮਣਾ ਕਰ ਰਿਹਾ ਸੀ। ਪੁਲਸ ਸੂਤਰਾਂ ਨੇ ਦੱਸਿਆ ਕਿ ਕਰਨ ਦੀ ਮਾਂ ਰਮਨ ਬਰਾੜ ਸਿੰਗਾਪੁਰ 'ਚ ਰਹਿੰਦੀ ਹੈ ਅਤੇ ਇਸ ਸਮੇਂ ਆਪਣੇ ਪਤੀ ਦੀ ਅੰਤਮ ਅਰਦਾਸ ਅਤੇ ਹੋਰ ਰਸਮਾਂ ਲਈ ਪੰਜਾਬ 'ਚ ਹੈ। ਪੁਲਸ ਨੇ ਦੱਸਿਆ ਕਿ ਤੀਜੇ ਨੌਜਵਾਨ ਕਮਲਪ੍ਰੀਤ ਸਿੰਘ ਦੇ ਪਿਛੋਕੜ ਦਾ ਪਤਾ ਲਾਇਆ ਜਾ ਰਿਹਾ ਹੈ। ਇਸੇ ਦੌਰਾਨ ਕੈਨੇਡਾ ਦੇ ਵੱਡੇ ਸਿੱਖ ਨੇਤਾ ਜਗਮੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਨਿੱਝਰ ਦਾ ਕਤਲ ਭਾਰਤ ਨੇ ਕਰਵਾਇਆ ਹੈ। ਜਗਮੀਤ ਸਿੰਘ ਪਹਿਲਾਂ ਵੀ ਭਾਰਤ 'ਤੇ ਦੋਸ਼ ਲਗਾ ਚੁੱਕੇ ਹਨ। ਇਕ ਪਾਸੇ ਜਗਮੀਤ ਸਿੰਘ ਭਾਰਤ 'ਤੇ ਦੋਸ਼ ਲਗਾ ਰਹੇ ਹਨ, ਜਦਕਿ ਦੂਜੇ ਪਾਸੇ ਕੈਨੇਡਾ ਦੀ ਪੁਲਸ ਹਾਲੇ ਤੱਕ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕੀ, ਜਿਸ ਤੋਂ ਪਤਾ ਲੱਗਦਾ ਹੋਵੇ ਕਿ ਨਿੱਝਰ ਦੇ ਕਤਲ 'ਚ ਭਾਰਤ ਦਾ ਹੱਥ ਹੈ।

ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਪੋਸਟ 'ਚ ਜਗਮੀਤ ਸਿੰਘ ਨੇ ਲਿਖਿਆ—ਭਾਰਤ ਸਰਕਾਰ ਨੇ ਕਾਤਲਾਂ ਦੀ ਮਦਦ ਨਾਲ ਕੈਨੇਡੀਅਨ ਨਾਗਰਿਕ ਦਾ ਕੈਨੇਡਾ ਦੀ ਧਰਤੀ 'ਤੇ ਕਤਲ ਕਰਵਾ ਦਿੱਤਾ, ਉਹ ਵੀ ਧਾਰਮਕ ਸਥਾਨ 'ਤੇ। ਅੱਜ ਇਸ ਮਾਮਲੇ 'ਚ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜੇ ਕੋਈ ਭਾਰਤੀ ਏਜੰਟ ਜਾਂ ਭਾਰਤ ਸਰਕਾਰ ਦਾ ਵਿਅਕਤੀ ਇਸ ਮਾਮਲੇ 'ਚ ਸ਼ਾਮਲ ਹੋਇਆ ਤਾਂ ਉਸ ਵਿਰੁੱਧ ਕੈਨੇਡਾ ਦੇ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇ। ਨਿੱਝਰ ਨੂੰ ਕੈਨੇਡਾ 'ਚ ਜਮਹੂਰੀਅਤ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਇਨਸਾਫ ਮਿਲਣਾ ਜ਼ਰੂਰੀ ਹੈ।

## ਗੁਰਦਿਆਲ ਸਿੰਘ ਦੀ...

ਕਰਨ ਵਾਸਤੇ ਕਾਨੂੰਨ ਬਣਾਉਣ ਦਾ ਸੰਘਰਸ਼ ਅਤੇ ਕੰਮ ਦਿਹਾੜੀ 1000 ਰੁਪਏ ਕਰਾਉਣ ਦੀ ਲੜਾਈ ਪਾਰਲੀਮੈਂਟ ਦੇ ਅੰਦਰ ਲੜੇਗਾ। ਇਸ ਤੋਂ ਇਲਾਵਾ ਪਾਕਿਸਤਾਨ ਨਾਲ ਵਪਾਰ ਕਰਨ ਵਾਸਤੇ ਖਾਲੜਾ ਤੇ ਖੇਮਕਰਨ ਬਾਰਡਰ ਖੋਲ੍ਹਣ ਲਈ ਜ਼ੋਰ ਲਾਵੇਗਾ। ਮੀਟਿੰਗ ਵਿੱਚ ਕੁਲਵੰਤ ਸਿੰਘ ਪੰਚਾਇਤ ਮੈਂਬਰ, ਜਸਵੰਤ ਸਿੰਘ, ਜੱਗਾ ਸਿੰਘ ਖਡੂਰ ਸਾਹਿਬ ਅਤੇ ਜਗੀਰ ਸਿੰਘ ਭਰੋਵਾਲ ਵੀ ਹਾਜ਼ਰ ਸਨ।

## ਭਾਰਤ 'ਤੇ ਕੈਨੇਡੀਅਨ ...

ਰਿਪੋਰਟ ਵਿਚ ਕਿਹਾ ਕਿ ਕੈਨੇਡਾ ਦੀਆਂ 2019 ਤੇ 2021 ਦੀਆਂ ਆਮ ਚੋਣਾਂ ਵਿਚ ਵਿਦੇਸ਼ੀ ਦਖਲ ਦੇ ਸਬੂਤ ਮਿਲੇ ਹਨ, ਪਰ ਵੋਟਰਾਂ 'ਤੇ ਇਸ ਦਾ ਪ੍ਰਭਾਵ ਨਹੀਂ ਪਿਆ। ਭਾਰਤ ਅਜਿਹੇ ਦੋਸ਼ਾਂ ਨੂੰ ਪਹਿਲਾਂ ਹੀ ਰੱਦ ਕਰ ਚੁੱਕਾ ਹੈ ਤੇ ਉਹ ਕਹਿ ਚੁੱਕਾ ਹੈ ਕਿ ਕੈਨੇਡਾ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦਿੰਦਾ ਰਿਹਾ ਹੈ।

ਸ਼ੁੱਕਰਵਾਰ ਨੂੰ ਪ੍ਰਕਾਸ਼ਤ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਦੇ ਮਾਮਲਿਆਂ ਵਿਚ ਸਭ ਤੋਂ ਵੱਧ ਚੀਨ ਨੇ ਦਖਲ ਦਿੱਤਾ। ਉਸ ਨੇ ਸਰਕਾਰੀ ਅਧਿਕਾਰੀਆਂ, ਸਿਆਸੀ ਜਥੇਬੰਦੀਆਂ, ਉਮੀਦਵਾਰਾਂ ਤੇ ਇੱਥੇ ਰਹਿੰਦੇ ਬਾਹਰਲੇ ਲੋਕਾਂ ਨੂੰ ਪ੍ਰਭਾਵਤ ਕਰਨ ਦੀਆਂ ਸਰਗਰਮ ਕੋਸ਼ਿਸ਼ਾਂ ਕੀਤੀਆਂ। ਰਿਪੋਰਟ ਮੁਤਾਬਕ ਭਾਰਤ ਇਸ ਕਰਕੇ ਦਖਲ ਦਿੰਦਾ ਰਿਹਾ, ਕਿਉਂਕਿ ਉਹ ਸਮਝਦਾ ਹੈ ਕਿ ਇੱਥੇ ਰਹਿੰਦੇ ਦੱਖਣੀ ਏਸ਼ੀਆਈ ਲੋਕ ਭਾਰਤ-ਵਿਰੋਧੀ ਸੁਰਾਂ ਕੱਢਦੇ ਹਨ, ਜੋ ਕਿ ਉਸ ਦੀ ਸਥਿਰਤਾ ਤੇ ਕੌਮੀ ਸੁਰੱਖਿਆ ਲਈ ਖਤਰਾ ਹਨ। ਭਾਰਤ ਸਮਝਦਾ ਹੈ ਕਿ ਜਿਹੜਾ ਵੀ ਖਾਲਿਸਤਾਨੀ ਵੱਖਵਾਦ ਨਾਲ ਜੁੜਿਆ ਹੋਇਆ ਹੈ, ਉਹ ਉਸ ਲਈ ਖਤਰਾ ਹੈ। 194 ਸਫਿਆਂ ਦੀ ਰਿਪੋਰਟ ਵਿਚ ਭਾਰਤ ਦਾ 43 ਵਾਰ ਜ਼ਿਕਰ ਕੀਤਾ ਗਿਆ ਹੈ। ਰਿਪੋਰਟ ਮੁਤਾਬਕ ਰੂਸ, ਪਾਕਿਸਤਾਨ ਤੇ ਈਰਾਨ ਵੀ ਕੈਨੇਡਾ ਦੇ ਮਾਮਲਿਆਂ ਵਿਚ ਦਖਲ ਦਿੰਦੇ ਰਹੇ ਹਨ।

## ਤੇਰੇ ਮੂਹਰੇ ਥਾਨ...

ਬਾਰੇ ਦੱਸਿਆ ਗਿਆ ਸੀ, ਪਰ ਮੇਰੇ ਸਾਹਮਣੇ ਲੋਕਾਂ ਦਾ ਹੜ੍ਹ ਦਿਸ ਰਿਹਾ ਹੈ। ਚੰਨੀ ਨੇ ਆਪਣੇ ਵੱਖਰੇ ਅੰਦਾਜ਼ ਵਿੱਚ ਕਿਹਾ, 'ਯਾਰ ਕਿਆ ਵਰਕਰ ਏਨੇ ਹੁੰਦੇ ਆ।'

ਦਲ-ਬਦਲੂਆ 'ਤੇ ਕਟਾਖਸ਼ ਕਰਦਿਆਂ ਚੰਨੀ ਨੇ ਕਿਹਾ ਕਿ ਇਨ੍ਹਾਂ ਸਵੇਰ, ਦੁਪਹਿਰ ਤੇ ਰਾਤ ਦੇ ਵੱਖ-ਵੱਖ ਰੇਟਾਂ 'ਤੇ ਆਪਣੇ ਆਪ ਨੂੰ ਸੇਲ 'ਤੇ ਲਾਇਆ ਹੋਇਆ ਹੈ।

ਸਾਬਕਾ ਐੱਮ ਪੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਜਲੰਧਰ ਤੋਂ ਕਦੇ ਸਵਰਨ ਸਿੰਘ ਵਰਗੇ ਵੱਡੇ ਆਗੂ ਚੋਣ ਲੜਦੇ ਰਹੇ ਹਨ। ਬੜੇ ਅਰਸੇ ਬਾਅਦ ਜਲੰਧਰ ਨੂੰ ਚੰਨੀ ਵਰਗਾ ਕੱਦਾਵਰ ਉਮੀਦਵਾਰ ਨਸੀਬ ਹੋਇਆ ਹੈ।

ਲਾਡੀ ਸ਼ੇਰੋਵਾਲੀਆ ਨੇ ਕਿਹਾ ਕਿ ਮੋਦੀ ਸਰਕਾਰ ਨੇ ਪੂਰੇ ਦੇਸ਼ ਨੂੰ ਵੇਚ ਦੇਣ ਦਾ ਤਹੱਈਆ ਕੀਤਾ ਹੋਇਆ ਲੱਗਦਾ ਹੈ। ਉਨ੍ਹਾ ਚੰਨੀ ਦੇ ਐੱਮ ਪੀ ਬਣਨ ਤੋਂ ਬਾਅਦ ਉਨ੍ਹਾ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਗੱਲ ਕੀਤੀ ਤਾਂ ਚੰਨੀ ਹੁਰੀਂ ਉਠ ਕੇ ਮਾਇਕ ਅੱਗੇ ਆ ਕੇ ਕਹਿਣ ਲੱਗੇ ਕਿ ਉਸ ਵੇਲੇ 'ਤੇਰੇ ਮੂਹਰੇ ਥਾਨ ਸੁੱਟਿਆ ਭਾਵੇਂ..' ਵਾਲੀ ਸਥਿਤੀ ਹੋਵੇਗੀ।

ਚੋਣ ਇਕੱਠ ਨੂੰ ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ, ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਚੇਅਰਮੈਨ ਗੁਲਜ਼ਾਰ ਸਿੰਘ ਥਿੰਦ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਪਵਨ ਕੁਮਾਰ ਪੁਰੀ, ਰਾਮਗੜ੍ਹੀਆ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਤਰਲੋਕ ਸਿੰਘ ਰੂਪਰਾ ਆਦਿ ਨੇ ਸੰਬੋਧਨ ਕੀਤਾ।

## ਪੁਰੀ ਦੀ ਕਾਂਗਰਸ ...

ਹਾਈਕਮਾਨ ਨੂੰ ਪੁਰੀ ਸਮੇਤ ਕੁਝ ਹਲਕਿਆਂ ਦੇ ਉਮੀਦਵਾਰ ਬਦਲਣ ਲਈ ਲਿਖਿਆ ਸੀ ਤੇ ਮੋਹੰਤੀ ਨੂੰ ਇਸ ਦਾ ਪਤਾ ਸੀ। ਇਸ ਕਰਕੇ ਉਨ੍ਹਾ ਟਿਕਟ ਵਾਪਸੀ ਦਾ ਬਿਆਨ ਦਾਗ ਦਿੱਤਾ। ਪੁਰੀ ਹਲਕੇ ਵਿਚ ਨਾਮਜ਼ਦਗੀ ਕਾਗਜ਼ ਦਾਖਲ ਕਰਨ ਦੀ ਆਖਰੀ ਤਰੀਕ 6 ਮਈ ਹੈ ਤੇ ਵੋਟਾਂ 25 ਮਈ ਨੂੰ ਪੈਣੀਆਂ ਹਨ। ਇੱਥੇ ਭਾਜਪਾ ਨੇ ਆਪਣੇ ਕੌਮੀ ਬੁਲਾਰੇ ਸੰਬਿਤ ਪਾਤਰਾ ਤੇ ਬੀਜੂ ਜਨਤਾ ਦਲ ਨੇ ਮੁੰਬਈ ਦੇ ਸਾਬਕਾ ਪੁਲਸ ਕਮਿਸ਼ਨਰ ਅਰੂਪ ਪਟਨਾਇਕ ਨੂੰ ਖੜ੍ਹਾ ਕੀਤਾ ਹੈ।


### ਅਦਾਲਤੀ ਇਸ਼ਤਿਹਾਰ

*ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ।*

ਮਿਸਲ ਨੰ. 23 ਐੱਨ ਟੀ

ਦਾਇਰ ਮਿਤੀ-09/01/2024 ਕਿਸਮ : ਤਕਸੀਮ

ਪੇਸ਼ੀ ਮਿਤੀ-15/05/2024 ਪਿੰਡ : ਰਾਹੋਂ, ਛੋਕਰਾਂ, ਬੈਰਸੀਆਂ

ਅਨੁਵਾਦ ਮੁਕੱਦਮਾ :-ਸੁਰਿੰਦਰ ਕੌਰ ਵਗੈਰਾ ਬਨਾਮ ਬਲਵਿੰਦਰ ਸਿੰਘ ਅਤੇ ਹੋਰ

1. ਸੁਰਿੰਦਰ ਕੌਰ ਵਿਧਵਾ ਸੁਰਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ 2. ਦਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਦੋਵੇਂ ਵਾਸੀਆ ਪਿੰਡ ਛੋਕਰਾਂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮੁਖਤਿਆਰ ਆਮ ਸੁਰਿੰਦਰ ਕੌਰ ਵਿਧਵਾ ਸੁਰਿੰਦਰ ਸਿੰਘ 3. ਹਰਿੰਦਰ ਕੌਰ ਪੁੱਤਰੀ ਸੁਰਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਪਿੰਡ ਛੋਕਰਾਂ, ਤਹਿਸੀਲ ਨਵਾਂਸ਼ਹਿਰ ਹਾਲ ਵਾਸੀ ਨਿਊਜ਼ੀਲੈਂਡ ਬਾ ਮੁਖਤਾਰੀ ਆਮ ਸੁਰਿੰਦਰ ਕੌਰ ਵਿਧਵਾ ਸੁਰਿੰਦਰ ਸਿੰਘ ਪੁੱਤਰ ਗੁਲਜ਼ਾਰ ਸਿੰਘ ਵਾਸੀ ਪਿੰਡ ਛੋਕਰਾਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ..ਫ਼ਰੀਕ ਅੱਵਲ

ਬਨਾਮ

1. ਬਲਵਿੰਦਰ ਸਿੰਘ ਪੁੱਤਰ ਸਰਵਣ ਸਿੰਘ ਪੁੱਤਰ ਬਗੀਚਾ ਸਿੰਘ 2. ਅਮਰਜੀਤ ਸਿੰਘ 3. ਜਸਵਿੰਦਰ ਸਿੰਘ ਪੁੱਤਰਾਨ ਜੋਗਿੰਦਰ ਸਿੰਘ ਪੁੱਤਰ ਬਗੀਚਾ ਸਿੰਘ ਸਾਰੇ ਵਾਸੀਆਨ ਪਿੰਡ ਪੁਨੂੰ ਮਜਾਰਾ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 4. ਗੁਰਦੀਪ ਸਿੰਘ ਪੁੱਤਰ ਗੁਲਜ਼ਾਰ ਸਿੰਘ ਪੁੱਤਰ ਧੰਨਪਤ ਰਾਏ, 5. ਗੁਰਜੋਤ ਸਿੰਘ ਪੁੱਤਰ ਗੁਰਦੀਪ ਸਿੰਘ ਪੁੱਤਰ ਗੁਲਜ਼ਾਰ ਸਿੰਘ 6. ਸਤਨਾਮ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਧੰਨਪਤ ਰਾਏ 7. ਕੇਵਲ ਸਿੰਘ 8. ਦੀਦਾਰ ਸਿੰਘ ਪੁੱਤਰਾਨ ਧੰਨਪਤ ਰਾਏ ਪੁੱਤਰ ਗੋਬਿੰਦ ਰਾਮ 9. ਮੋਹਣ ਕੌਰ ਪਤਨੀ ਦੀਦਾਰ ਸਿੰਘ ਪੁੱਤਰ ਧੰਨਪਤ ਰਾਏ 10. ਹਰਜਿੰਦਰ ਕੌਰ ਪੁੱਤਰੀ ਗੁਲਜ਼ਾਰ ਸਿੰਘ ਪੁੱਤਰ ਧੰਨਪਤ ਰਾਏ ਸਾਰੇ ਵਾਸੀਆਨ ਪਿੰਡ ਛੋਕਰਾਂ, ਤਹਿਸੀਲ ਨਵਾਂਸ਼ਹਿਰ 11. ਲਸ਼ਕਰ ਸਿੰਘ ਪੁੱਤਰਾਨ ਧੰਨਪਤ ਪੁੱਤਰ ਗੋਬਿੰਦਰ 12. ਹਰਬੰਸ ਕੌਰ ਪਤਨੀ ਨਾਜਰ ਸਿੰਘ ਪੁੱਤਰ ਪ੍ਰਕਾਸ਼ ਰਾਮ 13. ਸੁਰਿੰਦਰ ਕੌਰ ਪਤਨੀ ਗੁਰਦੀਪ ਸਿੰਘ ਪੁੱਤਰ ਗੁਲਜ਼ਾਰ ਸਿੰਘ 14. ਜਸਪਾਲ ਸਿੰਘ 15. ਬਲਦੇਵ ਸਿੰਘ 16. ਇਕਬਾਲ ਰਤਨ ਸਿੰਘ ਪੁੱਤਰਾਨ ਰਤਨ ਸਿੰਘ ਪੁੱਤਰ ਧੰਨਪਤ 17. ਰਵਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਪੁੱਤਰ ਧੰਨਪਤ 18. ਨਸੀਬ ਚੰਦ ਪੁੱਤਰ ਗੋਬਿੰਦਰ ਪੁੱਤਰ ਪੋਹਲੋ 19. ਮੋਹਨ ਲਾਲ 20. ਜੋਗਿੰਦਰ ਪਾਲ ਪੁੱਤਰਾਨ ਦੁਰਗਾ ਪੁੱਤਰ ਨਿੰਕਾ 21. ਸਤਨਾਮ ਸਿੰਘ 22. ਗੁਰਨਿੰਦਰ ਸਿੰਘ ਪੁੱਤਰਾਨ ਹਜ਼ੂਰਾ ਸਿੰਘ 23. ਮੋਹਣ ਲਾਲ ਪੁੱਤਰ ਪ੍ਰਕਾਸ਼ ਰਾਮ ਪੁੱਤਰ ਅਨੰਤ ਰਾਮ 24. ਰੇਸ਼ਮ ਕੌਰ ਪੁੱਤਰੀ ਹਜ਼ੂਰਾ ਸਿੰਘ ਪੁੱਤਰ ਭਾਗ ਸਿੰਘ ਉਰਫ ਹਰਜੀਤ ਸਿੰਘ 25. ਲਖਵਿੰਦਰ ਕੁਮਾਰ ਪੁੱਤਰ ਸਰਵਣ ਕੁਮਾਰ ਪੁੱਤਰ ਬਸੰਤ ਨਾਥ 26. ਬਲਜਿੰਦਰ ਕੌਰ ਪਤਨੀ ਨਿਮਲਜੀਤ ਪੁੱਤਰ ਬਖ਼ਸ਼ੀ ਰਾਮ 27. ਜਸਵਿੰਦਰ ਕੌਰ ਪਤਨੀ ਗੁਰਦੇਵ ਸਿੰਘ ਪੁੱਤਰ ਬਿਸ਼ਨ ਸਿੰਘ 28. ਸਰਬਜੀਤ ਸਿੰਘ ਪੁੱਤਰ ਰੇਵਲ ਸਿੰਘ ਪੁੱਤਰ ਦੁਰਗਾ ਸਾਰੇ ਵਾਸੀਆਨ ਪਿੰਡ ਛੋਕਰਾਂ, ਤਹਿਸੀਲ ਨਵਾਂਸ਼ਹਿਰ 29. ਬਹਾਦਰ ਸਿੰਘ ਪੁੱਤਰ ਮੇਜਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਮੁਬਾਰਕਪੁਰ, ਤਹਿਸੀਲ ਨਵਾਂਸ਼ਹਿਰ 30. ਕਮਲ ਸਿੰਘ ਪੁੱਤਰ ਬਸੰਤ ਸਿੰਘ ਪੁੱਤਰ ਰਾਣਾ 31. ਪਰਮਜੀਤ ਕੌਰ ਵਿਧਵਾ ਬਲਵੀਰ ਸਿੰਘ ਪੁੱਤਰ ਬਖਸ਼ ਰਾਮ 32. ਸੁਰਿੰਦਰ ਕੌਰ ਪਤਨੀ ਰੇਵਲ ਸਿੰਘ ਪੁੱਤਰ ਦੁਰਗਾ ਸਿੰਘ 33. ਸਰਬਜੀਤ ਸਿੰਘ ਪੁੱਤਰ ਰੇਵਲ ਸਿੰਘ ਪੁੱਤਰ ਦੁਰਗਾ ਸਿੰਘ 34. ਅਸ਼ੋਕ ਕੁਮਾਰ ਪੁੱਤਰ ਕਮਲ ਸਿੰਘ ਪੁੱਤਰ ਬਸੰਤ ਨਾਥ ਸਾਰੇ ਵਾਸੀਆਨ ਪਿੰਡ ਛੋਕਰਾਂ, ਤਹਿਸੀਲ ਨਵਾਂਸ਼ਹਿਰ 35. ਕੈਨਰਾ ਬੈਂਕ ਬਰਾਂਚ ਰਾਹੋਂ ਬਜ਼ਰੀਆ ਬਰਾਂਚ ਮੈਨੇਜਰ 36. ਪੰਜਾਬ ਨੈਸ਼ਨਲ ਬੈਂਕ ਬਰਾਂਚ ਰਾਹੋਂ ਬਜ਼ਰੀਆ ਬਰਾਂਚ ਮੈਨੇਜਰ 37. ਅਮਰੀਕ ਕੌਰ ਪਤਨੀ ਸਰਵਣ ਸਿੰਘ ਪੁੱਤਰ ਬਗੀਚਾ ਸਿੰਘ 38. ਸੰਦੀਪ ਕੌਰ ਪਤਨੀ ਦਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਸਰਵਣ ਸਿੰਘ ਪੁੱਤਰ ਬਗੀਚਾ ਸਿੰਘ ਸਾਰੇ ਵਾਸੀਆਨ ਪਿੰਡ ਛੋਕਰਾਂ। ..ਫ਼ਰੀਕ ਦੋਇਮ

ਦਰਖਾਸਤ ਕੀਏ ਜਾਣੇ ਤਕਸੀਮ ਅਰਾਜ਼ੀ ਖੇਵਟ ਨੰ. 65 ਖਤੌਨੀ ਨੰ. 66 (ਰਕਬਾ 44 ਵਰਗ ਕਨਾਲ 06 ਮਰਲੇ), ਖੇਵਟ ਨੰ. 535, ਖਤੌਨੀ ਨੰ. 583 (ਰਕਬਾ 20 ਕਨਾਲ 15 ਮਰਲੇ) ਪਿੰਡ ਰਾਹੋਂ ਬਰੂਏ ਜਮ੍ਹਾਂਬੰਦੀ ਸਾਲ 2008-2009, ਖੇਵਟ ਨੰ. 129, ਖਤੌਨੀ 177 ਤੋਂ 181 (ਰਕਬਾ 38 ਕਨਾਲ 03 ਮਰਲੇ), ਖੇਵਟ ਨੰ. 128, ਖਤੌਨੀ ਨੰ. 175, 176 (ਰਕਬਾ 07 ਕਨਾਲ 09 ਮਰਲੇ), ਪਿੰਡ ਛੋਕਰਾਂ ਬਰੂਏ ਜਮ੍ਹਾਂਬੰਦੀ ਸਾਲ 2014-2015, ਖੇਵਟ ਨੰ. 79, ਖਤੌਨੀ ਨੰ. 87, 88 (ਰਕਬਾ 30 ਕਨਾਲ 18 ਮਰਲੇ) ਪਿੰਡ ਬੈਰਸੀਆਂ ਬਰੂਏ ਜਮ੍ਹਾਂਬੰਦੀ ਸਾਲ 2018-2019.

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਲ ਹੈ,ਇਸ ਲਈ ਮਿਤੀ 15/05/2024 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਮੁਦਾਇਲਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾ ਵਕਾਲਤਨ ਹਾਜ਼ਰ ਅਦਾਲਤ ਆਉਣ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 22/04/2024 ਨੂੰ ਮੇਰੇ ਦਸਤਖ਼ਤ ਅਤੇ ਮੋਹਰ ਅਦਾਲਤ ਨਾਲ ਇਹ ਪਬਲਿਕੇਸ਼ਨ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ, ਕੁਲੈਕਟਰ ਦਰਜਾ ਅੱਵਲ ਨਵਾਂਸ਼ਹਿਰ।

ਨੰਬਰ 29, ਰੀਡਰ/ਮਿਤੀ-22/4/24



### ਦਫਤਰ ਵਸੂਲੀ ਅਫਸਰ-I/II

### ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਧਰਾਤਲ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ

ਫਾਰਮ ਨੰ. 14

[(ਵੇਖੋ ਰੈਗੂਲੇਸ਼ਨ 33 (2)]

ਰਜਿ. ਏ/ਡੀ ਰਾਹੀਂ, ਦਸਤੀ ਅਸਫਲ ਪ੍ਰਕਾਸ਼ਨਾ ਰਾਹੀਂ।

ਡਿਮਾਂਡ ਨੋਟਿਸ

ਕਰਜ਼ਾ ਅਤੇ ਦਿਵਾਲੀਆਪਨ ਵਸੂਲੀ ਐਕਟ 1993 ਦੇ ਸੈਕਸ਼ਨ 25 ਤੋਂ 28 ਅਤੇ ਆਮਦਨ ਕਰ ਐਕਟ, 1961 ਦੀ ਦੂਸਰੀ ਸਾਰਣੀ ਦੇ ਨਿਯਮ 2 ਤਹਿਤ ਨੋਟਿਸ

ਆਰ ਸੀ /416/2020 02-04-2024

ਸੈਂਟਰਲ ਬੈਂਕ ਆਫ ਇੰਡੀਆ

ਬਨਾਮ

ਸ਼ਿਵਾ ਇੰਟਰਪ੍ਰਾਈਜ਼ਜ਼

ਸੇਵਾ 'ਚ

(ਸੀ ਡੀ 1) ਸ਼ਿਵਾ ਇੰਟਰਪ੍ਰਾਈਜ਼ਜ਼ ਰਾਹੀਂ ਇਸ ਦੇ ਇੱਕਮਾਤਰ ਮਾਲਕ ਸ੍ਰੀ ਸ਼ਿਵ ਦੱਤ, ਮਕਾਨ ਨੰ. 4236-2, ਗਲੀ ਨੰ. 2, ਗੁਰੂ ਅੰਗਦ ਸਟਰੀਟ ਗਿੱਲ ਰੋਡ, ਲੁਧਿਆਣਾ, ਨਾਲ ਹੀ : ਬੀ-21-4236/3, ਗੁਰੂ ਅੰਗਦ ਸਟਰੀਟ (ਅਬਾਦੀ ਸ਼ਿਮਲਾਪੁਰੀ) ਨਿਊ ਜਨਤਾ ਨਗਰ, ਗਿੱਲ ਰੋਡ, ਲੁਧਿਆਣਾ-141003

(ਸੀ ਡੀ 2) ਸ੍ਰੀ ਸ਼ਿਵ ਦੱਤ ਪੁੱਤਰ ਸ੍ਰੀ ਤ੍ਰਿਲੋਕ ਮਨੀ, ਮਾਲਕ ਮੈਸਰਜ਼ ਸ਼ਿਵਾ ਇੰਟਰਪ੍ਰਾਈਜ਼ਜ਼, ਮਕਾਨ ਨੰ. 4236/2, ਗਲੀ ਨੰ. 2, ਗੁਰ ਅੰਗਦ ਸਟਰੀਟ, ਗਿੱਲ ਰੋਡ, ਨਿਊ ਜਨਤਾ ਨਗਰ, ਲੁਧਿਆਣਾ (ਪੰਜਾਬ), ਦੂਜਾ ਪਤਾ : ਵਾਸੀ ਮਕਾਨ ਨੰ. 1883, ਸਟਰੀਟ ਨੰ. 1, ਜਨਤਾ ਨਗਰ, ਗਿੱਲ ਰੋਡ, ਲੁਧਿਆਣਾ (ਪੰਜਾਬ), ਤੀਜਾ ਪਤਾ : ਬੀ-21-4236/3, ਗੁਰੂ ਅੰਗਦ ਸਟਰੀਟ, ਗਿੱਲ ਰੋਡ, ਲੁਧਿਆਣਾ-141003

(ਸੀ ਡੀ 3) ਸ੍ਰੀਮਤੀ ਅਰਚਨਾ ਪਤਨੀ ਸ੍ਰੀ ਸ਼ਿਵ ਦੱਤ ਵਾਸੀ ਮਕਾਨ ਨੰ. 4236/2, ਸਟਰੀਟ ਨੰ. 2, ਗੁਰੂ ਅੰਗਦ ਸਟਰੀਟ, ਗਿੱਲ ਰੋਡ, ਨਿਊ ਜਨਤਾ ਨਗਰ, ਲੁਧਿਆਣਾ (ਪੰਜਾਬ), ਦੂਜਾ ਪਤਾ : ਵਾਸੀ ਮਕਾਨ ਨੰ. 1883, ਸਟਰੀਟ ਨੰ. 1, ਜਨਤਾ ਨਗਰ, ਗਿੱਲ ਰੋਡ, ਲੁਧਿਆਣਾ (ਪੰਜਾਬ) ਤੀਜਾ ਪਤਾ : ਬੀ-21-4236/3 , ਗੁਰੂ ਅੰਗਦ ਸਟਰੀਟ, ਗਿੱਲ ਰੋਡ, ਲੁਧਿਆਣਾ-141003

ਨੋਟੀਫਾਈ ਕੀਤਾ ਜਾਂਦਾ ਹੈ ਕਿ ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3) ਦੇ ਪ੍ਰੀਜ਼ਾਇਡਿੰਗ ਅਫਸਰ ਵੱਲੋਂ ਪਾਸ ਕੀਤੇ ਗਏ ਹੁਕਮਾਂ ਦੀ ਪਾਲਣਾ 'ਚ ਜਾਰੀ ਵਸੂਲੀ ਸਰਟੀਫਿਕੇਟ ਅਨੁਸਾਰ ਓ ਏ/486/2019 'ਚ ਰਕਮ ਰੁਪਏ 35,16,411.00 (ਪੈਂਤੀ ਲੱਖ ਸੋਲਾਂ ਹਜ਼ਾਰ ਚਾਰ ਸੌ ਗਿਆਰਾਂ ਰੁਪਏ ਕੇਵਲ) ਸਮੇਤ ਪੈਂਡੇਂਟਲਾਈਟ ਅਤੇ 28/02/2019 ਤੋਂ ਅਦਾਇਗੀ ਤੱਕ @ 11.95 % ਸਾਲਾਨਾ ਸਧਾਰਨ ਵਿਆਜ ਅਤੇ ਰੁਪਏ 38,000/- (ਅਠੱਤੀ ਹਜ਼ਾਰ ਰੁਪਏ ਕੇਵਲ) 'ਤੇ ਲਾਗਤਾਂ ਤੁਹਾਡੇ ਵਿਰੁੱਧ (ਸਾਂਝੇ ਤੌਰ 'ਤੇ ਅਤੇ ਵੱਖਰੇ-ਵੱਖਰੇ/ਮੁਕੰਮਲ/ਸੀਮਤ) ਬਕਾਇਆ ਹਨ।

(2) ਤੁਹਾਨੂੰ ਨੋਟਿਸ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਅਦਾ ਕੀਤੇ ਜਾਣ ਦੇ ਨਿਰਦੇਸ਼ ਦਿੱਤੇ ਜਾਂਦੇ ਹਨ, ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਗਠਨਾਂ ਦੇ ਬਕਾਇਆ ਕਰਜ਼ਾ ਵਸੂਲੀ ਐਕਟ, 1993 ਅਤੇ ਉਨ੍ਹਾਂ ਤਹਿਤ ਨਿਯਮਾਂ ਅਨੁਸਾਰ ਵਸੂਲੀ ਕੀਤੀ ਜਾਵੇਗੀ।

(3) ਜਦਕਿ ਟ੍ਰਿਬਿਊਨਲ ਨੂੰ ਯਕੀਨ ਦਿਵਾ ਦਿੱਤਾ ਗਿਆ ਹੈ ਕਿ ਆਮ ਢੰਗ ਨਾਲ ਤੁਹਾਡੀ ਤਾਮੀਲ ਨਹੀਂ ਹੋ ਸਕਦੀ, ਇਸ ਲਈ ਇਸ ਪ੍ਰਕਾਸ਼ਨਾ ਰਾਹੀਂ ਤੁਹਾਨੂੰ ਟ੍ਰਿਬਿਊਨਲ ਸਨਮੁੱਖ 22/05/2024 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਲਈ ਨਿਰਦੇਸ਼ ਦਿੰਦਾ ਇਹ ਨੋਟਿਸ ਦਿੱਤਾ ਗਿਆ ਹੈ।

(4) ਤੁਹਾਨੂੰ ਆਪਣੇ ਐੱਸਟਸ ਦੇ ਵੇਰਵੇ ਹਲਫੀਆ ਬਿਆਨ ਰਾਹੀਂ ਸੁਣਵਾਈ ਦੀ ਅਗਲੀ ਤਰੀਕ ਜਾਂ ਪਹਿਲਾਂ ਐਲਾਨ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ।

(5) ਉਪਰੋਕਤ ਦਰਸਾਈ ਰਕਮ ਤੋਂ ਇਲਾਵਾ ਤੁਹਾਨੂੰ ਇਹ ਵੀ ਅਦਾਇਗੀ ਕਰਨੀ ਪਵੇਗੀ :

(ਏ) ਸਰਟੀਫਿਕੇਟ/ਕਾਰਵਾਈਆਂ ਲਾਗੂ ਦਾ ਨੋਟਿਸ ਜਾਰੀ ਕੀਤੇ ਜਾਣ ਤੋਂ ਤੁਰੰਤ ਬਾਅਦ ਚਾਲੂ ਮਿਆਦ ਵਾਸਤੇ ਅਦਾਇਗੀ ਯੋਗ ਵਿਆਜ।

(ਬੀ) ਇਸ ਨੋਟਿਸ ਦੀ ਤਾਮੀਲ ਅਤੇ ਵਰੰਟਾਂ ਅਤੇ ਹੋਰ ਅਮਲ ਅਤੇ ਹੋਰ ਸਾਰੀਆਂ ਕਾਰਵਾਈਆਂ ਦੇ ਸੰਬੰਧ 'ਚ ਕੀਤੇ ਗਏ ਖਰਚੇ, ਚਾਰਜਿਜ਼ ਅਤੇ ਲਾਗਤਾਂ।

ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 02/04/2024 ਨੂੰ ਜਾਰੀ ਕੀਤਾ ਗਿਆ।

ਵਸੂਲੀ ਅਫਸਰ

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 3)

ਸੇਵਾ 'ਚ ਕਾਪੀ :

ਸੈਂਟਰਲ ਬੈਂਕ ਆਫ ਇੰਡੀਆ

ਤੁਹਾਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਸਰਟੀਫਿਕੇਟ ਡੈਬਟਰ ਵੱਲੋਂ ਕੀਤੀ ਗਈ ਕੋਈ ਅਦਾਇਗੀ ਜੇਕਰ ਕੋਈ ਹੈ ਤਾਂ ਇਸ ਕੇਸ 'ਚ ਸਰਟੀਫਿਕੇਟ ਡੈਬਟਰ ਦੇ ਬਕਾਏ ਕਰਜ਼ੇ ਦੇ ਏਕੀਕ੍ਰਿਤ ਖਾਤੇ 'ਚ ਕ੍ਰੈਡਿਟ ਕੀਤੀ ਜਾਵੇ ਅਤੇ ਵਸੂਲੀ ਅਫਸਰ ਨੂੰ ਅਦਾਇਗੀ ਦੀ ਨਿਰੰਤਰ ਜਾਣਕਾਰੀ ਭੇਜੀ ਜਾਵੇ। ਵਸੂਲੀ ਅਫਸਰ ਵੱਲੋਂ ਏਕੀਕ੍ਰਿਤ ਖਾਤੇ ਦੀ ਪੁਸ਼ਟੀ ਜ਼ਰੂਰੀ ਹੈ। ਤੁਹਾਨੂੰ ਉਪਰੋਕਤ ਮਾਮਲੇ ਦੇ ਸੰਬੰਧ 'ਚ ਕੁੱਲ ਦਾਅਵੇ ਅਤੇ ਜਿੱਥੋਂ ਕਰਜ਼ਾ ਵਸੂਲੀ ਕੀਤੀ ਜਾਣੀ ਹੈ, ਉਸ ਜਾਇਦਾਦ ਦੇ ਸਾਰੇ ਵੇਰਵੇ ਵਿਸਥਾਰ ਸਹਿਤ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਜਾਂਦੇ ਹਨ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ 9 ਨੂੰ ਧਰਨੇ ਦਾ ਐਲਾਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲਾ ਤਰਨ ਤਾਰਨ ਦੀ ਮੀਟਿੰਗ ਬਾਬਾ ਕਾਹਨ ਸਿੰਘ ਦੇ ਸਥਾਨਾਂ ਤੇ ਪਿੰਡ ਪਿੱਦੀ ਵਿਖੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਅਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ, ਰੇਸ਼ਮ ਸਿੰਘ ਘੁਰਕਵਿੰਡ, ਜਰਨੈਲ ਸਿੰਘ ਨੂਰਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਫਤਿਹ ਸਿੰਘ ਪਿੱਦੀ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਪਿੰਡ ਰੂੜੇਆਸਲ ਵਿੱਚ 326,452 ਦੇ ਪਰਚੇ ਹੋਣ ਬਾਵਜੂਦ ਮੁਜਰਮਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫਤਾਰ ਨਹੀਂ ਕੀਤਾ ਗਿਆ ਜਿਸ ਦੇ ਚਲਦਿਆਂ ਪ੍ਰਸ਼ਾਸਨ ਨੂੰ ਵਾਰ-ਵਾਰ ਕਿਸਾਨਾਂ ਦਾ ਵਫਦ ਮਿਲਦਾ ਰਿਹਾ।19 ਮਾਰਚ 2024 ਨੂੰ ਐੱਸਐੱਸਪੀ ਦੇ ਬਿਹਾਫ 'ਤੇ ਡੀਐੱਸਪੀ ਕਮਲਜੀਤ ਸਿੰਘ ਨੇ ਵਿਸ਼ਵਾਸ ਦਿਵਾਇਆ ਸੀ ਕਿ ਮੁਜਰਮਾਂ ਨੂੰ ਤਿੰਨ ਦਿਨਾਂ ਅੰਦਰ ਗ੍ਰਿਫਤਾਰ ਕਰਕੇ ਜੇਲ ਭੇਜਿਆ ਜਾਏਗਾ ਪਰ 10-12 ਦਿਨ ਬੀਤ ਜਾਣ ਦੇ ਬਾਵਜੂਦ ਮੁਜਰਮ ਬਾਹਰ ਘੁੰਮ ਰਹੇ ਹਨ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਮੀਟਿੰਗ ਕਰਕੇ 9 ਮਈ ਨੂੰ ਐੱਸਐੱਸਪੀ ਦਫ਼ਤਰ ਅੱਗੇ ਧਰਨਾ ਲਾਇਆ ਜਾਵੇਗਾ। ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਮੁਜਰਮ ਜਲਦ ਤੋਂ ਜਲਦ ਗ੍ਰਿਫਤਾਰ ਨਾ ਕੀਤੇ ਗਏ ਤੇ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਊਗਾ। ਕਿਸਾਨ ਆਗੂਆਂ ਨੇ ਸਿੰਘੂ ਬਾਰਡਰ 'ਤੇ ਲੱਗੇ ਕਿਸਾਨੀ ਮੋਰਚੇ 'ਚ ਹਰ ਵਰਗ ਨੂੰ ਸ਼ਾਮਿਲ ਹੋਣ ਦੀ ਵੀ ਅਪੀਲ ਕੀਤੀ। ਇਸ ਮੌਕੇ ਸਲਵਿੰਦਰ ਸਿੰਘ ਜੀਓ ਬਾਲਾ, ਪਰਮਜੀਤ ਸਿੰਘ ਛੀਨਾ, ਕੁਲਵਿੰਦਰ ਸਿੰਘ ਕੈਰੋਵਾਲ, ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਪਾਖਰ ਸਿੰਘ ਲਾਲਪੁਰ, ਮੁਖਤਾਰ ਸਿੰਘ ਬਿਹਾਰੀਪੁਰ, ਅਜੀਤ ਸਿੰਘ ਚੰਬਾ, ਕੁਲਵੰਤ ਸਿੰਘ ਭੈਲ, ਸਵਰਨ ਸਿੰਘ ਹਰੀਕੇ, ਸੁਖਦੇਵ ਸਿੰਘ ਦੁਬਲੀ, ਪੂਰਨ ਸਿੰਘ ਮੱਦਰ, ਨਿਸ਼ਾਨ ਸਿੰਘ ਕੁਹਾੜਕਾ, ਸੁਖਵਿੰਦਰ ਸਿੰਘ ਦੁਗਲਵਾਲਾ, ਅਮਰਜੀਤ ਸਿੰਘ ਉਸਮਾ, ਤਰਸੇਮ ਸਿੰਘ ਆਦਿ ਆਗੂ ਹਾਜ਼ਰ ਸਨ।

# ਸੰਗਰੂਰੋਂ ਚਲੀ ਸਾਈਕਲ ਯਾਤਰਾ ਦਾ ਗੁਰਦਾਸਪੁਰ ਵਿਖੇ ਨਿੱਘਾ ਸਵਾਗਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਦੀ ਅਗਵਾਈ ਵਿੱਚ ਏਡੀਸੀ (ਜ) ਸੁਭਾਸ਼ ਚੰਦਰ, ਐੱਸਡੀਐੱਮ ਗੁਰਦਾਸਪੁਰ ਡਾ. ਕਰਮਜੀਤ ਸਿੰਘ, ਚੋਣ ਤਹਿਸੀਲਦਾਰ ਮਨਜਿੰਦਰ ਸਿੰਘ ਬਾਜਵਾ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਸਵੀਪ-ਕਮ-ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ: ਰਾਜੇਸ਼ ਕੁਮਾਰ ਸ਼ਰਮਾ ਅਤੇ ਸਵੀਪ ਟੀਮ ਵੱਲੋਂ ਸੁਨਾਮ ਵਾਸੀ ਮਨਮੋਹਨ ਸਿੰਘ 'ਇਸ ਵਾਰ ਸੱਤਰ ਪਾਰ' ਦੇ ਟੀਚੇ ਨੂੰ ਪੂਰਾ ਕਰਨ ਲਈ ਸੰਗਰੂਰ ਤੋਂ ਸ਼ੁਰੂ ਕੀਤੀ ਸਾਈਕਲ ਯਾਤਰਾ ਦਾ ਗੁਰਦਾਸਪੁਰ ਵਿਖੇ ਸਵਾਗਤ ਕੀਤਾ ਗਿਆ।ਇਸ ਦੌਰਾਨ ਮਨਮੋਹਨ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਲੋਕ ਸਭਾ ਚੋਣਾਂ 2024 ਵਿੱਚ ਵੱਧ ਤੋਂ ਵੱਧ ਮਤਦਾਨ ਪ੍ਰਤੀਸ਼ਤ ਕਰਨ ਲਈ ਵੋਟਰਾਂ ਨੂੰ ਜਾਗਰੂਕ ਕਰਨ ਹਿੱਤ ਇਹ ਸਾਈਕਲ ਯਾਤਰਾ ਸੰਗਰੂਰ ਤੋਂ ਸ਼ੁਰੂ ਕੀਤੀ ਗਈ ਹੈ ਜੋ ਕਿ ਅੰਮ੍ਰਿਤਸਰ ਤੋਂ ਗੁਰਦਾਸਪੁਰ ਪਹੁੰਚੀ ਹੈ। ਹੁਣ ਇਹ ਹੋਟਲ ਮੈਨਜਮੈਂਟ ਇੰਸਟੀਚਿਊਟ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਹੁਸ਼ਿਆਰਪੁਰ ਹੁੰਦੀ ਹੋਈ ਜਲੰਧਰ ਪਹੁੰਚੇਗੀ।ਉਨ੍ਹਾਂ ਗੁਰਦਾਸਪੁਰ ਵਾਸੀਆਂ ਦਾ ਹੌਸਲਾ ਅਫ਼ਜ਼ਾਈ ਤੇ ਸਹਿਯੋਗ ਲਈ ਧੰਨਵਾਦ ਕੀਤਾ।ਇਸ ਦੌਰਾਨ ਪਰਮਿੰਦਰ ਸਿੰਘ ਸੈਣੀ ਜ਼ਿਲ੍ਹਾ ਗਾਇਡੈਂਸ ਕੌਂਸਲਰ-ਕਮ-ਸਹਾਇਕ ਨੋਡਲ ਅਫ਼ਸਰ ਸਵੀਪ ਪ੍ਰੋ. ਸੋਹਨ ਲਾਲ ਸਮੇਤ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਵੱਲੋਂ ਸਵੀਪ ਜਾਗਰੂਕਤਾ ਸਾਈਕਲ ਕੰਪੇਨ ਨੂੰ ਹਰੀ ਝੰਡੀ ਦੇ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਚੋਣ ਦਫ਼ਤਰ ਤੋਂ ਸੁਨੀਲ ਕੁਮਾਰ, ਰਣਜੀਤ ਸਿੰਘ ਬੁੱਟਰ ਅਮਿਤ ਗੁਪਤਾ, ਰਾਕੇਸ਼ ਕੁਮਾਰ ਗੁਰਮੀਤ ਕੌਰ, ਸੁੱਚਾ ਸਿੰਘ ਕੰਗ ਸਹਾਇਕ ਨੋਡਲ ਅਫ਼ਸਰ ਸਵੀਪ ਗੁਰਮੀਤ ਸਿੰਘ ਭੋਮਾ, ਸਵੀਪ ਮੀਡੀਆ ਇੰਚਾਰਜ ਗਗਨਦੀਪ ਸਿੰਘ, ਡੀਈਓ ਦਫ਼ਤਰ ਤੋਂ ਸੁਮਿਤ, ਸਰਬਜੀਤ ਸਿੰਘ ਮੱਲ੍ਹੀ ਹਾਜ਼ਰ ਸਨ।

# ਕਣਕ ਦੀ ਖ਼ਰੀਦ ਦਾ ਅੰਕੜਾ 5 ਲੱਖ ਮੀਟਰਿਕ ਟਨ ਤੋਂ ਪਾਰ

## ਕਿਸਾਨਾਂ ਨੂੰ 1048.98 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ

**ਗੁਰਦਾਸਪੁਰ, (ਜਨਕ ਮਹਾਜਨ)**-ਡੀਸੀ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ ਤਹਿਤ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਦਾ ਅੰਕੜਾ 5 ਲੱਖ ਮੀਟਰਿਕ ਟਨ ਤੋਂ ਪਾਰ ਪਹੁੰਚ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 529750 ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿੱਚੋਂ 506072 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਏਜੰਸੀ ਵਾਈਜ਼ ਖ਼ਰੀਦ ਦਾ ਬਿਉਰਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਖ਼ਰੀਦ ਏਜੰਸੀ ਪਨਗਰੇਨ ਨੇ 143718 ਮੀਟਰਿਕ ਟਨ, ਮਾਰਕਫੈੱਡ ਨੇ 124677 ਮੀਟਰਿਕ ਟਨ, ਪਨਸਪ ਨੇ 121716 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 92604 ਮੀਟਰਿਕ ਟਨ, ਐੱਫ਼ਸੀਆਈ ਨੇ 15242 ਮੀਟਰਿਕ ਟਨ ਅਤੇ ਵਪਾਰੀਆਂ ਨੇ 8115 ਮੀਟਰਿਕ ਟਨ ਕਣਕ ਖ਼ਰੀਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 100 ਫੀਸਦੀ ਕਿਸਾਨਾਂ ਨੂੰ 1048.98 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਡੀਸੀ ਸਾਰੰਗਲ ਨੇ ਕਿਹਾ ਕਿ ਖ਼ਰੀਦੀ ਗਈ ਫ਼ਸਲ ਦੀ ਲਿਫ਼ਟਿੰਗ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ 255517 ਮੀਟਰਿਕ ਟਨ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ। ਅਧਿਕਾਰੀਆਂ ਨੂੰ ਲਿਫ਼ਟਿੰਗ ਵਿਚ ਹੋਰ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਣਕ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਤੋਲ ਅਤੇ ਭਾਅ ਉਪਰ ਖ਼ਰੀਦਣ ਲਈ ਵਚਨਬੱਧ ਹੈ।

# ਮਜੀਠਾ ਵਿਧਾਨ ਸਭਾ ਹਲਕੇ ਦੇ ਸਕੂਲਾਂ 'ਚ ਵੋਟਰ ਜਾਗਰੂਕਤਾ ਮੁਕਾਬਲੇ ਕਰਵਾਏ

**ਸ੍ਰੀ ਅੰਮ੍ਰਿਤਸਰ ਸਾਹਿਬ (ਜਗਦੀਸ਼ ਕਮਲੇਸ਼)**-ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਮਜੀਠਾ ਵਿਧਾਨਸਭਾ ਹਲਕੇ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੋਟਰ ਜਾਗਰੂਕਤਾ ਮਹਿੰਦੀ ਮੁਕਾਬਲੇ ਕਰਵਾਏ ਗਏ।ਜਾਣਕਾਰੀ ਦਿੰਦੇ ਹੋਏ ਮਜੀਠਾ ਵਿਧਾਨ ਸਭਾ ਹਲਕੇ ਦੇ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸਡੀਐੱਮ.-2 ਹਰਨੂਰ ਕੌਰ ਢਿਲੋਂ ਨੇ ਦੱਸਿਆ ਕਿ ਵਿਦਿਆਰਥੀ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਇਨ੍ਹਾਂ ਨੂੰ ਚੋਣ ਸਰਗਰਮੀਆਂ ਦਾ ਹਿੱਸਾ ਬਣਾ ਕੇ ਭਵਿੱਖ ਦੇ ਵੋਟਰਾਂ ਨੂੰ ਤਿਆਰ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਸਾਨੂੰ ਸਭ ਨੂੰ ਇਸ ਲੋਕਤੰਤਰ ਦਾ ਹਿੱਸਾ ਬਣਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਹੁਣ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਚੋਣਾਂ ਵਿੱਚ ਵੱਧ-ਚੜ੍ਹ ਕੇ ਭਾਗ ਲਈਏ।ਇਸ ਮੌਕੇ ਨੋਡਲ ਅਫ਼ਸਰ ਸਵੀਪ ਪ੍ਰਿੰ. ਰੇਖਾ ਮਹਾਜਨ ਨੇ ਕਿਹਾ ਕਿ ਮਜੀਠਾ ਵਿਧਾਨਸਭਾ ਹਲਕੇ ਦੇ ਸਕੂਲਾਂ ਵਿੱਚ ਕਰਵਾਏ ਗਏ ਵੋਟਰ ਜਾਗਰੂਕਤਾ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਦਾ ਭਰਪੂਰ ਜੋਸ਼ ਦੇਖਣ ਨੂੰ ਮਿਲਿਆ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

# 8ਵੀਂ/12ਵੀਂ ਦੇ ਨਤੀਜਿਆਂ 'ਚ ਬਾਬਾ ਬੁੱਢਾ ਪਬਲਿਕ ਸਕੂਲ਼ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਤੇ ਬਾਰ੍ਹਵੀਂ ਕਲਾਸ ਦੇ ਬੋਰਡ ਦੇ ਨਤੀਜਿਆਂ ਵਿੱਚ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਦੇ ਵਿਦਿਆਰਥੀਆਂ ਵੱਲੋਂ ਵਧੀਆ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ਼ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਗਿਆ।ਅੱਠਵੀਂ ਕਲਾਸ ਦੇ ਨਤੀਜਿਆਂ ਵਿੱਚ ਖੁਸ਼ਪ੍ਰੀਤ ਕੌਰ (94.8%) ਨੇ ਪਹਿਲਾ, ਹਰਪ੍ਰੀਤ ਕੌਰ (94.2%) ਨੇ ਦੂਸਰਾ, ਰਿਤੀਕਾਦੀਪ ਕੌਰ (93.7%) ਨੇ ਤੀਸਰਾ ਸਥਾਨ ਹਾਸਲ ਕੀਤਾਂ।ਬਾਰ੍ਹਵੀਂ ਸਾਇੰਸ ਗਰੁੱਪ ਵਿੱਚ ਦਿਲਪ੍ਰੀਤ ਕੌਰ (92.6%) ਨੇ ਪਹਿਲਾ, ਸੁਖਬੀਰ ਕੌਰ (92.4%) ਤੇ ਪਵਨਦੀਪ ਕੌਰ (92.4%) ਦੋਵਾਂ ਨੇ ਦੂਸਰਾ ਸਥਾਨ, ਜਸਕਰਨਪ੍ਰੀਤ ਕੌਰ (90.6%) ਨੇ ਤੀਸਰਾ ਸਥਾਨ ਅਤੇ ਕਾਮਰਸ ਗਰੁੱਪ ਵਿੱਚ ਸਿਮਰਨਜੀਤ ਕੌਰ (91.8%) ਨੇ ਪਹਿਲਾ, ਸੁਖਮਨਜੀਤ ਕੌਰ (91%) ਨੇ ਦੂਸਰਾ, ਮਨਪ੍ਰੀਤ ਕੌਰ (89.8%) ਨੇ ਤੀਸਰਾ ਅਤੇ ਆਰਟਸ ਗਰੁੱਪ ਵਿੱਚ ਗੁਰਲੀਨ ਕੌਰ (87.2%) ਨੇ ਪਹਿਲਾ, ਕੋਮਲਪ੍ਰੀਤ ਕੌਰ (86.8%) ਨੇ ਦੂਸਰਾ, ਹਰਪ੍ਰੀਤ ਕੌਰ (85.6%) ਨੇ ਤੀਸਰਾ ਸਥਾਨ ਹਾਸਲ ਕੀਤਾ।ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰ. ਤਰਨਜੀਤ ਸਿੰਘ ਤੇ ਸਮੂਹ ਸਟਾਫ ਵੱਲੋਂ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਗਈ।ਪ੍ਰਿੰ. ਤਰਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਡੀਪੀਈ ਗੁਰਮੀਤ ਸਿੰਘ, ਮਨਿੰਦਰ ਸਿੰਘ, ਤਰਸੇਮ ਸਿੰਘ, ਜਗਮੀਤ ਸਿੰਘ, ਭੁਪਿੰਦਰ ਸਿੰਘ, ਦਵਿੰਦਰਪਾਲ ਕੌਰ, ਕੁਲਜਿੰਦਰ ਕੌਰ, ਰੁਪਿੰਦਰਬੀਰ ਕੌਰ, ਅਕਵਿੰਦਰ ਕੌਰ, ਗੁਰਦੀਪ ਕੌਰ, ਰਾਜਬੀਰ ਕੌਰ, ਜਸਮੀਤ ਕੌਰ, ਸਤਨਾਮ ਕੌਰ, ਜਸਵਿੰਦਰ ਕੌਰ, ਰਜਿੰਦਰ ਕੌਰ, ਗੁਰਕੰਵਲ ਕੌਰ, ਸਿਮਰਨਜੀਤ ਕੌਰ ਆਦਿ ਸਕੂਲ ਸਟਾਫ ਵੱਲੋਂ ਅੱਵਲ ਰਹੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

# ਮੈਰੀਟੋਰੀਅਸ ਸਕੂਲ ਦੀਆਂ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਗੁਰਦਾਸਪੁਰ, (ਜਨਕ ਮਹਾਜਨ)** -ਡੀ. ਈ. ਓ. ਰਜੇਸ਼ ਸ਼ਰਮਾ ਦੀ ਯੋਗ ਅਗਵਾਈ ਹੇਠ ਅਤੇ ਬੀਐੱਨਓ ਤੇ ਮੁੱਖ ਅਧਿਆਪਕ ਨਰਿੰਦਰ ਕੁਮਾਰ ਮਹਿਤਾ ਦੇ ਯਤਨਾਂ ਸਦਕਾ ਸਰਕਾਰੀ ਹਾਈ ਸਕੂਲ ਸੈਦੋਵਾਲ ਕਲਾਂ ਦੇ ਅੱਠਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਸਰਕਾਰ ਵੱਲੋਂ ਚਲਾਏ ਐੱਸਓਈ ਅਤੇ ਮੈਰੀਟੋਰੀਅਸ ਸਕੂਲਾਂ ਦੀਆਂ ਪ੍ਰੀਖਿਆਵਾਂ ਵਿੱਚ ਸਫਲ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ ਪ੍ਰੀਖਿਆਵਾਂ ਵਿੱਚ ਸਫਲ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਗੁਰਜੀਤ ਕੌਰ, ਅਰਮਾਨ ਸਿੰਘ, ਜਕਬ ਮਸੀਹ, ਨਵੀਨਾ ਅਤੇ ਪ੍ਰਭਜੋਤ ਕੌਰ ਸ਼ਾਮਿਲ ਹਨ। ਇਨ੍ਹਾਂ ਵਿਦਿਆਰਥੀਆਂ ਨੇ ਉਕਤ ਪ੍ਰੀਖਿਆਵਾਂ ਪਾਸ ਕਰਕੇ ਸਕੂਲ ਅਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰ. ਨੇ ਇਨਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਗਾਂਹ ਤੋਂ ਵੀ ਚੰਗੇ ਨਤੀਜੇ ਲਿਆਉਣ ਲਈ ਪ੍ਰੇਰਿਤ ਕੀਤਾ।

## ਐਕਸਿਸ ਮਿਊਚਲ ਫੰਡ ਨੇ ਲਾਂਚ ਕੀਤਾ ਐਕਸਿਸ ਨਿਫਟੀ ਬੈਂਕ ਇੰਡੈਕਸ ਫੰਡ

**ਲੁਧਿਆਣਾ:**ਭਾਰਤੀ ਬੈਂਕਿੰਗ ਖੇਤਰ ਦੇ ਗਤੀਸ਼ੀਲ ਵਿਕਾਸ ਦਾ ਲਾਭ ਲੈਣ ਦੀ ਦਿਸ਼ਾ ਵਿਚ ਇੱਕ ਮਹੱਤਵਪੂਰਨ ਕਦਮ ਉਠਾਉਣ ਹੋਏ ਐਕਸਿਸ ਮਿਊਚਲ ਫੰਡ ਨੇ ਇੱਕ ਨਵੇਂ ਫੰਡ ਆਫਰ (ਐਨਐੱਫਓ) ਐਕਸਿਸ ਨਿਫਟੀ ਬੈਂਕ ਇੰਡੈਕਸ ਫੰਡ ਦਾ ਐਲਾਨ ਕੀਤਾ ਹੈ।ਇਸ ਓਪਨ-ਐਂਡਡ ਇੰਡੈਕਸ ਫੰਡ ਦਾ ਉਦੇਸ਼ ਨਿਫਟੀ ਬੈਂਕ ਟੀਆਰਆਈ ਨੂੰ ਟਰੈਕ ਕਰਨਾ ਹੈ।ਐਕਸਿਸ ਏਐਮਸੀ ਦੇ ਐੱਮਡੀ ਅਤੇ ਸੀਈਓ ਬੀ. ਗੋਪਕੁਮਾਰ ਨੇ ਇਸ ਬਾਰੇ ਟਿੱਪਣੀ ਕੀਤੀ ਕਿ ਸਾਡੇ ਦੇਸ਼ ਦੀ ਆਰਥਿਕ ਤੱਰਕੀ ਕਈ ਕਾਰਕਾਂ ਦੁਆਰਾ ਸੰਚਾਲਿਤ ਹੈ। ਕਾਰਤਿਕ ਕੁਮਾਰ ਅਤੇ ਆਸ਼ੀਸ਼ ਨਾਇਕ ਦੁਆਰਾ ਪ੍ਰਬੰਧਿਤ ਇਸ ਫੰਡ ਦਾ ਉਦੇਸ਼ ਟਰੈਕਿੰਗ ਗਲਤੀਆਂ ਦੇ ਅਧੀਨ ਨਿਫਟੀ ਬੈਂਕ ਟੀਆਰਆਈ ਦੇ ਕੁੱਲ ਰਿਟਰਨਾਂ ਦੇ ਅਨੁਸਾਰੀ ਖਰਚਿਆਂ ਤੋਂ ਪਹਿਲਾਂ ਰਿਟਰਨ ਪ੍ਰਦਾਨ ਕਰਨਾ ਹੈ, ਹਾਲਾਂਕਿ ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਯੋਜਨਾ ਦਾ ਨਿਵੇਸ਼ ਉਦੇਸ਼ ਪ੍ਰਾਪਤ ਕੀਤਾ ਜਾਵੇਗਾ।

# ਤਰਸਿੱਕਾ ਦੀ ਅਗਵਾਈ 'ਚ ਪੰਚਾਇਤ ਸਣੇ ਸੈਂਕੜੇ ਪਰਿਵਾਰ ਅਕਾਲੀ ਦਲ 'ਚ ਸ਼ਾਮਿਲ



**ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)**-ਤਰਸਿੱਕਾ ਤੋਂ ਕਾਂਗਰਸ ਪਾਰਟੀ ਦਾ ਥੰਮ੍ਹ ਗਿਣੇ ਜਾਂਦੇ ਕਾਂਗਰਸ ਦੇ ਸਾਬਕਾ ਬਲਾਕ ਪ੍ਰਧਾਨ ਸ਼ਿਵਰਾਜ ਸਿੰਘ ਤਰਸਿੱਕਾ ਦੀ ਅਗਵਾਈ ਹੇਠ ਸਰਪੰਚ ਬਲਦੇਵ ਸਿੰਘ ਸਮੇਤ ਸਮੁੱਚੀ ਗ੍ਰਾਮ ਪੰਚਾਇਤ ਅਤੇ ਵੱਡੀ ਗਿਣਤੀ ਵਿਚ ਕਾਂਗਰਸੀ ਪਰਿਵਾਰ ਬਿਕਰਮ ਸਿੰਘ ਮਜੀਠੀਆ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸਤਿੰਦਰਜੀਤ ਸਿੰਘ ਛੱਜਲਵੱਡੀ ਹਲਕਾ ਇੰਚਾਰਜ ਜੰਡਿਆਲਾ ਗੁਰੂ ਦੀ ਪ੍ਰੇਰਨਾ ਸਦਕਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਹੋਏ। ਤਰਸਿੱਕਾ ਵਿਚ ਸ਼ਿਵਰਾਜ ਸਿੰਘ ਦੇ ਗ੍ਰਿਹ ਵਿਖੇ ਰੱਖੀ ਇਕ ਚੋਣ ਇਕੱਤਰਤਾ ਦੌਰਾਨ ਪਹੁੰਚੇ ਮਜੀਠੀਆ ਅਤੇ ਉਨਾਂ ਨਾਲ ਲੋਕ ਸਭਾ ਹਲਕਾ ਖਡਰ ਸਾਹਿਬ ਤੋਂ ਪਾਰਟੀ ਉਮੀਦਵਾਰ ਵਿਰਸਾ ਸਿੰਘ ਵਲਟੋਹਾ, ਹਲਕਾ ਇੰਚਾਰਜ ਸਤਿੰਦਰਜੀਤ ਸਿੰਘ ਛੱਜਲਵੱਡੀ ਵੱਲੋਂ ਇਨ੍ਹਾਂ ਪਰਿਵਾਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਿਲ ਕੀਤਾ ਗਿਆ।ਇਸ ਸਮਾਗਮ ਵਿੱਚ ਕੁਲਦੀਪ ਸਿੰਘ ਮੱਤੇਵਾਲ, ਕਵਰਦੀਪ ਸਿੰਘ ਮਾਨ, ਸਰਪੰਚ ਪ੍ਰੇਮ ਸਿੰਘ ਤਰਫਾਨ, ਮੈਂਬਰ ਹਰਦੀਪ ਸਿੰਘ ਤਰਫਾਨ, ਮਨਜੀਤ ਸਿੰਘ ਤਰਸਿੱਕਾ, ਰਾਜਬੀਰ ਸਿੰਘ ਉਦੋਨੰਗਲ, ਗੁਰਧਿਆਨ ਸਿੰਘ ਮਹਿਤਾ, ਹਰਜਿੰਦਰ ਸਿੰਘ ਨੰਗਲੀ, ਬਲਜਿੰਦਰ ਸਿੰਘ ਬੁੱਟਰ, ਗੁਰਭਿੰਦਰ ਸਿੰਘ ਖਜਾਲਾ, ਰਜਿੰਦਰ ਸਿੰਘ ਢਪਈਆਂ ਆਦਿ ਹਾਜ਼ਰ ਸਨ।

## ਭਾਈ ਘਨੱ੍ਹਈਆ ਜੀ ਮਿਸ਼ਨ ਸੁਸਾਇਟੀ ਨੂੰ ਲੱਖ ਰੁਪਏ ਦਾ ਚੈੱਕ ਭੇਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਭਾਈ ਘਨੱ੍ਹਈਆ ਜੀ ਮਿਸ਼ਨ ਸੁਸਾਇਟੀ ਅੰਮ੍ਰਿਤਸਰ ਨੂੰ 1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਦਿੱਤਾ ਗਿਆ।ਇਹ ਚੈੱਕ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਭਾਈ ਘਨੱ੍ਹਈਆ ਜੀ ਮਿਸ਼ਨ ਸੁਸਾਇਟੀ ਦੇ ਚੇਅਰਮੈਨ ਭਾਈ ਮਨਜੀਤ ਸਿੰਘ ਨੂੰ ਸੌਂਪਿਆ।ਇਸ ਸਬੰਧੀ ਗੱਲ ਕਰਦਿਆਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਭਾਈ ਘਨੱ੍ਹਈਆ ਜੀ ਮਿਸ਼ਨ ਸੁਸਾਇਟੀ ਲੋੜਵੰਦਾਂ ਦੀ ਮਦਦ ਲਈ ਸ਼ਲਾਘਾਯੋਗ ਕਾਰਜ ਕਰ ਰਹੀ ਹੈ।ਇਸ ਸੰਸਥਾ ਵੱਲੋਂ ਕੀਤੇ ਕਾਰਜਾਂ ਵਿਚ ਸਹਿਯੋਗ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ 1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ।ਇਸ ਮੌਕੇ ਭਾਈ ਅਜਾਇਬ ਸਿੰਘ ਅਭਿਆਸੀ ਤੋਂ ਇਲਾਵਾ ਭਾਈ ਘਨੱ੍ਹਈਆ ਜੀ ਮਿਸ਼ਨ ਸੁਸਾਇਟੀ ਦੇ ਚੇਅਰਮੈਨ ਭਾਈ ਮਨਜੀਤ ਸਿੰਘ, ਜਗਮੋਹਨ ਸਿੰਘ ਦੂਆ, ਜੋਗਿੰਦਰ ਸਿੰਘ ਟੰਡਨ, ਗੁਰਬਖ਼ਸ਼ ਸਿੰਘ ਬੱਗਾ, ਜਸਬੀਰ ਸਿੰਘ ਸੇਠੀ, ਡੀ. ਪੀ. ਸਿੰਘ ਅਤੇ ਚਰਨ ਸਿੰਘ ਆਦਿ ਮੌਜੂਦ ਸਨ।

## ਹੋਣਹਾਰ ਵਿਦਿਆਰਥਣ ਗੁਰਵੀਰ ਕੌਰ ਦਾ ਸਨਮਾਨ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਅਜਨਾਲਾ ਦੀ ਵਿਦਿਆਰਥਣ ਤੇ ਕੁਲਦੀਪ ਸਿੰਘ ਡਿਆਲ ਭੱਟੀ ਦੀ ਹੋਣਹਾਰ ਧੀ ਗੁਰਵੀਰ ਕੌਰ ਨੇ 12ਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ 'ਚ 91.8 ਫੀਸਦੀ ਅੰਕ ਲੈ ਕੇ ਮੈਰਿਟ ਹਾਸਿਲ ਕਰਨ 'ਤੇ ਐੱਮਡੀ ਰੇਡੀਓਲੋਜਿਸਟ ਡਾ. ਤੇਜਵੰਤ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾ. ਤੇਜਵੰਤ ਸਿੰਘ ਨੇ ਉਕਤ ਵਿਦਿਆਰਥਣ ਦੇ ਪਿਤਾ ਕੁਲਦੀਪ ਸਿੰਘ ਤੇ ਮਾਤਾ ਰਾਜਵਿੰਦਰ ਕੌਰ ਨੂੰ ਵਧਾਈਆਂ ਦਿੰਦਿਆਂ ਉਸ ਦੇ ਸਕੂਲ ਦੇ ਅਧਿਆਪਕਾਂ ਤੇ ਪ੍ਰਿੰ. ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਨ੍ਹਾਂ ਸਾਰਿਆਂ ਦੀ ਸਖ਼ਤ ਮਿਹਨਤ ਰੰਗ ਲਿਆਈ ਹੈ।

## ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਵਿਧਾਇਕ ਲਾਲਪੁਰਾ ਨਾਲ ਮੀਟਿੰਗ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਨਿਊ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ-100 ਦੇ ਤਰਨ ਤਾਰਨ ਜ਼ਿਲ੍ਹੇ ਤੋਂ ਬਲਾਕ ਝਬਾਲ ਅਤੇ ਬਲਾਕ ਖਡੂਰ ਸਾਹਿਬ ਦੇ 9 ਮੈਂਬਰੀ ਵਫ਼ਦ ਨੇ 3 ਮਈ ਸ਼ੁੱਕਰਵਾਰ ਨੂੰ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਹਲ਼ਕਾ ਖਡੂਰ ਸਾਹਿਬ ਦੇ ਐੱਮਐੱਲਏ ਮਨਜਿੰਦਰ ਸਿੰਘ ਲਾਲਪੁਰਾ ਨਾਲ ਮੀਟਿੰਗ ਕੀਤੀ। ਡਾ. ਢਿੱਲੋਂ ਅਤੇ ਸਾਥੀਆਂ ਨੇ ਲਾਲਪੁਰਾ ਵੱਲੋਂ ਪਿਛਲੇਂ ਸਮੇਂ ਵਿੱਚ ਵਿਧਾਨ ਸਭਾ ਵਿੱਚ ਬੇਖੌਫ਼ ਹੋ ਕੇ ਆਰਐੱਮਪੀ ਡਾਕਟਰਾਂ ਦੀਆਂ ਮੰਗਾਂ ਅਤੇ ਮੁਸ਼ਕਲਾਂ ਪੰਜਾਬ ਸਰਕਾਰ ਅੱਗੇ ਉਠਾਉਣ ਲਈ ਕੋਟੀ-ਕੋਟੀ ਧੰਨਵਾਦ ਕੀਤਾ। ਅੱਜ ਦੀ ਮੁਲਾਕਾਤ ਵਿੱਚ ਡਾ. ਢਿੱਲੋਂ ਅਤੇ ਵਫ਼ਦ ਨੇ ਲਾਲਪੁਰਾ ਨੂੰ ਮੰਗ ਪੱਤਰ ਦੇ ਕੇ ਪੰਜਾਬ ਸਰਕਾਰ ਤੱਕ ਆਵਾਜ਼ ਪਹੁੰਚਾਉਣ ਦੀ ਅਪੀਲ ਕੀਤੀ।

# 337 ਗ੍ਰਾਮ ਹੈਰੋਇਨ ਸਮੇਤ ਪਾਕਿ ਡਰੋਨ ਬਰਾਮਦ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਗੁਆਂਢੀ ਦੇਸ਼ ਪਾਕਿਸਤਾਨ ਵੱਲੋਂ ਆਏ ਦਿਨ ਭਾਰਤ ਦਾ ਮਾਹੌਲ ਖ਼ਰਾਬ ਕਰਨ ਦੇ ਮਕਸਦ ਨਾਲ ਡਰੋਨ ਰਾਹੀਂ ਹਥਿਆਰ ਅਤੇ ਨਸ਼ੇ ਵਾਲੇ ਪਦਾਰਥ ਭੇਜਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਜਿਸ ਨੂੰ ਸਰਹੱਦ 'ਤੇ ਤਾਇਨਾਤ ਬੀਐੱਸਐੱਫ ਤੇ ਪੰਜਾਬ ਪੁਲਸ ਵੱਲੋਂ ਨਾਕਾਮ ਕੀਤਾ ਜਾ ਰਿਹਾ ਹੈ ਜਿਸ ਦੀ ਤਾਜ਼ਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਬੀਤੀ ਰਾਤ ਭਾਰਤ-ਪਾਕਿਸਤਾਨ ਸਰਹੱਦ ਦੇ ਪਿੰਡ ਕਾਲੀਆ ਦੇ ਖੇਤਾਂ ਵਿੱਚੋਂ ਥਾਣਾ ਵਲਟੋਹਾ ਦੀ ਪੁਲਸ ਨੇ 337 ਗ੍ਰਾਮ ਹੈਰੋਇਨ ਸਮੇਤ ਇੱਕ ਪਾਕਿ ਡਰੋਨ ਬਰਾਮਦ ਕਰਕੇ ਮਾਮਲਾ ਦਰਜ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਵਲਟੋਹਾ ਪੁਲਸ ਤੇ ਬੀਐੱਸਐੱਫ ਦੀ 103 ਬਟਾਲੀਅਨ ਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਪਾਕਿਸਤਾਨ ਵੱਲੋਂ ਆਇਆ ਇੱਕ ਪਾਕਿ ਡਰੋਨ ਭਾਰਤੀ ਖੇਤਰ ਵਿੱਚ ਦਾਖਲ ਹੋਇਆ ਹੈ, ਜਿਸ ਤੋਂ ਬਾਅਦ ਥਾਣਾ ਵਲਟੋਹਾ ਦੀ ਪੁਲਸ ਅਤੇ ਬੀਐੱਸਐੱਫ. ਦੀ 103 ਬਟਾਲੀਅਨ ਵੱਲੋਂ ਸਾਂਝੇ ਤੌਰ 'ਤੇ ਤਲਾਸ਼ੀ ਅਭਿਆਨ ਚਲਾਇਆ ਗਿਆ ਜਿਸ ਵਿੱਚ ਗੁਰਵਿੰਦਰ ਸਿੰਘ ਪੁੱਤਰ ਧਰਮਿੰਦਰ ਸਿੰਘ ਵਾਸੀ ਪਿੰਡ ਕਾਲੀਆ ਦੇ ਖੇਤਾਂ ਵਿੱਚੋਂ ਚੀਨ ਦਾ ਬਣਿਆ ਇੱਕ ਡੀਜੀਆਈ ਮੈਟਰਿਕ ਪਾਕਿ ਡਰੋਨ ਨੂੰ 337 ਗ੍ਰਾਮ ਹੈਰੋਇਨ ਸਮੇਤ ਬਰਾਮਦ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਵਲਟੋਹਾ ਵਿਖੇ ਮੁਕੱਦਮਾ ਨੰਬਰ 32 ਮਿਤੀ 03/04/2024, 10/11/12 ਏਅਰ ਕਰਾਫਟ ਐਕਟ 1934 ਅਧੀਨ ਮਾਮਲਾ ਦਰਜ ਕਰਦੇ ਹੋਏ ਟੈਕਨੀਕਲ ਸੋਰਸਾਂ ਦੇ ਮਾਧਿਅਮ ਰਾਹੀਂ ਅਗਲੇਰੀ ਜਾਂਚ ਆਰੰਭ ਕਰ ਦਿੱਤੀ ਹੈ।

# ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਰਸਤਿਆਂ ਦੀ ਸਾਫ਼-ਸਫ਼ਾਈ ਕਰਨ ਦੀ ਮੰਗ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖ ਕੇ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ ਅਤੇ ਸ੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸੇ ਬਣੇ ਗਲਿਆਰੇ ਦੀ ਸਾਫ਼-ਸਫਾਈ ਵੱਲ ਪ੍ਰਸ਼ਾਸਨ ਨੂੰ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਹੈ।ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਲਿਖੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੂਰੇ ਵਿਸ਼ਵ ਦੇ ਲੋਕਾਂ ਲਈ ਆਸਥਾ ਦਾ ਕੇਂਦਰ ਹੈ।ਇਥੇ ਰੋਜ਼ਾਨਾ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਨਤਮਸਤਕ ਹੋਣ ਪੁੱਜਦੀਆਂ ਹਨ, ਜਦਕਿ ਸ੍ਰੀ ਦਰਬਾਰ ਸਾਹਿਬ ਸਾਹਿਬ ਨੂੰ ਆਉਂਦੇ ਰਸਤਿਆਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ।ਸੁਲਤਾਨਵਿੰਡ ਗੇਟ ਤੋਂ ਬਾਜ਼ਾਰ ਕਹੀਆਂ ਵਾਲਾ ਦਾ ਰਸਤਾ ਕਈ ਥਾਵਾਂ ਤੋਂ ਟੁੱਟਿਆ ਹੋਇਆ ਹੈ ਅਤੇ ਇਸ ਰਸਤੇ ਵਿੱਚ ਪਾਏ ਸੀਵਰੇਜ ਨੂੰ ਚਾਲੂ ਨਹੀਂ ਕੀਤਾ ਗਿਆ।ਰਸਤੇ ਵਿਚ ਗੰਦਗੀ ਕਾਰਨ ਜਿਥੇ ਬਦਬੂ ਆਉਂਦੀ ਹੈ, ਉਥੇ ਹੀ ਜਾਮ ਲੱਗਣ ਕਰਕੇ ਸੰਗਤਾਂ ਨੂੰ ਭਾਰੀ ਮੁਸ਼ਕਲ ਪੇਸ਼ ਆਉਂਦੀ ਹੈ।ਪੱਤਰ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤਿਆਂ 'ਤੇ ਸੀਵਰੇਜ ਨੂੰ ਚਾਲੂ ਕਰਵਾਉਣ ਅਤੇ ਸੜਕ ਦੀ ਮੁਰੰਮਤ ਕਰਵਾਉਣ ਦੇ ਨਾਲ ਨਾਲ ਸਾਰੇ ਰਸਤਿਆਂ ਦੀ ਸਫਾਈ ਨੂੰ ਯਕੀਨੀ ਬਨਾਉਣ ਲਈ ਵੀ ਕਿਹਾ ਗਿਆ ਹੈ।

# ਕਾਂਗਰਸ ਪਾਰਟੀ ਹੀ ਕਰ ਸਕਦੀ ਹੈ ਦੇਸ਼ ਦਾ ਵਿਕਾਸ : ਡਾ. ਸੌਂਤਾ



**ਕਲਾਨੌਰ, (ਮਨਦੀਪ ਕੋਹਲੀ)**-ਪੰਜਾਬ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ ਜਦੋਂ ਤੋਂ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਜਾਰੀ ਹੋਈ ਹੈ, ਉਦੋਂ ਤੋਂ ਹੀ ਆਪਣੀ ਆਪਣੀ ਪਾਰਟੀ ਵੱਲੋਂ ਵਰਕਰਾਂ ਨੇ ਅੱਡੀ ਚੋਟੀ ਦਾ ਜ਼ੋਰ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਕਾਂਗਰਸ ਵੱਲੋਂ ਡੇਰਾ ਬਾਬਾ ਨਾਨਕ ਤੋਂ ਮੌਜੂਦਾ ਵਿਧਾਇਕ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਟਿਕਟ ਮਿਲਣ ਤੋਂ ਬਾਅਦ ਪਾਰਟੀ ਵਰਕਰਾਂ ਵਿੱਚ ਭਾਰੀ ਜੋਸ਼ ਨਜ਼ਰ ਆ ਰਿਹਾ ਹੈ। ਮਸੀਹ ਭਾਈਚਾਰੇ ਵੱਲੋਂ ਕਾਂਗਰਸ ਦੇ ਵਾਈਸ ਚੇਅਰਮੈਨ ਘੱਟ ਗਿਣਤੀ ਪੰਜਾਬ ਡਾਕਟਰ ਬੀਰ ਮਸੀਹ ਸੌਂਤਾ ਦੀ ਅਗਵਾਈ ਵਿੱਚ ਮਸੀਹ ਭਾਈਚਾਰੇ ਦਾ ਇੱਕ ਵਫਦ ਸੁਖਜਿੰਦਰ ਸਿੰਘ ਰੰਧਾਵਾ ਨੂੰ ਮਿਲਿਆ ਅਤੇ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਚਾਰ-ਵਟਾਂਦਰੇ ਕੀਤੇ ਗਏ। ਇਸ ਮੌਕੇ ਡਾ. ਸੌਂਤਾ ਨੇ ਕਿਹਾ ਕਿ ਕਾਂਗਰਸ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ ਜੋ ਦੇਸ਼ ਦਾ ਵਿਕਾਸ ਕਰ ਸਕਦੀ ਹੈ ਕਿਉਂਕਿ ਇਹ ਪਾਰਟੀ ਧਰਮਾਂ ਨੂੰ ਤੋੜਦੀ ਨਹੀਂ ਬਲਕਿ ਧਰਮਾਂ ਨੂੰ ਆਪਸ ਵਿੱਚ ਜੋੜਦੀ ਹੈ। ਸੋ ਮੈਂ ਮਸੀਹ ਭਾਈਚਾਰੇ ਨੂੰ ਅਪੀਲ ਕਰਦਾ ਹਾਂ ਕਿ ਆਪਣੀਆਂ ਵੋਟਾਂ ਸਰਦਾਰ ਰੰਧਾਵਾ ਨੂੰ ਪਾ ਕੇ ਕਾਂਗਰਸ ਦਾ ਹੱਥ ਮਜ਼ਬੂਤ ਕਰੀਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਬਜੀਤ ਮਸੀਹ ਬਿੱਲਾ ਸਾਬਕਾ ਸਰਪੰਚ, ਪਾਸਟਰ ਸਟੀਫਨ ਰੋਸਾ, ਡਾਕਟਰ ਯਹੋਸ਼ਵਾਂ ਸੌਂਤਾ, ਡੈਨੀਅਲ ਖੁਸ਼ੀਪੁਰ, ਪੀਟਰ ਮਸੀਹ ਆਦਿ ਵੀ ਹਾਜ਼ਰ ਸਨ।

# ਮਜ਼ਦੂਰ ਦਿਵਸ 'ਤੇ ਅਧਿਆਪਕ ਆਗੂਆਂ ਦਾ ਸਨਮਾਨ ਕਰਨਾ ਸਾਡਾ ਫਰਜ਼: ਵਡਾਲੀ/ਧਵਨ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਵੱਲੋਂ ਸਥਾਨਕ ਸ. ਹਾ. ਸਕੂਲ ਗੁਆਲ ਮੰਡੀ ਪੁਤਲੀਘਰ ਵਿਖੇ ਮਜ਼ਦੂਰ ਦਿਵਸ ਮਨਾਇਆ ਗਿਆ ਅਤੇ ਇਸ ਮੌਕੇ ਸੇਵਾ ਮੁਕਤ ਅਧਿਆਪਕ ਆਗੂ ਊਧਮ ਸਿੰਘ ਮਨਾਵਾਂ, ਜੋ ਯੂਨੀਅਨ ਦੇ ਬਲਾਕ ਪ੍ਰਧਾਨ ਤੋਂ ਲੈ ਕੇ ਜ਼ਿਲ੍ਹਾ ਪ੍ਰਧਾਨ ਦੇ ਅਹੁਦੇ ਤੱਕ ਰਹੇ ਅਤੇ ਯੂਨੀਅਨ ਦੇ ਸਰਗਰਮ ਸਾਥੀ ਪ੍ਰੇਮਪਾਲ ਸਿੰਘ ਚੀਮਾ ਤੇ ਪ੍ਰਿੰ. ਜਗਤਾਰ ਸਿੰਘ ਨੂੰ ਸਨਮਾਨ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਵਡਾਲੀ, ਜਨਰਲ ਸਕੱਤਰ ਰਕੇਸ਼ ਕੁਮਾਰ ਧਵਨ ਅਤੇ ਸਾਬਕਾ ਸੂਬਾਈ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਮਜ਼ਦੂਰ ਦਿਵਸ ਦੇ ਸ਼ਹੀਦਾਂ ਨੂੰ ਯਾਦ ਕਰਨ ਦਾ ਇਹ ਹੀ ਅਰਥ ਹੈ ਕਿ ਆਪਣੇ ਸਮਾਜ ਨੂੰ ਆਰਥਿਕ ਤੇ ਸਮਾਜਿਕ ਤੌਰ ਤੇ ਬਰਾਬਰੀ ਵਾਲਾ ਬਣਾਉਣ ਲਈ ਯੂਨੀਅਨਾਂ ਮਜ਼ਬੂਤ ਕਰਕੇ ਦੇਸ਼ ਵਿੱਚ ਸਮਾਜਵਾਦੀ ਰਾਜ ਪ੍ਰਬੰਧ ਸਥਾਪਿਤ ਕਰੀਏ।ਯੂਨੀਅਨ ਦੇ ਝੰਡੇ ਹੇਠ ਸਰਗਰਮ ਰਹੇ ਲੀਡਰਾਂ ਤੇ ਵਰਕਰਾਂ ਦਾ ਸਨਮਾਨ ਕਰਨਾ ਸਾਡਾ ਫਰਜ਼ ਹੈ।ਉਨ੍ਹਾਂ ਮੰਗ ਕੀਤੀ ਕਿ ਸਮੇਂ ਦੀ ਸਰਕਾਰ ਪੁਰਾਣੀ ਪੈਨਸ਼ਨ ਸਕੀਮ, ਸਾਰਿਆਂ ਲਈ ਪੰਜਾਬ ਸਕੇਲ ਤੇ ਹਰ ਮੁਲਾਜ਼ਮ ਨੂੰ ਸੀ ਐਸ ਆਰ ਤਹਿਤ ਰੈਗੂਲਰ ਕਰੇ ਅਤੇ ਘੱਟੋ ਘੱਟ ਮਿਹਨਤਾਨਾ 26000 ਰੁਪਏ ਮਿਥਿਆ ਜਾਵੇ।ਇਸ ਮੌਕੇ ਪ ਸ ਸ ਫ ਦੇ ਪ੍ਰਧਾਨ ਅਜੈ ਸਨੋਤਰਾ, ਜਨਰਲ ਸਕੱਤਰ ਜਸਵੰਤ ਰਾਏ, ਕਰਮ ਸਿੰਘ ਬਾਸਰਕੇ, ਉਂਕਾਰ ਸਿੰਘ, ਅਨਿਲ ਪ੍ਰਤਾਪ, ਮੁਖਤਿਆਰ ਸਿੰਘ ਨਾਰਲੀ, ਕੁਲਦੀਪ ਕੁਮਾਰ, ਭੁਪਿੰਦਰ ਸਿੰਘ ਸੋਖੀ,ਧਰਮਿੰਦਰ ਸਿੰਘ ਛੀਨਾ, ਹਰਦੇਵ ਸਿੰਘ ਭਕਨਾ, ਸਤਪਾਲ ਗੁਪਤਾ, ਦਿਨੇਸ਼ ਕੁਮਾਰ, ਗੁਰਬੀਰ ਗੰਡੀਵਿੰਡ, ਗੁਰਜੀਤ ਸਿੰਘ, ਰਾਮ ਸਿੰਘ, ਸੁਖਦੇਵ ਕੋਲੋਵਾਲ, ਸਾਥਮ ਲਾਲ, ਦੀਪਕ ਕੁਮਾਰ ਨੇ ਵੀ ਸੰਬੋਧਨ ਕੀਤਾ।

# ਸ਼ਿਵਮ ਸੇਖੜੀ ਪੰਜਾਹ ਪਰਿਵਾਰਾਂ ਸਮੇਤ ਭਾਜਪਾ 'ਚ ਸ਼ਾਮਿਲ

**ਬਟਾਲਾ (ਤਰਲੋਕ ਬੱਗਾ)**-ਦਿਨੇਸ਼ ਬੱਬੂ ਦੀ ਚੋਣ ਮੁਹਿੰਮ ਨੂੰ ਉਸ ਸਮੇਂ ਭਰਵਾਂ ਹੁੰਗਾਰਾ ਮਿਲਿਆ ਜਦੋਂ ਜ਼ਿਲਾ ਭਾਜਪਾ ਪ੍ਰਧਾਨ ਹੀਰਾ ਵਾਲੀਆ ਦੀ ਯੋਗ ਅਗਵਾਈ ਅਤੇ ਪ੍ਰਦੇਸ਼ ਕਾਰਜਕਾਰੀ ਮੈਂਬਰ ਰਾਕੇਸ਼ ਭਾਟੀਆ, ਭਵਾਨੀ ਸਾਂਨਨ, ਸ਼ਹਿਰੀ ਪ੍ਰਧਾਨ ਪੰਕਜ ਸ਼ਰਮਾ, ਜਨਰਲ ਸਕੱਤਰ ਰੌਸ਼ਨ ਲਾਲ ਆਦਿ ਭਾਜਪਾ ਆਗੂਆਂ ਦੇ ਯਤਨਾਂ ਸਦਕਾ ਵਾਰਡ ਨੰਬਰ 40 ਤੋਂ ਕਾਂਗਰਸ ਪਾਰਟੀ ਦੇ ਪੋਲਿੰਗ ਏਜੰਟ ਸ਼ਿਵਮ ਸੇਖੜੀ 50 ਪਰਿਵਾਰਾਂ ਸਮੇਤ ਭਾਜਪਾ ਵਿਚ ਸ਼ਾਮਿਲ ਹੋਏ।ਇਸ ਮੌਕੇ ਜ਼ਿਲਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਹੀ ਇਕ ਅਜਿਹੀ ਪਾਰਟੀ ਹੈ ਜਿਸ ਵਿਚ ਹਰ ਵਰਕਰ ਨੂੰ ਬਨਦਾ ਮਾਣ ਸਨਮਾਨ ਦਿੱਤਾ ਜਾਂਦਾ ਹੈ।ਜ਼ਿਲਾ ਪ੍ਰਧਾਨ ਹੀਰਾ ਵਾਲੀਆ ਵੱਲੋਂ ਭਾਜਪਾ ਵਿਚ ਸ਼ਾਮਿਲ ਹੋਏ ਸਾਰੇ ਪਰਿਵਾਰਾਂ ਨੂੰ ਨਿੱਘੀ ਜੀ ਆਇਆਂ ਨੂੰ ਕਿਹਾ ਅਤੇ ਪਾਰਟੀ ਦੀਆਂ ਨੀਤੀਆਂ ਦਾ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕਰਨ ਦੀ ਗੱਲ ਕਹੀ।ਇਸ ਮੌਕੇ ਪਰਦੇਸ਼ ਕਾਰਜਕਾਰੀ ਮੈਂਬਰ ਰਾਕੇਸ਼ ਭਾਟੀਆ, ਸਿਟੀ ਪ੍ਰਧਾਨ ਪੰਕਜ ਸ਼ਰਮਾ, ਰੌਸ਼ਨ ਲਾਲ ਜਨਰਲ ਸਕੱਤਰ, ਮਨਦੀਪ ਸਿੰਘ, ਅਨਿਲ ਭੱਟੀ, ਸ੍ਰੀਕਾਂਤ ਸ਼ਰਮਾ, ਭਵਾਨੀ ਸਾਨਨ, ਅਮਨਦੀਪ ਸਿੰਘ ਹਾਜ਼ਿਰ ਸਨ।



# ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ ਮਜ਼ਦੂਰ ਦਿਵਸ ਮਨਾਇਆ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੈਂਟ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਸਪੈਸ਼ਲ ਅਸੈਂਬਲੀ ਵਿੱਚ ਸ਼ਾਨਦਾਰ ਪ੍ਰੋਗਰਾਮ ਰੱਖਿਆ ਗਿਆ। ਪ੍ਰੋਗਰਾਮ ਵਿੱਚ ਮਜ਼ਦੂਰ ਦਿਵਸ ਦੇ ਸੰਬੰਧ ਵਿੱਚ ਬੱਚਿਆਂ ਨੇ ਕਵਿਤਾ, ਭਾਸ਼ਣ ਆਦਿ ਪੇਸ਼ ਕੀਤੇ। ਇਸ ਮੌਕੇ ਬੱਚਿਆਂ ਵੱਲੋਂ ਸਕੂਲ ਦੇ ਹੈਲਪਰ ਸਟਾਫ ਦੇ ਲਈ ਥੈਂਕਯੂ ਦੇ ਕਾਰਡ ਬਣਾਏ ਗਏ ਅਤੇ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਵੱਲੋਂ ਸਾਰੇ ਹੈਲਪਰ ਸਟਾਫ ਨੂੰ ਸ਼ਾਨਦਾਰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਨੇ ਮਜ਼ਦੂਰ ਦਿਵਸ ਦੇ ਇਤਿਹਾਸ ਬਾਰੇ ਸਭ ਨੂੰ ਜਾਣੂ ਕਰਾਇਆ ਅਤੇ ਕਿਹਾ ਕਿ ਮਜ਼ਦੂਰ ਨੂੰ ਉਸ ਦੀ ਮਿਹਨਤ ਉਸ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ। ਇਸ ਮੌਕੇ ਸਕੂਲ ਦੇ ਪ੍ਰਿੰ. ਅਮਰਪ੍ਰੀਤ ਕੌਰ ਨੇ ਸਕੂਲ ਦੇ ਹੈਲਪਰ ਸਟਾਫ ਦੀ ਮਿਹਨਤ ਨੂੰ ਖੂਬ ਸਰਾਹਿਆ। ਉਨ੍ਹਾਂ ਕਿਹਾ ਕਿ ਸਾਡਾ ਸਾਰਾ ਹੈਲਪਰ ਸਟਾਫ ਬੜੀ ਮਿਹਨਤ ਨਾਲ ਸਕੂਲ ਦਾ ਕੰਮ ਕਰਦਾ ਹੈ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ, ਪ੍ਰਿਯੰਕਾ ਸ਼ਰਮਾ ਕੋਆਰਡੀਨੇਟਰ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

# ਲੋਕ ਸਭਾ ਚੋਣਾਂ 'ਚ ਅਕਾਲੀ ਦਲ ਸ਼ਾਨਦਾਰ ਜਿੱਤ ਹਾਸਲ ਕਰੇਗਾ : ਡਾ. ਰਵੀ ਮੋਹਨ



**ਵੇਰਕਾ, (ਰਾਣਾ)**-ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਸ਼ਾਨਦਾਰ ਜਿੱਤ ਹਾਸਿਲ ਕਰੇਗਾ ਅਤੇ 2027 ਦੀਆਂ ਹੋਣ ਵਾਲੀਆਂ ਚੋਣਾਂ ਦੌਰਾਨ ਭਾਰੀ ਬਹੁਮਤ ਨਾਲ ਪੰਜਾਬ ਵਿੱਚ ਅਕਾਲੀ ਦਲ ਦੀ ਮੁੜ ਸਰਕਾਰ ਵੀ ਬਣੇਗੀ ਕਿਉਂਕਿ ਐਤਕੀਂ ਪੰਜਾਬ ਦੇ ਵੋਟਰਾਂ 'ਚ ਅਕਾਲੀ ਦਲ (ਬ) ਪੱਖੀ ਝੁਕਾਅ ਅਤੇ ਖੁਸ਼ੀ ਵੇਖਣ ਨੂੰ ਮਿਲ ਰਹੀ ਹੈ।ਲੋਕ ਮੌਜੂਦਾ ਸਰਕਾਰ ਤੋਂ ਤੰਗ-ਪ੍ਰੇਸ਼ਾਨ ਹਨ।ਸਰਕਾਰ ਵੱਲੋਂ ਨਿੱਤ ਦਿਹਾੜੇ ਮਾਰੀਆਂ ਜਾਂਦੀਆ ਫੋਕੀਆਂ ਡੀਂਗਾ ਕਾਰਨ ਵੀ ਲੋਕਾਂ ਦਾ ਮੋਹ ਭੰਗ ਹੋਇਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀ: ਆਗੂ ਤੇ ਹਲਕਾ ਇੰਚਾਰਜ ਭੋਆ ਡਾ. ਰਵੀ ਮੋਹਨ ਨੇ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਅਕਾਲੀ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਸਾਬਕਾ ਸਰਪੰਚ ਬਚਨ ਸਿੰਘ ਦੇ ਗ੍ਰਹਿ ਪਿੰਡ ਮਾੜੀ ਵਿਖੇ ਕੀਤੀ ਮੀਟਿੰਗ ਨੁੱਕੜ ਦੌਰਾਨ ਕੀਤਾ।ਉਨ੍ਹਾਂ ਨੇ ਹਾਜ਼ਰੀਨ ਨੂੰ ਅਕਾਲੀ ਉਮੀਦਵਾਰ ਡਾ. ਚੀਮਾ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਉਣ ਵਾਸਤੇ ਪ੍ਰੇਰਿਤ ਕੀਤਾ।ਪਿੰਡ ਮਾੜੀ ਵਿੱਚ ਸ਼੍ਰੋਮਣੀ ਅਕਾਲੀ ਦਲ (ਬ) ਦਾ ਵੱਡਾ ਇੱਕ ਪ੍ਰੋਗਰਾਮ ਕਰਵਾਉਣ ਦੀ ਵੀ ਅਪੀਲ ਕੀਤੀ।ਇਸ ਮੌਕੇ ਰਘਬੀਰ ਸਿੰਘ, ਬਲਜੀਤ ਸਿੰਘ, ਨੰਬਰਦਾਰ ਜੋਗਿੰਦਰ ਪਾਲ, ਫੌਜੀ ਕ੍ਰਿਸ਼ਨ ਚੰਦ ਆਦਿ ਆਗੂ ਵੀ ਹਾਜ਼ਰ ਸਨ।

# ਜ਼ਿਲ੍ਹਾ ਗੁਰਦਾਸਪੁਰ ਦੇ ਸਾਬਕਾ ਜੀਓਜੀ ਦੀ ਕੋਰ ਕਮੇਟੀ ਦੀ ਮੀਟਿੰਗ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਜ਼ਿਲਾ ਗੁਰਦਾਸਪੁਰ ਦੇ ਸਾਬਕਾ ਜੀਓਜੀ ਕੋਰ ਕਮੇਟੀ ਦੀ ਮੀਟਿੰਗ ਜ਼ਿਲਾ ਗੁਰਦਾਸਪੁਰ ਦੇ ਸਾਬਕਾ ਜੀਓਜੀ ਮੁਖੀ ਬ੍ਰਿਗੇਡੀਅਰ ਗੁਰਦਰਸ਼ਨ ਸਿੰਘ ਕਾਹਲੋਂ ਦੀ ਰਹਿਨੁਮਾਈ ਦੇ ਹੇਠ ਹੋਈ।ਇਸ ਮੀਟਿੰਗ ਵਿਚ ਜਿਲਾ ਗੁਰਦਾਸਪੁਰ ਦੇ ਸਾਰੇ ਸਾਬਕਾ ਤਹਿਸੀਲ ਹੈਡ ਅਤੇ ਸਾਬਕਾ ਜਿਲਾ ਅਤੇ ਤਹਿਸੀਲ ਸੁਪਰਵਾਈਜ਼ਰ ਨੇ ਹਿੱਸਾ ਲਿਆ।ਮੀਟਿੰਗ ਦੌਰਾਨ ਜੀਓਜੀ ਦੇ ਸਾਰੇ ਨੁਮਾਇੰਦਿਆਂ ਨੇ ਇਕ ਸੁਰ ਨਾਲ ਇਸ ਗੱਲ ਤੇ ਬਹੁਤ ਇਤਰਾਜ਼ ਕੀਤਾ ਕਿ ਪੰਜਾਬ ਸਰਕਾਰ ਨੇ ਬਿਨਾਂ ਕਿਸੇ ਕਾਰਨ ਅਤੇ ਬਿਨਾਂ ਕਿਸੇ ਨੋਟਿਸ ਦੇ ਪੰਜਾਬ ਦੇ ਪੇਂਡੂ ਲੋਕਾਂ ਲਈ ਸਾਰੀਆਂ ਭਲਾਈ ਸਕੀਮਾਂ ਲਈ ਵਧੀਆ ਕੰਮ ਕਰਨ ਦੇ ਬਾਵਜੂਦ ਇਕ ਮੰਦਭਾਗਾ ਫੈਸਲਾ ਲੈ ਕੇ ਜੀਓਜੀ ਕਮੇਟੀ ਨੂੰ ਭੰਗ ਕਰ ਦਿੱਤਾ ਜਿਸ ਕਾਰਨ ਪੰਜਾਬ ਭਰ ਦੇ ਸਾਬਕਾ ਸੈਨਕਾਂ ਦੇ ਮਨੋਬਲ 'ਤੇ ਬਹੁਤ ਮਾੜਾ ਅਸਰ ਪਿਆ।ਪੰਜਾਬ ਸਰਕਾਰ ਦੁਆਰਾ ਸਾਬਕਾ ਸੈਨਕਾਂ ਦੇ ਪੁਨਰਵਾਸ ਲਈ 13% ਕੋਟਾ ਸੁਰੱਖਿਅਤ ਰੱਖਿਆ ਹੈ ਪਰ ਉਸਦੀ ਪੂਰਤੀ ਲਈ ਕੋਈ ਸਹੂਲਤ ਪ੍ਰਧਾਨ ਨਹੀਂ ਕੀਤੀ ਜਾ ਰਹੀ।ਅਗਨੀਵੀਰ ਸਕੀਮ ਰਾਹੀਂ ਭਰਤੀ ਕੀਤੇ ਨੌਜਵਾਨਾਂ ਤੋਂ ਪੈਨਸ਼ਨ ਦਾ ਹੱਕ ਖੋਹਿਆ ਜਾ ਰਿਹਾ ਹੈ।ਇਸ ਸਕੀਮ ਨੂੰ ਬੰਦ ਕਰਨ ਲਈ ਵੀ ਸਰਕਾਰ 'ਤੇ ਦਵਾਬ ਬਣਾਇਆ ਜਾਏਗਾ।ਮੰਗਾਂ ਲਈ ਭਲਕੇ ਦੁਪਹਿਰ 03 ਵਜੇ ਜ਼ਿਲਾ ਪੱਧਰੀ ਇਕੱਠ ਕੀਤਾ ਜਾਵੇਗਾ।



# ਪੋਲਿੰਗ ਸਟਾਫ਼ ਦੀ ਪਹਿਲੀ ਰਿਹਰਸਲ ਅੱਜ : ਜ਼ਿਲ੍ਹਾ ਚੋਣ ਅਧਿਕਾਰੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਮਾਣਯੋਗ ਭਾਰਤ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਸਬੰਧੀ ਕੀਤੀਆਂ ਜਾਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਲਈ ਸਮਾਂ ਸਾਰਨੀ ਨੂੰ ਜਾਰੀ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਪੋਲਿੰਗ ਸਟਾਫ਼ ਦੀ ਪਹਿਲੀ ਰੈਂਡੇਮਾਈਜੇਸ਼ਨ 25 ਅਪ੍ਰੈਲ ਨੂੰ ਮੁਕੰਮਲ ਹੋ ਚੁੱਕੀ ਹੈ ਅਤੇ ਪੋਲਿੰਗ ਸਟਾਫ਼ ਦੀ ਪਹਿਲੀ ਰਿਹਰਸਲ 5 ਮਈ ਨੂੰ ਨਿਰਧਾਰਿਤ ਕੀਤੇ ਵੱਖ-ਵੱਖ ਥਾਵਾਂ 'ਤੇ ਕਰਵਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਪੋਲਿੰਗ ਸਟਾਫ਼ ਦੀ ਦੂਸਰੀ ਰੈਂਡੇਮਾਈਜੇਸ਼ਨ15 ਮਈ ਨੂੰ ਹੋਵੇਗੀ ਅਤੇ ਦੂਸਰੀ ਰਿਹਰਸਲ 19 ਮਈ ਨੂੰ ਹੋਵੇਗੀ।ਉਨ੍ਹਾਂ ਦੱਸਿਆ ਕਿ 26 ਮਈ ਨੂੰ ਪੋਲਿੰਗ ਸਟਾਫ਼ ਦੀ ਤੀਸਰੀ ਰਿਹਰਸਲ ਹੋਵੇਗੀ।ਇਸ ਤੋਂ ਬਾਅਦ 30 ਮਈ ਨੂੰ ਪੋਲਿੰਗ ਸਟਾਫ਼ ਦੀ ਤੀਸਰੀ ਰੈਂਡੇਮਾਈਜੇਸ਼ਨ ਕੀਤੀ ਜਾਵੇਗੀ ਅਤੇ 31 ਮਈ ਨੂੰ ਚੌਥੀ ਰਿਹਰਸਲ ਕਰਨ ਉਪਰੰਤ ਪੋਲਿੰਗ ਪਾਰਟੀਆਂ ਪੋਲਿੰਗ ਬੂਥਾਂ ਲਈ ਰਵਾਨਾ ਕੀਤੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ 1 ਜੂਨ ਨੂੰ ਲੋਕ ਸਭਾ ਦੀਆਂ ਵੋਟਾਂ ਪੈਣਗੀਆਂ।ਉਨ੍ਹਾਂ ਲੋਕ ਸਭਾ ਚੋਣਾਂ ਲਈ ਤਾਇਨਾਤ ਕੀਤੇ ਪੋਲਿੰਗ ਸਟਾਫ਼ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੀ ਚੋਣ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ, ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ।ਉਨ੍ਹਾਂ ਕਿਹਾ ਕਿ ਪੋਲਿੰਗ ਸਟਾਫ਼ ਹਰ ਰਿਹਰਸਲ ਵਿੱਚ ਲਾਜ਼ਮੀ ਤੌਰ 'ਤੇ ਹਾਜ਼ਰੀ ਭਰੇ ਅਤੇ ਸਮੁੱਚੀ ਚੋਣ ਪ੍ਰੀਕ੍ਰਿਆ ਨੂੰ ਚੰਗੀ ਤਰ੍ਹਾਂ ਸਮਝ ਲਵੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਕੁਤਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਬਲਜੀਤ ਸਿੰਘ ਵੱਲੋਂ ਦਾਨੀ ਸੱਜਣਾਂ ਨੂੰ ਆਰਥਿਕ ਮਦਦ ਦੀ ਅਪੀਲ



**ਝਬਾਲ (ਹਰਜਿੰਦਰ ਸਿੰਘ ਸੋਨੀ, ਮੱਖਣ ਮਨੋਜ)**-ਕਸਬਾ ਝਬਾਲ ਦੇ ਬਲਜੀਤ ਸਿੰਘ ਵਾਸੀ ਪਿੰਡ ਝਬਾਲ ਕਲਾਂ, ਪੱਤੀ ਕੱਚਾ ਕਿਲ੍ਹਾ, ਮੁਹਾਲਾ ਗੁਰਦਾਸੀਆ ਦੇ ਪਿੰਡ ਦੇ ਚੜ੍ਹਦੇ ਪਾਸੇ ਨੇ ਆਪਣੇ ਪੁੱਤ ਮੰਗਲ ਸਿੰਘ ਵਾਸਤੇ ਸੇਵਾ ਸੁਸਾਇਟੀਆਂ, ਸਮਾਜ ਸੇਵੀਆਂ ਕੋਲ਼ ਮਦਦ ਕਰਨ ਦੀ ਅਪੀਲ ਕੀਤੀ ਹੈ।ਪਿਛਲੇ ਦੋ ਸਾਲਾਂ ਤੋਂ ਬੀਮਾਰੀ ਨਾਲ ਜੂਝ ਰਹੇ ਮੰਗਲ ਸਿੰਘ ਦੀਆਂ ਦੋਵੇਂ ਕਿਡਨੀਆਂ ਖਰਾਬ ਹਨ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਫ਼ਤੇ ਵਿੱਚ ਦੋ ਵਾਰੀ ਡਾਇਲਿਸਿਸ ਕਰਵਾਉਣਾ ਪੈਂਦਾ ਹੈ ਜਿਸ ਦਾ ਖਰਚਾ 9 ਤੋਂ 10 ਹਜ਼ਾਰ ਰੁਪਏ ਹੁੰਦਾ ਹੈ। ਹਫ਼ਤੇ ਵਿੱਚ ਇੱਕ ਟੀਕਾ ਲੱਗਦਾ ਹੈ ਜਿਹੜਾ 2000 ਰੁਪਏ ਦਾ ਹੈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਜ਼ੁਰਗ ਬਾਪ ਬਲਜੀਤ ਸਿੰਘ ਨੇ ਦੱਸਿਆ ਕਿ ਉਹ ਬਹੁਤ ਗਰੀਬ ਹਨ।ਮਿਹਨਤ ਮਜ਼ਦੂਰੀ ਕਰਕੇ ਆਪਣੇ ਘਰ ਦਾ ਗੁਜ਼ਾਰਾ ਕਰਦੇ ਹਨ।ਪੁੱਤਰ ਦੀਆਂ ਕਿਡਨੀਆਂ ਖ਼ਰਾਬ ਹੋਣ ਕਾਰਨ ਉਹ ਪਿਛਲੇ ਦੋ ਸਾਲਾਂ ਤੋਂ ਵਿਆਜ 'ਤੇ ਪੈਸੇ ਲੈ ਕੇ ਅਪਣੇ ਪੁੱਤਰ ਦਾ ਇਲਾਜ ਕਰਾ ਰਹੇ ਹਨ। ਹੁਣ ਤਾਂ ਕੋਈ ਉਧਾਰ ਵੀ ਨਹੀਂ ਦਿੰਦਾ। ਘਰ ਰੋਟੀ ਖਾਣ ਵਾਸਤੇ ਸਾਡੇ ਕੋਲ ਰਾਸ਼ਨ ਤੱਕ ਨਹੀਂ ਹੈ।26 ਸਾਲਾ ਪੁੱਤਰ ਲਈ ਲਈ ਮੇਰੇ ਵੱਲੋਂ ਮਦਦ ਦੀ ਅਪੀਲ ਹੈ।ਮਦਦ ਕਰਨ ਵਾਲੀਆਂ ਸੇਵਾ ਸੁਸਾਇਟੀਆਂ ਇਸ ਨੰਬਰ 'ਤੇ ਸੰਪਰਕ ਕਰਨ। ਮੰਗਲ ਸਿੰਘ ਪੁੱਤਰ ਬਲਜੀਤ ਸਿੰਘ ਵਾਸੀ ਪਿੰਡ ਝਬਾਲ ਕਲਾਂ ਪੱਤੀ ਗੁਰਦਾਸੀਆ, ਮੋਬਾਇਲ: 95015-26494.

# ਘੁੰਗਰਾਲੀ ਦੇ ਵੋਟਰਾਂ ਵੱਲੋਂ ਲੋਕ ਸਭਾ ਚੋਣਾਂ ਦਾ ਬਾਈਕਾਟ

■ ਬਾਇਓ ਗੈਸ ਫੈਕਟਰੀ ਦੇ ਵਿਰੋਧ 'ਚ ਨਾਅਰੇਬਾਜ਼ੀ ਤੇ ਰੋਸ ਪ੍ਰਦਰਸ਼ਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਵਿਧਾਨ ਸਭਾ ਹਲਕਾ ਖੰਨਾ ਨੇੜਲੇ ਪਿੰਡ ਘੁੰਗਰਾਲੀ ਰਾਜਪੂਤਾਂ ਦੇ ਸਮੂਹ ਨਗਰ ਨਿਵਾਸੀਆਂ ਵੱਲੋਂ ਆਪਸੀ ਭਾਈਚਾਰਕ ਸਾਂਝ ਦੀ ਮਿਸਾਲ ਕਾਇਮ ਕਰਦਿਆਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਾਇਓ ਗੈਸ ਫੈਕਟਰੀ ਖਿਲਾਫ ਚੱਲ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕਰ ਦਿੱਤਾ ਹੈ।ਇਸ ਕੜੀ ਤਹਿਤ ਸਮੂਹ ਨਗਰ ਨਿਵਾਸੀਆਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।ਇਸ ਉਪਰੰਤ ਸਮੂਹ ਪਿੰਡ ਦੇ ਮੁਹਤਬਰ ਵਿਅਕਤੀਆਂ ਵੱਲੋਂ ਗੁਰਦੁਆਰਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਲੋਕ ਸਭਾ ਚੋਣਾਂ ਵਿੱਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਨਾ ਪਾਉਣ ਦਾ ਫੈਸਲਾ ਕਰਕੇ ਲੋਕ ਸਭਾ ਚੋਣਾਂ ਦਾ ਮੁਕੰਮਲ ਤੌਰ 'ਤੇ ਸਮੂਹਕ ਬਾਈਕਾਟ ਕਰਨ ਦਾ ਐਨਾਲ ਕੀਤਾ ਗਿਆ।ਪਿੰਡ ਘੁੰਗਰਾਲੀ ਰਾਜਪੂਤਾਂ ਵਿੱਚ ਉਸ ਪਾਰਟੀ ਦੇ ਉਮੀਦਵਾਰ ਨੂੰ ਵੜਨ ਦਿੱਤਾ ਜਾਵੇਗਾ, ਜੋ ਖੁੱਲ੍ਹ ਕੇ ਫੈਕਟਰੀ ਖਿਲਾਫ ਇਲਾਕੇ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰੇਗਾ।ਸੰਘਰਸ਼ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਆਉਣ ਵਾਲੇ ਇੱਕ ਦੋ ਦਿਨਾਂ 'ਚ ਇਲਾਕੇ ਦੇ 12 ਪਿੰਡਾਂ ਦੇ ਮੁਹਤਬਰ ਵਿਅਕਤੀਆਂ ਵੱਲੋਂ ਬਾਇਓ ਗੈਸ ਫੈਕਟਰੀ ਦੇ ਰੋਸ ਵਿੱਚ ਲੋਕ ਸਭਾ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਵੀ ਕੀਤਾ ਜਾ ਰਿਹਾ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਪਿੰਡ ਘੁੰਗਰਾਲੀ ਰਾਜਪੂਤਾਂ ਦੇ ਵੋਟਰਾਂ ਦੀ ਗਿਣਤੀ 2000 ਦੇ ਕਰੀਬ, ਜਿਸ ਨਾਲ 12-13 ਪਿੰਡਾਂ ਵਿੱਚ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਸਮੇਤ ਪਾਰਟੀ ਨੁਮਾਇੰਦਿਆਂ ਨੂੰ ਵੜਨ ਤੱਕ ਨਹੀਂ ਦਿੱਤਾ ਜਾਵੇਗਾ। ਪ੍ਰਸ਼ਾਸਨ ਨੇ ਇਨ੍ਹਾਂ ਇਲਾਕੇ ਦੇ ਲੋਕਾਂ ਦੀ ਮੰਗ ਪੂਰੀ ਨਾ ਕੀਤੀ ਤਾਂ ਇੱਕ ਵੱਡਾ ਹੋਰ ਵੀ ਇਕੱਠ ਕਰਕੇ ਸੰਘਰਸ਼ ਕੀਤਾ ਜਾਵੇਗਾ।ਅੱਜ ਔਰਤਾਂ ਵੱਲੋਂ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਬਾਇਓ ਗੈਸ ਫੈਕਟਰੀ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ ਤੇ ਪਿੰਡ ਦੀਆਂ ਗਲੀਆਂ ਵਿੱਚ ਰੋਸ ਪ੍ਰਦਰਸ਼ਨ ਵੀ ਕੀਤਾ।

## ਕਾਮਰੇਡ ਅਨਜਾਨ ਦਾ ਦਿਹਾਂਤ ਖੱਬੇ-ਪੱਖੀ ਲਹਿਰ ਲਈ ਵੱਡਾ ਘਾਟਾ : ਸੁਖਦੇਵ ਜੰਮੂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ ਸੁਖਦੇਵ ਸਿੰਘ ਜੰਮੂ ਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਸਾਬਕਾ ਕੌਮੀ ਪ੍ਰਧਾਨ, ਲਖਨਊ ਯੂਨੀਵਰਸਿਟੀ ਦੇ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ, ਸਵਾਮੀਨਾਥਨ ਕਮਿਸ਼ਨ ਦੇ ਸਾਬਕਾ ਮੈਂਬਰ ਅਤੁਲ ਕੁਮਾਰ ਅਨਜਾਨ ਦੇ ਦਿਹਾਂਤ ਨਾਲ ਖੱਬੇ ਪੱਖੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਕਿਹਾ ਕਿ ਹਿੰਦੀ ਤੇ ਅੰਗਰੇਜ਼ੀ 'ਚ ਗਤੀਸ਼ੀਲ ਬੋਲਣ ਵਾਲੀ ਆਵਾਜ਼ ਹੁਣ ਸਦਾ ਲਈ ਬੰਦ ਹੋ ਗਈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੀ ਲੁਧਿਆਣਾ ਕੌਮੀ ਕਨਵੈਨਸ਼ਨ ਵਿੱਚ ਪ੍ਰਧਾਨ ਚੁਣੇ ਜਾਣ ਤੋਂ ਸ਼ੁਰੂ ਹੋ ਕੇ ਅਤੁਲ ਕੁਮਾਰ ਅਨਜਾਨ ਦਾ ਸਿਆਸੀ ਸਫ਼ਰ ਰਿਹਾ ਹੈ। ਜੰਮੂ ਨੇ ਕਿਹਾ ਕਿ ਕਾ: ਅੰਜਨ ਦੇ ਦੇਹਾਂਤ ਨਾਲ ਭਾਰਤੀ ਕਮਿਊਨਿਸਟ ਪਾਰਟੀ, ਖੱਬੇ ਪੱਖੀ ਲਹਿਰ ਤੇ ਕਿਸਾਨ ਅੰਦੋਲਨ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਖੱਬੇ ਪੱਖੀ ਕਾਰਕੁਨਾਂ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਕਾ: ਅਤੁਲ ਕੁਮਾਰ ਅਨਜਾਨ ਨੂੰ ਸ਼ਰਧਾਂਜਲੀ ਦਿੱਤੀ ਗਈ।

## ਸੰਜੀਵਣੀ ਵੈੱਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਦਾਨੀਆਂ ਨੇ ਸਕੂਲ 'ਚ ਝੂਲੇ ਲਾਏ

**ਬੁਢਲਾਡਾ (ਅਸ਼ੋਕ ਲਾਕੜਾ)**-ਸੰਜੀਵਣੀ ਵੈੱਲਫੇਅਰ ਸੁਸਾਇਟੀ ਬੁਢਲਾਡਾ ਦੇ ਚੇਅਰਪਰਸਨ ਬਲਦੇਵ ਕੱਕੜ ਨੇ ਦੱਸਿਆ ਕਿ ਕੈਨੇਡਾ ਦੇ ਇੱਕ ਪਰਵਾਰ ਵੱਲੋਂ ਆਪਣੇ ਪਿਤਾ ਮਾਸਟਰ ਕੁਲਵੰਤ ਸਿੰਘ ਦਾਤੇਵਾਸ ਦੀ ਯਾਦ ਵਿੱਚ ਉਨ੍ਹਾਂ ਦੇ ਲੜਕੇ ਦਵਿੰਦਰ ਸਿੰਘ ਵੱਲੋਂ ਗੌਰਮਿੰਟ ਪ੍ਰਾਇਮਰੀ ਸਕੂਲ ਦਾਤੇਵਾਸ ਵਿਖੇ ਝੂਲੇ ਲਗਵਾਏ ਗਏ ਤਾਂ ਕਿ ਬੱਚੇ ਖੇਡ ਸਕਣ।ਇਸ ਯੋਗਦਾਨ ਲਈ ਕਈ ਸੰਸਥਾਵਾਂ ਨੇ ਇਸ ਪਰਿਵਾਰ ਦੀ ਪ੍ਰਸੰਸਾ ਕੀਤੀ।ਸਕੂਲ ਦੇ ਸਟਾਫ ਨੇ ਵੀ ਝੂਲੇ ਲਵਾਉਣ ਵਿੱਚ ਸਾਥ ਦਿੱਤਾ।ਇਸ ਸਮੇਂ ਮਾਤਾ ਗੁਰਜੀਤ ਕੌਰ, ਮਾਸਟਰ ਕੁਲਵੰਤ ਸਿੰਘ, ਮੋਹਿੰਦਰਪਾਲ ਆਨੰਦ, ਬਲਦੇਵ ਕੱਕੜ ਸਾਬਕਾ ਮੈਂਬਰ ਜ਼ਿਲ੍ਹਾ ਬਾਲ ਭਲਾਈ ਕਮੇਟੀ ਮਾਨਸਾ ਤੇ ਚੇਅਰਪਰਸਨ ਸੰਜੀਵਣੀ ਵੈੱਲਫੇਅਰ ਸੁਸਾਇਟੀ ਬੁਢਲਾਡਾ, ਰਾਜਿੰਦਰ ਵਰਮਾ ਸਟੇਟ ਐਵਾਰਡੀ, ਡਾਕਟਰ ਦਰਸ਼ਨ ਸਿੰਘ, ਮੁੱਖ ਅਧਿਆਪਕ ਹਰਵਿੰਦਰ ਸਿੰਘ, ਅਧਿਆਪਕ ਤਰਸੇਮ ਸਿੰਘ, ਗੁਰਮੀਤ ਕੌਰ ਦਾਤੇਵਾਸ, ਗੁਰਮੀਤ ਕੌਰ, ਨਿਕਾਸ਼ ਰਾਣੀ, ਸਰਬਜੀਤ ਕੌਰ, ਜਸਵਿੰਦਰ ਕੌਰ, ਬੰਧਨਾ ਰਾਣੀ, ਜਸਵੀਰ ਕੌਰ ਤੇ ਵੀਰਪਾਲ ਕੌਰ ਹਾਜ਼ਰ ਸਨ।

## ਸਰਕਾਰੀ ਮਿਡਲ ਸਕੂਲ ਲੋਹਕੇ ਖੁਰਦ ਦਾ ਨਤੀਜਾ ਸ਼ਾਨਦਾਰ



**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ ਦੇ ਨਤੀਜਿਆਂ ਵਿੱਚ ਸਰਕਾਰੀ ਮਿਡਲ ਸਕੂਲ ਲੋਹਕੇ ਖੁਰਦ ਦਾ ਨਤੀਜਾ 100 ਪ੍ਰਤੀਸ਼ਤ ਰਿਹਾ।ਇਸ ਮੌਕੇ ਸਕੂਲ ਮੁਖੀ ਬਲਵਿੰਦਰ ਸਿੰਘ ਭੁੱਟੋ ਨੇ ਦੱਸਿਆ ਕਿ ਮਾਰਚ-2024 ਵਿੱਚ 23 ਬੱਚਿਆਂ ਨੇ ਅੱਠਵੀਂ ਜਮਾਤ ਦੇ ਪੇਪਰ ਦਿੱਤੇ ਸਨ ਤੇ ਸਾਰੇ ਬੱਚੇ ਵਧੀਆ ਨੰਬਰ ਲੈ ਕੇ ਸ਼ਾਨਦਾਰ ਨਤੀਜਾ ਲੈ ਕੇ ਪਾਸ ਹੋਏ।ਸਕੂਲ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਸਪੁੱਤਰੀ ਸਤਨਾਮ ਸਿੰਘ ਨੇ 541 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ, ਕਰਮਜੀਤ ਕੌਰ ਸਪੁੱਤਰੀ ਤੀਰਥ ਸਿੰਘ ਨੇ 533 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਜਾ ਸਥਾਨ ਤੇ ਪ੍ਰਭਦੀਪ ਕੌਰ ਸਪੁੱਤਰੀ ਚੰਚਲ ਸਿੰਘ ਨੇ 531 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ 8 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਤੇ 15 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਇਸ ਸਮੇਂ ਬੱਚਿਆਂ ਨੂੰ ਸਕੂਲ ਮੁਖੀ ਤੇ ਅਧਿਆਪਕਾਂ ਦੁਆਰਾ ਸਨਮਾਨਤ ਕੀਤਾ ਗਿਆ।ਇਸ ਮੌਕੇ ਮੈਡਮ ਹਰਜੀਤ ਕੌਰ, ਸੁਲੱਖਣ ਸਿੰਘ, ਚੰਦਰ ਕੁਮਾਰ, ਲਵਪ੍ਰੀਤ ਕੌਰ, ਸਤਨਾਮ ਸਿੰਘ, ਤੀਰਥ ਸਿੰਘ, ਚੰਚਲ ਸਿੰਘ ਆਦਿ ਹਾਜ਼ਰ ਸਨ।

## ਬੀ ਐੱਫ ਜੀ ਆਈ ਵਿਖੇ 'ਅੰਤਰਰਾਸ਼ਟਰੀ ਮਜ਼ਦੂਰ ਦਿਵਸ' ਮਨਾਇਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਬੀ ਐੱਫ ਜੀ ਆਈ) ਵਿਖੇ 'ਅੰਤਰਰਾਸ਼ਟਰੀ ਮਜ਼ਦੂਰ ਦਿਵਸ' ਮਨਾਇਆ ਗਿਆ, ਜਿਸ ਸੰਬੰਧੀ ਸੰਸਥਾ ਦੇ ਦਰਜਾ ਚਾਰ ਕਰਮਚਾਰੀਆਂ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ।ਇਸ ਪ੍ਰੋਗਰਾਮ ਵਿੱਚ ਬੀ.ਐੱਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਸੰਸਥਾ ਦੇ ਡਿਪਟੀ ਡਾਇਰੈਕਟਰ (ਸਹੂਲਤਾਂ) ਸ੍ਰ. ਹਰਪਾਲ ਸਿੰਘ, ਡਿਪਟੀ ਡਾਇਰੈਕਟਰ (ਕੈਰੀਅਰ ਗਾਈਡੈਂਸ ਐਂਡ ਕਾਊਂਸਲਿੰਗ) ਸ੍ਰੀ ਬੀ. ਡੀ. ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ ਤੇ ਸਮੂਹ ਦਰਜਾ ਚਾਰ ਕਰਮਚਾਰੀ ਹਾਜ਼ਰ ਸਨ।ਇਸ ਪ੍ਰੋਗਰਾਮ ਦੌਰਾਨ ਦਰਜਾ ਚਾਰ ਕਰਮਚਾਰੀਆਂ ਵੱਲੋਂ ਆਪਣੇ ਸੁਝਾਅ, ਆਪਣੀਆਂ ਮੰਗਾਂ ਤੇ ਆਪਣੀ ਡਿਊਟੀ ਨੂੰ ਵਧੀਆ ਢੰਗ ਨਾਲ ਕਰਨ ਬਾਰੇ ਵਿਚਾਰ ਚਰਚਾ ਕੀਤੀ ਗਈ। ਕਰਮਚਾਰੀਆਂ ਨੇ ਗੀਤ ਤੇ ਕਵਿਤਾਵਾਂ ਗਾ ਕੇ ਸਮਾਂ ਦਾ ਮਨੋਰੰਜਨ ਕੀਤਾ ਅਤੇ ਮਜ਼ਦੂਰ ਅੰਦੋਲਨਾਂ ਦੌਰਾਨ ਮਾਰੇ ਗਏ ਮਜ਼ਦੂਰ ਸਾਥੀਆਂ ਦੀ ਕੁਰਬਾਨੀ ਨੂੰ ਯਾਦ ਕੀਤਾ।ਸੰਸਥਾ ਦੇ ਡਿਪਟੀ ਡਾਇਰੈਕਟਰ (ਕੈਰੀਅਰ ਗਾਈਡੈਂਸ ਐਂਡ ਕਾਊਂਸਲਿੰਗ) ਸ੍ਰੀ ਬੀ. ਡੀ. ਸ਼ਰਮਾ ਨੇ ਸਾਰਿਆਂ ਨੂੰ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ। ਬੀ ਐੱਫ ਜੀ ਆਈ ਦੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ ਪੀ. ਪੂਨੀਆ ਨੇ ਵੀ ਸੰਬੋਧਨ ਕਰਦਿਆਂ ਕਰਮਚਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਲਈ ਉਤਸ਼ਾਹਤ ਕੀਤਾ। ਬੀ ਐੱਫ ਜੀ ਆਈ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ ਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਕਾਤਰਾਂ

### ਚੋਰੀ ਨੂੰ ਅੰਜਾਮ ਦੇਣ ਤੇ ਔਰਤ ਨੂੰ ਸੱਟਾਂ ਮਾਰਨ ਵਾਲਾ ਕਾਬੂ

**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ, ਸ਼੍ਰੀ ਮੁਕਤਸਰ ਸਾਹਿਬ, ਸ਼੍ਰੀ ਮਨਮੀਤ ਸਿੰਘ ਪੀ.ਪੀ.ਐਸ ਕਪਤਾਨ ਪੁਲਿਸ (ਡੀ) ਸ਼੍ਰੀ ਮੁਕਤਸਰ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼੍ਰੀ ਪਵਨਜੀਤ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਬ ਡਵੀਜ਼ਨ ਮਲੋਟ ਦੀ ਰਹਿਨੁਮਾਈ ਹੇਠ ਇੰਸਪੈਕਟਰ ਗੁਰਦੀਪ ਸਿੰਘ ਮੁੱਖ ਅਫ਼ਸਰ ਥਾਣਾ ਸਿਟੀ ਮਲੋਟ ਸਮੇਤ ਪੁਲਸ ਪਾਰਟੀ ਵੱਲੋਂ ਲੁੱਟ ਦੀ ਵਾਰਦਾਤ ਕਰਨ ਵਾਲੇ ਇੱਕ ਦੋਸ਼ੀ ਨੂੰ ਕਾਬੂ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਡੀ.ਐਸ.ਪੀ. ਪਵਨਜੀਤ ਨੇ ਦੱਸਿਆ ਕਿ ਮੁਕੇਸ਼ ਕੁਮਾਰ ਉਰਫ਼ ਗੰਜਾ ਵਾਸੀ ਨੇੜੇ ਹਨੂੰਮਾਨ ਮੰਦਰ ਮਹਾਂਵੀਰ ਨਗਰ ਮਲੋਟ ਤੇ ਸੰਨੀ ਵੱਲੋਂ 2 ਮਈ ਨੂੰ ਤੇਜ਼ਧਾਰ ਹਥਿਆਰ ਲੈਕੇ ਚੋਰੀ ਕਰਨ ਦੇ ਇਰਾਦੇ ਨਾਲ ਇੱਕ ਘਰ ਵਿੱਚ ਦਾਖਲ ਹੋ ਕੇ ਤੇਜ਼ਧਾਰ ਹਥਿਆਰਾਂ ਨਾਲ ਇੱਕ ਔਰਤ ਦੇ ਸੱਟਾਂ ਮਾਰੀਆਂ ਅਤੇ ਪੈਸੇ ਅਤੇ ਸੋਨਾ ਚੋਰੀ ਕਰ ਕੇ ਲੈ ਗਏ, ਜਿਸ 'ਤੇ ਥਾਣਾ ਸਿਟੀ ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਕੇ ਕਾਰਵਾਈ ਕਰਦੇ ਹੋਏ ਇੱਕ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ।

### ਬਾਬਾ ਪ੍ਰੀਤ ਨਾਥ ਦਾ ਬਰਸੀ ਸਮਾਗਮ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਰੋਪੜ ਰੋਡ 'ਤੇ ਸਥਿਤ ਨਾਥਾਂ ਦੀ ਕੁਟੀਆ ਵਿਖੇ ਸ੍ਰੀ ਸਿੱਧ ਬਾਬਾ ਪ੍ਰੀਤ ਨਾਥ ਜੀ ਦਾ ਸਾਲਾਨਾ ਬਰਸੀ ਸਮਾਗਮ 5 ਮਈ ਨੂੰ ਮੁੱਖ ਸੇਵਾਦਾਰ ਬਾਬਾ ਰਵੀ ਨਾਥ ਦੀ ਸਰਪ੍ਰਸਤੀ ਹੇਠ ਕਰਵਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 5 ਮਈ ਨੂੰ ਸਵੇਰੇ ਹਵਨ ਹੋਣ ਤੋਂ ਬਾਅਦ ਸ਼ਰਧਾਲੂ ਔਰਤਾਂ ਵੱਲੋਂ ਕੀਰਤਨ ਕੀਤਾ ਜਾਵੇਗਾ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

### ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਸ਼ਾਨੋ-ਸ਼ੌਕਤ ਨਾਲ ਮਨਾਵਾਂਗੇ : ਸੱਗੂ, ਕਲਸੀ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ 301ਵਾਂ ਜਨਮ ਦਿਹਾੜਾ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਭਰ ਦੀਆਂ ਟੀਮਾਂ ਆਪੋ ਆਪਣੇ ਜ਼ਿਲ੍ਹਿਆਂ ਅੰਦਰ 5 ਮਈ ਤੋਂ 19 ਮਈ ਤੱਕ ਮਨਾਉਣਗੀਆਂ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਰਾਮਗੜ੍ਹੀਆ ਅਕਾਲ ਜਥੇਬੰਦੀ ਦੇ ਪੰਜਾਬ ਚੇਅਰਮੈਨ ਜਗਜੀਤ ਸਿੰਘ ਸੱਗੂ, ਪੰਜਾਬ ਪ੍ਰਧਾਨ ਬਲਵਿੰਦਰ ਸਿੰਘ ਕਲਸੀ ਨੇ ਸਾਂਝੇ ਬਿਆਨ ਦੌਰਾਨ ਕੀਤਾ।ਉਨ੍ਹਾਂ ਦੱਸਿਆ ਕਿ 29 ਮਈ (ਰਾਮਗੜ੍ਹੀਆ ਡੇ) ਨੂੰ ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਵੱਲੋਂ ਕੌਮੀ ਸੰਚਾਲਕ ਹਰਜੀਤ ਸਿੰਘ ਰਾਮਗੜ੍ਹੀਆ ਦੀ ਅਗਵਾਈ ਹੇਠ ਇਤਿਹਾਸਕ ਧਰਤੀ ਲੋਕ ਸਭਾ ਹਲਕਾ ਖੰਡੂਰ ਸਾਹਿਬ ਵਿਖੇ ਅਠਾਰਵੀਂ ਸਦੀ ਦੇ ਮਹਾਨ ਜਰਨੈਲ ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ ਸੂਬਾ ਪੱਧਰੀ ਜਨਮ ਦਿਹਾੜਾ ਸ਼ਾਨੋ ਸ਼ੌਕਤ ਨਾਲ ਮਨਾਇਆ ਜਾਵੇਗਾ।ਇਸ ਮੌਕੇ ਰਾਮਗੜ੍ਹੀਆ ਕੌਮ ਦੀਆਂ ਨਾਮਵਰ ਸ਼ਖ਼ਸੀਅਤਾਂ ਨੂੰ ਵੀ ਸਨਮਾਨ ਕੀਤਾ ਜਾਵੇਗਾ।

### ਹਰਸਿਮਰਨ ਸਕੂਲ ਦਾ ਨਤੀਜਾ ਸੌ ਫੀਸਦੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਰਸਿਮਰਨ ਪਬਲਿਕ ਸਕੂਲ ਮਾਛੀਵਾੜਾ ਖਾਮ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨਿਆ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਜਸਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀ ਹਰਸ਼ਪ੍ਰੀਤ ਸਿੰਘ ਤੇ ਜੈਪ੍ਰੀਤ ਕੌਰ ਨੇ 581/600 (96.8 ਪ੍ਰਤੀਸ਼ਤ) ਅੰਕ ਪ੍ਰਾਪਤ ਕਰ ਪਹਿਲਾ, ਸੁਨੈਨਾ ਤੇ ਨਵਪ੍ਰੀਤ ਕੌਰ 580/600 ਅੰਕ ਲੈ ਕੇ ਦੂਸਰਾ ਅਤੇ ਪ੍ਰਭਜੋਤ ਕੌਰ ਨੇ 578/600 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਤੇ ਅਧਿਆਪਕਾਂ ਦੀ ਦਿੱਤੀ ਗਈ ਸਹੀ ਸੇਧ ਸਦਕਾ ਹਰ ਸਾਲ ਸ਼ਾਨਦਾਰ ਨਤੀਜੇ ਆਉਂਦੇ ਹਨ। ਉਨ੍ਹਾਂ ਸਕੂਲੀ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ।

### ਪੁਸਤਕ ਲੋਕ ਅਰਪਣ ਸਮਾਗਮ ਅੱਜ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਕਵੀਸ਼ਰੀ ਮੰਚ ਪੰਜਾਬ ਤਲਵੰਡੀ ਸਾਬੋ ਤੇ ਗੁਰੂ ਕਾਸ਼ੀ ਸਾਹਿਤ ਸਭਾ ਤਲਵੰਡੀ ਸਾਬੋ ਦੇ ਸਾਂਝੇ ਸਹਿਯੋਗ ਨਾਲ ਸਥਾਨਕ ਖਾਲਸਾ ਸੀ. ਸੈ. ਸਕੂਲ ਵਿਖੇ 5 ਮਈ ਨੂੰ ਦੋ ਕਿਤਾਬਾਂ ਰਿਲੀਜ਼ ਕੀਤੀਆਂ ਜਾ ਰਹੀਆਂ ਹਨ।ਮੰਚ ਦੇ ਬੁਲਾਰੇ ਸ੍ਰ. ਦਰਸ਼ਨ ਸਿੰਘ ਭੰਮੇ ਨੇ ਦੱਸਿਆ ਕਿ ਇਨ੍ਹਾਂ ਦੋ ਕਿਤਾਬਾਂ 'ਚੋਂ ਇੱਕ ਕਿਤਾਬ 'ਸ਼ਾਇਰ ਦਾ ਦਿਲ' (ਵੈਦ ਇੰਦਰ ਸਿੰਘ ਦੀ ਕਵਿਤਾ) ਹੈ, ਜਿਸ ਦਾ ਸੰਪਾਦਨ ਡਾ ਖੁਸ਼ਨਸੀਬ ਗੁਰਬਖਸ਼ੀਸ਼ ਕੌਰ ਨੇ ਕੀਤਾ ਹੈ, ਦੂਜੀ ਕਿਤਾਬ ਦਰਸ਼ਨ ਸਿੰਘ ਭੰਮੇ ਦੀ ਹੈ 'ਜੁਗਨੀ ਜੜੇ ਸਿਤਾਰੇ', ਜਿਸ ਵਿੱਚ ਪ੍ਰਸਿੱਧ ਪੰਜਾਬੀ ਲੇਖਕਾਂ ਦੇ ਕਾਵਿਕ ਸ਼ਬਦ ਚਿੱਤਰ ਹਨ।ਇਨ੍ਹਾਂ ਦੋਹਾਂ ਕਿਤਾਬਾਂ 'ਤੇ ਕ੍ਰਮਵਾਰ ਪ੍ਰੋ. ਨਵ ਸੰਗੀਤ ਸਿੰਘ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਤੇ ਡਾ. ਸੰਦੀਪ ਰਾਣਾ, ਪੰ ਯੂ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਪੇਪਰ ਪੜ੍ਹਨਗੇ।

## ਸਕੂਲ ਨੂੰ ਏਅਰ ਕੰਡੀਸ਼ਨਰ ਭੇਟ



**ਮਾਨਸਾ (ਆਤਮਾ ਸਿੰਘ ਪਮਾਰ)**-ਬਲਵਿੰਦਰ ਸਿੰਘ ਵਾਸੀ ਅਤਲਾ ਕਲਾਂ ਵੱਲੋਂ ਆਪਣੀ ਸਵਰਗਵਾਸੀ ਬੇਟੀ ਗਗਨਜੋਤ ਕੌਰ ਦੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਅਤਲਾ ਕਲਾਂ ਦੇ ਪ੍ਰੀ ਪ੍ਰਾਇਮਰੀ ਬੱਚਿਆਂ ਲਈ ਏਅਰ ਕੰਡੀਸ਼ਨਰ ਭੇਟ ਕੀਤਾ ਗਿਆ।ਸਕੂਲ ਮੁਖੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਗਗਨਜੋਤ ਕੌਰ ਸਥਾਨਕ ਸਕੂਲ ਦੀ ਤੀਸਰੀ ਜਮਾਤ ਦੀ ਬੱਚੀ ਸੀ, ਜਿਸ ਦੀ ਪਿਛਲੇ ਦਿਨੀਂ ਮੌਤ ਹੋ ਗਈ ਸੀ।ਬੱਚੀ ਦੇ ਪਿਤਾ ਦੀ ਦਿਲੀ ਇੱਛਾ ਸੀ ਕਿ ਜਿਸ ਕਮਰੇ ਵਿੱਚ ਉਨ੍ਹਾਂ ਦੀ ਬੱਚੀ ਨੇ ਜ਼ਿਆਦਾ ਸਮਾਂ ਬਿਤਾਇਆ ਹੈ, ਉਸ ਦੀਆਂ ਯਾਦਾਂ ਨੂੰ ਸਦੀਵੀ ਬਣਾਉਣ ਤੇ ਬੱਚਿਆਂ ਨੂੰ ਗਰਮੀ ਤੋਂ ਰਾਹਤ ਦੇਣ ਵਾਸਤੇ ਇਹ ਏਅਰ ਕੰਡੀਸ਼ਨਰ ਭੇਟ ਕੀਤਾ ਜਾਵੇ।ਸਕੂਲ ਮੁਖੀ ਤੇ ਸਮੂਹ ਸਟਾਫ਼ ਵੱਲੋਂ ਬੱਚੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬੱਚੀ ਦੇ ਮਾਪਿਆਂ ਦਾ ਧੰਨਵਾਦ ਕੀਤਾ।ਇਸ ਸਮੇਂ ਜਸਵੀਰ ਸਿੰਘ ਜੱਸਾ, ਸੁਰਜੀਤ ਸਿੰਘ ਸਾਬਕਾ ਸਰਪੰਚ, ਅਧਿਆਪਕ ਸੁਰਜੀਤ ਸਿੰਘ, ਗੁਰਦੀਪ ਸਿੰਘ, ਅਸ਼ਵਿੰਦਰ ਸਿੰਘ ਤੇ ਅਵਤਾਰ ਸਿੰਘ ਅਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।

# ਕੇਂਦਰ ਤੇ 'ਆਪ' ਸਰਕਾਰ ਠੇਕੇ 'ਤੇ ਦੇ ਰਹੀ ਹੈ ਨੌਕਰੀਆਂ

■ ਡਾਕਟਰ ਗਾਂਧੀ ਵੱਲੋਂ ਪਾਤੜਾਂ 'ਚ ਚੋਣ ਦਫਤਰ ਦਾ ਉਦਘਾਟਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਉਮੀਦਵਾਰ ਧਰਮਵੀਰ ਗਾਂਧੀ ਨੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦੀ ਅਗਵਾਈ ਵਿੱਚ ਪਾਤੜਾਂ ਚੋਣ ਦਫ਼ਤਰ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਕੇਂਦਰ ਵਿਚਲੀ ਭਾਜਪਾ ਸਰਕਾਰ ਧਰਮ ਦੇ ਨਾਮ 'ਤੇ ਲੋਕਾਂ ਨੂੰ ਵੰਡ ਕੇ ਦੇਸ਼ ਦਾ ਭਗਵਾਂਕਰਨ, ਮਹਿੰਗਾਈ, ਰੋਜ਼ਗਾਰ, ਕਿਰਸਾਨੀ ਤੇ ਹੋਰ ਲੋਕ ਮੁੱਦਿਆਂ ਤੋਂ ਭਟਕਾਉਣ 'ਤੇ ਲੱਗੀ ਹੋਈ ਹੈ।ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਦੇਸ਼ ਵਿੱਚ ਗ਼ਰੀਬ ਤੇ ਅਮੀਰ 'ਚ ਪਾੜਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ।ਭਾਜਪਾ ਘੱਟ ਗਿਣਤੀਆਂ ਦੇ ਮਨਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਕੇ ਰਾਜਨੀਤਕ ਲਾਹਾ ਲੈਣਾ ਚਾਹੀਦੀ ਹੈ।ਉਨ੍ਹਾ ਕਿਹਾ ਕਿ ਬੇਰੋਜ਼ਗਾਰੀ ਵਧਣ ਕਾਰਨ ਨੌਜਵਾਨਾਂ ਦੇ ਜਹਾਜ਼ ਭਰ ਕੇ ਵਿਦੇਸ਼ਾਂ ਵਿੱਚ ਜਾ ਰਹੇ ਹਨ।ਕੇਂਦਰ ਤੇ 'ਆਪ' ਸਰਕਾਰ ਵੱਲੋਂ ਨੌਕਰੀਆਂ ਠੇਕੇ 'ਤੇ ਦਿੱਤੀਆਂ ਜਾ ਰਹੀਆਂ ਹਨ।ਰਾਹੁਲ ਗਾਂਧੀ ਨੇ ਦੇਸ਼ ਦਾ ਦੌਰਾ ਕਰਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਮਗਰੋਂ ਕਾਂਗਰਸ ਨੇ 5 ਨਿਆਂ ਤੇ 25 ਗਾਰੰਟੀਆਂ ਵਾਲਾ ਸੰਕਲਪ ਪੱਤਰ ਤਿਆਰ ਕੀਤਾ ਹੈ, ਜਿਸ ਨੂੰ ਜਿੱਤਣ ਮਗਰੋਂ ਹਰ ਹਾਲ ਪੂਰਾ ਕੀਤਾ ਜਾਵੇਗਾ। ਕਿਸਾਨਾਂ ਨੂੰ ਫ਼ਸਲਾਂ 'ਤੇ ਐੱਮ ਐੱਸ ਪੀ ਦੀ ਗਾਰੰਟੀ ਦਿੱਤੇ ਜਾਣ ਨੂੰ ਹਰ ਵਰਗ ਦੇ ਲੋਕਾਂ ਨੇ ਸਲਾਹਿਆ ਹੈ।ਉਨ੍ਹਾ ਕਿਹਾ ਜਿਵੇਂ ਉਨ੍ਹਾਂ ਪਟਿਆਲਾ ਤੋਂ ਰਾਜਪੁਰਾ ਲਾਇਨ ਨੂੰ ਡਬਲ ਤੇ ਉਸ ਦਾ ਬਿਜਲੀਕਰਨ ਕਰਵਾਇਆ ਹੈ, ਜਿੱਤਣ ਮਗਰੋਂ ਸਮਾਣਾ ਵਾਇਆ ਪਾਤੜਾਂ ਨੂੰ ਜਾਖਲ ਰੇਲਵੇ ਲਾਇਨ ਨਾਲ ਜੋੜਿਆ ਜਾਵੇਗਾ ਤੇ ਘੱਗਰ ਦਰਿਆ ਦਾ ਸਥਾਈ ਹੱਲ ਕਰਵਾਇਆ ਜਾਵੇਗਾ।

ਇਸ ਮੌਕੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਅਨਿਲ ਮਹਿਤਾ, ਰਸ਼ਪਾਲ ਸਿੰਘ ਜੌੜਾਮਾਜਰਾ, ਦਲੇਰ ਸਿੰਘ ਹਰਿਆਊ, ਨਿਰਮਲ ਸਿੰਘ ਪੰਨੂ, ਗੁਦਰਸ਼ਨ ਸਿੰਘ ਨੰਬਰਦਾਰ, ਰਾਕੇਸ਼ ਕੁਮਾਰ ਹੈਪੀ, ਧਰਮਪਾਲ ਬਰਾਸ, ਮੋਹਰ ਸਿੰਘ ਜਿਊਣਪੁਰਾ, ਆਸ਼ੂ ਪਟਵਾਰੀ, ਭਗਤ ਸਿੰਘ ਧਾਮੀ ਆਦਿ ਮੌਜੂਦ ਸਨ।

## ਸਹਿਕਾਰੀ ਸਭਾ ਦੇ ਰਿਟਾਇਰਡ ਸੈਕਟਰੀ ਵਿਰੁੱਧ ਗਬਨ ਦਾ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਹਿਕਾਰੀ ਸਭਾਵਾਂ ਦੇ ਡਿਪਟੀ ਰਜਿਸਟਰਾਰ ਦੀ ਸ਼ਿਕਾਇਤ 'ਤੇ ਅਮਲੋਹ ਪੁਲਸ ਵੱਲੋਂ ਸਹਿਕਾਰੀ ਸਭਾ ਪਿੰਡ ਘੁੱਲੂਮਾਜਰਾ ਦੇ ਸੈਕਟਰੀ ਰਹਿ ਚੁੱਕੇ ਇੱਕ ਸ਼ਖਸ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਹਿਕਾਰੀ ਸਭਾਵਾਂ ਦੇ ਡਿਪਟੀ ਰਜਿਸਟਰਾਰ ਨੇ ਜ਼ਿਲ੍ਹਾ ਪੁਲਸ ਮੁਖੀ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਗਾਏ ਸਨ ਕਿ ਦੀ ਘੁੱਲੂਮਾਜਰਾ ਬਹੁੰਮਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਦੇ ਸਟਾਕ ਦੀ ਕੀਤੀ ਗਈ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਪਿੰਡ ਘੁੱਲੂਮਾਜਰਾ ਦੀ ਸਹਿਕਾਰੀ ਸਭਾ ਦੇ ਸੈਕਟਰੀ ਰਹਿ ਚੁੱਕੇ ਆਸਾ ਸਿੰਘ ਵੱਲੋਂ ਪੈਸਿਆਂ ਦਾ ਗਬਨ ਕੀਤਾ ਗਿਆ ਹੈ, ਜੋ ਕਿ ਆਪਣੇ ਅਹੁਦੇ ਤੋਂ ਰਿਟਾਇਰ ਹੋ ਚੁੱਕਾ ਹੈ।ਸ਼ਿਕਾਇਤ ਦੀ ਪੜਤਾਲ ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਆਪਣੀ ਪੜਤਾਲੀਆ ਰਿਪੋਰਟ 'ਚ ਲਿਖਿਆ ਕਿ ਸਤੰਬਰ 2012 ਤੋਂ ਲੈ ਕੇ ਦਸੰਬਰ 2021 ਤੱਕ ਸਹਿਕਾਰੀ ਸਭਾ ਪਿੰਡ ਘੁੱਲੂਮਾਜਰਾ ਦੇ ਸੈਕਟਰੀ ਰਹਿ ਚੁੱਕੇ ਆਸਾ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਸਭਾ ਦੇ ਸਟਾਕ ਵਿੱਚ ਪੋਟਾਸ਼, ਮਸਟਰਡ ਆਇਲ, ਘੀ, ਚਾਹ ਪੱਤੀ, ਕੈਲਸ਼ੀਅਮ, ਫਰਟੇਰਾ ਤੇ ਡੀ.ਏ.ਪੀ. ਵਗੈਰਾ ਦੀ ਰਕਮ, ਜੋ ਕਿ 6,78,515/- ਰੁਪਏ ਬਣਦੀ ਹੈ, ਸਭਾ ਦੇ ਖਾਤੇ ਵਿੱਚ ਜਮ੍ਹਾਂ ਨਾ ਕਰਵਾ ਕੇ ਧੋਖਾਧੜੀ ਕੀਤੀ ਹੈ।ਪੜਤਾਲੀਆ ਰਿਪੋਰਟ ਪ੍ਰਾਪਤ ਹੋਣ ਉਪਰੰਤ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਮਾਮਲੇ 'ਚ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਥਾਣਾ ਅਮਲੋਹ ਦੀ ਪੁਲਸ ਨੇ ਰਿਟਾਇਰਡ ਸੈਕਟਰੀ ਆਸਾ ਸਿੰਘ ਵਾਸੀ ਪਿੰਡ ਨਾਨੋਵਾਲ (ਪਟਿਆਲਾ) ਵਿਰੁੱਧ ਮੁਕੱਦਮਾ ਦਰਜ ਕਰ ਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਦਸਮੇਸ਼ ਕਾਨਵੈਂਟ ਸਕੂਲ ਦਾ ਬਾਰਵੀਂ ਦਾ ਨਤੀਜਾ ਸ਼ਾਨਦਾਰ ਰਿਹਾ

■ ਮਹਿਕਪ੍ਰੀਤ ਕੌਰ ਪੰਜਾਬ 'ਚੋਂ 12ਵੇਂ ਸਥਾਨ 'ਤੇ ਰਹੀ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਦਸਮੇਸ਼ ਕਾਨਵੈਂਟ ਸੀਨੀ. ਸੈਕੰ. ਸਕੂਲ ਸਰਦੂਲਗੜ੍ਹ ਦਾ (ਪੰਜਾਬ ਬੋਰਡ) ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਸਕੂਲ ਦੇ ਚੇਅਰਮੈਨ ਪ੍ਰਿੰਸੀਪਲ ਸ੍ਰ: ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਬਾਰਵੀਂ ਜਮਾਤ ਦੇ ਕੁੱਲ 156 ਵਿਦਿਆਰਥੀਆਂ ਨੇ ਪੇਪਰ ਦਿੱਤੇ, ਜਿਨ੍ਹਾਂ ਵਿੱਚੋਂ 73 ਵਿਦਿਆਰਥੀਆਂ ਨੇ 90% ਤੋਂ ਉੱਪਰ ਅੰਕ ਪ੍ਰਾਪਤ ਕੀਤੇ। 45 ਵਿਦਿਆਰਥੀਆਂ ਨੇ 85-90% ਅੰਕ ਪ੍ਰਾਪਤ ਕੀਤੇ, 24 ਵਿਦਿਆਰਥੀਆਂ ਨੇ 80-85% ਅੰਕ ਪ੍ਰਾਪਤ ਕੀਤੇ। ਆਰਟਸ ਗਰੁੱਪ ਦੀ ਵਿਦਿਆਰਥਣ ਮਹਿਕਪ੍ਰੀਤ ਕੌਰ ਨੇ 489/500 (97.8%) ਫ਼ੀਸਦੀ ਅੰਕ ਪ੍ਰਾਪਤ ਕਰਕੇ ਪੂਰੇ ਪੰਜਾਬ ਮੈਰਿਟ ਵਿੱਚ 12ਵਾਂ ਸਥਾਨ ਹਾਸਲ ਕਰਕੇ ਮਾਨਸਾ ਜ਼ਿਲ੍ਹੇ ਦਾ ਮਾਨ ਵਧਾਇਆ। ਇਸੇ ਤਰ੍ਹਾਂ ਆਰਟਸ ਗਰੁੱਪ ਦੀ ਕਰਮਵੀਰ ਕੌਰ ਨੇ 482/500 (96.4%) ਤੇ ਸੁਮਨਪ੍ਰੀਤ ਕੌਰ 479/500 (95.8%) ਅੰਕ ਹਾਸਲ ਕਰਕੇ ਸਕੂਲ ਵਿੱਚ ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ। ਆਰਟਸ ਗਰੁੱਪ ਦੇ ਕੁੱਲ 68 ਵਿਦਿਆਰਥੀਆਂ ਵਿੱਚੋਂ 4 ਵਿਦਿਆਰਥੀਆਂ ਨੇ 95-100% ਤੇ 20 ਵਿਦਿਆਰਥੀਆਂ ਨੇ 90-95%, 12 ਵਿਦਿਆਰਥੀਆਂ ਨੇ 85-90%, 18 ਵਿਦਿਆਰਥੀਆਂ ਨੇ 80-85% ਅੰਕ ਹਾਸਲ ਕੀਤੇ। ਇਸੇ ਤਰ੍ਹਾਂ ਕਾਮਰਸ ਗਰੁੱਪ ਦੀ ਵਿਦਿਆਰਥਣ ਆਰਤੀ ਨੇ 477/500 (95.4%) ਪਹਿਲਾ ਸਥਾਨ, ਅਨਾਮਿਕਾ 471/500 (94.2%) ਨੇ ਦੂਸਰਾ ਸਥਾਨ ਤੇ ਰਮਨਦੀਪ ਕੌਰ ਨੇ 470/500 (94%) ਅੰਕ ਹਾਸਲ ਕਰਦੇ ਹੋਏ ਤੀਸਰਾ ਸਥਾਨ ਹਾਸਲ ਕੀਤਾ ਅਤੇ ਕਾਮਰਸ ਗਰੁੱਪ ਦੇ ਕੁੱਲ 30 ਵਿਦਿਆਰਥੀਆਂ 'ਚੋਂ 15 ਵਿਦਿਆਰਥੀਆਂ ਨੇ 90-95% ਤੇ 14 ਵਿਦਿਆਰਥੀਆਂ ਨੇ 85-90% ਅੰਕ ਹਾਸਲ ਕੀਤੇ। ਮੈਡੀਕਲ ਗਰੁੱਪ ਦੀ ਰਮਨਪ੍ਰੀਤ ਕੌਰ ਨੇ 474/500 (94.8%) ਪਹਿਲਾ, ਅਮਨਜੋਤ ਕੌਰ 473/500 (94.6%) ਨੇ ਦੂਸਰਾ ਤੇ ਹਰਮਨਪ੍ਰੀਤ ਕੌਰ ਨੇ 468/500 (93.6%) ਅੰਕ ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਨਾਨ-ਮੈਡੀਕਲ ਗਰੁੱਪ ਦੀ ਕਮਲਪ੍ਰੀਤ ਕੌਰ ਨੇ 477/500 (95.4%) ਪਹਿਲਾ, ਨਵਜੀਤ ਕੌਰ 472/500 (94.4%) ਨੇ ਦੂਸਰਾ ਅਤੇ ਸਾਹਿਲ ਤੇ ਗੌਤਮ ਰਾਵ ਨੇ 468/500 (93.6%) ਅੰਕ ਹਾਸਲ ਕਰਦੇ ਹੋਏ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਮੈਡੀਕਲ ਤੇ ਨਾਨ-ਮੈਡੀਕਲ ਗਰੁੱਪ ਦੇ ਕੁੱਲ 58 ਵਿਦਿਆਰਥੀਆਂ ਵਿੱਚੋਂ 34 ਵਿਦਿਆਰਥੀਆਂ ਨੇ 90% ਤੋਂ ਉੱਪਰ, 19 ਵਿਦਿਆਰਥੀਆਂ ਨੇ 85-90% ਅਤੇ 5 ਵਿਦਿਆਰਥੀਆਂ ਨੇ 80-85% ਅੰਕ ਹਾਸਲ ਕੀਤੇ। ਪ੍ਰਿੰਸੀਪਲ ਸ੍ਰ: ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਾਰੇ ਗਰੁੱਪਾਂ ਦੇ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਦੇ ਹੋਏ ਸਕੂਲ ਤੇ ਜ਼ਿਲ੍ਹੇ ਦਾ ਨਾਮ ਪੰਜਾਬ ਪੱਧਰ 'ਤੇ ਰੌਸ਼ਨ ਕੀਤਾ। ਉਨ੍ਹਾਂ ਸਕੂਲ ਦੇ ਮਿਹਨਤੀ ਸਟਾਫ, ਮਾਪਿਆਂ ਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੰਦੇ ਹੋਏ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

# ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮੌਕੇ ਪੱਤਰਕਾਰ ਸਨਮਾਨਤ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐਂਟੀ ਡਰੱਗ ਐਂਡ ਸੋਸ਼ਲ ਵੈੱਲਫੇਅਰ ਔਰਗੇਨਾਈਜ਼ੇਸ਼ਨ ਪੰਜਾਬ ਵੱਲੋਂ ਚੇਅਰਮੈਨ ਸੰਜੀਵ ਗਰਗ ਦੀ ਅਗਵਾਈ ਹੇਠ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ ਮਨਾਇਆ ਗਿਆ ਤੇ ਪੱਤਰਕਾਰੀ ਖੇਤਰ ਵਿੱਚ ਵਧੀਆ ਸੇਵਾਵਾਂ ਨਿਭਾਉਂਦੇ ਆ ਰਹੇ ਪੱਤਰਕਾਰ ਸਾਹਿਬਾਨ ਨੂੰ ਵਿਸ਼ੇਸ਼ ਤੌਰ 'ਤੇ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ ਸਨਮਾਨਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਸੰਜੀਵ ਗਰਗ ਨੇ ਕਿਹਾ ਕਿ ਆਜ਼ਾਦ ਪ੍ਰੈੱਸ ਕਿਸੇ ਰਾਸ਼ਟਰ ਦੇ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ।

ਲੋਕਤੰਤਰ ਦੇ ਇਸ ਚੌਥੇ ਥੰਮ ਦੇ ਜਜ਼ਬੇ ਨੂੰ ਅਸੀਂ ਸਲਾਮ ਕਰਦੇ ਹਾਂ, ਜਿਸ ਨੇ ਹਰ ਕਮਜ਼ੋਰ ਦੀ ਆਵਾਜ਼ ਨੂੰ ਬੁਲੰਦ ਕੀਤਾ ਹੈ ਤੇ ਅੱਜ ਉਨ੍ਹਾਂ ਦੀ ਸੰਸਥਾ ਮੀਡੀਆ ਨੂੰ ਸਨਮਾਨਤ ਕਰਦੇ ਹੋਏ ਹੋਏ ਮਾਣ ਮਹਿਸੂਸ ਕਰਦੀ ਹੈ।ਇਸ ਮੌਕੇ ਐਡਵੋਕੇਟ ਸੰਦੀਪ ਜਿੰਦਲ ਤੇ ਕ੍ਰਿਸ਼ਨ ਵੋਹਰਾ ਨੇ ਕਿਹਾ ਕਿ ਸਾਡੇ ਮੀਡੀਆ ਕਰਮੀ ਵੀ ਨਾਇਕ ਵਜੋਂ ਆਪਣੀ ਭੂਮਿਕਾ ਬਾਖ਼ੂਬੀ ਨਿਭਾਅ ਰਹੇ ਹਨ।ਮੈਂ ਵਿਸ਼ਵ ਪ੍ਰੈੱਸ ਆਜ਼ਾਦੀ ਦਿਵਸ 'ਤੇ ਉਨ੍ਹਾਂ ਦੇ ਜੋਸ਼ ਤੇ ਉਤਸ਼ਾਹ ਨੂੰ ਸਲਾਮ ਕਰਦਾ ਹਾਂ।ਇਸ ਮੌਕੇ ਪ੍ਰੈੱਸ ਕਲੱਬ ਪ੍ਰਧਾਨ ਕੈਲਾਸ਼ ਸ਼ਰਮਾ ਤੇ ਪਵਨ ਸ਼ਾਸਤਰੀ ਨੇ ਦੱਸਿਆ ਕਿ ਸੰਯੁਕਤ ਰਾਸ਼ਟਰ ਦੇ 1948 ਦੇ ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵਵਿਆਪੀ ਐਲਾਨ 'ਚ ਕਿਹਾ ਗਿਆ ਹੈ ਕਿ ਹਰੇਕ ਨੂੰ ਵਿਚਾਰ ਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਹੈ।ਇਸ ਅਧਿਕਾਰ ਵਿੱਚ ਬਿਨਾਂ ਕਿਸੇ ਦਖਲ ਦੇ ਵਿਚਾਰਾਂ ਨੂੰ ਕਿਸੇ ਵੀ ਮੰਚ 'ਤੇ ਆਜ਼ਾਦੀ ਨਾਲ ਰੱਖਣਾ, ਕਿਸੇ ਵੀ ਮਸਲੇ 'ਤੇ ਆਪਣੀ ਸਹਿਮਤੀ ਤੇ ਅਸਹਿਮਤੀ ਪ੍ਰਗਟਾਉਣ, ਰੱਖਣ ਦੀ ਆਜ਼ਾਦੀ ਸ਼ਾਮਲ ਹੈ।ਪੱਤਰਕਾਰਤਾ ਦੀ ਅਜ਼ਾਦੀ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਸੰਯੁਕਤ ਰਾਸ਼ਟਰ ਸੰਘ ਨੇ 1993 ਵਿੱਚ 3 ਮਈ ਦੇ ਦਿਹਾੜੇ ਨੂੰ ਵਿਸ਼ਵ ਪ੍ਰੈੱਸ ਅਜ਼ਾਦੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ।ਇਸ ਮੌਕੇ ਜਨਕ ਜਿੰਦਲ, ਸ਼ੁਭਮ ਗਰਗ, ਵਿਜੇ ਵਰਮਾ, ਹਰਜਿੰਦਰ ਸਿੰਘ ਜਵੰਦਾ, ਜੌਹਰੀ ਮਿੱਤਲ, ਰਮਨ ਗੁਪਤਾ, ਭਾਰਤ ਭੂਸ਼ਣ ਗੋਇਲ, ਰਜਿੰਦਰ ਫਤਿਹਪੁਰ, ਅਮਿਤ ਸ਼ਰਮਾ ਤੇ ਪ੍ਰਿੰਸ ਵਧਵਾ ਆਦਿ ਮੌਜੂਦ ਰਹੇ।

## ਰੱਤੋਕੇ ਪਿੰਡ ਵੱਲੋਂ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਸਨਮਾਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**
ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਹਨ।ਰੱਤੋਕੇ ਸਕੂਲ ਦਾ ਵਿਦਿਆਰਥੀ ਅਰਮਾਨਦੀਪ ਸਿੰਘ 99.5 ਪ੍ਰਤੀਸ਼ਤ ਅੰਕ ਲੈ ਕੇ ਪੰਜਾਬ ਭਰ ਵਿੱਚੋਂ ਤੀਜੇ ਸਥਾਨ 'ਤੇ ਆਇਆ ਹੈ।ਇਸ ਉਪਲਬਧੀ ਨੂੰ ਲੈ ਕੇ ਪਿੰਡ ਦੀ ਪੰਚਾਇਤ ਤੇ ਪਤਵੰਤੇ ਸੱਜਣਾਂ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ ਅਤੇ ਪੂਰੇ ਪਿੰਡ ਵਿੱਚ ਹਾਰ ਪਾ ਕੇ ਵਿਦਿਆਰਥੀਆਂ, ਅਧਿਆਪਕਾਂ ਤੇ ਪਤਵੰਤੇ ਸੱਜਣਾਂ ਵੱਲੋਂ ਰੈਲੀ ਕੱਢੀ ਗਈ।ਇਸ ਮੌਕੇ ਅਧਿਆਪਕ ਸੁਖਪਾਲ ਸਿੰਘ ਨੇ ਵਿਦਿਆਰਥੀਆਂ ਦੀ ਰੱਜ ਕੇ ਪ੍ਰਸੰਸਾ ਕੀਤੀ ਤੇ ਅੱਗੇ ਤੋਂ ਹੋਰ ਜ਼ਿਆਦਾ ਮਿਹਨਤ ਕਰਨ ਦਾ ਪ੍ਰਣ ਕੀਤਾ।ਇਸ ਮੌਕੇ ਬੋਲਦਿਆਂ ਸਕੂਲ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਭੁੱਲਰ ਤੇ ਖਜ਼ਾਨਚੀ ਜਗਪਾਲ ਸਿੰਘ ਸਾਹੋਕੇ ਨੇ ਵਿਦਿਆਰਥੀਆਂ ਦੀ ਪ੍ਰਾਪਤੀ ਨੂੰ ਬਾਕੀ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਦੱਸਿਆ।ਇਸ ਸਮੇਂ ਬਾਕੀ ਵਿਦਿਆਰਥੀਆਂ ਨੇ ਵੀ ਪ੍ਰਣ ਕੀਤਾ ਕਿ ਉਹ ਆਉਣ ਵਾਲੇ ਸਾਲਾਂ ਵਿੱਚ ਪਿੰਡ ਰੱਤੋਕੇ ਤੇ ਆਪਣੇ ਸਕੂਲ ਦਾ ਨਾਮ ਚਮਕਾਉਣਗੇ।ਸਾਰੇ ਪਤਵੰਤੇ ਸੱਜਣਾਂ ਨੇ ਅਰਮਾਨਦੀਪ ਸਿੰਘ ਦੇ ਪਿਤਾ ਲਖਵਿੰਦਰ ਸਿੰਘ ਤੇ ਉਨ੍ਹਾਂ ਦੀ ਮਾਤਾ ਰਾਜਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ।ਇਸ ਮੌਕੇ ਸਾਹਿਬ ਸਿੰਘ, ਸ਼ਮਸ਼ੇਰ ਸਿੰਘ, ਜਵਾਲਾ ਸਿੰਘ ਜੇ ਈ, ਸਤਨਾਮ ਸਿੰਘ, ਹਰਜਿੰਦਰ ਸਿੰਘ, ਅਤਵਿੰਦਰ ਸਿੰਘ ਤੇ ਸਟਾਫ ਵਿੱਚੋਂ ਕਰਮਜੀਤ ਕੌਰ, ਚਰਨਜੀਤ ਕੌਰ, ਰੇਨੂ ਸਿੰਗਲਾ, ਪ੍ਰਵੀਨ ਕੌਰ, ਸੱਤਪਾਲ ਕੌਰ, ਪਰਦੀਪ ਸਿੰਘ ਆਦਿ ਹਾਜ਼ਰ ਸਨ।ਇਹ ਜਾਣਕਾਰੀ ਪ੍ਰੈੱਸ ਨਾਲ ਮੈਡਮ ਰਣਜੀਤ ਕੌਰ ਨੇ ਸਾਂਝੀ ਕੀਤੀ।

## ਡਾ. ਹਰਜੋਤ ਕਮਲ ਲੋਕ ਸਭਾ ਹਲਕਾ ਫਰੀਦਕੋਟ ਦਾ ਇੰਚਾਰਜ ਨਿਯੁਕਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਤੋਂ ਸਾਬਕਾ ਵਿਧਾਇਕ ਤੇ ਪੰਜਾਬ ਭਾਜਪਾ ਦੇ ਸਕੱਤਰ ਡਾ. ਹਰਜੋਤ ਕਮਲ ਸਿੰਘ ਨੂੰ ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪਾਰਟੀ ਨੇ ਡਾ. ਹਰਜੋਤ ਕਮਲ ਨੂੰ ਮੋਗਾ ਦਾ ਕਨਵੀਨਰ ਵੀ ਨਿਯੁਕਤ ਕੀਤਾ ਹੋਇਆ ਸੀ ਤੇ ਹੁਣ ਮੋਗਾ ਦੇ ਕਨਵੀਨਰ ਹੋਣ ਦੇ ਨਾਲ ਨਾਲ ਲੋਕ ਸਭਾ ਹਲਕਾ ਫਰੀਦਕੋਟ ਦੀ ਜ਼ਿੰਮੇਵਾਰੀ ਵੀ ਡਾ. ਹਰਜੋਤ ਕਮਲ ਸਿੰਘ ਦੇ ਮੋਢਿਆਂ 'ਤੇ ਹੋਵੇਗੀ। ਇਸ ਨਿਯੁਕਤੀ 'ਤੇ ਸਮੂਹ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਸਮੂਹ ਵਰਕਰਾਂ ਨੇ ਡਾ. ਹਰਜੋਤ ਕਮਲ ਸਿੰਘ ਨੂੰ ਇਸ ਨਿਯੁਕਤੀ ਦੇ ਵਧਾਈ ਦਿੱਤੀ ਹੈ। ਇਸ ਦੇ ਨਾਲ ਹੀ ਮੋਗਾ ਦੇ ਨਿਧੜਕ ਸਿੰਘ ਬਰਾੜ ਨੂੰ ਲੋਕ ਸਭਾ ਹਲਕਾ ਫਰੀਦਕੋਟ ਦੇ ਦਫ਼ਤਰ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਦਫ਼ਤਰ ਇੰਚਾਰਜ ਮਨਪ੍ਰੀਤ ਸਿੰਘ ਕਪੂਰੇ, ਸਤਨਾਮ ਸਿੰਘ ਮਹੇਸ਼ਰੀ, ਰਾਜ ਕੌਰ, ਧੀਰਜ ਕੁਮਾਰ ਧੀਰਾ, ਪ੍ਰਿੰਸ ਗੈਦੂ, ਸੀਰਾ ਲੰਢੇਕੇ, ਲਖਵੰਤ ਸਿੰਘ ਕੈਨੇਡਾ, ਸਰਪੰਚ ਹਰਨੇਕ ਸਿੰਘ ਮੋਠਾਂਵਾਲੀ, ਗੁਰਤੇਜ ਸਿੰਘ ਖੁਖਰਾਣਾ, ਨਿਰਮਲ ਸਿੰਘ ਮੀਨੀਆਂ, ਸਰਪੰਚ ਜਗਜੀਤ ਸਿੰਘ ਰੱਤੀਆਂ, ਨਿਰਮਲ ਸਿੰਘ ਦੱਦਾਹੂਰ, ਸਰਪੰਚ ਤਰਸੇਮ ਸਿੰਘ ਖੋਸਾ ਪਾਂਡੋ, ਮੇਜਰ ਸਿੰਘ ਕੋਟ ਭਾਊਆਂ ਵਾਲਾ, ਸਰਪੰਚ ਜਗਵੀਨ ਸਿੰਘ ਮੀਨਾ, ਕਰਮਜੀਤ ਸਿੰਘ ਬੱਬੀ, ਜੰਟਾ ਮਾਨ ਦੌਲਤਪੁਰਾ, ਹਰਪ੍ਰੀਤ ਸਿੰਘ ਜੀਤਾ ਘੱਲ ਕਲਾਂ, ਪ੍ਰਧਾਨ ਗੁਰਪ੍ਰੀਤ ਸਿੰਘ ਬੁੱਧ ਸਿੰਘ ਵਾਲਾ, ਗੁਰਵਿੰਦਰ ਸਿੰਘ ਮੰਡੀਰਾਂਵਾਲਾ, ਬਲਦੇਵ ਸਿੰਘ, ਗੁਰਮੇਲ ਸਿੰਘ ਬਾਠ, ਬਲਰਾਜ ਸਿੰਘ ਆਦਿ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਵਰਕਰਾਂ ਨੇ ਡਾ. ਹਰਜੋਤ ਕਮਲ ਸਿੰਘ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਡਾ. ਹਰਜੋਤ ਕਮਲ ਸਿੰਘ ਦੀ ਮਿਹਨਤ ਤੇ ਕਾਬੀਲੀਅਤ ਕਾਰਨ ਅੱਜ ਭਾਜਪਾ ਨੇ ਉਨ੍ਹਾਂ ਨੂੰ ਇਹ ਵੱਡੀ ਜ਼ਿੰਮੇਵਾਰੀ ਸੌਂਪੀ ਹੈ।

## ਸਨਮਤੀ ਵਿਮਲ ਜੈਨ ਸਕੂਲ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ




**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਹੋਣਹਾਰ ਵਿਦਿਆਰਥੀਆਂ ਨੇ ਸਕੂਲ ਦੀ ਗੁਣਾਤਮਕ ਸਿੱਖਿਆ ਦਾ ਪ੍ਰਮਾਣ ਦਿੰਦੇ ਹੋਏ ਆਪਣੀ ਸ਼ਾਨਦਾਰ ਸਫ਼ਲਤਾ ਦਾ ਝੰਡਾ ਲਹਿਰਾਇਆ। ਸਕੂਲ ਦੇ ਹੋਣਹਾਰ ਵਿਦਿਆਰਥੀ ਤਨਵੀਰ ਸਿੰਘ ਨੇ 586/600 ਅੰਕ ਪ੍ਰਾਪਤ ਕਰਕੇ ਜਗਰਾਉਂ 'ਚੋਂ ਪਹਿਲਾ ਤੇ ਵਿਦਿਆਰਥਣ ਏਕਮਜੋਤ ਕੌਰ ਨੇ 582/600 ਅੰਕਾਂ ਨਾਲ ਦੂਜਾ ਸਥਾਨ ਹਾਸਲ ਕਰਕੇ ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਇਸੇ ਲੜੀ 'ਚ ਸਨੇਹਾ ਕੁਮਾਰੀ ਨੇ 96.5 ਪ੍ਰਤੀਸ਼ਤ ਅੰਕ ਹਾਸਲ ਕਰਕੇ ਤੀਸਰਾ, ਜਸਲੀਨ ਕੌਰ ਨੇ 95.67 ਪ੍ਰਤੀਸ਼ਤ ਅੰਕਾਂ ਨਾਲ ਚੌਥਾ, ਗੌਰੇਸ਼ ਕੁਮਾਰ ਨੇ 94.5 ਪ੍ਰਤੀਸ਼ਤ ਅੰਕ ਲੈ ਕੇ ਪੰਜਵਾਂ, ਗੁਰਲੀਨ ਕੌਰ ਤੇ ਲਵਲੀਨ ਕੌਰ ਨੇ 94.17 ਪ੍ਰਤੀਸ਼ਤ ਅੰਕਾਂ ਨਾਲ ਦੋਵਾਂ ਨੇ ਛੇਵਾਂ ਸੌਥਾਨ, ਅਵਨੀਤ ਕੌਰ ਨੇ 94 ਪ੍ਰਤੀਸ਼ਤ ਅੰਕਾਂ ਨਾਲ ਸੱਤਵਾਂ ਸਥਾਨ ਪ੍ਰਾਪਤ ਕੀਤਾ। ਸਕੂਲ ਦਾ ਨਤੀਜਾ ਸ਼ਾਨਦਾਰ ਤੇ 100 ਪ੍ਰਤੀਸ਼ਤ ਰਿਹਾ। ਸਕੂਲ ਦੇ ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਂਵੀਰ ਜੈਨ, ਡਾਇਰੈਕਟਰ ਮੈਡਮ ਸ਼ਸ਼ੀ ਜੈਨ, ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਣਾ ਨੇ ਹੋਣਹਾਰ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਤੇ ਇਸ ਦਾ ਸਿਹਰਾ ਕਾਬਿਲ ਅਧਿਆਪਕਾਂ ਦੀ ਮਿਹਨਤ ਤੇ ਮਾਤਾ-ਪਿਤਾ ਦੇ ਸਹਿਯੋਗ ਅਤੇ ਵਿਦਿਆਰਥੀਆਂ ਦੀ ਲਗਨ ਨੂੰ ਦਿੱਤਾ ਗਿਆ।

## ਲੋਕ ਗਾਇਕ ਬਲਧੀਰ ਮਾਹਲਾ ਦਾ ਗੀਤ 'ਪੁੱਛੋ ਤੁਸੀਂ ਪੁੱਛੋ' ਜਲਦ ਹੋਵੇਗਾ ਰਿਲੀਜ਼



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਕੂੱਕੂ ਰਾਣਾ ਰੋਂਦਾ ਤੇ ਮਾਂ ਦਿਆ ਸੁਰਜਣਾ ਜਿਹੇ ਅਮਰ ਗੀਤ ਗਾਉਣ ਵਾਲੇ ਪ੍ਰਸਿੱਧ ਲੋਕ ਗਾਇਕ ਬਲਧੀਰ ਮਾਹਲਾ ਦਾ ਲੋਕਾਂ ਨੂੰ ਜਾਗਰੂਕ ਕਰਦਾ ਤੇ ਅੱਜ ਦੀ ਨਿੱਘਰ ਚੁੱਕੀ ਸਿਆਸਤ 'ਤੇ ਵਿਅੰਗ ਕੱਸਦਾ ਗੀਤ 'ਪੁੱਛੋ ਤੁਸੀਂ ਪੁੱਛੋ' ਬਹੁਤ ਜਲਦ ਮਾਰਕੀਟ ਵਿੱਚ ਆ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਧੀਰ ਮਾਹਲਾ ਅਫਿਸ਼ੀਅਲ ਦੇ ਪ੍ਰੈੱਸ ਸਕੱਤਰ ਤੇ ਮੀਡੀਆ ਸਲਾਹਕਾਰ ਸ੍ਰੀ ਧਰਮ ਪ੍ਰਵਾਨਾ ਨੇ ਪ੍ਰੈੱਸ ਨੂੰ ਦੱਸਿਆ ਕਿ ਇਹ ਗੀਤ ਸਿਆਸੀ ਆਗੂਆਂ ਦੇ ਲੋਕਾਂ ਨਾਲ ਕੀਤੇ ਝੂਠੇ ਵਾਅਦੇ, ਕਾਰਪੋਰੇਟ ਘਰਾਣਿਆਂ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਦੀ ਲੁੱਟ, ਸਮਾਜ ਵਿੱਚ ਫੈਲੇ ਨਸ਼ੇ, ਲੁੱਟਾਂ ਖੋਹਾਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਮਹਿੰਗਾਈ, ਰਿਸ਼ਵਤਖੋਰੀ, ਕਿਸਾਨੀ ਸੰਘਰਸ਼, ਬੰਦੀ ਸਿੰਘਾਂ ਦੀ ਰਿਹਾਈ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਆਦਿ ਜਿਹੇ ਗੰਭੀਰ ਮੁੱਦਿਆਂ ਦੇ ਹੱਲ ਲਈ ਕਰਾਰੀ ਚੋਟ ਕੱਸਦਿਆਂ ਜਲਦ ਹੀ ਮਾਰਕੀਟ ਵਿੱਚ ਆ ਰਿਹਾ ਹੈ।ਸੋਚ ਤੇ ਸ਼ਬਦ ਬਲਧੀਰ ਮਾਹਲਾ ਦੇ ਹੈ ਤੇ ਸੰਗੀਤਕ ਧੁਨਾਂ ਨਾਲ ਸਜਾਇਆ ਹੈ ਸੰਗੀਤਕਾਰ ਸੰਨੀ ਸੈਵਨ ਨੇ।ਇਸ ਗੀਤ ਦਾ ਫਿਲਮਾਂਕਣ ਉੱਘੇ ਵਿਦਵਾਨ ਗੀਤਕਾਰ ਕੰਵਲਜੀਤ ਸਿੰਘ ਢਿੱਲੋਂ ਦੀ ਰਹਿਨੁਮਾਈ ਵਿੱਚ ਪ੍ਰਸਿੱਧ ਵੀਡੀਓ ਨਿਰਦੇਸ਼ਕ ਗੁਰਬਾਜ ਗਿੱਲ ਦੀ ਨਿਰਦੇਸ਼ਨਾ ਹੇਠ ਹੋ ਰਿਹਾ ਹੈ, ਜੋ ਕਿ ਅਗਲੇ ਕੁੱਝ ਦਿਨਾਂ ਵਿੱਚ ਹੀ ਬਲਧੀਰ ਮਾਹਲਾ ਆਫਿਸ਼ੀਅਲ ਯੂ ਟਿਊਬ ਚੈਨਲ 'ਤੇ ਰਿਲੀਜ਼ ਕੀਤਾ ਜਾਵੇਗਾ।

# ਨਜਾਇਜ਼ ਹੋਰਡਿੰਗਜ਼ ਖਿਲਾਫ ਲੋਕ ਸੇਵਾ ਕਲੱਬ ਜਾਵੇਗਾ ਹਾਈ ਕੋਰਟ

■ ਸ਼ਹਿਰ 'ਚ ਲੱਗੇ ਸਿਆਸੀ ਹੋਰਡਿੰਗਜ਼ ਦੀ ਚੋਣ ਕਮਿਸ਼ਨ ਨੂੰ ਕੀਤੀ ਜਾਵੇਗੀ ਸ਼ਿਕਾਇਤ : ਬਾਂਸਲ




**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**
ਭਾਰਤ ਸਰਕਾਰ ਦੇ ਮਨਿਸਟਰੀ ਆਫ ਰੋਡ ਟਰਾਂਸਪੋਰਟ ਤੇ ਹਾਈਵੇਅ ਮੰਤਰਾਲਾ ਦੇ ਸਪੱਸ਼ਟ ਦਿਸ਼ਾ ਨਿਰਦੇਸ਼ ਹਨ ਕਿ ਕਿਸੇ ਵੀ ਹਾਈਵੇਅ (ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ) 'ਤੇ ਕਿਸੇ ਵੀ ਕਿਸਮ ਦੇ ਹੋਰਡਿੰਗਜ਼ ਜਾਂ ਮਸ਼ਹੂਰੀ ਵਾਲੇ ਬੋਰਡ ਨਹੀਂ ਲਗਾਏ ਜਾ ਸਕਦੇ।ਇੱਥੋ ਤੱਕ ਕਿ ਕਿਸੇ ਵੀ ਹਾਈਵੇਅ 'ਤੇ ਫੇਸਿੰਗ ਹੋਰਡਿੰਗਜ਼ ਲਗਾਉਣ 'ਤੇ ਮਨਾਹੀ ਹੈ, ਕਿਉਂਕਿ ਇਹ ਨਜਾਇਜ਼ ਹੋਰਡਿੰਗਜ਼ ਵਾਹਨ ਚਾਲਕਾਂ ਦਾ ਧਿਆਨ ਖਿੱਚਦੇ ਹਨ ਤੇ ਇਸ ਨਾਲ ਸੜਕ ਹਾਦਸੇ ਵਾਪਰਦੇ ਹਨ।ਜਾਣਕਾਰੀ ਦਿੰਦੇ ਹੋਏ ਲੋਕ ਸੇਵਾ ਕਲੱਬ ਦੇ ਪ੍ਰਧਾਨ ਪੀ ਡੀ ਬਾਂਸਲ ਨੇ ਕਿਹਾ ਕਿ ਇਹ ਸਭ ਕੁੱਝ ਜਾਣਦੇ ਹੋਏ ਵੀ ਨਗਰ ਕੌਂਸਲ ਅਧਿਕਾਰੀ ਇਨ੍ਹਾਂ ਨਜਾਇਜ਼ ਹੋਰਡਿੰਗਜ਼ ਨੂੰ ਪ੍ਰਵਾਨਗੀਆਂ ਦੇ ਕੇ ਖੰਨਾ ਸ਼ਹਿਰ ਵਿੱਚ ਥਾਂ ਥਾਂ 'ਤੇ ਹੋਰਡਿੰਗਜ਼ ਬੋਰਡ ਲਗਾਵਾ ਰਹੇ ਹਨ।ਹੋਰਡਿੰਗਜ਼ ਜਾਂ ਮਸ਼ਹੂਰੀ ਬੋਰਡ ਲਗਾਉਣ ਲਈ ਕੋਈ ਵੀ ਯੂਨੀਪੋਲ ਜਾਂ ਹੋਰਡਿੰਗਜ਼ ਢਾਂਚਾ ਨੈਸ਼ਨਲ ਹਾਈਵੇਅ ਦੀ ਹੱਦ ਅੰਦਰ ਖੜ੍ਹਾ ਨਹੀਂ ਕੀਤਾ ਜਾ ਸਕਦਾ।ਇਸ ਦੇ ਉਲਟ ਖੰਨਾ ਸ਼ਹਿਰ ਵਿੱਚ ਜਗ੍ਹਾ-ਜਗ੍ਹਾ ਪੱਕੇ ਯੂਨੀਪੋਲ ਗੱਡ ਕੇ ਹੋਰਡਿੰਗਜ਼ ਲਗਾ ਦਿੱਤੇ ਗਏ ਹਨ।ਇਹ ਸਭ ਕੁੱਝ ਨਗਰ ਕੌਂਸਲ ਪ੍ਰਸ਼ਾਸਨ ਤੇ ਠੇਕੇਦਾਰ ਦੀ ਮਿਲੀਭਗਤ ਨਾਲ ਚੱਲ ਰਿਹਾ ਹੈ।ਬਾਂਸਲ ਨੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਗਰ ਕੌਂਸਲ ਕੋਲ ਐਸੀਆਂ ਕੋਈ ਵੀ ਸ਼ਕਤੀਆਂ ਨਹੀਂ ਹਨ ਕਿ ਉਹ ਕਿਸੇ ਨੂੰ ਵੀ ਹੋਰਡਿੰਗਜ਼ ਜਾਂ ਮਸ਼ਹੂਰੀ ਬੋਰਡ ਲਗਾਉਣ ਲਈ ਕਿਸੇ ਵੀ ਹਾਈਵੇਅ ਦੀ ਹੱਦ ਅੰਦਰ ਕੋਈ ਪ੍ਰਵਾਨਗੀ ਦੇ ਸਕੇ।ਜਿੰਨੇ ਵੀ ਹੋਰਡਿੰਗਜ਼ ਜਾਂ ਮਸ਼ਹੂਰੀ ਬੋਰਡ ਲਗਾਏ ਜਾਂਦੇ ਹਨ, ਉਹ ਸਾਰੇ ਗੈਰ-ਕਨੂੰਨੀ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਲਗਾਏ ਜਾਂਦੇ ਹਨ।ਉਨ੍ਹਾ ਕਿਹਾ ਕਿ ਨਗਰ ਕੌਂਸਲ ਦੀ ਹੱਦ ਅੰਦਰ ਹਰ ਕਿਸਮ ਦੇ ਨਜਾਇਜ਼ ਹੋਰਡਿੰਗਜ਼ ਜਾਂ ਮਸ਼ਹੂਰੀ ਬੋਰਡ ਹਟਾਉਣਾ ਸਥਾਨਕ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ।ਬਾਂਸਲ ਨੇ ਕਿਹਾ ਕਿ ਚੋਣ ਜਾਬਤਾ ਲੱਗੇ ਹੋਣ ਦੇ ਬਾਵਜੂਦ ਹਾਈਵੇਅ ਦੀ ਹੱਦ ਅੰਦਰ ਸ਼ਹਿਰ ਦੇ ਪ੍ਰਮੁੱਖ ਚੌਕਾਂ ਵਿੱਚ ਕਈ ਰਾਜਸੀ ਲੀਡਰਾਂ ਦੇ ਵੱਡੇ ਵੱਡੇ ਹੋਰਡਿੰਗਜ਼ ਲਗਾਏ ਜਾ ਰਹੇ ਹਨ, ਜੋ ਕਿ ਸਰਾਸਰ ਕਾਨੂੰਨ ਦੀ ਉਲੰਘਣਾ ਹੈ।ਇਹ ਸਭ ਨਿਯਮਾਂ ਨੂੰ ਛਿੱਕੇ ਟੰਗ ਕੇ ਪ੍ਰਸ਼ਾਸਨ ਦੀ ਸ਼ਹਿ 'ਤੇ ਹੋ ਰਿਹਾ ਹੈ। ਬਾਂਸਲ ਨੇ ਕਿਹਾ ਕਿ ਇਸ ਸਬੰਧੀ ਕਾਰਵਾਈ ਕਰਨ ਲਈ ਅਸੀਂ ਚੋਣ ਕਮਿਸ਼ਨ ਲਿਖ ਕੇ ਕਾਨੂੰਨ ਅਨੁਸਾਰ ਕਾਰਵਾਈ ਦੀ ਮੰਗ ਕੀਤੀ ਹੈ।ਬਾਂਸਲ ਨੇ ਕਿਹਾ ਉਨ੍ਹਾਂ ਦੀ ਸੰਸਥਾ ਨੇ ਨਜਾਇਜ਼ ਹੋਰਡਿੰਗਜ਼ ਖਿਲਾਫ ਸਾਰੇ ਸਬੰਧਤ ਅਧਿਕਾਰੀਆਂ ਨੂੰ ਲਿਖਿਆ ਸੀ, ਪਰ ਕਿਸੇ ਵੀ ਅਧਿਕਾਰੀ ਨੇ ਕੋਈ ਕਾਰਵਾਈ ਨਹੀਂ ਕੀਤੀ।ਹੁਣ ਮਾਨਯੋਗ ਹਾਈ ਕੋਰਟ ਵਿੱਚ ਪਟੀਸ਼ਨ ਦਾਖਲ ਕਰਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੈ।ਉਨ੍ਹਾ ਕਿਹਾ ਕਿ ਅਸੀਂ ਅਜੇ ਵੀ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਬਣਦੀ ਕਾਰਵਾਈ ਕਰਕੇ ਗੈਰ-ਕਨੂੰਨੀ ਹੋਰਡਿੰਗਜ਼, ਯੂਨੀਪੋਲ ਹਟਵਾਏ ਜਾਣ, ਨਹੀਂ ਤਾਂ ਸਾਰੇ ਸਬੰਧਤ ਅਧਿਕਾਰੀਆਂ ਨੂੰ ਹਾਈ ਕੋਰਟ ਵਿੱਚ ਧਿਰ ਬਣਾਇਆ ਜਾਵੇਗਾ। ਉਨ੍ਹਾਂ ਨਾਲ ਤਾਰਾ ਚੰਦ-ਜਨਰਲ ਸਕੱਤਰ, ਬਲਦੇਵ ਸ਼ਰਮਾ-ਮੁੱਖ ਸਲਾਹਕਾਰ, ਅਵਤਾਰ ਸਿੰਘ ਮਾਨ, ਰਾਕੇਸ਼ ਕੁਮਾਰ, ਨਵਜੀਤ ਸਿੰਘ, ਕੌਸ਼ਲ ਕੁਮਾਰ ਤੇ ਸਤਨਾਮ ਸਿੰਘ ਹਾਜ਼ਰ ਸਨ। ਇਸ ਸਬੰਧੀ ਨਗਰ ਕੌਂਸਲ ਖੰਨਾ ਦੇ ਨਗਰ ਸੁਧਾਰਕ ਅਫਸਰ ਚਰਨਜੀਤ ਸਿੰਘ ਉੱਭੀ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਨਗਰ ਕੌਂਸਲ ਖੰਨਾ ਵੱਲੋਂ ਠੇਕੇਦਾਰ ਨੂੰ ਪੰਜ ਸਾਲ ਵਾਸਤੇ ਠੇਕਾ ਦਿੱਤਾ ਗਿਆ ਹੈ, ਇਕ ਸਾਲ ਦਾ ਠੇਕਾ 25 ਲੱਖ ਰੁਪਏ ਹੈ, ਇਹ ਸਭ ਕੰਮ ਕਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਕੀਤਾ ਗਿਆ ਹੈ।

## ਚੋਰਾਂ ਇੱਕੋ ਰਾਤ 3 ਦੁਕਾਨਾਂ ਲੁੱਟੀਆਂ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ 'ਚ ਬੀਤੀ ਰਾਤ ਫਿਰ 3 ਦੁਕਾਨਾਂ ਵਿੱਚ ਚੋਰੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਚੋਰਾਂ ਵੱਲੋਂ ਗਨੀ ਖਾਂ ਨਬੀ ਖਾਂ ਗੇਟ ਨੇੜੇ ਕੁਹਾੜਾ ਰੋਡ 'ਤੇ ਸਥਿਤ ਮਿੱਤਲ ਮੈਡੀਕਲ ਸਟੋਰ ਦੇ ਸ਼ਟਰ ਤੋੜੇ ਤੇ ਉਸ ਦੇ ਗੱਲੇ 'ਚੋਂ 4 ਤੋਂ 5 ਹਜ਼ਾਰ ਰੁਪਏ ਨਕਦੀ ਚੋਰੀ ਕਰ ਲਈ। ਇਸ ਮੈਡੀਕਲ ਸਟੋਰ ਦੇ ਨਾਲ ਹੀ ਲਜੀਜ਼ ਰੈਸਟੋਰੈਂਟ ਹੈ, ਜਿਸ ਦੇ ਬਾਹਰ ਸੀਸੀਟੀਵੀ ਕੈਮਰੇ ਲੱਗੇ ਹੋਏ ਹਨ ਤੇ ਚੋਰਾਂ ਨੇ ਆਪਣੀ ਪਹਿਚਾਣ ਛੁਪਾਉਣ ਲਈ ਇਸ ਦੁਕਾਨ ਦੇ ਵੀ ਸ਼ਟਰ ਤੋੜੇ ਤੇ ਉਸ 'ਚੋਂ ਡੀਵੀਆਰ ਚੋਰੀ ਕਰਕੇ ਲੈ ਗਏ। ਰੈਸਟੋਰੈਂਟ ਦੇ ਮਾਲਕ ਰਾਜੇਸ਼ ਲੀਹਲ ਨੇ ਦੱਸਿਆ ਕਿ ਉਸ ਦੇ ਗੱਲੇ ਵਿੱਚ ਕਰੀਬ 200 ਰੁਪਏ ਪਿਆ ਸੀ, ਜਿਸ ਨੂੰ ਵੀ ਚੋਰ ਉਡਾ ਕੇ ਲੈ ਗਏ। ਕੁਹਾੜਾ ਰੋਡ 'ਤੇ ਹੀ ਸਥਿਤ ਹਾਰਡਵੇਅਰ ਦੇ ਇੱਕ ਸ਼ੋਰੂਮ ਦਾ ਸ਼ਟਰ ਤੋੜ ਚੋਰ ਅੰਦਰ ਦਾਖਲ ਹੋਏ ਤੇ ਉਸ ਦੇ ਗੱਲੇ 'ਚ ਪਈ ਨਕਦੀ ਲੈ ਗਏ। ਚੋਰਾਂ ਨੇ ਇਸ ਦੁਕਾਨ 'ਚੋਂ ਵੀ ਆਪਣੀ ਪਹਿਚਾਣ ਛੁਪਾਉਣ ਲਈ ਕੈਮਰੇ ਤੇ ਡੀਵੀਆਰ ਚੋਰੀ ਕਰ ਲਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਆਰੰਭ ਕਰ ਦਿੱਤੀ ਤੇ ਸੀਸੀਟੀਵੀ ਕੈਮਰਿਆਂ ਦੇ ਅਧਾਰ 'ਤੇ ਚੋਰਾਂ ਦੀ ਪੈੜ ਨੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਲੋਕ 'ਆਪ' ਸਰਕਾਰ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ : ਕਰਮਜੀਤ

## ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ, ਭਾਣਾ ਦੇ ਅਨੇਕਾਂ ਪਰਵਾਰ 'ਆਪ' 'ਚ ਸ਼ਾਮਲ



**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ, ਗੁਰਪ੍ਰੀਤ ਸਿੰਘ ਬੇਦੀ/ ਰਛਪਾਲ ਭੁੱਲਰ)**

ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਉਮੀਦਵਾਰ ਕਰਮਜੀਤ ਅਨਮੋਲ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ, ਜਦੋਂ ਨੇੜਲੇ ਪਿੰਡ ਭਾਣਾ ਦੇ ਵਸਨੀਕ ਸੁਰਜੀਤ ਸਿੰਘ ਬਰਾੜ ਹਾਲ ਆਬਾਦ ਕੈਨੇਡਾ ਦੀ ਪ੍ਰੇਰਨਾ ਸਦਕਾ ਪਿੰਡ ਭਾਣਾ ਦੇ ਵੱਖ ਵੱਖ ਰਵਾਇਤੀ ਪਾਰਟੀਆਂ ਛੱਡ ਕੇ ਅਨੇਕਾਂ ਪਰਵਾਰ ਆਮ ਆਦਮੀ 'ਚ ਸ਼ਾਮਲ ਹੋ ਗਏ।ਉਕਤ ਪਰਵਾਰਾਂ ਦਾ ਸਿਰੋਪਾਉ ਦੀ ਬਖਸ਼ਿਸ਼ ਨਾਲ ਸਨਮਾਨ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਤੇ ਕਰਮਜੀਤ ਅਨਮੋਲ ਨੇ ਆਖਿਆ ਕਿ ਉਨ੍ਹਾ ਨੂੰ ਪਾਰਟੀ ਵਿੱਚ ਪੂਰਨ ਮਾਣ ਸਤਿਕਾਰ ਦਿੱਤਾ ਜਾਵੇਗਾ।ਪਾਰਟੀ 'ਚ ਸ਼ਾਮਲ ਹੋਣ ਵਾਲੇ ਪਰਵਾਰਾਂ 'ਚੋਂ ਅਮਰਜੀਤ ਸਿੰਘ ਬਰਾੜ, ਕੌਰ ਸਿੰਘ, ਸੁਖਚੈਨ ਸਿੰਘ, ਕੇਵਲ ਸਿੰਘ ਬਲਕਾਰ ਸਿੰਘ, ਸੁਖਦੇਵ ਸਿੰਘ, ਲਖਵਿੰਦਰ ਸਿੰਘ, ਸੇਵਕ ਸਿੰਘ, ਕੁਲਵੰਤ ਸਿੰਘ ਆਦਿ ਨੇ ਦੱਸਿਆ ਕਿ ਉਹ ਪੀੜੀ ਦਰ ਪੀੜੀ ਰਵਾਇਤੀ ਪਾਰਟੀਆਂ ਦੇ ਆਗੂਆਂ ਦੇ ਲੱਛੇਦਾਰ ਭਾਸ਼ਣਾਂ ਤੇ ਝੂਠੇ ਦਾਅਵਿਆਂ ਤੇ ਵਾਅਦਿਆਂ ਦੀ ਰਾਜਨੀਤੀ 'ਚ ਗੁੰਮਰਾਹ ਹੋ ਕੇ ਉਨ੍ਹਾਂ ਨੂੰ ਵੋਟਾਂ ਪਾਉਂਦੇ ਆ ਰਹੇ ਹਨ, ਪਰ ਜਦੋਂ ਉਨ੍ਹਾਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਦਾ ਮਹਿਜ ਦੋ ਸਾਲ ਦਾ ਵਿਸ਼ਲੇਸ਼ਣ ਕੀਤਾ ਤਾਂ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਕਿ ਜੇਕਰ 'ਆਪ' ਸਰਕਾਰ ਆਪਣੇ ਕਾਰਜਕਾਲ ਦੇ ਪਹਿਲੇ ਦੋ ਸਾਲਾਂ ਵਿੱਚ ਹੀ ਬਿਨਾਂ ਸਿਫਾਰਸ਼ ਤੇ ਬਿਨਾਂ ਕਿਸੇ ਰਿਸ਼ਵਤ ਦੇ 43 ਹਜ਼ਾਰ ਤੋਂ ਜ਼ਿਆਦਾ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਵੰਡ ਸਕਦੀ ਹੈ ਤਾਂ ਸਾਡੀਆਂ ਆਉਣ ਵਾਲੀ ਨਵੀਂ ਪੀੜ੍ਹੀ ਦਾ ਭਵਿੱਖ ਸਿਰਫ 'ਆਪ' ਸਰਕਾਰ ਰਾਹੀਂ ਹੀ ਸੁਰੱਖਿਅਤ ਹੋ ਸਕਦਾ ਹੈ।ਉਨ੍ਹਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਦੋ ਸਾਲਾਂ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਕਰਦਿਆਂ ਆਖਿਆ ਕਿ ਸਪੀਕਰ ਸੰਧਵਾਂ ਨੇ ਪਹਿਲਾਂ ਪੰਜ ਸਾਲ ਵਿਧਾਇਕ ਬਣਨ ਤੋਂ ਬਾਅਦ ਵਿਰੋਧੀ ਧਿਰ ਵਿੱਚ ਹੋਣ ਦੇ ਬਾਵਜੂਦ ਆਮ ਲੋਕਾਂ ਦੇ ਮੁੱਦੇ ਉਠਾਏ, ਹਰ ਇਕ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਏ, ਵਿਧਾਨ ਸਭਾ ਹਲਕਾ ਕੋਟਕਪੂਰਾ ਅਧੀਨ ਆਉਂਦੇ ਸ਼ਹਿਰ ਦੇ ਕਈ ਗਲੀ-ਮੁਹੱਲਿਆਂ ਤੇ ਪਿੰਡਾਂ ਦੇ ਵਸਨੀਕਾਂ ਦੇ ਕਈ-ਕਈ ਸਾਲ ਪੁਰਾਣੇ ਲੜਾਈ-ਝਗੜੇ ਮਿਟਾਉਂਦਿਆਂ ਮਤਭੇਦ ਦੂਰ ਕੀਤੇ, ਕਈਆਂ ਦੇ ਰਾਜ਼ੀਨਾਮੇ ਕਰਵਾ ਕੇ ਅਦਾਲਤਾਂ 'ਚ ਚੱਲਦੇ ਕੇਸ ਵੀ ਵਾਪਸ ਕਰਵਾਏ, ਕਿਸੇ ਨਾਲ ਵਿਤਕਰਾ ਨਾ ਕੀਤਾ, ਸਪੀਕਰ ਬਣਨ ਤੋਂ ਬਾਅਦ ਵੀ ਕੁਲਤਾਰ ਸਿੰਘ ਸੰਧਵਾਂ ਧਰਤੀ ਨਾਲ ਜੁੜੇ ਰਹੇ ਤੇ ਪਿਛਲੇ ਦੋ ਸਾਲਾਂ ਤੋਂ ਆਪਣਿਆਂ ਤੇ ਬੇਗਾਨਿਆਂ ਅਰਥਾਤ ਹਰੇਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਦਾ ਸਿਲਸਿਲਾ ਜਾਰੀ ਰੱਖਿਆ, ਜਿਸ ਕਰਕੇ ਉਨ੍ਹਾ ਆਪਣੇ ਪਰਵਾਰਾਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਮਨ ਬਣਾਇਆ ਹੈ।ਪਿੰਡ ਭਾਣਾ ਦੇ ਉਕਤ ਵਸਨੀਕਾਂ ਨੇ ਮੁਫਤ ਬਿਜਲੀ, ਸਰਕਾਰ ਤੁਹਾਡੇ ਦੁਆਰ, ਭ੍ਰਿਸ਼ਟਾਚਾਰ ਤੇ ਨਸ਼ਾ ਵਿਰੋਧੀ ਮੁਹਿੰਮ, ਮੁਹੱਲਾ ਕਲੀਨਿਕ, ਆਮ ਲੋਕਾਂ ਲਈ ਸ਼ੁਰੂ ਕੀਤੀਆਂ ਸਕੀਮਾਂ ਤੇ ਸਹੂਲਤਾਂ, ਸਕੂਲ ਆਫ ਐਮੀਨੈਂਸ ਵਰਗੀਆਂ ਸਹੂਲਤਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਅੱਜ ਤੱਕ ਕਿਸੇ ਵੀ ਸਰਕਾਰ ਨੇ ਆਮ ਲੋਕਾਂ ਦੀ ਸਾਰ ਲੈਣ ਦੀ ਜ਼ਰੂਰਤ ਹੀ ਨਹੀਂ ਸਮਝੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਖਵੰਤ ਸਿੰਘ ਪੱਕਾ ਜ਼ਿਲ੍ਹਾ ਯੂਥ ਪ੍ਰਧਾਨ, ਭਜਨ ਸਿੰਘ ਭਾਣਾ, ਬਸੰਤ ਸਿੰਘ ਭਾਣਾ, ਬਲਦੇਵ ਸਿੰਘ, ਜਸਪ੍ਰੀਤ ਸਿੰਘ ਚਹਿਲ, ਹਰਵਿੰਦਰ ਸਿੰਘ ਨੱਥੇਵਾਲਾ, ਭੋਲਾ ਸਿੰਘ ਟਹਿਣਾ, ਬਾਬੂ ਸਿੰਘ ਫਿੱਡੇ ਤੇ ਰਾਜਪਾਲ ਸਿੰਘ ਢੁੱਡੀ ਆਦਿ ਹਾਜ਼ਰ ਸਨ।

# ਮੰਦਰ ਦੇ ਪੁਜਾਰੀਆਂ ਵੱਲੋਂ ਨੌਜਵਾਨ ਦਾ ਕਤਲ

## ਲਾਸ਼ ਹਵਨ ਕੁੰਡ 'ਚੋਂ ਬਰਾਮਦ

**ਧੂਰੀ (ਰਾਜੇਸ਼ਵਰ ਪਿੰਟੂ, ਬੰਨੀ ਗਰਗ)**

ਸਥਾਨਕ ਸ਼ਹਿਰ ਵਿੱਚ ਵਾਪਰੀ ਇੱਕ ਦਿਲ ਕੰਬਾਊ ਘਟਨਾ ਵਿੱਚ ਦੋਹਲਾ ਰੋਡ ਫ਼ਾਟਕਾਂ ਨੇੜੇ ਸਥਿਤ ਸ੍ਰੀ ਬਗਲਾਮੁਖੀ ਮੰਦਰ ਦੇ ਪੁਜਾਰੀਆਂ ਵੱਲੋਂ ਧੂਰੀ ਸ਼ਹਿਰ ਦੇ 33 ਸਾਲਾ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰਨ ਤੇ ਲਾਸ਼ ਨੂੰ ਮੰਦਰ ਵਿੱਚ ਬਣੇ ਹਵਨ ਕੁੰਡ ਵਿੱਚੋਂ ਬਰਾਮਦ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।ਜਾਣਕਾਰੀ ਅਨੁਸਾਰ ਮ੍ਰਿਤਕ ਨੌਜਵਾਨ ਦੇ ਧੂਰੀ ਵਾਸੀ ਅਨੰਤਰ ਪਿੰਡ ਬਚੌਲੀ (ਜ਼ਿਲ੍ਹਾ ਪਟਿਆਲਾ) ਵਿਖੇ ਸੇਵਾ ਕਰਦੇ ਪਿਤਾ ਗੁਰਿੰਦਰ ਕੁਮਾਰ ਵੱਲੋਂ ਥਾਣਾ ਸਿਟੀ ਧੂਰੀ ਦੀ ਪੁਲਸ ਕੋਲ ਦਿੱਤੇ ਆਪਣੇ ਬਿਆਨ ਵਿੱਚ ਮੰਦਰ ਦੇ ਪੁਜਾਰੀਆਂ 'ਤੇ ਉਸ ਦੇ ਪੁੱਤਰ ਨੂੰ ਕਤਲ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਉਸ ਦਾ ਲੜਕਾ ਸੁਦੀਪ ਕੁਮਾਰ (33) ਪਿਛਲੇ ਕਰੀਬ 14 ਸਾਲਾਂ ਤੋਂ ਦੋਹਲਾ ਰੋਡ ਨੇੜੇ ਸਥਿਤ ਮਾਤਾ ਬਗਲਾਮੁਖੀ ਮੰਦਰ ਵਿੱਚ ਪੁਜਾਰੀ ਦਾ ਕੰਮ ਕਰਦਾ ਸੀ ਤੇ ਇਸ ਮੰਦਰ ਵਿੱਚ ਪੁਜਾਰੀ ਅਸ਼ੋਕ ਸ਼ਾਸਤਰੀ ਤੇ ਪਰਮਾਨੰਦ ਵਾਸੀ ਖਜੂਆ (ਉੱਤਰ ਪ੍ਰਦੇਸ਼) ਵੀ ਪੁਜਾਰੀ ਦਾ ਕੰਮ ਕਰਦਾ ਸੀ ਅਤੇ ਇਹ ਦੋਵੇਂ ਪੁਜਾਰੀ ਮੇਰੇ ਲੜਕੇ ਨਾਲ ਰੰਜਸ਼ ਰੱਖਦੇ ਸੀ ਅਤੇ ਮੰਦਰ ਛੱਡ ਕੇ ਜਾਣ ਲਈ ਉਸ ਨੂੰ ਪ੍ਰੇਸ਼ਾਨ ਕਰਦੇ ਸੀ।ਮ੍ਰਿਤਕ ਦੇ ਪਿਤਾ ਨੇ ਬਿਆਨ ਵਿੱਚ ਕਿਹਾ ਕਿ 3/4 ਦਿਨ ਪਹਿਲਾਂ ਵੀ ਮੇਰੇ ਲੜਕੇ ਨੇ ਮੈਨੂੰ ਦੋਵਾਂ ਪੁਜਾਰੀਆਂ ਵੱਲੋਂ ਉਸ ਨਾਲ ਕੀਤੇ ਝਗੜੇ ਬਾਰੇ ਦੱਸਿਆ ਸੀ।ਫਿਰ 3 ਮਈ ਨੂੰ ਸਵੇਰੇ ਮੇਰੇ ਧੂਰੀ ਸਥਿਤ ਘਰ ਦੇ ਗੁਆਂਢੀ ਨੇ ਫੋਨ 'ਤੇ ਦੱਸਿਆ ਕਿ ਪਿਛਲੀ ਰਾਤ ਸੁਦੀਪ ਘਰ ਨਹੀਂ ਆਇਆ ਤੇ ਸੂਚਨਾ ਮਿਲਣ 'ਤੇ ਮੈਂ ਧੂਰੀ ਆ ਕੇ ਸੁਦੀਪ ਕੁਮਾਰ ਦੀ ਭਾਲ ਕਰਦਿਆਂ ਜਦੋਂ ਮੰਦਰ ਪੁੱਜਿਆ ਤਾਂ ਮੇਰੇ ਪੁੱਤਰ ਦੀ ਲਾਸ਼ ਨੂੰ ਮੰਦਰ ਵਿੱਚ ਬਣੇ ਹਵਨ ਕੁੰਡ ਵਿੱਚੋਂ ਬਰਾਮਦ ਕੀਤਾ ਗਿਆ।

ਸੰਪਰਕ ਕਰਨ 'ਤੇ ਥਾਣਾ ਸਿਟੀ ਧੂਰੀ ਦੇ ਮੁਖੀ ਸੌਰਭ ਸੱਭਰਵਾਲ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਮ੍ਰਿਤਕ ਸੁਦੀਪ ਕੁਮਾਰ ਦੇ ਪਿਤਾ ਗੁਰਿੰਦਰ ਕੁਮਾਰ ਦੇ ਬਿਆਨ ਦੇ ਅਧਾਰ 'ਤੇ ਪੁਜਾਰੀ ਅਸ਼ੋਕ ਸ਼ਾਸਤਰੀ ਤੇ ਪਰਮਾਨੰਦ ਖ਼ਿਲਾਫ਼ ਕਤਲ ਦੇ ਦੋਸ਼ ਹੇਠ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਉਕਤ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਬਾਰੀਕੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਪੁੱਛਗਿੱਛ ਦੌਰਾਨ ਸੁਰਾਗ ਸਾਹਮਣੇ ਆਉਣ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

ਇਸ ਕਤਲ ਨੂੰ ਲੈ ਕੇ ਸ਼ਹਿਰ ਵਾਸੀਆਂ ਵਿੱਚ ਭਾਰੀ ਰੋਸ ਵੇਖਣ ਨੂੰ ਮਿਲਿਆ ਤੇ ਗੁੱਸੇ ਵਿੱਚ ਆਏ ਲੋਕਾਂ ਨੇ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਤੇ ਸ਼ਿਵ ਸੈਨਾ ਦੇ ਆਗੂ ਦਿਆਲ ਸਿੰਘ ਨੰਦਾ ਦੀ ਅਗਵਾਈ ਹੇਠ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ ਅਤੇ ਦੁਕਾਨਾਂ ਬੰਦ ਕਰਵਾਈਆਂ।



ਮ੍ਰਿਤਕ ਸੁਦੀਪ ਸ਼ਰਮਾ ਦੀ ਪੁਰਾਣੀ ਫੋਟੋ।

# ਨੌਜਵਾਨ ਦੀ ਭੇਦਭਰੀ ਹਾਲਤ 'ਚ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਇੱਕ 33 ਸਾਲਾ ਨੌਜਵਾਨ ਦੀ ਭੇਦਭਰੀ ਹਾਲਤ 'ਚ ਮੌਤ ਹੋ ਜਾਣ ਦਾ ਸਮਾਚਾਰ ਹੈ।ਮ੍ਰਿਤਕ ਦੀ ਪਹਿਚਾਣ ਸੰਜੀਵ ਕੁਮਾਰ (33) ਵਾਸੀ ਬਾਜ਼ਾਰ ਸਰਹਿੰਦ ਵਜੋਂ ਹੋਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮ੍ਰਿਤਕ ਦੇ ਪਿਤਾ ਰਣਜੀਤ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦਾ ਲੜਕਾ ਸੰਜੀਵ ਕੁਮਾਰ ਬੀਤੇ ਕਰੀਬ 8/9 ਸਾਲ ਤੋਂ ਅੰਬਾਲਾ ਕੈਂਟ ਦੀ ਇੱਕ ਫੈਕਟਰੀ 'ਚ ਨੌਕਰੀ ਕਰਦਾ ਸੀ, ਜੋ ਕਿ ਕੱਲ੍ਹ 2 ਮਈ ਨੂੰ ਰੋਜ਼ਾਨਾ ਵਾਂਗ ਘਰੋਂ ਡਿਊਟੀ 'ਤੇ ਗਿਆ, ਪਰ ਜਦੋਂ ਉਹ ਰਾਤ ਨੂੰ ਵਾਪਸ ਘਰ ਨਾ ਪਰਤਿਆ ਤਾਂ ਸੰਜੀਵ ਦੀ ਮਾਤਾ ਤੇ ਸੰਜੀਵ ਦੀ ਪਤਨੀ ਨੇ ਉਸ ਨੂੰ ਫੋਨ ਕੀਤੇ, ਜਿਸ ਨੇ ਕਿਹਾ ਕਿ ਉਹ ਸਰਹਿੰਦ ਬੱਸ ਅੱਡੇ ਨਜ਼ਦੀਕ ਰੇਲਵੇ ਟਾਪ ਦਾ ਕੰਮ ਕਰਨ ਵਾਲੇ ਦਵਿੰਦਰ ਸਿੰਘ ਕੋਲ ਬੈਠਾ ਹੈ ਤੇ ਜਲਦੀ ਹੀ ਘਰ ਆ ਜਾਵੇਗਾ, ਜਿਸ ਤੋਂ ਬਾਅਦ ਰਾਤ ਕਰੀਬ 1 ਵਜੇ ਜਦੋਂ ਸੰਜੀਵ ਦਾ ਫੋਨ ਬੰਦ ਆਉਣ ਲੱਗ ਪਿਆ ਤਾਂ ਉਨ੍ਹਾਂ ਨੇ ਸੰਜੀਵ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦੌਰਾਨ ਅੱਜ ਸਵੇਰੇ ਕਰੀਬ 8 ਵਜੇ ਬਾਜ਼ਾਰ ਸਰਹਿੰਦ ਦੇ ਪਸ਼ੂ ਹਸਪਤਾਲ ਨੇੜੇ ਇੱਕ ਖਾਲੀ ਪਲਾਟ 'ਚੋਂ ਸੰਜੀਵ ਕੁਮਾਰ ਦੀ ਲਾਸ਼ ਅਰਧ ਨਗਨ ਹਾਲਤ 'ਚ ਮੂੰਹ ਭਾਰ ਪਈ ਮਿਲੀ।ਥਾਣਾ ਸਰਹਿੰਦ ਦੀ ਪੁਲਸ ਨੇ ਮ੍ਰਿਤਕ ਸੰਜੀਵ ਕੁਮਾਰ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)**-ਸਮਾਜ ਸੇਵਾ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਬਾਰ੍ਹਵੀਂ ਜਮਾਤ ਵਿੱਚੋਂ ਮੈਰਿਟ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਮਾਜ ਸੇਵਾ ਸੁਸਾਇਟੀ ਗੁਰੂ ਹਰਸਹਾਏ ਦੇ ਪ੍ਰਧਾਨ ਮਦਨ ਮੋਹਨ ਕੰਧਾਰੀ ਬੂਡ ਚੰਦ ਬਿਚਰਾ ਜਨਰਲ ਸੈਕਟਰੀ, ਆਦਰਸ਼ ਧਵਨ ਕੈਸ਼ੀਅਰ, ਸਤਵਿੰਦਰ ਭੰਡਾਰੀ ਸਰਪ੍ਰਸਤ, ਪੱਪੂ ਮੋਗਾ ਚੇਅਰਮੈਨ, ਮਨੋਜ ਛਾਬੜਾ ਸੀਨੀਅਰ ਉੱਪ ਪ੍ਰਧਾਨ, ਅਸ਼ੋਕ ਮੋਗਾ ਉੱਪ ਪ੍ਰਧਾਨ, ਦੀਪਕ ਬਜਾਜ ਪੀ ਆਰ ਓ, ਸੰਦੀਪ ਮਦਾਨ, ਲਾਲ ਚੰਦ ਨਰੂਲਾ, ਅਨਿਲ ਕੁੱਕੜ, ਰਾਕੇਸ਼ ਬਜਾਜ ਨੇ ਦੱਸਿਆ ਕਿ ਗੁਰੂ ਹਰਸਹਾਏ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਮਨਦੀਪ ਸਿੰਘ, ਹਰਸ਼ਿਤ ਖੁੱਲਰ ਤੇ ਚੇਤਨਾ ਵੱਲੋਂ ਪੰਜਾਬ ਪੱਧਰੀ ਮੈਰਿਟ ਸੂਚੀ ਵਿੱਚੋਂ ਨੌਵਾਂ, 12ਵਾਂ ਤੇ 14ਵਾਂ ਰੈਂਕ ਹਾਸਲ ਕਰਨ 'ਤੇ ਇਨ੍ਹਾਂ ਵਿਦਿਆਰਥੀਆਂ ਨੂੰ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸੇ ਤਰ੍ਹਾਂ ਸਕੂਲ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਸਮਾਜ ਸੇਵੀ ਹੈਪੀ ਬਾਂਸਲ ਨੂੰ ਸਦਮਾ, ਮਾਤਾ ਦਾ ਦੇਹਾਂਤ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਬਾਂਸਲ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਬਕਾ ਪ੍ਰਧਾਨ ਤੇ ਉੱਘੇ ਸਮਾਜ ਸੇਵੀ ਹੈਪੀ ਬਾਂਸਲ ਦੀ ਮਾਤਾ ਅੰਗੂਰੀ ਦੇਵੀ ਪਤਨੀ ਲਛਮਨ ਦਾਸ ਅਚਾਨਕ ਸਵਾਰਗ ਸੁਧਾਰ ਗਏ।ਮਾਤਾ ਅੰਗੂਰੀ ਦੇਵੀ ਦੀ ਬੇਵਕਤੀ ਮੌਤ 'ਤੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ, ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ, ਜ਼ਿਲ੍ਹਾ ਪ੍ਰੀਸ਼ਦ ਦੇ ਸਾਬਕਾ ਚੇਅਰਮੈਨ ਗੁਰਪ੍ਰੀਤ ਸਿੰਘ ਮਲੂਕਾ, ਹਲਕਾ ਇੰਚਾਰਜ ਅਕਾਲੀ ਦਲ ਹਰਿੰਦਰ ਸਿੰਘ ਹਿੰਦਾ ਮਹਿਰਾਜ, ਆਪ ਆਗੂ ਇੰਦਰਜੀਤ ਸਿੰਘ ਮਾਨ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਨੀਲ ਬਿੱਟਾਂ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਰੇਸ਼ ਕੁਮਾਰ ਬਾਹੀਆ, ਮਾਰਕੀਟ ਕਮੇਟੀ ਦੇ ਸਾਬਕਾ ਪ੍ਰਧਾਨ ਸੰਜੀਵ ਟੀਨਾ, ਅਕਾਲੀ ਲੀਡਰ ਸੁਰਿੰਦਰ ਜੌੜਾ, ਨਰੇਸ਼ ਕੁਮਾਰ ਸੀ ਏ, ਅਕਾਲੀ ਲੀਡਰ ਰਾਮ ਨਾਥ ਜਿੰਦਲ, ਕਾਂਗਰਸੀ ਆਗੂ ਰਕੇਸ਼ ਸਹਾਰਾ, ਅਕਾਲੀ ਆਗੂ ਸਤਪਾਲ ਗਰਗ, ਭਾਜਪਾ ਆਗੂ ਭਾਰਤ ਭੂਸ਼ਣ ਗਰਗ, ਪ੍ਰੈੱਸ ਕਲੱਬ ਦੇ ਪ੍ਰਧਾਨ ਉਮੇਸ਼ ਸਿੰਗਲਾ, ਪੱਤਰਕਾਰ ਦਰਸ਼ਨ ਜਿੰਦਲ, ਸਮਾਜ ਸੇਵੀ ਅਸ਼ੋਕ ਮਿੱਤਲ, ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਨਰੇਸ਼ ਕੁਮਾਰ ਸਮੇਤ ਹੋਰ ਬਹੁਤ ਸਾਰੇ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾ ਨਮਿੱਤ ਰੱਖੇ ਪਾਠ ਦੇ ਭੋਗ 14 ਮਈ 2024 ਨੂੰ ਦੁਪਹਿਰ ਸਾਢੇ 12 ਵਜੇ ਤੋਂ ਇਕ ਵਜੇ ਦੌਰਾਨ ਸ਼ਾਂਤੀ ਹਾਲ, ਫੂਲ ਰੋਡ, ਰਾਮਬਾਗ, ਰਾਮਪੁਰਾ ਫੂਲ ਵਿਖੇ ਪਵੇਗਾ।

# ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਮਸ਼ਹੂਰ ਸੰਸਥਾ ਜੇ. ਐੱਮ. ਐੱਸ. ਇਮੀਗ੍ਰੇਸ਼ਨ, ਜੋ ਕਿ ਹਜ਼ਾਰਾਂ ਹੀ ਲੋਕਾਂ ਦੇ ਵੀਜ਼ੇ ਲਗਵਾ ਕੇ ਦੂਰ ਦੁਰੇਡੇ ਸ਼ਹਿਰਾਂ ਵਿੱਚ ਬਹੁਤ ਨਾਮ ਕਮਾ ਚੁੱਕੀ ਹੈ।ਸੰਸਥਾ ਨੇ ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਵਿਦਿਆਰਥਣ ਕੁਲਵਿੰਦਰ ਕੌਰ ਵਾਸੀ ਸ਼ੇਰ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਦਾ 7 ਸਾਲਾਂ ਦਾ ਗੈਪ ਤੇ 1 ਰਫਿਊਜ਼ਲ ਹੋਣ ਦੇ ਬਾਵਜੂਦ ਬਹੁਤ ਹੀ ਘੱਟ ਸਮੇਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਕੋਈ ਗੈਪ ਹੈ ਜਾਂ ਪੜ੍ਹਾਈ 'ਚ ਨੰਬਰ ਘੱਟ ਹਨ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਸੰਸਥਾ ਜੇ. ਐੱਮ. ਐੱਸ. ਵੱਲੋਂ ਬਹੁਤ ਹੀ ਚੰਗੇ ਢੰਗ ਨਾਲ ਫਾਈਲ ਤਿਆਰ ਕਰਕੇ ਵੀਜ਼ਾ ਅਪਲਾਈ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਬਹੁਤ ਹੀ ਘੱਟ ਸਮੇਂ ਵਿੱਚ ਉਨ੍ਹਾਂ ਨੂੰ ਵੀਜ਼ਾ ਪ੍ਰਾਪਤ ਹੋ ਜਾਵੇ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵਿਦਿਆਰਥੀ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭੱਵਿਖ ਦੀ ਕਾਮਨਾ ਕੀਤੀ।

## ਕਾਤਰਾਂ

### ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਦੋ ਪੁਲਸ ਮੁਲਾਜ਼ਮ ਜ਼ਖਮੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਜਲਾਲਾਬਾਦ ਰੋਡ 'ਤੇ ਬਣੇ ਨਵੇਂ ਪੁਲ 'ਤੇ ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਦੋ ਮੁਲਾਜ਼ਮ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ। ਮੌਕੇ 'ਤੇ ਮੌਜੂਦ ਵਿਅਕਤੀ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਜ਼ਖਮੀ ਮੁਲਾਜ਼ਮਾਂ ਨੂੰ ਮੈਂ ਉਥੇ ਲੰਘ ਰਹੇ ਵਿਅਕਤੀਆਂ ਦੀ ਸਹਾਇਤਾ ਦੇ ਨਾਲ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਾ ਦਿੱਤਾ ਹੈ। ਵਿਅਕਤੀ ਨੇ ਦੱਸਿਆ ਕਿ ਇੱਕ ਮੁਲਾਜ਼ਮ ਦੀ ਹਾਲਤ ਗੰਭੀਰ ਬਣੀ ਹੋਈ ਸੀ, ਉਸ ਦੀ ਲੱਤ ਦੀ ਹੱਡੀ ਟੁੱਟ ਕੇ ਬਾਹਰ ਆ ਗਈ ਸੀ। ਇਸ ਹਾਦਸੇ ਵਿੱਚ ਜ਼ਖਮੀ ਹੋਏ ਮੁਲਾਜ਼ਮ ਸ੍ਰੀ ਮੁਕਤਸਰ ਸਾਹਿਬ ਦੇ ਥਾਣਾ ਸਿਟੀ ਵਿੱਚ ਤੈਨਾਤ ਸਨ।

### 'ਮਨ ਦੀ ਚਿੱਪ' ਬਾਰੇ ਵਿਚਾਰ ਗੋਸ਼ਟੀ ਅੱਜ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਵਰਨਜੀਤ ਸਵੀ ਦੀ ਸਾਹਿਤ ਅਕਾਦਮੀ ਪੁਰਸਕਾਰ (2023) ਵਿਜੇਤਾ ਕਾਵਿ ਪੁਸਤਕ 'ਮਨ ਦੀ ਚਿੱਪ' ਬਾਰੇ ਵਿਚਾਰ ਗੋਸ਼ਟੀ 05 ਮਈ ਨੂੰ ਸਵੇਰੇ 10 ਵਜੇ ਪੰਜਾਬੀ ਭਵਨ, ਲੁਧਿਆਣਾ ਵਿਖੇ ਕੀਤੀ ਜਾ ਰਹੀ ਹੈ। ਉਪਰੋਕਤ ਜਾਣਕਾਰੀ ਦਿੰਦਿਆਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਅਤੈ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ ਤੇ ਅਮਰਜੀਤ ਸਿੰਘ ਗਰੇਵਾਲ ਕਰਨਗੇ।ਡਾ. ਹਰੀ ਸਿੰਘ ਜਾਚਕ ਨੇ ਦੱਸਿਆ ਕਿ ਇਸ ਮੌਕੇ ਡਾ. ਪ੍ਰਵੀਨ ਕੁਮਾਰ ਤੇ ਡਾ. ਅਮਰਜੀਤ ਸਿੰਘ ਆਪਣੇ ਪੇਪਰ ਪੜ੍ਹਨਗੇ।ਉਨ੍ਹਾਂ ਕਿਹਾ ਕਿ ਵਿਚਾਰ ਚਰਚਾ ਵਿੱਚ ਡਾ. ਸੁਰਜੀਤ ਸਿੰਘ, ਡਾ. ਗੁਰਦੀਪ ਸਿੰਘ ਢਿੱਲੋਂ ਤੇ ਹੋਰ ਸ਼ਾਮਲ ਹੋਣਗੇ।

### 'ਆਪ' ਦੀ ਜ਼ਿਲ੍ਹਾ ਕਿਸਾਨ ਵਿੰਗ ਦੀ ਮੀਟਿੰਗ

**ਕੋਟਕਪੂਰਾ (ਰਛਪਾਲ ਭੁੱਲਰ)**-ਆਮ ਆਦਮੀ ਪਾਰਟੀ ਜ਼ਿਲ੍ਹਾ ਫਰੀਦਕੋਟ ਦੇ ਕਿਸਾਨ ਵਿੰਗ ਦੀ ਮੀਟਿੰਗ ਜਸਮੇਲ ਸਿੰਘ ਬਰਾੜ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਲੋਕ ਸਭਾ ਚੋਣਾਂ ਸੰਬੰਧੀ ਵਿਚਾਰ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਉਤਾਵਲੇ ਹਨ।ਕਿਸਾਨ ਵਿੰਗ ਦੇ ਅਹੁਦੇਦਾਰਾਂ ਦੀਆਂ ਵੱਖ ਵੱਖ ਹਲਕਿਆਂ ਵਿੱਚ ਲੋਕਾਂ ਤੱਕ ਪਹੁੰਚ ਕਰਨ ਲਈ ਡਿਊਟੀਆਂ ਲਗਾਈਆਂ ਗਈਆਂ।ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਭਗਵੰਤ ਮਾਨ ਸਰਕਾਰ ਨੇ ਫਸਲਾਂ ਨੂੰ ਪਾਣੀ ਲਗਾਉਣ ਲਈ, ਜੋ 24 ਘੰਟੇ ਬਿਜਲੀ ਸਪਲਾਈ ਦਿੱਤੀ ਹੈ, ਉਸ ਤੋਂ ਕਿਸਾਨ ਬਾਗੋਬਾਗ ਹਨ।ਮੰਡੀਆਂ ਵਿੱਚ ਕਿਸਾਨਾਂ ਨੂੰ ਖੱਜਲ ਖੁਆਰ ਨਹੀਂ ਹੋਣਾ ਪਿਆ ਤੇ ਕਣਕ ਵੇਚਣ ਤੋਂ ਤੁਰੰਤ ਬਾਅਦ ਕਿਸਾਨ ਦੇ ਖਾਤੇ ਵਿੱਚ ਸਿੱਧੀ ਅਦਾਇਗੀ ਕਰ ਦਿੱਤੀ ਗਈ ਹੈ।ਇਸ ਮੀਟਿੰਗ ਵਿੱਚ ਪੰਜਾਬ ਦੇ ਮੀਤ ਪ੍ਰਧਾਨ ਗੁਰਜੀਤ ਸਿੰਘ ਗਿੱਲ, ਗੁਰਪ੍ਰੀਤ ਸਿੰਘ ਭੱਜੀ ਸਕੱਤਰ ਕਿਸਾਨ ਵਿੰਗ ਪੰਜਾਬ, ਗੁਰਤੇਜ ਸਿੰਘ ਖੋਸਾ ਜ਼ਿਲ੍ਹਾ ਪ੍ਰਧਾਨ, ਜਗਮੀਤ ਸਿੰਘ ਸੰਧੂ ਮੀਤ ਪ੍ਰਧਾਨ ਤੋਂ ਇਲਾਵਾ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।

# ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਸੰਬੰਧੀ ਰੂਪ-ਰੇਖਾ ਤਿਆਰ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਵੈਟਰਨਰੀ ਏ ਆਈ ਟੈਕਨੀਸ਼ੀਅਨ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ 6 ਮਈ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸੰਗਰੂਰ ਕੋਠੀ ਦੇ ਕੀਤੇ ਜਾਣ ਵਾਲੇ ਘਿਰਾਓ ਦੀ ਰੂਪ ਰੇਖਾ ਸਬੰਧੀ ਯੂਨੀਅਨ ਦੇ ਸਰਕਲ ਪ੍ਰਧਾਨ ਅਤੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਜਾਣੂ ਕਰਵਾਇਆ ਗਿਆ।ਮੀਟਿੰਗ ਉਪਰੰਤ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਬਣਵਾਲਾ, ਸੀਨੀਅਰ ਆਗੂ ਲਖਬੀਰ ਸਿੰਘ ਕਰਨਪੁਰ, ਮਨਦੀਪ ਸਿੰਘ ਨਾਭਾ, ਗੁਰਮੀਤ ਸਿੰਘ ਨੇ ਦੱਸਿਆ ਕਿ ਮੁਹਾਲੀ ਦੇ ਪਸ਼ੂ ਧਨ ਕੰਪਲੈਕਸ ਵਿਖੇ ਪਿਛਲੇ ਲਗਪਗ 20 ਮਹੀਨਿਆਂ ਤੋਂ ਯੂਨੀਅਨ ਦੇ ਵਰਕਰਾਂ ਵੱਲੋਂ ਸ਼ਾਂਤਮਈ ਧਰਨਾ ਜਾਰੀ ਹੈ।ਇਸ ਦੌਰਾਨ ਹੁਣ ਤੱਕ ਸਰਕਾਰ ਦੇ ਮੰਤਰੀਆਂ, ਵਿਧਾਇਕ ਤੇ ਪਸ਼ੂ ਪਾਲਣ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਅਨੇਕ ਮੀਟਿੰਗਾਂ ਹੋ ਚੁੱਕੀਆਂ ਹਨ।ਵਾਰ-ਵਾਰ ਉਪਰੋਕਤ ਅਧਿਕਾਰੀਆਂ ਵੱਲੋਂ ਯੂਨੀਅਨ ਦੀਆਂ ਮੰਗਾਂ ਮੰਨੇ ਜਾਣ ਦਾ ਭਰੋਸਾ ਦਿੱਤੇ ਜਾਣ ਦੇ ਬਾਵਜੂਦ ਅੱਜ ਤੱਕ ਇਨ੍ਹਾਂ 'ਤੇ ਕੋਈ ਅਮਲ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਵਰਕਰਾਂ ਦੀ ਗੱਲ ਨਾ ਸੁਣੀ ਤਾਂ ਹੁਣ 13000 ਪਿੰਡਾਂ ਨਾਲ ਜੁੜੇ ਵਰਕਰ ਆਮ ਆਦਮੀ ਪਾਰਟੀ ਨੂੰ ਜਵਾਬ ਦੇਣ ਲਈ ਤਿਆਰ ਹਨ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਅਪਣਾਈ ਜਾ ਰਹੀ ਟਾਲ ਮਟੋਲ ਦੀ ਨੀਤੀ ਤੋਂ ਅੱਕ ਕੇ ਮਜਬੂਰ ਹੁੰਦੇ ਹੋਏ ਯੂਨੀਅਨ ਵੱਲੋਂ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਇਸ ਮੌਕੇ ਹਰਿੰਦਰ ਪਾਲ ਸਿੰਘ, ਮਨਦੀਪ ਸਿੰਘ ਦੇਵੀਗੜ੍ਹ, ਪਰਮਿੰਦਰ ਸਿੰਘ ਰਾਜਪੁਰਾ, ਕੁਲਵਿੰਦਰ ਸਿੰਘ ਨਾਭਾ, ਜਸਵੀਰ ਸਿੰਘ ਨਾਭਾ, ਗੁਰਵਿੰਦਰ ਸਿੰਘ ਲੰਗ, ਵਰਿੰਦਰ ਸਿੰਘ, ਅਮਨਦੀਪ ਸਮਾਣਾ, ਜਗਦੀਸ਼ ਸਨੌਰ, ਕਰਮ ਚੰਦ ਆਦਿ ਹਾਜ਼ਰ ਸਨ।

# ਕਣਕ ਦੀ ਸੁਸਤ ਲਿਫਟਿੰਗ ਕਾਰਨ ਆੜ੍ਹਤੀਏ ਪ੍ਰੇਸ਼ਾਨ

## ਲਿਫਟਿੰਗ 'ਚ ਤੇਜ਼ੀ ਨਾ ਲਿਆਂਦੀ ਤਾਂ ਸੜਕ ਜਾਮ ਕਰਾਂਗੇ : ਸਮਰਾ



**ਧੂਰੀ (ਰਾਜੇਸ਼ਵਰ ਪਿੰਟੂ, ਬੰਨੀ ਗਰਗ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਦੇ ਸ਼ਹਿਰ ਧੂਰੀ ਦੀ ਮੰਡੀ ਵਿੱਚੋਂ ਕਣਕ ਦੀ ਸੁਸਤ ਰਫ਼ਤਾਰ ਲਿਫਟਿੰਗ ਦੇ ਰੋਸ ਵਜੋਂ ਅੱਜ ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਡਾਇਰੈਕਟਰਾਂ ਦੀ ਪ੍ਰਧਾਨ ਕਾਮਰੇਡ ਜਗਤਾਰ ਸਿੰਘ ਸਮਰਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਮੰਡੀ ਵਿੱਚੋਂ ਕਣਕ ਦੀ ਲਿਫਟਿੰਗ ਨਾ ਹੋਣ ਦਾ ਮਾਮਲਾ ਵਿਚਾਰਿਆ ਗਿਆ ਤੇ ਮੈਂਬਰਾਂ ਨੇ ਰੋਸ ਜ਼ਾਹਰ ਕਰਦਿਆਂ ਸਰਕਾਰ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ।ਮੀਟਿੰਗ ਉਪਰੰਤ ਐਸੋਸੀਏਸ਼ਨ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਵਿਕੀ ਕਣਕ ਦੀ 72 ਘੰਟੇ ਵਿੱਚ ਅੰਦਰ ਲਿਫਟਿੰਗ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਧੂਰੀ ਮੰਡੀ ਵਿੱਚ ਅਜੇ ਵੀ ਵੱਡੀ ਗਿਣਤੀ ਵਿੱਚ ਕਣਕ ਦੇ ਭਰੇ ਗੱਟਿਆਂ ਦੀ ਲਿਫਟਿੰਗ ਹੋਣੀ ਬਾਕੀ ਹੈ।ਉਨ੍ਹਾਂ ਕਿਹਾ ਕਿ ਹੁਣ ਤੱਕ ਪਨਗਰੇਨ ਤੇ ਮਾਰਕਫੈੱਡ ਵੱਲੋਂ 45%, ਪਨਸਪ ਵੱਲੋਂ 70% ਖਰੀਦੀ ਕਣਕ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ।ਉਨ੍ਹਾਂ ਕਿਹਾ ਕਿ ਲਿਫਟਿੰਗ ਵਿੱਚ ਹੋ ਰਹੀ ਦੇਰੀ ਕਾਰਨ ਕਣਕ ਦੇ ਵਜ਼ਨ ਵਿੱਚ ਕਮੀ ਤੇ ਕਣਕ ਖਰਾਬ ਹੋਣ ਦੀ ਜ਼ਿੰਮੇਵਾਰੀ ਏਜੰਸੀਆਂ ਦੀ ਹੋਵੇਗੀ।ਉਨ੍ਹਾਂ ਕਿਹਾ ਕਿ ਫੜਾਂ ਵਿੱਚ ਭਰੀਆਂ ਕਣਕ ਦੀਆਂ ਬੋਰੀਆਂ ਨੂੰ ਲੱਗੀ ਸਿਉਂਕ ਕਾਰਨ ਵੀ ਆੜ੍ਹਤੀਆਂ ਦਾ ਨੁਕਸਾਨ ਹੋ ਰਿਹਾ ਹੈ।ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 72 ਘੰਟਿਆਂ ਅੰਦਰ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਨਾ ਲਿਆਂਦੀ ਗਈ ਤਾਂ ਆੜ੍ਹਤੀਏ ਤੇ ਲੇਬਰ ਵੱਲੋਂ ਮਾਰਕਿਟ ਕਮੇਟੀ ਦੇ ਦਫ਼ਤਰ ਅੱਗੇ ਧਰਨਾ ਦਿੱਤਾ ਜਾਵੇਗਾ ਅਤੇ ਜੇਕਰ ਫਿਰ ਵੀ ਮਸਲਾ ਹੱਲ ਨਾ ਹੋਇਆ ਤਾਂ ਮੁੱਖ ਮਾਰਗ ਤੇ ਜਾਮ ਲਗਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਸਾਬਕਾ ਸਰਪੰਚ ਜਾਗ ਸਿੰਘ, ਸੱਤਵੀਰ ਗੋਇਲ, ਜਗਤਾਰ ਸਿੰਘ ਮੈਂਬਰ, ਗੁਰਦੀਪ ਸਿੰਘ, ਭਵਨਦੀਪ ਸਿੰਘ, ਪ੍ਰੇਮ ਕੁਮਾਰ ਸ਼ਰਮਾ, ਗੋਪਾਲ ਕ੍ਰਿਸ਼ਨ ਬੇਨੜਾ, ਮੇਜਰ ਸਿੰਘ ਬਾਦਸ਼ਾਹਪੁਰ, ਧਰਮਪਾਲ ਬਾਂਸਲ, ਰਵਿੰਦਰ ਸ਼ਰਮਾ ਜੱਖਲਾਂ, ਅਖਿਲੇਸ਼ ਹੈਪੀ, ਰਮੇਸ਼ ਕੁਮਾਰ ਤੇ ਪਰਦੀਪ ਮਿੱਤਲ ਆਦਿ ਹਾਜ਼ਰ ਸਨ।

# ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦਾ ਸ਼ਾਨਦਾਰ ਨਤੀਜਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਚੱਲ ਰਹੇ ਗੁਰੂ ਨਾਨਕ ਕਾਲਜੀਏਟ ਸਕੂਲ ਦਾ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਡਾਕਟਰ ਰਾਣਾ ਬਲਜਿੰਦਰ ਕੌਰ ਨੇ ਦੱਸਿਆ ਕਿ ਸਾਇੰਸ ਗਰੁੱਪ ਵਿੱਚੋਂ ਸਮਾਈਲ ਨੇ 92.2% ਅੰਕਾਂ ਨਾਲ ਪਹਿਲਾ ਤੇ ਮਨਜੋਤ ਕੌਰ ਨੇ 90.2% ਅੰਕ ਲੈ ਕੇ ਦੂਸਰਾ ਤੇ ਅਰਸ਼ਪ੍ਰੀਤ ਕੌਰ ਨੇ 87% ਅੰਕ ਹਾਸਲ ਕਰਕੇ ਤੀਜਾ ਸਥਾਨਾ ਹਾਸਲ ਕੀਤਾ।ਕਾਮਰਸ ਗਰੁੱਪ ਵਿੱਚ ਜਸਪ੍ਰੀਤ ਕੌਰ ਨੇ 92.6% ਅੰਕ ਹਾਸਲ ਕਰਕੇ ਪਹਿਲਾ, ਵੈਭਵ ਬਾਂਸਲ ਨੇ 92.4% ਅੰਕ ਹਾਸਲ ਕਰਕੇ ਦੂਸਰਾ ਤੇ ਅੰਗਦ ਪ੍ਰਤਾਪ ਸਿੰਘ ਨੇ 90.2 ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ।ਆਰਟਸ ਗਰੁੱਪ ਵਿੱਚ ਗਗਨਦੀਪ ਕੌਰ ਤੇ ਸਾਵਨਦੀਪ ਕੌਰ ਨੇ 86% ਅੰਕ ਹਾਸਲ ਹਾਸਲ ਕਰਕੇ ਪਹਿਲਾ ਤੇ ਹਰਸ਼ਜੋਤ ਨੇ 85.4% ਅੰਕਾਂ ਨਾਲ ਦੂਸਰਾ ਅਤੇ ਨਵਜੋਤ ਕੌਰ ਨੇ 82.2% ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ।ਪ੍ਰਿੰਸੀਪਲ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਸਥਾਨਕ ਪ੍ਰਬੰਧਕੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਬਰਕੰਦੀ ਨੇ ਸਮੂਹ ਸਕੂਲ ਸਟਾਫ ਤੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਕਾਂਗਰਸ ਤੇ ਅਕਾਲੀਆਂ ਵਿਚਕਾਰ ਤੀਜੇ ਤੇ ਚੌਥੇ ਨੰਬਰ ਦੀ ਲੜਾਈ : ਸੱਤਪਾਲ ਡੋਡ



**ਜੈਤੋ (ਸਤੀਸ਼ ਕੁਮਾਰ ਭੀਰੀ)**-ਲੋਕ ਸਭਾ ਚੋਣਾਂ ਨੂੰ ਲੈ ਕੇ ਤਕਰੀਬਨ ਹਰ ਇੱਕ ਰਾਜਨੀਤਕ ਪਾਰਟੀ ਨੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਲਈ ਜ਼ੋਰ ਲਾ ਦਿੱਤਾ ਹੈ, ਉੱਥੇ ਹੀ ਕਾਂਗਰਸ ਪਾਰਟੀ ਤੇ ਅਕਾਲੀ ਦਲ ਨੂੰ ਵਰਕਰਾਂ ਦੀ ਭਾਰੀ ਕਮੀ ਨਾਲ ਜੂਝਣਾ ਪੈ ਰਿਹਾ ਹੈ, ਜਿਸ ਦੇ ਮੱਦੇਨਜ਼ਰ ਕਾਂਗਰਸ ਤੇ ਅਕਾਲੀਆਂ ਵਿਚਕਾਰ ਤੀਜੇ ਸਥਾਨ 'ਤੇ ਆਉਣ ਲਈ ਹੱਥ ਪੈਰ ਮਾਰੇ ਜਾ ਰਹੇ ਹਨ।ਆਪਣੇ ਗ੍ਰਹਿ ਵਿਖੇ ਕਰਮਜੀਤ ਅਨਮੋਲ ਦੀ ਫੇਰੀ ਦੌਰਾਨ ਪੱਤਰਕਾਰਾਂ ਅੱਗੇ ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੱਤਪਾਲ ਡੋਡ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਲੋਕ ਪੱਖੀ ਫੈਸਲੇ ਤੇ ਵਿਕਾਸ ਕਾਰਜਾਂ ਲਈ ਬਿਨਾਂ ਕਿਸੇ ਭੇਦ ਭਾਵ ਦੇ ਮੋਹਰੀ ਭੂਮਿਕਾ ਨਿਭਾਉਣ ਕਰਕੇ ਆਮ ਆਦਮੀ ਪਾਰਟੀ ਦਾ ਜਾਦੂ ਲੋਕਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ।ਇਸ ਦੇ ਨਾਲ ਹੀ ਜੈਤੋ ਤੋਂ ਆਪ ਵਿਧਾਇਕ ਅਮੋਲਕ ਸਿੰਘ ਵੱਲੋਂ ਪਾਰਟੀ ਉਮੀਦਵਾਰ ਦੀ ਜਿੱਤ ਲਈ ਦਿਨ-ਰਾਤ ਇੱਕ ਕੀਤਾ ਹੋਇਆ ਹੈ, ਇਸ ਦੇ ਨਾਲ ਹੀ ਪਾਰਟੀ ਦੇ ਹਰ ਛੋਟੇ ਵੱਡੇ ਆਗੂਆਂ ਤੇ ਵਰਕਰਾਂ ਦੀ ਜੀ ਤੋੜ ਮਿਹਨਤ ਸਦਕਾ ਫਰੀਦਕੋਟ ਲੋਕ ਸਭਾ ਸੀਟ ਤੋਂ ਆਪ ਉਮੀਦਵਾਰ ਕਰਮਜੀਤ ਅਨਮੋਲ ਭਾਰੀ ਬਹੁੱਮਤ ਨਾਲ ਜਿੱਤ ਪ੍ਰਾਪਤ ਕਰਨਗੇ।ਇਸ ਮੌਕੇ ਬੁੱਧੀਜੀਵੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਗੁਰਪਿਆਰ ਸਿੰਘ, ਸੀਨੀਅਰ ਆਗੂ ਜਸਵੰਤ ਸਿੰਘ, ਯੂਥ ਆਗੂ ਸੁਖਰੀਤ ਰੋਮਾਣਾ, ਸ਼ਹਿਰੀ ਪ੍ਰਧਾਨ ਅਸ਼ੋਕ ਕੁਮਾਰ ਗਰਗ, ਬਜ਼ੁਰਗ ਆਗੂ ਤੀਰਥ ਰਾਮ, ਇੰਜੀਨੀਅਰ ਇੰਦਰਜੀਤ ਸਿੰਘ ਨਿਆਮੀਵਾਲਾ, ਸ਼ਹਿਰੀ ਯੂਥ ਪ੍ਰਧਾਨ ਧਰਮਿੰਦਰ ਤੋਤਾ ਆਦਿ ਹਾਜ਼ਰ ਸਨ।

# ਜੰਗਲਾਤ ਕਾਮਿਆਂ ਵੱਲੋਂ ਸਰਕਾਰ ਦੀਆਂ ਮਾਰੂ ਨੀਤੀਆਂ ਵਿਰੁੱਧ ਪੁਤਲਾ ਫੂਕ ਪ੍ਰਦਰਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਡੈਮੋਕ੍ਰੇਟਿਕ ਜੰਗਲਾਤ ਮੁਲਾਜ਼ਮ ਯੂਨੀਅਨ ਵੱਲੋਂ ਸੂਬਾ ਸੂਬਾ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਸੇਖਾ ਕਲਾਂ ਦੀ ਪ੍ਰਧਾਨਗੀ ਹੇਠ ਜੰਗਲਾਤ ਰੇਂਜ ਦਫਤਰ ਅੱਗੇ ਇਕੱਠੇ ਹੋਏ ਜੰਗਲਾਤ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਪੰਜਾਬ ਸਰਕਾਰ ਦੀਆਂ ਦਿਹਾੜੀਦਾਰ ਮਜ਼ਦੂਰ ਮਾਰੂ ਨੀਤੀਆਂ ਖਿਲਾਫ ਰੇਂਜ ਦਫਤਰ ਅੱਗੇ ਨਾਅਰੇਬਾਜ਼ੀ ਕੀਤੀ ਗਈ। ਇਸ ਸਮੇਂ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੂਬੇ ਦੇ ਜਨਰਲ ਸਕੱਤਰ ਬਲਵੀਰ ਸਿੰਘ ਸਿਵੀਆ ਤੇ ਕੁਲਦੀਪ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਜੰਗਲਾਤ ਵਿਭਾਗ ਦੇ ਦਿਹਾੜੀਦਾਰ ਕਾਮਿਆਂ ਨੂੰ ਲੰਮੇ ਸਮੇਂ ਤੋਂ ਬੇਰੁਜ਼ਗਾਰ ਰੱਖ ਕੇ ਉਨ੍ਹਾਂ ਦਾ ਸ਼ੋਸ਼ਣ ਕਰ ਰਹੀ ਹੈ, ਇਨ੍ਹਾਂ ਵਿੱਚ ਕਈ ਮੁਲਾਜ਼ਮ 20-20 ਸਾਲ ਦੇ ਵੱਧ ਸਮੇਂ ਤੋਂ ਕੰਮ ਕਰ ਰਹੇ ਹਨ, ਪਰ ਉਨ੍ਹਾਂ ਨੂੰ ਪੱਕਾ ਨਹੀਂ ਕੀਤਾ ਗਿਆ। ਰੋਸ ਦਾ ਪ੍ਰਗਟਾਵਾ ਕਰਦਿਆਂ ਆਗੂਆਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਜੰਗਲਾਤ ਸਕੱਤਰ ਕ੍ਰਿਸ਼ਨ ਕੁਮਾਰ ਦਾ ਪੁਤਲਾ ਫੂਕਿਆ। ਇਸ ਮੌਕੇ ਰਾਮ ਸਿੰਘ ਜ਼ਿਲ੍ਹਾ ਪ੍ਰਧਾਨ ਕਾਲਾ ਸਿੰਘ ਫੂਲੇ ਵਾਲਾ, ਜ਼ਿਲ੍ਹਾ ਸੈਕਰਟਰੀ ਸੁਖਮੰਦਰ ਸਿੰਘ, ਸਤਪਾਲ ਸਿੰਘ, ਬੱਬੂ ਲੰਗੇਆਣਾ, ਲਾਲੀ, ਰਾਮ ਸੇਖਾ, ਕੁਲਵੰਤ ਸਿੰਘ, ਨਿਰਮਲ ਸਿੰਘ, ਮਨਜੀਤ ਕੌਰ ਰੰਡਿਆਲਾ, ਵੀਰਪਾਲ ਕੌਰ ਮੱਲਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੰਗਲਾਤ ਕਾਮਿਆਂ ਨੇ ਪੰਜਾਬ ਸਰਕਾਰ ਦੁਆਰਾ ਮਨਰੇਗਾ ਅਧੀਨ ਨਰਸਰੀਆਂ ਸ਼ੁਰੂ ਕਰਨ ਤੇ ਨਰੇਗਾ ਅਧੀਨ ਕੰਮ ਕਰਵਾਉਣ ਦਾ ਡੱਟ ਕੇ ਵਿਰੋਧ ਕੀਤਾ।

ਸਰਕਾਰ ਨੇ ਕੱਚੇ ਮੁਲਾਜ਼ਮ ਪੱਕਾ ਕਰਨ ਦਾ ਪ੍ਰਚਾਰ ਕਰਨ ਲਈ ਵੱਡੇ ਵੱਡੇ ਪੋਸਟਰ ਲਾਏ ਅਮਲ ਵਿੱਚ ਸਰਕਾਰ ਮੁਲਾਜ਼ਮਾਂ ਨੂੰ ਪਹਿਲਾਂ ਹੀ ਮਿਲ ਰਹੀਆਂ ਸਹੂਲਤਾਂ ਨੂੰ ਖੋਹਣ ਦੀ ਕੋਸ਼ਿਸ਼ ਕਰ ਰਹੀ ਹੈ। ਅੱਜ ਦੇ ਰੋਸ ਪ੍ਰਦਰਸ਼ਨ ਵਿੱਚ ਮੋਗਾ ਜੰਗਲਾਤ ਤੋਂ ਇਲਾਵਾ ਨੌਜਵਾਨ ਭਾਰਤ ਸਭਾ ਦੇ ਮੀਤ ਪ੍ਰਧਾਨ ਕਰਮਜੀਤ ਮਾਣੂਕੇ, ਗੁਰਪ੍ਰੀਤ ਸਿੰਘ ਰੋਡੇ, ਕਿਰਤੀ ਕਿਸਾਨ ਯੂਨੀਅਨ ਦੇ ਚਮਕੌਰ ਸਿੰਘ ਰੋਡੇ, ਮੋਹਨ ਸਿੰਘ ਡਾਲਾ, ਅਵਤਾਰ ਸਿੰਘ ਬਲਾਕ ਸਕੱਤਰ ਤੇ ਬਾਬੂ ਸਿੰਘ ਇਕਾਈ ਮੈਂਬਰ, ਪੇਂਡੂ ਮਜ਼ਦੂਰ ਯੂਨੀਅਨ ਦੇ ਬਲਾਕ ਪ੍ਰਧਾਨ ਹਰਬੰਸ ਸਿੰਘ ਰੋਡੇ, ਜਗਤਾਰ ਸਿੰਘ ਰਾਮਾ ਹਾਜ਼ਰ ਸਨ।

# ਪੰਜਾਬੀ ਹਾਸ-ਵਿਅੰਗ ਅਕਾਦਮੀ ਦਾ ਸਾਲਾਨਾ ਸਮਾਗਮ 19 ਨੂੰ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬੀ ਹਾਸ ਵਿਅੰਗ ਅਕਾਦਮੀ ਪੰਜਾਬ ਵੱਲੋਂ ਪਿਆਰਾ ਸਿੰਘ ਦਾਤਾ ਸਾਲਾਨਾ ਸਮਾਗਮ 19 ਮਈ ਨੂੰ ਐੱਸ. ਡੀ. ਕਾਲਜ ਗਲ਼ੀ ਨੰਬਰ 9 ਮੋਗਾ ਵਿਖੇ ਅਕਾਦਮੀ ਦੇ ਪ੍ਰਧਾਨ ਕੇ. ਐੱਲ. ਗਰਗ ਦੀ ਰਹਿਨੁਮਾਈ ਹੇਠ ਤੇ ਪਰਮਜੀਤ ਸਿੰਘ ਦਿੱਲੀ, ਸਤਿੰਦਰ ਸਿੰਘ ਰਿੰਕੂ ਦਿੱਲੀ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਪਿਆਰਾ ਸਿੰਘ ਦਾਤਾ 18ਵਾਂ ਪੁਰਸਕਾਰ ਵਿਅੰਗਕਾਰ ਸੁਰਿੰਦਰ ਸਿੰਘ ਉਬਰਾਏ ਤੇ ਵਿਅੰਗ ਕਵੀ ਨਿਰੰਜਨ ਬੋਹਾ ਨੂੰ ਦਿੱਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰੈੱਸ ਸਕੱਤਰ ਸਾਧੂ ਰਾਮ ਲੰਗੇਆਣਾ ਨੇ ਦੱਸਿਆ ਕਿ ਸਮਾਗਮ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਇਸ ਮੌਕੇ ਅਕਾਦਮੀ ਵੱਲੋਂ ਵੱਖ ਵੱਖ ਲੇਖਕਾਂ ਦੀਆਂ ਨਵੀਆਂ ਪੁਸਤਕਾਂ ਦੀ ਘੁੰਡ ਚੁਕਾਈ ਵੀ ਕੀਤੀ ਜਾਵੇਗੀ ਤੇ ਹਾਸਰਸ ਕਵੀ ਦਰਬਾਰ ਵੀ ਹੋਵੇਗਾ।

# ਡੀ ਏ ਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰਾਸ਼ਟਰੀ ਮਾਰਸ਼ਲ ਆਰਟਸ ਵਿੱਚ ਡੀ.ਏ. ਵੀ. ਪਬਲਿਕ ਸਕੂਲ ਸ੍ਰੀ ਮੁਕਤਸਰ ਸਾਹਿਬ ਦੇ ਤਿੰਨ ਵਿਦਿਆਰਥੀਆਂ ਕ੍ਰਿਸ਼ਨਾ ਗੌਤਮ ਦਸਵੀਂ ਸੀ, ਜਸ਼ਨ ਸੱਤਵੀਂ ਸੀ, ਨਿਗਮ ਛੇਵੀਂ ਸੀ ਨੇ ਟਰਾਇਲ ਖੇਡਾਂ ਵਿੱਚੋਂ ਪੰਜਾਬ ਨੂੰ ਪਹਿਲਾ ਰੈਂਕ ਦਿਵਾਇਆ, ਜਿੱਥੇ ਕਿ ਦਸ ਰਾਜਾਂ ਦੇ ਖਿਡਾਰੀ ਪਹੁੰਚੇ ਹੋਏ ਸਨ।ਇਸ ਜਿੱਤ ਤੋਂ ਬਾਅਦ ਉਹ ਏਸ਼ੀਅਨ ਖੇਡਾਂ ਲਈ ਚੁਣੇ ਗਏ, ਜੋ ਕਿ ਵਿਦਿਆਰਥੀਆਂ ਤੇ ਸਕੂਲ ਲਈ ਬਹੁਤ ਹੀ ਸ਼ਾਨਾਮੱਤੀ ਪ੍ਰਾਪਤੀ ਹੈ।ਇਸ ਪ੍ਰਾਪਤੀ 'ਤੇ ਵਿਦਿਆਰਥੀਆਂ ਦਾ ਸਕੂਲ ਪਹੁੰਚਣ 'ਤੇ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਪ੍ਰਿੰਸੀਪਲ ਵਰਸ਼ਾ ਸੱਚਦੇਵਾ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਇਸ ਕੰਮ ਲਈ ਕਰਾਟੇ ਕੋਚ ਮਿਸਟਰ ਰਾਜ ਕੁਮਾਰ ਨੂੰ ਵੀ ਵਧਾਈ ਦਾ ਪਾਤਰ ਮੰਨਿਆ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦਿਨ-ਰਾਤ ਇੱਕ ਕਰਕੇ ਤਿਆਰੀ ਕਰਵਾਈ।ਅੰਤ ਵਿੱਚ ਪ੍ਰਿੰਸੀਪਲ ਸ੍ਰੀਮਤੀ ਵਰਸ਼ਾ ਸੱਚਦੇਵਾ ਨੇ ਬੱਚਿਆਂ ਨੂੰ ਚੰਗੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਮਿਹਨਤ ਕਰਕੇ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਲਈ ਕਿਹਾ।

# ਪੇਸ਼ੀ ਦੌਰਾਨ ਭੱਜਣ ਵਾਲਾ ਹਵਾਲਾਤੀ ਸਾਥੀ ਸਮੇਤ ਕਾਬੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਸਥਾਨਕ ਪੁਲਸ ਵੱਲੋਂ ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਵਿੱਚ ਬੰਦ ਹਵਾਲਾਤੀ, ਜੋ ਪੇਸ਼ੀ ਦੌਰਾਨ ਜ਼ਿਲ੍ਹਾ ਕਚਹਿਰੀ ਸ੍ਰੀ ਮੁਕਤਸਰ ਸਾਹਿਬ ਤੋਂ ਭੱਜ ਗਿਆ ਸੀ, ਨੂੰ ਕਾਬੂ ਕਰਕੇ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।ਜਾਣਕਾਰੀ ਦਿੰਦੇ ਹੋਏ ਮਨਮੀਤ ਸਿੰਘ ਢਿੱਲੋਂ ਕਪਤਾਨ ਪੁਲਸ (ਇੰਨਵੈ:) ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦਾ ਮੁਲਜ਼ਮ ਜਸ਼ਨਦੀਪ ਸਿੰਘ ਉਰਫ ਬੱਲੀ ਪੁੱਤਰ ਮੁਖਤਿਆਰ ਸਿੰਘ ਵਾਸੀ ਜੰਡਿਆਲਾ ਗੁਰੂ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਜੋ ਜ਼ਿਲ੍ਹਾ ਜੇਲ੍ਹ ਸ੍ਰੀ ਮੁਕਤਸਰ ਸਾਹਿਬ ਵਿੱਚ ਬੰਦ ਹੈ, ਨੂੰ ਤਾਰੀਖ ਪੇਸ਼ੀ ਲਈ ਜ਼ਿਲ੍ਹਾ ਕਚਹਿਰੀਆਂ ਸ੍ਰੀ ਮੁਕਤਸਰ ਸਾਹਿਬ ਵਿਖੇ ਲਿਆਂਦਾ ਗਿਆ ਸੀ, ਜੋ ਬਖਸ਼ੀਖਾਨੇ ਵਿੱਚੋਂ ਪੁਲਸ ਪਾਰਟੀ ਨੂੰ ਚਕਮਾ ਦੇ ਕੇ ਭੱਜ ਗਿਆ ਸੀ, ਜਿਸ ਸਬੰਧੀ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਦਰਜ ਕੀਤਾ ਗਿਆ, ਜਿਸ ਜ਼ਿਲ੍ਹਾ ਪੁਲਸ ਮੁਖੀ ਸ੍ਰੀ ਭਾਗੀਰਥ ਸਿੰਘ ਮੀਨਾ ਵੱਲੋਂ ਹਵਾਲਾਤੀ ਦੀ ਭਾਲ ਲਈ ਵੱਖ-ਵੱਖ ਟੀਮਾਂ ਬਣਾਈਆਂ ਗਈ, ਜਿਸ 'ਤੇ ਹਿਊਮਨ ਇੰਟੈਲੀਜੈਂਸ ਤੇ ਟੈਕਨੀਕਲ ਸੈੱਲ ਦੀ ਸਹਾਇਤਾ ਨਾਲ ਮੁੱਕਦਮਾ ਦੇ ਦੋਸ਼ੀ ਤੇ ਹਵਾਲਾਤੀ ਜਸ਼ਨਦੀਪ ਸਿੰਘ ਉਰਫ ਬੱਲੀ ਪੁੱਤਰ ਮੁਖਤਿਆਰ ਸਿੰਘ ਵਾਸੀ ਜੰਡਿਆਲਾ ਗੁਰੂ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ, ਜਿਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਜ਼ਿਲ੍ਹਾ ਕਚਹਿਰੀਆਂ ਸ੍ਰੀ ਮੁਕਤਸਰ ਸਾਹਿਬ ਵਿੱਚੋਂ ਉਸ ਨੂੰ ਭੱਜਣ ਵਿੱਚ ਉਸ ਦੀ ਮਦਦ ਕਰਨ ਵਾਲਾ ਵਿਅਕਤੀ ਕਰਨ ਕੁਮਾਰ ਉਰਫ ਕਾਂਚਾ ਪੁੱਤਰ ਰਵੀ ਸਿੰਘ ਵਾਸੀ ਉੱਚਾ ਵਿਹੜਾ ਸ੍ਰੀ ਮੁਕਤਸਰ ਸਾਹਿਬ ਹੈ, ਜਿਸ ਨੂੰ ਮੁੱਕਦਮਾ ਉਕਤ ਵਿੱਚ ਨਾਮਜ਼ਦ ਕੀਤਾ ਗਿਆ ਤੇ ਵਾਧਾ ਜੁਰਮ ਕਰਕੇ ਦੋਸ਼ੀ ਕਰਨ ਕੁਮਾਰ ਉਰਫ ਕਾਂਚਾ ਨੂੰ ਵੀ ਸਮੇਤ ਮੋਟਰਸਾਈਕਲ, ਜੋ ਉਸ ਨੇ ਜਸ਼ਨਦੀਪ ਸਿੰਘ ਉਰਫ ਬੱਲੀ ਨੂੰ ਭਜਾਉਣ ਲਈ ਵਰਤਿਆ ਸੀ, ਦੇ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ, ਜਿਸ ਦੀ ਪੁੱਛਗਿੱਛ ਜਾਰੀ ਹੈ।ਦੌਰਾਨੇ ਪੁੱਛਗਿੱਛ ਜੇਕਰ ਇਸ ਨੂੰ ਹਵਾਲਾਤੀ ਨੂੰ ਭਜਾਉਣ ਸਬੰਧੀ ਹੋਰ ਕੋਈ ਗੱਲ ਸਾਹਮਣੇ ਆਉਂਦੀ ਹੈ ਤਾਂ ਬਣਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਸੀਵਰੇਜ ਪ੍ਰੋਜੈਕਟ ਦਾ ਕੰਮ ਸ਼ੁਰੂ ਹੋਣ ਨਾਲ 'ਆਪ' ਸਰਕਾਰ ਤੋਂ ਮਮਦੋਟ ਵਾਸੀ ਬਾਗੋ-ਬਾਗ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਕਸਬਾ ਮਮਦੋਟ ਤੇ ਇਸ ਦੇ ਨਾਲ ਲੱਗਦੇ ਪਿੰਡਾਂ ਦਾ ਨਿਕਾਸੀ ਗੰਦਾ ਪਾਣੀ ਕਸਬੇ ਵਿੱਚੋਂ ਦੀ ਲੰਘਦੇ ਸੇਮ ਨਾਲੇ, ਜੋ ਕਿ ਅੱਗੇ ਪਿੰਡ ਸਾਹਣ ਕੇ ਵਿਖੇ ਜਾ ਕੇ ਖਤਮ ਹੋ ਜਾਂਦਾ ਸੀ, ਵਿੱਚ ਸੁੱਟਣ ਕਾਰਨ ਜਿੱਥੇ ਇਹ ਬਿਮਾਰੀਆਂ ਦਾ ਘਰ ਬਣਦਾ ਜਾ ਰਿਹਾ, ਉਥੇ ਕਸਬੇ ਦਾ ਧਰਤੀ ਹੇਠਲਾ ਪਾਣੀ ਵੀ ਗੰਦਲਾ ਹੋਣ ਦੇ ਅਸਾਰ ਪੈਦਾ ਹੋ ਗਏ ਸਨ। ਕਸਬੇ ਦੇ ਲੋਕਾਂ ਨੂੰ ਇਸ ਤੋਂ ਨਿਜਾਤ ਦਿਵਾਉਣ ਦੇ ਉਦੇਸ਼ ਨਾਲ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਸਰਕਾਰ ਬਣਨ 'ਤੇ ਇਹ ਮਸਲਾ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਧਿਆਨ ਵਿੱਚ ਲਿਆਉਣ ਤੇ ਉਨ੍ਹਾਂ ਵੱਲੋਂ ਪ੍ਰਮੁੱਖਤਾ ਨਾਲ ਇਸ ਪ੍ਰੋਜੈਕਟ 'ਤੇ ਕੰਮ ਕੀਤਾ ਗਿਆ, ਜਿਸ ਦੇ ਫਲਸਰੂਪ ਬੀਤੀ ਸੱਤ ਮਾਰਚ 2024 ਨੂੰ ਇਸ ਪ੍ਰੋਜੈਕਟ ਦਾ ਸਥਾਨਕ ਬਿਜਲੀ ਘਰ ਦੇ ਗੇਟ ਨਜ਼ਦੀਕ ਨੀਂਹ ਪੱਥਰ ਰੱਖਣ ਉਪਰੰਤ ਇਸ 'ਤੇ ਤੁਰੰਤ ਕੰਮ ਚਾਲੂ ਕਰ ਦਿੱਤਾ ਗਿਆ ਹੈ, ਜਿਸ 'ਤੇ ਮਮਦੋਟ ਨਿਵਾਸੀ ਬਾਗੋ ਬਾਗ ਦਿਖਾਈ ਦੇ ਰਹੇ ਹਨ। ਸਥਾਨਕ ਮਾਈ ਭੋਲੀ ਚੌਕ ਤੋਂ ਸਵਾਈ ਕੇ ਪੁਲ ਤੱਕ ਚੱਲ ਰਹੇ ਸੀਵਰੇਜ ਪ੍ਰੋਜੈਕਟ ਦੇ ਕੰਮ ਦਾ ਜਾਇਜ਼ਾ ਲੈਣ ਸਮੇਂ ਐਡਵੋਕੇਟ ਰਜਨੀਸ਼ ਦਹੀਆ ਐੱਮ ਐੱਲ ਏ ਹਲਕਾ ਫਿਰੋਜ਼ਪੁਰ ਦਿਹਾਤੀ ਤੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦਾ ਕੋਟਨ ਕੋਟ ਧੰਨਵਾਦ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਦਲਜੀਤ ਸਿੰਘ ਬਾਬਾ ਉੱਪ ਪ੍ਰਧਾਨ, ਸੁਰਿੰਦਰ ਕੁਮਾਰ ਸੋਨੂ ਸੇਠੀ ਐੱਮ ਸੀ (ਬਲਾਕ ਪ੍ਰਧਾਨ ਆਮ ਆਦਮੀ ਪਾਰਟੀ) ਤੇ ਕੇਵਲ ਕ੍ਰਿਸ਼ਨ ਵਿਪਨ ਨੇ ਕਿਹਾ ਕਿ ਜੋ ਕੰਮ ਪਿਛਲੀਆਂ ਸਰਕਾਰਾਂ ਸੂਬੇ ਦੀ ਸਭ ਤੋਂ ਵੱਡੀ ਪਾਵਰ ਮੁੱਖ ਮੰਤਰੀ ਵੱਲੋਂ ਨੀਹ ਪੱਥਰ ਰੱਖਣ ਦੇ ਬਾਵਜੂਦ ਵੀ ਨਹੀਂ ਕਰ ਸਕੀਆਂ, ਉਹ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੀਂਹ ਪੱਥਰ ਰੱਖਣ ਤੋਂ ਤੁਰੰਤ ਬਾਅਦ ਸ਼ੁਰੂ ਕਰਕੇ ਦੱਸ ਦਿੱਤਾ ਹੈ ਕਿ ਇਹ ਸਰਕਾਰ ਕੰਮ ਵਿੱਚ ਵਿਸ਼ਵਾਸ ਰੱਖਦੀ ਹੈ ਨਾ ਕਿ ਇਕੱਲੇ ਨੀਂਹ ਪੱਥਰ ਰੱਖਣ ਵਿੱਚ। ਉਨ੍ਹਾਂ ਕਿਹਾ ਕਿ ਉਨ੍ਹਾਂ ਪਾਸ ਕੋਈ ਸ਼ਬਦ ਨਹੀਂ ਹਨ, ਜਿਨ੍ਹਾਂ ਦੁਆਰਾ ਹਲਕਾ ਵਿਧਾਇਕ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਜਾ ਸਕੇ। ਉਕਤ ਆਗੂਆਂ ਨੇ ਸੀਵਰੇਜ ਦੇ ਚੱਲ ਰਹੇ ਕੰਮ 'ਤੇ ਤਸੱਲੀ ਪ੍ਰਗਟਾਉਂਦੇ ਹੋਏ ਦੱਸਿਆ ਕਿ ਇਸ ਸੀਵਰੇਜ ਦੇ ਪੈ ਜਾਣ ਨਾਲ ਕਸਬੇ ਵਿੱਚੋਂ ਨਿਕਾਸੀ ਪਾਣੀ ਦਾ ਹੱਲ ਹੋ ਜਾਵੇਗਾ ਤੇ ਕਸਬੇ ਵਿੱਚੋਂ ਲੰਘਦੇ ਸੇਮ ਨਾਲੇ ਵਿੱਚੋਂ ਬਦਬੂ ਮਾਰਦੇ ਗੰਦੇ ਪਾਣੀ ਤੋਂ ਵੀ ਲੋਕਾਂ ਨੂੰ ਨਿਜਾਤ ਮਿਲੇਗੀ।

ਇਸ ਮੌਕੇ ਉਕਤ ਆਗੂਆਂ ਨੇ ਸਮੂਹ ਇਲਾਕਾ ਨਿਵਾਸੀਆਂ ਤੋਂ ਖਿਮਾ ਯਾਚਨਾ ਕਰਦੇ ਹੋਏ ਅਪੀਲ ਕੀਤੀ ਕਿ ਕਸਬੇ ਵਿੱਚ ਸੀਵਰੇਜ ਪਾਏ ਜਾਣ ਕਾਰਨ ਜਿਵੇਂ ਕਿ ਹੁਣ ਮਾਈ ਭੋਲੀ ਚੌਕ ਤੋਂ ਸਵਾਈ ਕੇ ਪੁਲ ਤੱਕ ਦਾ ਰਸਤਾ ਬੰਦ ਕੀਤਾ ਗਿਆ ਹੈ, ਜਿਸ ਕਾਰਨ ਲੰਘਣ ਵਾਲਿਆਂ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਤੋਂ ਸੀਵਰੇਜ ਪੈਣ ਤੱਕ ਸਹਿਯੋਗ ਦੀ ਮੰਗ ਕੀਤੀ ਹੈ।ਇਸ ਮੌਕੇ ਡਾਕਟਰ ਦਲਜੀਤ ਸਿੰਘ ਜੋਸਨ, ਬਲਵਿੰਦਰ ਸਿੰਘ ਸੇਠਾਂ ਵਾਲਾ ਐੱਮ ਸੀ, ਸਾਜਨ ਐੱਮ ਸੀ, ਹਰਪ੍ਰੀਤ ਸਿੰਘ ਹੈਪੀ, ਸੰਦੀਪ ਕੁਮਾਰ ਸੋਨੀ ਤੇ ਜਸਬੀਰ ਸਿੰਘ ਵੀ ਉਨ੍ਹਾਂ ਨਾਲ ਸਨ।

# ਦਿੱਲੀ ਤੋਂ ਚੱਲਦੀਆਂ ਪਾਰਟੀਆਂ ਤੋਂ ਚੁਕੰਨੇ ਹੋਣ ਪੰਜਾਬ ਦੇ ਲੋਕ : ਹਰਸਿਮਰਤ ਬਾਦਲ

**ਬੁਢਲਾਡਾ (ਅਸ਼ੋਕ ਲਾਕੜਾ)**-ਬਠਿੰਡਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਹਲਕਾ ਬੁਢਲਾਡਾ ਦੇ ਇੰਚਾਰਜ ਡਾ: ਨਿਸ਼ਾਨ ਸਿੰਘ ਦੀ ਅਗਵਾਈ ਹੇਠ ਪਿੰਡ ਅੱਕਾਂਵਾਲੀ, ਉੱਡਤ ਸੈਦੇਵਾਲਾ, ਬੋਹਾ ਗਾਦੜਪੱਤੀ, ਗਾਮੀਵਾਲਾ, ਮੰਘਾਣੀਆਂ, ਰਿਓਂਦ ਕਲਾਂ, ਚੱਕ ਅਲੀਸ਼ੇਰ ਧਰਮਪੁਰਾ ਵਿਖੇ ਲੋਕ ਮਿਲਣੀ ਕੀਤੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਬੀਬਾ ਬਾਦਲ ਨੇ ਕਿਹਾ ਕਿ ਖੇਤਰੀ ਪਾਰਟੀ ਪੰਜਾਬ ਦੇ ਹਿੱਤ ਵਿੱਚ ਹੈ।ਇਸ ਨੇ ਹਮੇਸ਼ਾ ਹੀ ਪੰਜਾਬ ਦੇ ਹਿੱਤ ਪੂਰੇ।ਸ਼੍ਰੋਮਣੀ ਅਕਾਲੀ ਦਲ ਨੂੰ ਤੁਸੀਂ ਜਦੋਂ ਮਰਜ਼ੀ ਮਿਲ ਕੇ ਆਪਣੇ ਕੰਮ ਕਰਵਾ ਸਕਦੇ ਹੋ, ਪਰ ਦਿੱਲੀ ਤੋਂ ਚੱਲਦੀਆਂ ਪਾਰਟੀਆਂ ਤੋਂ ਕੰਮ ਕਰਵਾਉਣ ਲਈ ਸਾਨੂੰ ਉੱਥੇ ਜਾਣਾ ਪਵੇਗਾ, ਜਿੱਥੇ ਉਨ੍ਹਾਂ ਪਾਰਟੀਆਂ ਦੇ ਮੁੱਖ ਮੰਤਰੀ ਨੂੰ ਮਿਲਣ ਲਈ ਵੀ ਸਮਾਂ ਲੈਣਾ ਪੈਂਦਾ ਹੈ ਅਤੇ ਆਮ ਲੋਕਾਂ ਦੀ ਉੱਥੇ ਭਲਾ ਕੀ ਪੁੱਛਗਿੱਛ ਹੋਵੇਗੀ।ਇਸ ਲਈ ਦਿੱਲੀ ਤੋਂ ਚੱਲਦੀਆਂ ਪਾਰਟੀਆਂ ਦਾ ਖੈੜਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਖੇਤਰੀ ਪਾਰਟੀ ਦਾ ਸਾਥ ਦਿਓ ਤੇ ਪੰਜਾਬ ਨੂੰ ਤਕੜਾ ਕਰੋ।ਇਸ ਮੌਕੇ ਹਲਕਾ ਇੰਚਾਰਜ ਡਾ: ਨਿਸ਼ਾਨ ਸਿੰਘ, ਗੁਰਪ੍ਰੀਤ ਸਿੰਘ ਲਾਪਰਾਂ ਪਾਇਲ, ਗੁਰਮੇਲ ਸਿੰਘ ਫਫੜੇ, ਗੁਰਦੀਪ ਸਿੰਘ ਟੋਡਰਪੁਰ, ਦਵਿੰਦਰ ਸਿੰਘ ਚੱਕ ਅਲੀਸ਼ੇਰ, ਪ੍ਰਧਾਨ ਸੁਖਵਿੰਦਰ ਸਿੰਘ ਮੰਘਾਣੀਆਂ, ਮਹਿੰਦਰ ਸਿੰਘ ਸੈਦੇਵਾਲਾ, ਬੱਲਮ ਸਿੰਘ ਕਲੀਪੁਰ, ਜਗਸੀਰ ਸਿੰਘ ਅੱਕਾਂਵਾਲੀ, ਜੋਗਾ ਸਿੰਘ ਬੋਹਾ, ਜਸਪਾਲ ਸਿੰਘ ਗੰਢੂ ਤੋਂ ਇਲਾਵਾ ਹੋਰ ਵੀ ਮੌਜੂਦ ਸਨ।

# ਪੰਜਾਬ ਸਟੇਟ ਆਯੁਰਵੈਦਿਕ ਸੇਵਾ ਸੰਘ ਦੀ ਮਹੀਨਾਵਾਰ ਮੀਟਿੰਗ



**ਦਿੜ੍ਹਬਾ (ਜਸਵੀਰ ਲਾਡੀ)**-ਛਾਜਲੀ ਵਿਖੇ ਪੰਜਾਬ ਸਟੇਟ ਆਯੂਰਵੈਦ ਸੇਵਾ ਸੰਘ ਦੀ ਮਹੀਨਾਵਾਰ ਮੀਟਿੰਗ ਸਿੰਗਲਾ ਰੈਸਟੋਰੈਂਟ ਛਾਜਲੀ ਵਿਖੇ ਪ੍ਰਧਾਨ ਪਿਆਰਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਡਾਕਟਰ ਸਾਹਿਬਾਨ ਨੂੰ ਆਈ ਕਾਰਡ ਤੇ ਰਜਿਸਟ੍ਰੇਸ਼ਨ ਸਰਟੀਫਿਕੇਟ ਵੰਡੇ ਗਏ।ਇਸ ਮੀਟਿੰਗ ਵਿੱਚ ਪ੍ਰਧਾਨ ਪਿਆਰਾ ਸਿੰਘ ਨੇ ਕਿਹਾ ਕਿ ਚੋਣਾਂ ਦੌਰਾਨ ਉਮੀਦਵਾਰਾਂ ਨੂੰ ਰਜਿਸਟ੍ਰੇਸ਼ਨ ਸੰਬੰਧੀ ਮੋਰੰਡਮ ਸੌਂਪੇ ਜਾਣਗੇ।ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਡਾਕਟਰ ਕਨਵਰਨੀਤ ਸਿੰਘ ਕੈਂਸਰ ਦੇ ਮਾਹਰ ਪਟਿਆਲਾ, ਡਾਕਟਰ ਰਾਜੀਵ ਸਿੰਗਲਾ ਸਰਜਨ ਅਪਣੀ ਟੀਮ ਨਾਲ ਮੀਟਿੰਗ ਵਿੱਚ ਪਹੁੰਚੇ।ਉਨ੍ਹਾਂ ਮੀਟਿੰਗ 'ਚ ਹਾਰਟ ਦੇ ਰੋਗਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਉਨ੍ਹਾਂ ਕੈਮਰੇ ਨਾਲ ਹਾਰਟ ਦਾ ਸਟੰਟ ਪਾਉਣ ਦੀ ਵਿਧੀ ਬਾਰੇ ਜਾਣਕਾਰੀ ਦਿੱਤੀ।ਡਾਕਟਰ ਕਨਵਰਨੀਤ ਨੇ ਦੂਰਬੀਨ ਰਾਹੀਂ ਸਾਰੇ ਅਪ੍ਰੇਸ਼ਨ, ਨਾਰਮਲ ਡਿਲੀਵਰੀ, ਸਿਜ਼ੇਰੀਅਨ ਬਾਂਝਪਨ ਦੇ ਇਲਾਜ ਬਾਰੇ ਜਾਣਕਾਰੀ ਦਿੱਤੀ।ਪ੍ਰਧਾਨ ਪਿਆਰਾ ਸਿੰਘ, ਹਰਬਿਲਾਸ ਸਿੰਘ ਪ੍ਰਧਾਨ ਜ਼ਿਲ੍ਹਾ ਮਾਨਸਾ ਨੇ ਵੀ ਵਿਚਾਰ ਸਾਂਝੇ ਕੀਤੇ।ਡਾਕਟਰ ਮੰਗਤ ਰਾਏ ਜਰਨਲ ਸੱਕਤਰ ਨੇ ਸਟੇਜ ਦੀ ਜ਼ੁੰਮੇਵਾਰੀ ਸੁਚੱਜੇ ਢੰਗ ਨਾਲ ਨਿਭਾਈ।ਇਸ ਤੋਂ ਇਲਾਵਾ ਭੀਮ ਸੈਨ ਕਾਂਸਲ, ਡਾਕਟਰ ਦਲਜੀਤ ਸਿੰਘ, ਡਾਕਟਰ ਮੱਖਣ ਸਿੰਘ, ਮੱਖਣ ਸਿੰਘ, ਗੁਰਚਰਨ ਸਿੰਘ ਢੀਡਸਾ, ਗੁਰਜੰਟ ਸਿੰਘ, ਜੁਗਰਾਜ ਸਿੰਘ, ਮੇਜਰ ਸਿੰਘ ਢਡਿਆਲ, ਡਾਕਟਰ ਸੁਖਵਿੰਦਰ ਸਿੰਘ ਸਿੱਧੂ ਉਗਰਾਹਾਂ ਆਦਿ ਹਾਜ਼ਰ ਸਨ।

## ਮਨਜੀਤ ਸਿੰਘ ਰਾਜਪੁਰ ਭਾਈਆਂ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਸਲਾਹਕਾਰ ਬਣਾਏ ਜਾਣ ਦਾ ਨਿੱਘਾ ਸੁਆਗਤ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮਨਜੀਤ ਸਿੰਘ ਰਾਜਪੁਰ ਭਾਈਆਂ ਨੂੰ ਪਾਰਟੀ ਦਾ ਕੌਮੀ ਸਲਾਹਕਾਰ ਬਣਾਇਆ ਗਿਆ ਹੈ। ਪਾਰਟੀ ਹੈੱਡ ਕੁਆਰਟਰ ਤੋਂ ਡਾਕਟਰ ਦਲਜੀਤ ਸਿੰਘ ਚੀਮਾ ਨੇ ਨਿਯੁਕਤੀ ਪੱਤਰ ਜਾਰੀ ਕਰਦੇ ਹੋਏ ਦੱਸਿਆ ਹੈ ਕਿ ਆਪ ਜੀ ਦੀਆਂ ਪਾਰਟੀ ਪ੍ਰਤੀ, ਪੰਥ ਪ੍ਰਤੀ ਨਿਭਾਈਆਂ ਗਈਆ ਵਡਮੁੱਲੀਆਂ ਸੇਵਾਵਾਂ ਨੂੰ ਵੇਖਦੇ ਪਾਰਟੀ ਤੁਹਾਨੂੰ ਕੌਮੀ ਸਲਾਹਕਾਰ ਬਣਾਏ ਜਾਣ 'ਤੇ ਮੁਬਾਰਕਬਾਦ ਦਿੰਦੀ ਹੈ। ਇਸ ਕਦਮ ਨਾਲ ਸੋਹਣ ਸਿੰਘ ਠੰਡਲ ਦੀ ਲੋਕ ਸਭਾ ਚੋਣ ਮੁਹਿੰਮ ਨੂੰ ਹੁਸ਼ਿਆਰਪੁਰ ਹਲਕੇ 'ਚ ਵੱਡਾ ਹੁੰਗਾਰਾ ਮਿਲਿਆ ਹੈ। ਸੁਰਜੀਤ ਸਿੰਘ ਮਸੂਤਾ ਭੁੰਗਰਨੀ, ਸਸ਼ੀਪਾਲ ਸੰਘਾ ਰਾਜਪੁਰ, ਸੁਖਵਿੰਦਰ ਸਿੰਘ ਪੰਡੋਰੀ, ਰਾਜ ਕੁਮਾਰ ਭੁੰਗਰਨੀ ਸਾਬਕ ਸਰਪੰਚ, ਜੋਗਿੰਦਰ ਸਿੰਘ ਮੇਹਟੀਆਣਾ ਸਾਬਕ ਚੇਅਰਮੈਨ ਬਲਾਕ ਸੰਮਤੀ, ਡਾਕਟਰ ਇਕਬਾਲ ਸਿੰਘ ਭੋਗਲ, ਇਕਬਾਲ ਸਿੰਘ ਸਿੰਬਲੀ, ਬਲਵੀਰ ਸਿੰਘ ਸਮੇਤ ਹੋਰ ਸਖਸ਼ੀਅਤਾ ਨੇ ਮੁਬਾਰਕਬਾਦ ਦਿੱਤੀ।

## ਬੰਗਾ 'ਚ ਰਾਜਰਿਸ਼ੀ ਛਤਰਪਤੀ ਸ਼ਾਹੂ ਦਾ ਪ੍ਰੀਨਿਰਵਾਣ ਦਿਵਸ ਅੱਜ



ਬੰਗਾ (ਅਵਤਾਰ ਕਲੇਰ)-ਡਾ. ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਵੱਲੋਂ ਰਾਜਰਿਸ਼ੀ ਛਤਰਪਤੀ ਸ਼ਾਹੂ ਜੀ ਮਹਾਰਾਜ ਦਾ ਪ੍ਰੀਨਿਰਵਾਣ ਦਿਵਸ 5 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 12 ਵਜੇ ਦੁਪਹਿਰ ਤੱਕ ਡਾ. ਅੰਬੇਡਕਰ ਬੁੱਧਿਸਟ ਵੈਲਫੇਅਰ ਟਰੱਸਟ ਬੰਗਾ ਦੀ ਪ੍ਰਧਾਨਗੀ ਹੇਠ ਮੁਹੱਲਾ ਸਿੱਧ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡਾ ਕਸ਼ਮੀਰ ਚੰਦ ਨੇ ਦੱਸਿਆ ਕਿ 19ਵੀਂ ਸਦੀ ਦੇ ਅਖੀਰ ਅਤੇ 20ਵੀਂ 'ਚ ਆਪਣੇ ਰਾਜ ਵਿੱਚ ਦਲਿਤ ਸ਼ੋਸ਼ਿਤ ਸਮਾਜ ਨੂੰ ਸਿੱਖਿਅਤ ਕਰਨ ਲਈ ਬੀੜਾ ਚੁੱਕਿਆ ਅਤੇ ਉਹ ਸੋਚਦੇ ਸਨ ਕਿ ਸਿੱਖਿਆ ਤੋਂ ਬਗੈਰ ਸਮਾਜਿਕ , ਆਰਥਿਕ ਅਤੇ ਰਾਜਨੀਤਕ ਸੁਧਾਰ ਨਹੀਂ ਹੋ ਸਕਦਾ। ਇਸ ਕਰਕੇ ਸ਼ਾਹੂ ਮਹਾਰਾਜ ਨੇ ਸਿੱਖਿਆ ਅਦਾਰੇ ਖੋਲ੍ਹਕੇ ਜ਼ੰਗੀ ਪੱਧਰ 'ਤੇ ਪ੍ਰਬੰਧ ਕੀਤੇ ਸਨ।ਇਸ ਮੌਕੇ ਡਾ ਕਸ਼ਮੀਰ ਚੰਦ ਤੋਂ ਇਲਾਵਾ ਉਨ੍ਹਾਂ ਦੇ ਨਾਲ ਡਾ ਬਸਰਾ , ਡਾ ਸੁਖਵਿੰਦਰ ਹੀਰਾ , ਹਰਜਿੰਦਰ ਲੱਧੜ , ਹਰਮੇਸ਼ ਵਿਰਦੀ , ਪ੍ਰਕਾਸ਼ ਚੰਦ ਬੈਂਸ , ਮਾਸਟਰ ਸ਼ਿੰਗਾਰਾ ਰਾਮ ਅਤੇ ਨਿਰਮਲ ਸੱਲ੍ਹਣ ਹਾਜ਼ਰ ਸਨ।

## ਲਾਲਜੀਤ ਸਿੰਘ ਭੁੱਲਰ ਵੱਲੋਂ ਸੁਲਤਾਨਪੁਰ ਲੋਧੀ ਵਿਖੇ ਡੋਰ ਟੂ ਡੋਰ



ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਦੇ ਨਾਲ ਪਵਿੱਤਰ ਸ਼ਹਿਰ ਸੁਲਤਾਨਪੁਰ ਲੋਧੀ ਦੇ ਵੱਖ-ਵੱਖ ਬਜ਼ਾਰਾ ਅਤੇ ਗਲੀਆਂ ਵਿੱਚ ਡੋਰ ਟੂ ਡੋਰ ਕੀਤਾ।ਇਹ ਡੋਰ ਟੂ ਡੋਰ ਸ਼ਹੀਦ ਊਧਮ ਸਿੰਘ ਚੌਕ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ, ਚੌਕ ਚੇਲਿਆਂ, ਸਦਰ ਬਜ਼ਾਰ, ਕਟੜਾ ਬਾਜ਼ਾਰ, ਟਿਕਈਆ ਬਜ਼ਾਰ ਤੋਂ ਹੁੰਦੇ ਹੋਏ ਇਤਿਹਾਸਿਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਜਾ ਕੇ ਨਤਮਸਤਕ ਹੋਏ।ਸ਼ਹਿਰ ਵਾਸੀਆਂ ਨੇ ਉਮੀਦਵਾਰ ਲਾਲਜੀਤ ਸਿੰਘ ਭੁੱਲਰ ਦਾ ਨਿੱਘਾ ਸਵਾਗਤ ਕੀਤਾ। ਲਾਲਜੀਤ ਸਿੰਘ ਭੁੱਲਰ ਨੇ ਸਮੂਹ ਸ਼ਹਿਰ ਵਾਸੀਆਂ ਦਾ ਹੱਥ ਹਿਲਾ ਕੇ ਅਭਿਨੰਦਨ ਸਵੀਕਾਰ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਲਾਲਜੀਤ ਸਿੰਘ ਭੁੱਲਰ ਨੇ ਆਪਣੀਆਂ ਉਲੀਕੀਆਂ ਯੋਜਨਾਵਾਂ ਉਪਰ ਚਾਨਣਾ ਪਾਇਆ ਅਤੇ ਲੋਕਾਂ ਨੂੰ ਆਸ਼ੀਰਵਾਦ ਦੇਣ ਲਈ ਕਿਹਾ ਤਾਂ ਜੋ ਉਹ ਸੰਦਨ ਵਿੱਚ ਉਨ੍ਹਾਂ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾ ਸਕਣ।

ਇਸ ਮੌਕੇ ਸੱਜਣ ਸਿੰਘ ਚੀਮਾ ਹਲਕਾ ਇੰਚਾਰਜ ਸੁਲਤਾਨਪੁਰ ਲੋਧੀ ਨੇ ਭਗਵੰਤ ਮਾਨ ਦੀ ਸਰਕਾਰ ਦੀਆਂ 2 ਸਾਲ ਦੀਆਂ ਉਪਲਬਧੀਆਂ ਬਾਰੇ ਵਿਸਥਾਰ ਨਾਲ ਲੋਕਾਂ ਨੂੰ ਜਾਣੂ ਕਰਵਾਇਆ।

ਉਹਨਾਂ ਕਿਹਾ ਕਿ ਹਲਕਾ ਸੁਲਤਾਨਪੁਰ ਲੋਧੀ ਤੋਂ ਲਾਲਜੀਤ ਸਿੰਘ ਭੁੱਲਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਸਦਨ ਵਿੱਚ ਭੇਜਾਂਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਦੇ ਚੇਅਰਮੈਨ ਮੁਹੰਮਦ ਰਫੀ , ਨਰਿੰਦਰ ਸਿੰਘ ਖਿੰਡਾ, ਸਵਪ੍ਰੀਤ ਸਿੰਘ ਪੀਏ, ਪ੍ਰਦੀਪਪਾਲ ਥਿੰਦ, ਸਾਬਕਾ ਪ੍ਰਧਾਨ ਬਿੱਟੂ ਧੀਰ, ਅਨਿਲ ਧੀਰ, ਸੁਦੇਸ਼ ਸ਼ਰਮਾ, ਸਰਪੰਚ ਜਸਪਾਲ ਸਿੰਘ ਆਦਿ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਜਲੰਧਰ ਕਨਵੈਨਸ਼ਨ ਅੱਜ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਕਨਵੀਨਰਜ਼ ਸਤੀਸ਼ ਰਾਣਾ, ਜਰਮਨਜੀਤ ਸਿੰਘ, ਸਵਿੰਦਰਪਾਲ ਸਿੰਘ ਮੋਲੋਵਾਲੀ, ਕਰਮ ਸਿੰਘ ਧਨੋਆ, ਰਤਨ ਸਿੰਘ ਮਜਾਰੀ, ਰਣਜੀਤ ਸਿੰਘ ਰਾਣਵਾ, ਭਜਨ ਸਿੰਘ ਗਿੱਲ, ਗਗਨਦੀਪ ਸਿੰਘ ਭੁੱਲਰ, ਸੁਖਦੇਵ ਸਿੰਘ ਸੈਣੀ, ਬਾਜ ਸਿੰਘ ਖਹਿਰਾ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਬੈਨਰ ਥੱਲੇ 5 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਦੀਆਂ ਸਮੁੱਚੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਆਗੂਆਂ ਆਖਿਆ ਕਿ ਇਹ ਕਨਵੈਨਸ਼ਨ ਠੀਕ ਸਵੇਰੇ 11.00 ਵਜੇ ਸ਼ੁਰੂ ਹੋਵੇਗੀ ਅਤੇ ਇਸ ਕਨਵੈਨਸ਼ਨ ਵਿੱਚ ਜਿੱਥੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮੁੱਦਿਆ 'ਤੇ ਚਰਚਾ ਹੋਵੇਗੀ ਉੱਥੇ ਇਸ ਕਨਵੈਨਸ਼ਨ ਵਿੱਚ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ। ਆਗੂਆਂ ਆਖਿਆ ਕਿ ਲੋਕਤੰਤਰ ਦਾ ਘਾਣ ਕਰਕੇ ਜਮਹੂਰੀ ਹੱਕ ਖੋਹੇ ਜਾ ਰਹੇ ਹਨ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਆਪਣੇ ਫਰਵਰੀ 2022 ਦੇ ਚੋਣ ਵਾਅਦਿਆਂ ਤੋਂ ਭੱਜ ਚੁੱਕੀ ਹੈ। ਇਹ ਸਰਕਾਰ ਗੱਲਬਾਤ ਤੋਂ ਵੀ ਭਗੌੜੀ ਹੋ ਚੁੱਕੀ ਹੈ। ਇਹ ਸਰਕਾਰ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਵਾਅਦਾ ਕਰਕੇ ਭੱਜ ਗਈ ਹੈ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਥਾਂ ਜੋ ਪਾਲਸੀ ਬਣਾਈ ਗਈ ਹੈ ਉਹ ਅੱਜ ਤੱਕ ਦੇ ਇਤਿਹਾਸ ਦੀ ਸਭ ਤੋਂ ਮਾੜੀ ਪਾਲਸੀ ਹੈ। ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਬਾਵਜੂਦ ਪੈਨਸ਼ਨ ਦੁਹਰਾਈ 2.59 ਗੁਣਾਂਕ ਨਾਲ ਨਹੀਂ ਕੀਤੀ ਗਈ, ਭੱਤਿਆਂ ਵਿੱਚ ਵਾਧਾ ਕਰਨ ਦੀ ਬਜਾਏ ਬੰਦ ਕਰ ਦਿੱਤੇ ਗਏ, ਤਨਖਾਹ ਕਮਿਸ਼ਨ ਦਾ ਕੋਈ ਬਕਾਇਆ ਨਹੀਂ ਦਿੱਤਾ ਗਿਆ, ਮਾਣ ਭੱਤਾ / ਇਨਸੈਂਟਿਵ ਮੁਲਾਜ਼ਮਾਂ ਦੇ ਭੱਤੇ ਦੇ ਗੁਣਾ ਕਰਨ ਦਾ ਐਲਾਨ ਠੰਢੇ ਬਸਤੇ ਵਿੱਚ ਪਾ ਦਿੱਤਾ ਗਿਆ ਹੈ, ਕੇਂਦਰੀ ਤਨਖਾਹ ਸਕੇਲ ਜਬਰੀ ਥੋਪੇ ਜਾ ਰਹੇ ਹਨ ਅਤੇ ਕੁਝ ਦੇਣ ਦੀ ਥਾਂ ਵਿਕਾਸ ਟੈਕਸ ਦੇ ਨਾਮ 'ਤੇ 200 ਰੁਪਏ ਮਹੀਨਾ ਜਬਰੀ ਜਜ਼ੀਆ ਇਕੱਲੇ ਮੁਲਾਜ਼ਮ ਤੋਂ ਹੀ ਨਹੀਂ ਹੁਣ ਪੈਨਸ਼ਨਰਾਂ ਤੋਂ ਵੀ ਵਸੂਲਣਾ ਸ਼ੁਰੂ ਕਰ ਦਿੱਤਾ ਗਿਆ ਹੈ ।

ਆਗੂਆਂ ਆਖਿਆ ਕਿ ਹੁਣ ਇਸ ਕਨਵੈਨਸ਼ਨ ਦੌਰਾਨ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਜਿਥੇ ਲੋਕ ਸਭਾ ਚੋਣਾਂ ਦੇ ਸਨਮੁਖ ਅਗਲੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ ਉਥੇ ਮੰਗਾਂ ਦੀ ਪ੍ਰਾਪਤੀ ਲਈ ਅਗਲੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਸਾਂਝਾ ਫਰੰਟ ਦੇ ਆਗੂ ਰਾਧੇ ਸ਼ਾਮ , ਜਸਵੀਰ ਤਲਵਾੜਾ, ਸੁੱਖਜੀਤ ਸਿੰਘ, ਪ੍ਰੇਮ ਚਾਵਲਾ, ਐਨ.ਕੇ.ਕਲਸੀ, ਦਿਗਵਿਜੇ ਪਾਲ ਸ਼ਰਮਾ, ਕਰਮਜੀਤ ਸਿੰਘ ਬੀਹਲਾ, ਬੋਬਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

## ਬੀਬਾ ਅਮਨਪ੍ਰੀਤ ਕੌਰ ਦੇ ਅਕਾਲ ਚਲਾਣੇ 'ਤੇ ਮਾਨ ਵੱਲੋਂ ਦੁੱਖ ਦਾ ਪ੍ਰਗਟਾਵਾ

ਫਗਵਾੜਾ (ਜਸਵਿੰਦਰ ਢੱਡਾ) ਬੀਤੇ ਕੁਝ ਦਿਨ ਪਹਿਲੇ ਬੀਬਾ ਅਮਨਪ੍ਰੀਤ ਕੌਰ ਸੁਪਤਨੀ ਜਸਪਾਲ ਸਿੰਘ ਯੂਕੇ ਅਤੇ ਦੋਆਬੇ ਦੇ ਆਗੂ ਸੁਲੱਖਣ ਸਿੰਘ ਸ਼ਾਹਕੋਟ ਦੀ ਨੂੰਹ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ, ਜਿਸ ਨਾਲ ਸੁਲੱਖਣ ਸਿੰਘ ਸ਼ਾਹਕੋਟ ਦੇ ਸਮੁੱਚੇ ਪਰਵਾਰ ਨੂੰ ਬਹੁਤ ਵੱਡਾ ਅਸਹਿ ਤੇ ਅਕਹਿ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਸੁਲੱਖਣ ਸਿੰਘ ਸ਼ਾਹਕੋਟ ਦੇ ਸਮੁੱਚੇ ਪਰਵਾਰ ਅਤੇ ਬੀਬਾ ਅਮਨਪ੍ਰੀਤ ਕੌਰ ਦੇ ਪਰਵਾਰ ਦੇ ਇਸ ਦੁੱਖ ਵਿਚ ਸ਼ਾਮਲ ਹੁੰਦੇ ਹੋਏ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਜੋਈ ਕਰਦੇ ਹਾਂ ਕਿ ਸਾਡੇ ਕੋਲੋ ਵਿਛੜੀ ਪਵਿੱਤਰ ਨੇਕ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸਣ ਅਤੇ ਸਮੁੱਚੇ ਸ਼ਾਹਕੋਟ ਪਰਵਾਰ ਨੂੰ ਗੁਰੂ ਦੇ ਭਾਣੇ ਵਿਚ ਵਿਚਰਣ ਦੀ ਸ਼ਕਤੀ ਦੀ ਬਖਸਿਸ ਕਰਨ ਤਾਂ ਕਿ ਉਹ ਇਸ ਗਹਿਰੇ ਸਦਮੇ ਨੂੰ ਬਰਦਾਸਤ ਕਰਦੇ ਹੋਏ ਆਪਣੇ ਅਗਲੇ ਜੀਵਨ ਦੀ ਜਿੰਦਗੀ ਜੀ ਸਕਣ। ਬੀਬੀ ਅਮਨਪ੍ਰੀਤ ਕੌਰ ਦੀ ਆਤਮਾ ਦੀ ਸ਼ਾਂਤੀ ਲਈ ਪਰਵਾਰ ਵੱਲੋ ਰਖਾਏ ਗਏ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਗੁਰਦੁਆਰਾ ਸਿੰਘ ਸਭਾ ਮੇਨ ਬਜਾਰ ਸ਼ਾਹਕੋਟ ਦੇ ਗੁਰੂਘਰ ਵਿਖੇ 9 ਮਈ ਨੂੰ 12 ਤੋਂ 1 ਵਜੇ ਤੱਕ ਪੈਣਗੇ।

### PUBLIC NOTICE

I JASKARANJIT SINGH S/O DARSHAN SINGH r/o BASTI NAU, JALANDHAR. There is a ORIGINAL GPA NO 9232 DATE 16/2/1999 AND ORIGINAL SALE DEED NO 5002 DATE 12/9/1994 on my name has been lost and is not in my possession. I didn't found the original sale deed despite of my best efforts. I have also registered a police report for the loss wide LR no. 455430/2024 dated 04/04/2024 at PSOC Div 5, Jalandhar. If any body found the same document kindly return at above address.

## ਜਗਰਾਓਂ 'ਚ ਹੋਵੇਗੀ 21 ਨੂੰ ਮਹਾਂ ਕਿਸਾਨ ਪੰਚਾਇਤ : ਕੁਲਵੰਤ ਸਿੰਘ ਸੰਧੂ

ਜਲੰਧਰ : ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਹਰਾਓ, ਕਾਰਪੋਰੇਟ ਭਜਾਓ, ਰਾਜਾਂ ਨੂੰ ਵੱਧ ਅਧਿਕਾਰ ਦਿਓ, ਦੇਸ਼ ਬਚਾਓ ਦੇ ਨਾਅਰੇ ਨੂੰ ਬੁਲੰਦ ਕਰਨ ਲਈ 21 ਮਈ ਨੂੰ ਜਗਰਾਓਂ ਵਿਖੇ ਕਿਸਾਨ ਮਹਾਂ ਪੰਚਾਇਤ ਕੀਤੀ ਜਾਵੇਗੀ। ਜਿਸ ਦੀ ਤਿਆਰੀ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਸਭਾ ਦੇ ਸੂਬਾਈ ਦਫਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ, ਗੜ੍ਹਾ ਜਲੰਧਰ ਵਿਖੇ ਹੋਈ। ਇਸ ਮੌਕੇ ਵਿਛੜੇ ਸਾਥੀਆਂ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਅਤੁਲ ਕੁਮਾਰ ਅਣਜਾਣ ਦੇ ਵਿਛੋੜੇ 'ਤੇ ਸ਼ੋਕ ਮਤਾ ਪੇਸ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾਈ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਆਖਿਆ ਕਿ ਕਿਸਾਨ ਤੇ ਲੋਕ ਵਿਰੋਧੀ ਨੀਤੀਆਂ ਲਾਗੂ ਕਰਨ ਵਾਲੀ ਭਾਜਪਾ ਦੇ ਉਸ ਦੀਆਂ ਭਾਈਵਾਲ ਪਾਰਟੀਆਂ ਨੂੰ ਦੇਸ਼ ਦੀਆਂ ਆਮ ਚੋਣਾਂ ਵਿੱਚ ਹਰਾਇਆ ਜਾਵੇ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਜਗਰਾਓਂ ਵਿਖੇ 21 ਮਈ ਨੂੰ ਕੀਤੀ ਜਾਣ ਵਾਲੀ ਕਿਸਾਨ ਮਹਾਂ ਪੰਚਾਇਤ ਇਤਿਹਾਸਕ ਹੋਵੇਗੀ। ਜਿੱਥੇ ਜਮਹੂਰੀ ਕਿਸਾਨ ਸਭਾ ਪੰਜਾਬ ਨੇ ਇਸ ਰੈਲੀ ਦੀ ਤਿਆਰੀ ਲਈ ਡਿਊਟੀਆਂ ਦੀ ਵੰਡ ਕੀਤੀ, ਉੱਥੇ ਖੇਤ ਮਜ਼ਦੂਰਾਂ, ਟਰੇਡ ਯੂਨੀਅਨਾਂ, ਪੱਲੇਦਾਰਾਂ, ਆੜ੍ਹਤੀਆਂ, ਟਰੱਕ ਅਪਰੇਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਿਸਾਨ ਮਹਾਂ ਪੰਚਾਇਤ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ। ਕਿਉਂਕਿ ਜੇ ਮੰਡੀਆਂ ਨੂੰ ਖਤਮ ਕਰ ਦਿੱਤਾ ਤਾਂ ਇਨ੍ਹਾਂ ਸਾਰੇ ਲੋਕਾਂ ਦਾ ਰੁਜ਼ਗਾਰ ਵੀ ਖਤਮ ਹੋ ਜਾਵੇਗਾ। ਮੰਡੀਆਂ ਦੇ ਖਤਮ ਹੋਣ ਨਾਲ ਜਨਤਕ ਵੰਡ ਪ੍ਰਣਾਲੀ ਵੀ ਖਤਮ ਹੋ ਜਾਵੇਗੀ, ਜਿਸ ਨਾਲ ਮਹਿੰਗਾਈ ਦਾ ਬੇਹਿਸਾਬ ਵਾਧਾ ਹੋ ਜਾਵੇਗਾ। ਪ੍ਰੈਸ ਨੋਟ ਵਿੱਚ ਸੂਬਾਈ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਆਖਿਆ ਕਿ ਭਾਜਪਾ ਵੱਲੋਂ ਮਜ਼ਦੂਰਾਂ ਤੇ ਕਿਸਾਨਾਂ ਵਿੱਚ ਪਾੜਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਕਿਸਾਨਾਂ ਮਜ਼ਦੂਰਾਂ ਦਾ ਏਕਾ ਭਾਜਪਾ ਦੀਆਂ ਇਨ੍ਹਾਂ ਚਾਲਾਂ ਨੂੰ ਸਫਲ ਨਹੀ ਹੋਣ ਦੇਵੇਗਾ।

### ਨਿਲਾਮੀ ਨੋਟਿਸ

ਆਮ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਠੀਂਡਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ ਠੀਂਡਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੇਠ ਲਿਖੇ ਅਨੁਸਾਰ ਖੇਤੀਬਾੜੀ ਸੰਦ ਅਤੇ ਬੇਕਾਰ ਵਰਤੋਂ ਵਿੱਚ ਨਾ ਆਉਣ ਵਾਲਾ ਫਰਨੀਚਰ/ਫਿਕਚਰ ਦੀ ਖੁੱਲ੍ਹੀ ਬੋਲੀ ਰਾਹੀਂ ਨਿਲਾਮੀ ਕੀਤੀ ਜਾ ਰਹੀ ਹੈ।

**ਖੇਤੀਬਾੜੀ ਸੰਦਾਂ ਦਾ ਨਾਂਅ**

(1) ਲੇਜਰ ਲੈਵਰਲ ਕਰਾਹ (1), 2 ਟਰੈਕਟਰ ਨਿਊ ਹਾਲੈਂਡ 36300 (1) 3, ਹੈਪੀ ਸੀਡਰ (1) 4, ਰੋਟਾਵੇਟਰ (1) 5 ਤਵੀਆਂ, (1) 6, ਟਿੱਲਰ (1), 7, ਸਹਾਗਾ (1) ਅਤੇ ਕਬਾੜ ਦਾ ਸਾਮਾਨ ਆਦਿ ਉਪਰੋਕਤ ਸੰਦਾਂ ਦੀ ਨਿਲਾਮੀ 10-05-2024 ਨੂੰ ਸਭਾ ਦੇ ਦਫਤਰ ਵਿਖੇ ਸਵੇਰੇ 11-00 ਵਜੇ ਤੋਂ ਲੈ ਕੇ ਦੁਪਹਿਰ 1 ਵਜੇ ਤੱਕ ਕੀਤੀ ਜਾਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

**ਵੱਲੋਂ : ਪ੍ਰਧਾਨ ਦੀ ਠੀਂਡਾ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮਟਿਡ ਠੀਂਡਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ।**

### AXIS BANK LTD.

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁ.) |
|---|---|---|---|---|---|
| 1. | 1. ਸ੍ਰੀ ਅਜੇ ਕੁਮਾਰ ਪੁੱਤਰ ਘੀਸਾ ਰਾਮ ਅਤੇ 2. ਸ੍ਰੀ ਘੀਸਾ ਰਾਮ ਪੁੱਤਰ ਕੁੰਦਨ ਮੱਲ ਸ਼ਰਮਾ ਦੋਵੇਂ ਵਾਸੀ ਜੰਡਿਆਲਾ ਰੋਡ, ਹਿੰਦੂ ਦੀ ਪੱਤੀ ਪਿੰਡ ਬੁੰਡਾਲਾ ਅੰਮ੍ਰਿਤਸਰ-143413, ਨਾਲ ਹੀ : ਮਕਾਨ, ਜਿਸ ਦਾ ਪ੍ਰਾਈਵੇਟ ਨੰ. 185 ਮਿਨ ਕਾਲਾ ਘਨੂਪੁਰ, ਸਬ-ਅਰਬਨ ਅਬਾਦੀ-ਨਵੀਂ ਅਬਾਦੀ ਘੰਨਪੁਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ-143001, ਨਾਲ ਹੀ : ਸ੍ਰੀ ਅਜੇ ਕੁਮਾਰ ਪੁੱਤਰ ਘੀਸਾ ਰਾਮ ਪ੍ਰੋਪ: ਮੈਸ: ਸ੍ਰੀ ਖੱਟੜ ਸ਼ਿਆਮ ਜੋਤਿਸ਼ ਅਤੇ ਜੈਮਸ ਸਟੋਰ ਪਿੰਡ ਬੁੰਡਾਲਾ, ਹਿੰਦੂ ਦੀ ਪੱਤੀ ਜੀ ਟੀ ਰੋਡ ਅੰਮ੍ਰਿਤਸਰ-143413, ਕਰਜ਼ਾ ਖਾਤਾ ਨੰ. ਪੀਐੱਚਆਰ068507091737 | ਬੈਨਾਮਾ ਦਸਤਾਵੇਜ਼ ਨੰ. 2021-22/93/1/14285 ਮਿਤੀ 18 ਫਰਵਰੀ 2022 ਅਨੁਸਾਰ ਸ੍ਰੀ ਅਜੇ ਕੁਮਾਰ ਪੁੱਤਰ ਘੀਸਾ ਰਾਮ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰ. 185 ਮਿਨ, ਰਕਬਾ 54 ਵਰਗ ਗਜ਼, ਖਸਰਾ ਨੰ. 69//6, 69//7/1, 69//15, 69//16, 69//24/2, 69//25,70//10,2, 70//20, 70//21/1, 81//51/1, ਖੱਤਾ ਖਤੌਨੀ ਨੰ. 1913/2549, 1914/2550, 1915/2551, 1917/2553, 1923/2559, 1924/2560, ਜਮ੍ਹਾਂਬੰਦੀ ਸਾਲ 2018-19, ਕਾਲਾ ਘਣੂੰਪੁਰ, ਸਬ-ਅਰਬਨ ਅਬਾਦੀ-ਨਵੀਂ ਅਬਾਦੀ ਘਣੂੰਪੁਰ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਪਲਾਟ ਨੰ. 186, ਪੱਛਮ : ਸੜਕ 25' ਚੌੜੀ, ਉੱਤਰ : ਪਲਾਟ ਨੰ. 276, ਦੱਖਣ : ਪਲਾਟ ਨੰ. 185 ਮਿਨ ਦਾ ਬਾਕੀ ਹਿੱਸਾ। | 03 ਜਨਵਰੀ 2024 | 02 ਮਈ 2024 | ਰੁਪਏ 9,41,859/- (ਨੌ ਲੱਖ ਇਕਤਾਲੀ ਹਜ਼ਾਰ ਅੱਠ ਸੌ ਉਨਾਹਟ ਰੁਪਏ ਕੇਵਲ) |
| 2. | 1. ਸ੍ਰੀ ਰਾਜੇਸ਼ ਕੁਮਾਰ ਪੁੱਤਰ ਪ੍ਰਭੂ ਸ਼ਾਹ ਅਤੇ 2. ਸ੍ਰੀਮਤੀ ਸਾਵਨੀ ਪਤੀ ਰਾਜੇਸ਼ ਕੁਮਾਰ ਦੋਵੇਂ ਵਾਸੀ ਗੁਰੂ ਹਰਿਰਾਏ ਐਵੇਨਿਊ, 88 ਫੁੱਟੀ ਰੋਡ, ਨੇੜੇ ਭਾਬਾ ਸਕੂਲ, ਅੰਮ੍ਰਿਤਸਰ-143001, ਨਾਲ ਹੀ : ਬਣਿਆ ਮਕਾਨ, ਜਿਸ ਦਾ ਪ੍ਰਾਈਵੇਟ ਨੰ. 478 ਮਿਨ, ਰਕਬਾ ਰੱਖਸ਼ਿਕਾਰਗਾਹ, ਅਬਾਦੀ ਗਰੀਨ ਲੈਂਡ ਤਹਿ. ਅੰਮ੍ਰਿਤਸਰ-2 ਜ਼ਿਲ੍ਹਾ ਅੰਮ੍ਰਿਤਸਰ-143001 ਕਰਜ਼ਾ ਖਾਤਾ ਨੰ. ਪੀਐੱਚਆਰ068504687772 | ਬੈਨਾਮਾ ਦਸਤਾਵੇਜ਼ ਨੰ. 2019-20/93/1/11316 ਮਿਤੀ 19 ਨਵੰਬਰ 2019 ਅਨੁਸਾਰ ਸ੍ਰੀਮਤੀ ਸਵਨੀ ਪਤਨੀ ਰਜੇਸ਼ ਕੁਮਾਰ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਪ੍ਰਾਈਵੇਟ ਨੰ. 478 ਮਿਨ 'ਤੇ ਨਿਰਮਿਤ ਮਕਾਨ, ਰਕਬਾ 50 ਵਰਗ ਗਜ਼, ਖਸਰਾ ਨੰ. 66//7, 66/14 ਮਿਨ, ਖੱਤਾ ਖਤੌਨੀ 332/440, 335/443, ਜਮ੍ਹਾਂਬੰਦੀ ਸਾਲ 2012-2013, ਹੱਦਬਸਤ ਨੰ. 282, ਰਕਬਾ ਰੱਖਸ਼ਿਕਾਰਗਾਹ ਵਿਖੇ ਸਥਿਤ, ਅਬਾਦੀ ਗਰੀਨ ਲੈਂਡ, ਤਹਿਸੀਲ ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਦਿਵਿਆ ਕੋਹਲੀ, ਪੱਛਮ : ਗਲੀ 20' ਚੌੜੀ, ਉੱਤਰ : ਸੁਮਨ ਸੈਣੀ, ਦੱਖਣ : ਰਮਨਜੀਤ ਕੌਰ। | 10 ਜਨਵਰੀ 2024 | 02 ਮਈ 2024 | ਰੁਪਏ 7,43,742/- (ਸੱਤ ਲੱਖ ਤਰਤਾਲੀ ਹਜ਼ਾਰ ਸੱਤ ਸੌ ਬਤਾਲੀ ਰੁਪਏ ਕੇਵਲ) |
| 3. | 1. ਸ੍ਰੀ ਰਾਜਵੀਰ ਸਿੰਘ ਪੁੱਤਰ ਬਲਦੇਵ ਸਿੰਘ ਅਤੇ 2. ਮਨਜੀਤ ਕੌਰ ਪਤੀ ਬਲਦੇਵ ਸਿੰਘ ਦੋਵੇਂ ਵਾਸੀ ਮਕਾਨ ਨੰ. ਈ-1/561, ਗਲੀ ਨੰ. 8 ਬਡਾਲੀ ਰੋਡ, ਹਰਗੋਬਿੰਦਪੁਰਾ ਛਿਹਾਰਟਾ, ਅੰਮ੍ਰਿਤਸਰ-143001, ਨਾਲ ਹੀ : ਮਕਾਨ, ਜਿਸ ਦਾ ਪ੍ਰਾਈਵੇਟ ਨੰ. 86 ਵਡਾਲੀ ਗੁਰੂ ਅਰਬਨ ਅਬਾਦੀ ਗੋਲਡਨ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ-143001 ਕਰਜ਼ਾ ਖਾਤਾ ਨੰ. ਪੀਐੱਚਆਰ068508641861 | ਬੈਨਾਮਾ ਦਸਤਾਵੇਜ਼ ਨੰ. 2022-23/197/1/4032 ਮਿਤੀ 2 ਮਾਰਚ 2023 ਅਨੁਸਾਰ ਸ੍ਰੀਮਤੀ ਮਨਜੀਤ ਕੌਰ ਪਤਨੀ ਸ੍ਰੀ ਬਲਦੇਵ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਪ੍ਰਾਈਵੇਟ ਨੰ. 86 'ਤੇ ਨਿਰਮਿਤ ਮਕਾਨ, ਰਕਬਾ 108 ਵਰਗ ਗਜ਼, ਖਸਰਾ ਨੰ. 944/1 ਮਿਨ, ਖੇਵਟ/ਖਤੌਨੀ ਨੰ. 1166/2211, ਜਮ੍ਹਾਂਬੰਦੀ ਸਾਲ 2015-16, ਵਡਾਲੀ ਗੁਰੂ ਅਰਬਨ, ਅਬਾਦੀ ਗੋਲਡਨ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) ਪੂਰਬ : ਪਲਾਟ ਨੰ. 86 ਏ ਏ, ਪੱਛਮ : ਗਲੀ 25' ਚੌੜੀ, ਉੱਤਰ : ਗਲੀ 30' ਚੌੜੀ, ਦੱਖਣ : ਪਲਾਟ ਨੰ.87 | 17 ਜਨਵਰੀ 2024 | 02 ਮਈ 2024 | ਰੁਪਏ 14,34,277/- (ਚੌਦਾਂ ਲੱਖ ਚੌਂਤੀ ਹਜ਼ਾਰ ਦੋ ਸੌ ਸਤੱਤਰ ਰੁਪਏ ਕੇਵਲ) |

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਮਿਤੀ : 05.05.2024, ਸਥਾਨ : ਲੁਧਿਆਣਾ   ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

### COURT NOTICE

(U/o 5 Rule 20 CPC)
(Under Guardian and Ward Act)
In the Court of
**Ms. Prabhjot Kaur,**
Additional Civil Judge
(Senior Division), Hoshiarpur.
CNR No. PBHO 02-000286-2023 Next Date : 31-05-2024

Kewal Krishan S/o Balihara Ram, R/o Ward No. 10 Nehar Colony Road, Sant Baba Bhag Singh Nagar, District Hoshiarpur.

Vs.

Kamaljit Kaur W/o Amrik Singh R/o House No. 1364, Ward No. 2, Chaudhariyan Mohalla Phillaur, Distt. Jalandhar and another.

Petition under Guardian and Ward Act

Notice to : Kamaljit Kaur W/o Amrik Singh, 2 Amrik Singh Both R/o H.No. 1364, Ward no. 2, Chaudharyian Mohalla Phillaur, Distt. Jalandhar.

In above titled case, the respondents could not be served. It is ordered that respondent should appear in person through counsel on 31-05-2024 at 10.00 a.m.

For details logon to https://highcourtchd.gov.in/?trs=district_notice&district=Hoshiarpur

Additional Civil Judge
(Senior Division), Hoshiarpur.
Dated, this day of 03-05-2024

### COURT NOTICE

(U/o 5 Rule 20 CPC)
In the Court of
**Ms. Rashmi Sharma,**
Principal Judge,
Family Court, Jalandhar.
CNR No. PBJL01-004758-2024 Next Date : 15-07-2024

Paramveer Singh
Vs.
Vaishali Verma

Petition Under Guardian and Wards Act
Publication Issued to
: General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 15-07-2024 at 10.00 a.m.

For details logon to https://highcourtchd.gov.in/?trs=district_notice&district=Jalandhar.

Principal Judge,
Family Court, Jalandhar.
Dated, this day of 22-04-2024

### SBI

B/O: SME CENTER (05023), Main Branch Building, 2nd Floor, Civil Lines, Ludhiana.
Email:- agmsecc.zolud@sbi.co.in

**ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈਸਟ ਐਕਟ, 2002 (ਸਰਫੇਸੀ ਐਕਟ) ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਬੈਂਕ ਵੱਲੋਂ ਕਰਜ਼ਾ ਸਹੂਲਤ ਪ੍ਰਾਪਤ ਕੀਤੀ ਸੀ ਅਤੇ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਭੁੱਲਾਂ ਕੀਤੀਆਂ ਹਨ। ਬੈਂਕ ਦੇ ਅਧਿਕਾਰਤ ਅਫਸਰ ਵੱਲੋਂ ਸਕਿਉਰਟੀਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ, ਜੋ ਬਿਨਾਂ ਤਾਮੀਲ ਵਾਪਸ ਆ ਗਏ ਅਤੇ ਹੋਰ ਮਾਮਲਿਆਂ 'ਚ ਰਸੀਦਾਂ ਪ੍ਰਾਪਤ ਨਹੀਂ ਹੋਈਆਂ। ਇਸ ਲਈ ਕਰਜ਼ਦਾਰਾਂ/ਗਰੰਟਰਾਂ ਨੂੰ ਉਹੀ ਜਾਣਕਾਰੀ ਹਿੱਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ ਦਾ ਨਾਂਅ ਕਰਜ਼ਦਾਰ/ਗਰੰਟਰ/ ਭਾਈਵਾਲ/ਰਹਿਣਕਾਰ | ਜਾਇਦਾਦ ਦਾ ਵੇਰਵਾ | ਨਾਨ-ਪ੍ਰਫਾਰਮਿੰਗ (ਐੱਨ ਪੀ ਏ) ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕੇਸਰ ਗੰਜ, ਲੁਧਿਆਣਾ (01150)** (ਕਰਜ਼ਦਾਰ) : ਮੈਸਰਜ਼ ਡਾਇਨਾਮਿਕ ਨੈੱਟਵੀਅਰਜ਼ ਮਾਲਕ ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ 6616/5 ਮਹਾਰਾਜਾ ਰਣਜੀਤ ਸਿੰਘ ਪਾਰਕ, ਸ਼ਿੰਗਾਰ ਸਿਨੇਮਾ ਦੇ ਪਿੱਛੇ, ਲੁਧਿਆਣਾ-141008 (2) ਮੈਸਰਜ਼ ਬਲਵਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ (ਮਾਲਕ) ਮੈਸਰਜ਼ ਡਾਇਨਾਮਿਕ ਨੈੱਟਵੀਅਰਜ਼) 5024/11, ਗਲੀ ਨੰ. 7, ਰਾਮ ਨਗਰ, ਸਮਰਾਲਾ ਰੋਡ, ਲੁਧਿਆਣਾ-141010 (ਗਰੰਟਰ) ਸ੍ਰੀਮਤੀ ਕੰਵਲਜੀਤ ਕੌਰ ਪਤਨੀ ਸ੍ਰੀ ਬਲਵਿੰਦਰ ਸਿੰਘ, 5024/11, ਗਲੀ ਨੰ. 7, ਰਾਮ ਨਗਰ, ਸਮਰਾਲਾ ਰੋਡ, ਲੁਧਿਆਣਾ-141010 ਅਤੇ ਸ੍ਰੀਮਤੀ ਗੁਰਮੀਤ ਕੌਰ ਪਤਨੀ ਸ੍ਰੀ ਅਮਰਜੀਤ ਸਿੰਘ, ਮਕਾਨ ਨੰ. 3973, ਸੈਕਟਰ-32-ਏ, ਚੰਡੀਗੜ੍ਹ ਰੋਡ, ਲੁਧਿਆਣਾ-141010 | ਭਾਗ 1- (ਚੱਲ ਜਾਇਦਾਦ ਦੀ ਹਾਈਪੋਥੀਕੇਸ਼ਨ) : ਕੰਪਨੀ ਦੀਆਂ ਸਾਰੀ ਤਰ੍ਹਾਂ ਦੀਆਂ ਸੰਪਤੀਆਂ ਜਿਸ 'ਚ ਕੱਚਾ ਮਾਲ, ਸਟਾਕ ਪ੍ਰਕਿਰਿਆ, ਅੰਤਮ ਵਸਤਾਂ, ਪ੍ਰਾਪਤਯੋਗ (ਦੋਵੇਂ ਮੌਜੂਦਾ ਅਤੇ ਭਵਿੱਖੀ), ਖਪਤਯੋਗ ਸਟੋਰਜ਼ ਅਤੇ ਸਪੇਅਰਜ਼ ਅਤੇ ਸਮੁੱਚੇ ਚਾਲੂ ਐੱਸਟਸ ਅਤੇ ਹਾਈਪੋਥੀਕੇਟਿਡ ਚੱਲ ਪਲਾਂਟ ਅਤੇ ਕੰਪਨੀ ਦੀ ਮਸ਼ੀਨਰੀ ਆਦਿ ਦੀ ਹਾਈਪੋਥੀਕੇਸ਼ਨ। ਕੰਪਨੀ ਦੇ ਮੌਜੂਦਾ ਅਤੇ ਭਵਿੱਖੀ ਦੇ ਭਾਰ ਮੁਕਤ ਸਥਿਰ ਐੱਸਟਸ ਦੇ ਖਰਚ ਕੱਢ ਕੇ। ਭਾਗ 2 : (ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ) ਵਸੀਕਾ ਨੰ. 20491 ਮਿਤੀ 02/01/2013 ਅਨੁਸਾਰ ਸਬ-ਰਜਿਸਟਰਾਰ ਲੁਧਿਆਣਾ ਕੋਲ ਬਕਾਇਦਾ ਸ੍ਰੀਮਤੀ ਕੰਵਲਜੀਤ ਕੌਰ ਪਤਨੀ ਸ੍ਰੀ ਬਲਵਿੰਦਰ ਸਿੰਘ ਦੇ ਨਾਂਅ ਜਾਇਦਾਦ/ ਮਕਾਨ ਜਿਸ ਦਾ ਐੱਮ ਸੀ ਨੰ. 24-1151/4, ਰਕਬਾ 200 ਵਰਗ ਗਜ਼, ਖਸਰਾ ਨੰ. 996, ਖੱਤਾ ਨੰ. 2023/2201 ਜਮ੍ਹਾਂਬੰਦੀ ਸਾਲ 2007-08 ਤਰਫ ਸੈਦਾਂ ਵਿਖੇ ਸਥਿਤ, ਹੱਦਬਸਤ ਨੰ. 172, ਅਬਾਦੀ ਮਹਾਰਾਜਾ ਰਣਜੀਤ ਸਿੰਘ ਪਾਰਕ, ਲੁਧਿਆਣਾ। (2) ਵਸੀਕਾ ਨੰ. 20612 ਮਿਤੀ 30/11/1990 ਅਨੁਸਾਰ ਸਬ-ਰਜਿਸਟਰਾਰ ਲੁਧਿਆਣਾ ਕੋਲ ਬਕਾਇਦਾ ਦਰਜ ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ ਅਤੇ ਸ੍ਰੀਮਤੀ ਗੁਰਮੀਤ ਕੌਰ ਪਤਨੀ ਸ੍ਰੀ ਅਮਰਜੀਤ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ/ਮਕਾਨ, ਜਿਸ ਦਾ ਐੱਮ ਸੀ ਨੰ. ਬੀ-24-66/6/5 (ਪੁਰਾਣਾ), ਬੀ-24-198 (ਨਵਾਂ), ਜਮ੍ਹਾਂਬੰਦੀ ਸਾਲ 1987-88, ਤਰਫ ਸੈਦਾਂ, ਅਬਾਦੀ ਮਹਾਰਾਜਾ ਰਣਜੀਤ ਸਿੰਘ ਪਾਰਕ, ਲੁਧਿਆਣਾ ਵਿਖੇ ਸਥਿਤ। | 30-04.2024 | 02-05-2024 | ਰੁਪਏ 44,70,755.00/- (ਚੁਤਾਲੀ ਲੱਖ ਸੱਤਰ ਹਜ਼ਾਰ ਸੱਤ ਸੌ ਪਚਵੰਜਾ ਰੁਪਏ ਕੇਵਲ) 01/05/2024 ਤੱਕ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜ਼ਿਜ਼ ਆਦਿ |
| **ਸੁੰਦਰ ਨਗਰ, ਲੁਧਿਆਣਾ (4073)** (ਕਰਜ਼ਦਾਰ) 1 ਮੈਸਰਜ਼ ਜਸਪਾਲ ਨਿਟਿੰਗ ਵਰਕਸ (ਮਾਲਕ ਸ੍ਰੀ ਜਸਪਾਲ ਸਿੰਘ) 544/22-ਬੀ/1, ਗਲੀ ਨੰ. 3, ਸਾਹਮਣੇ ਟਿਊਬਵੈੱਲ ਨੰ. 1, ਨਿਊ ਸ਼ਿਵਪੁਰੀ, ਲੁਧਿਆਣਾ-141008 (ਏ) ਸ੍ਰੀ ਜਸਪਾਲ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਮਕਾਨ ਨੰ. 678, ਗਲੀ ਨੰ. 6, ਉਪਕਾਰ ਨਗਰ, ਸਿਵਲ ਲਾਈਨਜ਼ ਲੁਧਿਆਣਾ-141001 (ਬੀ) ਸ੍ਰੀਮਤੀ ਜਸਵਿੰਦਰ ਕੌਰ ਪਤਨੀ ਜਸਪਾਲ ਸਿੰਘ, ਮਕਾਨ ਨੰ. 678, ਗਲੀ ਨੰ. 6, ਉਪਕਾਰ ਨਗਰ, ਸਿਵਲ ਲਾਈਨਜ਼ ਲੁਧਿਆਣਾ-141001 | (ਭਾਗ -1) ਚੱਲ ਜਾਇਦਾਦ ਦੀ ਹਾਈਪੋਥੀਕੇਸ਼ਨ) ਕੰਪਨੀ ਦੀਆਂ ਸਾਰੀ ਤਰ੍ਹਾਂ ਦੀਆਂ ਸੰਪਤੀਆਂ, ਜਿਸ 'ਚ ਸ਼ਾਮਲ ਕੱਚਾ ਮਾਲ, ਪ੍ਰਕਿਰਿਆ 'ਚ ਸਟਾਕ, ਅੰਤਮ ਵਸਤਾਂ, ਪ੍ਰਾਪਤਯੋਗ (ਦੋਵੇਂ ਮੌਜੂਦਾ ਅਤੇ ਭਵਿੱਖੀ) ਵਰਤੋਂ ਯੋਗ ਸਟਰੋਜ਼ ਅਤੇ ਸਪੇਅਰਜ਼ ਅਤੇ ਕੰਪਨੀ ਦੀਆਂ ਸਮੁੱਚੀਆਂ ਮੌਜੂਦਾ ਸੰਪਤੀਆਂ ਅਤੇ ਹਾਈਪੋਥੀਕੇਟਿਡ ਚੱਲ ਪਲਾਂਟ ਅਤੇ ਮਸ਼ੀਨਰੀ ਆਦਿ ਦੀ ਹਾਈਪੋਥੀਕੇਸ਼ਨ ਕੰਪਨੀ ਦੀਆਂ ਭਾਰ ਮੁਕਤ ਸੰਪਤੀਆਂ ਦੋਵੇਂ ਮੌਜੂਦਾ ਅਤੇ ਭਵਿੱਖੀ ਖਰਚਿਆਂ ਨੂੰ ਕੱਢ ਕੇ। (ਭਾਗ-2) (ਅਚੱਲ ਜਾਇਦਾਦਾਂ ਦਾ ਉਚਿਤ ਗਿਰਵੀਨਾਮਾ) ਬੈਨਾਮਾ ਵਸੀਕਾ ਨੰ. 24438 ਮਿਤੀ 07/01/2000 ਅਨੁਸਾਰ ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸ੍ਰੀ ਜਸਪਾਲ ਸਿੰਘ ਦੇ ਨਾਂਅ ਜਾਇਦਾਦ/ਪਲਾਟ ਰਕਬਾ 125 ਵਰਗ ਗਜ਼, ਖੱਤਾ ਨੰ. 441/462, ਖਸਰਾ ਨੰ. 309/2, ਜਮ੍ਹਾਂਬੰਦੀ ਸਾਲ 1996-97 ਪਿੰਡ ਤਰਫ ਸੇਖਵਾਲ, ਨਿਊ ਸ਼ਿਵਪੁਰੀ ਵਜੋਂ ਜਾਣਿਆ ਜਾਂਦਾ ਲੁਧਿਆਣਾ। | 21-04.2024 | 25-04-2024 | ਰੁਪਏ 22,11,651.00/- (ਬਾਈ ਲੱਖ ਗਿਆਰਾਂ ਹਜ਼ਾਰ ਛੇ ਸੌ ਇਕਵੰਜਾ ਰੁਪਏ ਕੇਵਲ) 24/4/2024 ਤੱਕ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜ਼ਿਜ਼ ਆਦਿ |

ਉਪਰੋਕਤ ਕਰਜ਼ਦਾਰਾਂ ਅਤੇ/ਜਾਂ ਉਨ੍ਹਾਂ ਦੇ ਗਰੰਟਰਾਂ ( ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਨੋਟਿਸ ਦੇ ਬਦਲਵੇਂ ਕਦਮ ਚੁੱਕੇ ਜਾ ਰਹੇ ਹਨ, ਜਿਸ 'ਚ ਅਸਫਲ ਰਹਿਣ ਤੇ ਇਸ ਨੋਟਿਸ ਦੇ 60 ਦਿਨ ਗੁਜਰਨ ਤੋਂ ਬਾਅਦ ਸਕਿਉਰਟੀਜੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨੈਂਸ਼ੀਅਨ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਤਹਿਤ ਅਗਲੇ ਕਦਮ ਉਠਾਏ ਜਾਣਗੇ।

ਐਕਟ ਦੇ ਸੈਕਸ਼ਨ 13 (13) ਤਹਿਤ ਤੁਸਾਂ ਨੂੰ ਬੈਂਕ ਦੀ ਮਨਜ਼ੂਰੀ ਤੋਂ ਮਨਜ਼ੂਰੀ ਤੋਂ ਬਿਨਾਂ ਉਕਤ ਜਾਇਦਾਦ ਦੇ ਕਿਸੇ ਲੈਣ-ਦੇਣ, ਵਿਕਰੀ ਤੋਂ ਵਰਜਿਆ ਜਾਂਦਾ ਹੈ। ਕ੍ਰਿਪਾ ਕਰਕੇ ਨੋਟ ਕੀਤਾ ਜਾਵੇ ਕਿ ਇਸ ਸੈਕਸ਼ਨ ਦੀ ਉਲੰਘਣਾ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ।

ਕਰਜ਼ਦਾਰ/ਗਰੰਟਰ/ਰਹਿਣਕਾਰ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਬੰਧਤ ਸ਼ਾਖਾ ਤੋਂ ਨੋਟਿਸ ਦੀ ਕਾਪੀ ਪ੍ਰਾਪਤ ਕਰ ਲੈਣ।

ਮਿਤੀ : 4.05.2024   ਸਥਾਨ : ਲੁਧਿਆਣਾ   ਅਧਿਕਾਰਤ ਅਫਸਰ

### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਚੱਲ/ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ (ਐਕਟ, 2002 {54 ਆਫ 2002}) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਮੈਸਰਜ਼ ਮੁੰਨਾ ਟਰੇਡਰਜ਼ ਰਜਿਸਟਰਡ ਦਫਤਰ ਇੰਦਰਾ ਦਾਣਾ ਮੰਡੀ, ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਰਾਹੀਂ ਇਸ ਦੇ ਮਾਲਕ ਸ੍ਰੀ ਜਸਵਿੰਦਰ ਸਿੰਘ ਪੁੱਤਰ ਕਰਮ ਚੰਦ ਵਾਸੀ ਬਸਤੀ, ਰੂਰਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ (2) ਸ੍ਰੀ ਜਸਵਿੰਦਰ ਸਿੰਘ ਪੁੱਤਰ ਕਰਮ ਚੰਦ ਵਾਸੀ ਸੁਲਤਾਨਪੁਰ (ਰੂਰਲ) ਕਪੂਰਥਲਾ, ਸੁਲਤਾਨਪੁਰ ਲੋਧੀ, ਪੰਜਾਬ-144626 ( ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਰਾਕੇਸ਼ ਕੁਮਾਰ ਪੁੱਤਰ ਸ਼ੇਰ ਸਿੰਘ ਵਾਸੀ ਮਕਾਨ ਨੰ. 221, ਮੁਹੱਲਾ ਸਿੱਖਾਂ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ-144626 (4) ਪ੍ਰਦੀਪ ਕੁਮਾਰ ਪੁੱਤਰ ਰਜਿੰਦਰ ਕੁਮਾਰ ਵਾਸੀ ਵਾਰਡ ਨੰ. 10, ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ, ਲੋਹੀਆਂ, ਜਲੰਧਰ, ਪੰਜਾਬ-144626 (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਸੀ ਸੀ ਲਿਮਟ/015300000044 'ਚ ਬਕਾਇਆ ਰਕਮ ਰੁਪਏ 4,91,774.30 ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ ਮਿਤੀ 11/12/2023 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਸੀ ਸੀ ਲਿਮਟ/015300000044 'ਚ ਬਕਾਇਆ ਰਕਮ ਰੁਪਏ 4,91,774.30 ਸਮੇਤ 01/12/2023 ਤੋਂ ਭਵਿੱਖੀ ਵਿਆਜ ਵਸੂਲੀ ਜਾਵੇਗੀ।

**ਚੱਲ/ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਫਰਮ ਦੇ ਵਹੀ/ਖਾਤੇ ਅਤੇ ਸਟਾਕ ਦੀ ਹਾਈਪੋਥੇਕੇਸ਼ਨ ਕੁਲੈਟਰਲ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ. 1619 ਮਿਤੀ 18/12/2012 ਅਨੁਸਾਰ ਰਾਕੇਸ਼ ਕੁਮਾਰ ਪੁੱਤਰ ਸ਼ੇਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 0 ਕਨਾਲ-3 ਮਰਲੇ-4 ਸਰਸਾਈ ਪਿੰਡ ਤਰਫ ਬੇਹਬਲ ਬਹਾਦਰ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਹੱਦਬਸਤ ਨੰ. 136 ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ : 03.05.2024   ਸਥਾਨ : ਲੋਹੀਆਂ ਖਾਸ, ਜਲੰਧਰ   (ਅਧਿਕਾਰਤ ਅਫਸਰ)

### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ** (ਚੱਲ/ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ (ਐਕਟ, 2002 {54 ਆਫ 2002}) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਸੈਕਸ਼ਨ 13 (12) ਨਾਲ ਪੜ੍ਹੇ ਜਾਂਦੇ ਨਿਯਮ 9 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ (1) ਸ੍ਰੀ ਰਾਜ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ ਵਾਸੀ ਪਿੰਡ ਤਕੀਆ, ਤਹਿਸੀਲ ਸੁਲਤਾਨਪੁਰ ਲੋਧੀ, ਤਕੀਆ, ਕਪੂਰਥਲਾ, ਯੂਸਫਪੁਰ ਦਾਰੇਵਾਲ, ਪੰਜਾਬ (2) ਸ੍ਰੀ ਬਲਵਿੰਦਰ ਸਿੰਘ ਪੁੱਤਰ ਸ੍ਰੀ ਰਾਜ ਸਿੰਘ ਵਾਸੀ ਪਿੰਡ ਤਕੀਆ, ਜ਼ਿਲ੍ਹਾ ਕਪੂਰਥਲਾ, ਪੰਜਾਬ (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (3) ਸ੍ਰੀ ਸੁਰਜੀਤ ਸਿੰਘ ਪੁੱਤਰ ਸ੍ਰੀ ਬਿਸ਼ੰਬਰ ਸਿੰਘ ਵਾਸੀ ਬਸਤੀ ਦਾਰੇਵਾਲ, ਯੂਸਫਪੁਰ, ਦਾਰੇਵਾਲ, ਜਲੰਧਰ, ਪੰਜਾਬ (ਇਸ ਤੋਂ ਬਾਅਦ ਗਰੰਟਰ ਵਜੋਂ ਹਵਾਲਾ) ਐੱਚ ਐੱਲ/054611000032 'ਚ ਬਕਾਇਆ ਰਕਮ ਰੁਪਏ 25,34, 544.50 ਉਕਤ ਦੱਸੇ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਕੀਤੇ ਜਾਣ ਲਈ ਮਿਤੀ 22/11/2023 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਸੈਕਸ਼ਨ 13 (4) ਨਾਲ ਪੜ੍ਹੇ ਜਾਂਦੇ ਨਿਯਮ 9 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਐੱਚ ਐੱਲ /054611000032 'ਚ ਬਕਾਇਆ ਰਕਮ ਰੁਪਏ 25,34,544.50 ਸਮੇਤ 1/11/2023 ਤੋਂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

**ਅਚੱਲ ਜਾਇਦਾਦ ਦਾ ਵੇਰਵਾ**

ਪ੍ਰਾਇਮਰੀ ਸਕਿਉਰਿਟੀ : ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਨੰ. 2020-21/31/1/91 ਮਿਤੀ 15/06/2020 ਅਨੁਸਾਰ ਸ੍ਰੀ ਰਾਜ ਸਿੰਘ ਪੁੱਤਰ ਸ੍ਰੀ ਇੰਦਰ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 1 ਕਨਾਲ 0 ਮਰਲਾ, ਪਿੰਡ ਤਕੀਆ, ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ, ਹੱਦਬਸਤ ਨੰ. 185 ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ।

ਮਿਤੀ : 03.05.2024   ਸਥਾਨ : ਕਾਂਗਣਾ, ਜਲੰਧਰ   (ਅਧਿਕਾਰਤ ਅਫਸਰ)

## ਕਲਾਸੀਫਾਈਡ ਇਸ਼ਤਿਹਾਰ

### Public Notice

I, Paramjit Kaur W/o Sh. Pritam Singh R/o Vill. Daburji, Tehsil Tanda, Distt- Hoshiarpur, Punjab (INDIA), That I want to add my surname "Kaur" in my passport, as after the addition of my surname is written as "KaurParamjit" in my passport and I am the same and one lady of both these names, as ParamjitKaur and Kaur Paramjit. Concerned Note.

I, Baldeep Singh S/o Sh. Balvir Singh R/o VPO Jandoli Distt. Hoshiarpur Pin 146102 Punjab India. My passport No. S9329186 my father name is wrongly mentioned as Balbir Singh. But my father correct name is all documents Balvir Singh. Concerned note.

### ਆਮ ਸੂਚਨਾ

ਸ਼ਿੰਗਾਰਾ ਸਿੰਘ ਪੁੱਤਰ ਉਤਮ ਸਿੰਘ ਵਾਸੀ ਲਕਸੀਆਂ ਮਲਸੀਆਂ (ਸ਼ਾਹਕੋਟ) ਦੇ ਨਾਮ ਚੱਲਦਾ ਮੋਟਰ ਖਾਤਾ ਨੰਬਰ ਏ.ਪੀ. 28/8 (10 HP) ਨੂੰ ਮਲਕੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਮਲਸੀਆਂ ਆਪਣੇ ਨਾਮ ਤਬਦੀਲ ਕਰਵਾਉਣਾ ਚਾਹੁੰਦਾ ਹੈ, ਇਤਰਾਜ਼ ਕਰਤਾ 15 ਦਿਨਾਂ 'ਚ ਐਸ.ਡੀ.ਓ. ਪਾਵਰ ਕਾਮ ਮਲਸੀਆਂ ਨੂੰ ਦੱਸੇ, ਨਹੀਂ ਤਾਂ ਉਕਤ ਖਾਤਾ ਤਬਦੀਲ ਹੋਵੇਗਾ।

ਮੈਂ, ਫਕੀਰ ਸਿੰਘ ਪੁੱਤਰ ਜਮਨਾ ਦਾਸ ਵਾਸੀ ਪਿੰਡ ਰਮਦਾਸਪੁਰ, ਡਾਕਖਾਨਾ ਰੂਪੋਵਾਲ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਤਰਲੋਚਨ ਸਿੰਘ ਤੇ ਉਸ ਦੀ ਪਤਨੀ ਮਨਜੀਤ ਕੌਰ ਹੁਣ ਮੇਰੇ ਆਗਿਆਕਾਰੀ ਹਨ, ਦਿਨ-ਰਾਤ ਮੇਰੀ ਸੇਵਾ ਕਰਦੇ ਹਨ। ਮੈਂ ਉਹਨਾਂ ਦੀ ਸੇਵਾ ਤੋਂ ਖ਼ੁਸ਼ ਹੋ ਕੇ ਉਹਨਾਂ ਦੀ ਬੇਦਖਲੀ ਰੱਦ ਕਰਦਾ ਹਾਂ। ਹੁਣ ਉਹ ਮੇਰੀ ਚੱਲ-ਅਚੱਲ ਜਾਇਦਾਦ ਦੇ ਪੂਰੇ ਹੱਕਦਾਰ ਹਨ। ਸੰਬੰਧਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ 30087338-87, ਜੋ ਕਿ ਰਘਬੀਰ ਸਿੰਘ ਪੁੱਤਰ ਮੰਗਲ ਸਿੰਘ ਪਿੰਡ ਗੁਰਾਲਾ ਦੇ ਨਾਂਅ 'ਤੇ ਚੱਲਦਾ ਹੈ। ਸ੍ਰੀ ਸੁਚੇਤ ਸਿੰਘ ਪੁੱਤਰ ਰਘਬੀਰ ਸਿੰਘ ਪਿੰਡ ਗੁਰਾਲਾ ਦੇ ਨਾਂਅ 'ਤੇ ਬਦਲੀ ਕਰਾਉਣ ਲਈ ਬੇਨਤੀ ਪੱਤਰ ਦਿੱਤਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ- ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫਤਰ ਅਜਨਾਲਾ ਵਿਖੇ ਉੱਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

### ਬੇਦਖਲੀ ਨੋਟਿਸ

ਅਸੀ ਅਸ਼ਵਨੀ ਕੁਮਾਰ ਪੁੱਤਰ ਬਖਸ਼ੀ ਰਾਮ ਅਤੇ ਤ੍ਰਿਪਤਾ ਦੇਵੀ ਪਤਨੀ ਅਸ਼ਵਨੀ ਕੁਮਾਰ ਵਾਸੀ ਮਕਾਨ ਨੰਬਰ 280, ਮਲਕਾਨਾ ਮੁਹੱਲਾ, ਕਪੂਰਥਲਾ ਆਪਣੇ ਲੜਕੇ ਰੋਹਿਤ ਸਹਿਗਲ ਉਰਫ ਰੋਹਿਤ ਕੁਮਾਰ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਰ ਹੋਵੇਗਾ।

ਮੈ ਜਸਬੀਰ ਕੌਰ ਪਤਨੀ ਸ੍ਹ: ਲੱਖਾ ਸਿੰਘ ਵਾਸੀ ਐਲ - 8/87, ਗਲੀ ਗੁਰੱਬੇ ਵਾਲੀ, ਕ੍ਰਿਸ਼ਨਾ ਨਗਰ, ਤਰਨ ਤਾਰਨ ਰੋਡ, ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪਾਲ ਸਿੰਘ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ।ਇਸ ਨੂੰ ਮੈ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦੀ ਹਾਂ।ਇਸ ਨਾਲ ਲੈਣ ਦੇਣ ਵਾਲਾ ਖੁਦ ਜਿੰਮੇਵਾਰ ਹੋਵੇਗਾ।ਇਸ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਅਸੀਂ ਮੰਗਲ ਸਿੰਘ ਪੁੱਤਰ ਜੋਤੀ ਰਾਮ ਅਤੇ ਮਨਜੀਤ ਕੌਰ ਪਤਨੀ ਮੰਗਲ ਸਿੰਘ ਵਾਸੀਆਨ ਪਿੰਡ ਦਾਹਬਾਵਾਲਾ ਕਲਾਂ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਮਨਪ੍ਰੀਤ ਸਿੰਘ ਅਤੇ ਸਾਡੀ ਨੂੰਹ ਗੁਰਦੀਪ ਕੌਰ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਸੋਧਾ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਭੁਲਾਣਾ, ਡਾਕ: ਬਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਵੰਤ ਸਿੰਘ ਅਤੇ ਮੇਰੀ ਨੂੰਹ ਸੁਖਵਿੰਦਰ ਕੌਰ ਪਤਨੀ ਜਸਵੰਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਮੈਂ ਆਪਣੇ ਲੜਕੇ ਜਸਵੰਤ ਸਿੰਘ, ਨੂੰਹ ਸੁਖਵਿੰਦਰ ਕੌਰ ਤੇ ਇਸਦੇ ਬੱਚੇ ਨਵਰੀਤ ਕੌਰ, ਇਸ਼ਪ੍ਰੀਤ ਪੁੱਤਰੀਆਂ ਜਸਵੰਤ ਸਿੰਘ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਅਵਤਾਰ ਸਿੰਘ ਪੁੱਤਰ ਅਮਰ ਸਿੰਘ ਵਾਸੀ ਡੀ-35, ਏਕਤਾ ਵਿਹਾਰ, 120 ਫੁੱਟ ਰੋਡ, ਜਲੰਧਰ, ਪੰਜਾਬ-144002 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਜਸਮੀਨ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ। (ਆਰ)

ਮੈਂ ਸਤਪਾਲ ਪੁੱਤਰ ਪਿਆਰਾ ਲਾਲ ਵਾਸੀ ਮਕਾਨ ਨੰ.230,ਪੱਤੀ ਆਦੀਆ,ਕੱਲੂਵਾਲਾ ਖੂਹ,ਵੇਰਕਾ ਤਹਿਸੀਲ ਵਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਅਤੇ ਉਸਦੀ ਪਤਨੀ ਸਰਬਜੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਸਾਡੇ ਨਾਲ ਬੁਰਾ ਵਿਹਾਰ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਇਨ੍ਹਾਂ ਦੀ ਔਲਾਦ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਕੁਲਬਿੰਦਰ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਮਕਾਨ ਨੰਬਰ 304, ਗਲੀ ਗਮਲੇ ਵਾਲੀ, ਅਲਫਾ ਮਾਲ, ਪ੍ਰਤਾਪ ਐਵੀਨਿਊ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗਗਨਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਸਨੀਆ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੇ ਬੱਚਿਆਂ ਸਮੇਤ ਵੱਖਰੇ ਰਹਿੰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਅਸੀਂ, ਜੋਗਿੰਦਰ ਪਾਲ ਪੁੱਤਰ ਕਰਤਾਰ ਸਿੰਘ ਅਤੇ ਨੀਲਮ ਪਤਨੀ ਜੋਗਿੰਦਰ ਪਾਲ ਵਾਸੀ ਮਕਾਨ ਨੰ. 28, ਨੇੜੇ ਸਾਈਂ ਮੰਦਰ, ਅਕਾਸ਼ ਐਵੀਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸੁਮਿਤ ਛਾਬੜਾ ਤੇ ਇਸ ਦੀ ਪਤਨੀ ਕਾਜਲ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਰਤਨ ਲਾਲ ਪੁੱਤਰ ਲਾਲੂ ਰਾਮ ਵਾਸੀ ਧਾਨਕਾ ਬਸਤੀ, ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਸੋਨੀਆ (ਸ਼ਾਦੀਸ਼ੁਦਾ, ਉਮਰ-21 ਸਾਲ) ਮੇਰੇ ਕਹਿਣੇਕਾਰ ਨਹੀਂ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਗੁਰਮੇਲ ਸਿੰਘ ਪੁੱਤਰ ਸਾਧੂ ਰਾਮ ਵਾਸੀ ਪਿੰਡ ਕੋਟਲਾ ਡਾਕਖਾਨਾ ਕੋਟ ਫਤੂਹੀ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਮਨਵੀਰ ਰਾਮ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਕੌਰ ਪਤਨੀ ਲੇਟ ਸ੍ਰੀ ਗੁਰਮੇਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਕੱਕੋਂ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਕੁਮਾਰ ਅਤੇ ਉਸ ਦੀ ਪਤਨੀ ਨਤੇਸ਼ ਕੁਮਾਰੀ, ਜੋ ਕਿ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

### ਨਾਂਅ ਦੀ ਬਦਲੀ

ਮੈਂ, ਅਮਨਪ੍ਰੀਤ ਸਿੰਘ ਪੁੱਤਰ ਰਣਜੀਤ ਸਿੰਘ, ਪਿੰਡ ਮੀਮਸਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਅਮਨਪ੍ਰੀਤ ਸਿੰਘ ਰੰਧਾਵਾ ਰੱਖ ਲਿਆ ਹੈ।

ਮੈਂ ਪਰਵਿੰਦਰ ਰਾਮ ਪੁੱਤਰ ਦਰਸ਼ਨ ਰਾਮ ਵਾਸੀ ਪਿੰਡ ਘਾਗੋਂ ਰੋੜਾਂਵਾਲੀ, ਡਾਕਖਾਨਾ ਬੋੜਾ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲ ਕੇ ਪਰਵਿੰਦਰ ਰਾਮ ਤੋਂ ਪਰਵਿੰਦਰ ਸਿੰਘ ਰੱਖ ਲਿਆ ਹੈ। ਸੰਬਧਤ ਨੋਟ ਕਰਨ।

ਮੈਂ ਸ਼ਸ਼ੀ ਕੁਮਾਰ ਪੁੱਤਰ ਮਹਿੰਦਰਪਾਲ ਵਾਸੀ ਮੀਆਂ ਮੁਹੱਲਾ ਬਟਾਲਾ, ਤਹਿ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੈਂ ਆਪਣਾ ਨਾਮ ਸ਼ਸ਼ੀ ਕੁਮਾਰ ਤੋਂ ਬਦਲ ਕੇ ਸ਼ਸ਼ੀ ਭੱਟੀ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਰਜਿੰਦਰ ਕੁਮਾਰ ਪੁੱਤਰ ਚੰਨਣ ਰਾਮ ਵਾਸੀ ਪਿੰਡ ਔਜਲਾ ਢੱਕ ਡਾਕਖਾਨਾ ਲਿੱਧੜ ਕਲਾਂ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਨਾਬਾਲਗ ਬੇਟੇ ਅਰਮਾਨ ਦਾ ਨਾਂਅ ਬਦਲ ਕੇ ਅਰਮਾਨ ਦਾਦਰਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

### Change of Name

I, hitherto known as Sonia W/o Amrit Gaill R/o House No. 157/11, Near Sehaj Hospital, Bhogpur, District Jalandhar, Punjab 144201 , have suffixed Gill as my surname and now my name is Sonia and my surname is Gill.

I, Neha W/o Pardeep Kumar Nigah R/o V P O Athouli Tehsil Phagwara Distt. Kapurthala, have changed my name from Neha to Neha Nigah after Marriage. Concerned note please.

I, Seema Sharma W/o Sanjeev Kumar R/o H.No. 1964 Gali No. 5, Gokul Vihar Batala Road, Tehsil and District Amritsar declare that Seema Sharma and Seema is one and same person.

I, Rakesh Kumar S/o Late Shri Bhajan Singh R/o 60-A, Kamal Park, Near Aman Nagar, Jalandhar-144004, have changed the name of my son name from Sidhharth to Sidhharth Kumar. Please note. (B)

I, Rakesh Kumar S/o Late Shri Bhajan Singh R/o 60-A, Kamal Park, Near Aman Nagar, Jalandhar-144004, have changed the name of my son name from Gourish to Gaurish Kumar. Please note. (B)

I, Harish S/o Sham Lal R/o H.No. 3887/8 Kaulsar Mohalla, Kartarpur, Distt. Jalandhar, have changed my name from Harish to Harish Mehto. Please note. (9915)

I, Bhavik S/o Rajat Gupta R/o NK-241, Charanjitpura, Jalandhar City, have changed my name from Bhavik to Bhavik Gupta. Please note. (9916)

I,Mandeep Singh S/O Kuldeep Singh R/O VPO Kathunangal Distt.Amritsar,Punjab 143502 have changed my name from Mandeep Singh to Mandeep as my Given name and Singh as my Surname.Concerned note.

I,Kuldeep Singh S/O Tara Singh R/O VPO Chawinda Devi Distt.Amritsar , Punjab 143504 have changed my name from Kuldeep Singh to Kuldip Singh.Concerned note.

I Sushil Kaur W/O Mohinder Singh,Vpo Nadala, Tehsil Bholath, Distt Kapurthala Have Changed My Name In From Shushil Kaur To Sushil Kaur.concern Note Please.

I, Sarabjit D/O Sh Ram Dass, r/o 1210- V. Bootan, Distt. Jalandhar, Punjab had changed my name from Sarabjit to Sarabjit Klair. Concerned note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਮੁਲਾਜ਼ਮ-ਪੈਨਸ਼ਨਰ ਫਰੰਟ ਦੀ ਕਨਵੈਨਸ਼ਨ ਅੱਜ

ਜਲੰਧਰ (ਰਾਜੇਸ਼ ਥਾਪਾ) ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਵਿਗਿਆਨਿਕ) ਦੀ ਸੂਬਾ ਕਮੇਟੀ ਦੀ ਮੀਟਿੰਗ ਜਥੇਬੰਦੀ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁਲੱਰ ਬਠਿੰਡਾ ਦੀ ਪ੍ਰਧਾਨਗੀ ਹੇਠ ਵਰਚੁਅਲ ਮਾਧਿਅਮ ਰਾਹੀਂ ਹੋਈ।ਮੀਟਿੰਗ ਦੀ ਕਾਰਵਾਈ ਸੂਬਾ ਜਨਰਲ ਸਕੱਤਰ ਐਨ ਡੀ ਤਿਵਾੜੀ ਨੇ ਚਲਾਈ। ਮੀਟਿੰਗ ਦੇ ਵੇਰਵੇ ਪ੍ਰੈੱਸ ਨੂੰ ਸਾਂਝੇ ਕਰਦਿਆਂ ਸੂਬਾ ਪ੍ਰੈੱਸ ਸਕੱਤਰ ਕੰਵਲਜੀਤ ਸੰਗੋਵਾਲ ਨੇ ਦੱਸਿਆ ਕਿ ਇਹ ਮੀਟਿੰਗ 5 ਮਈ ਦਿਨ ਐਤਵਾਰ ਨੂੰ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਦੇਸ਼ ਭਗਤ ਯਾਦਗਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਕਨਵੈਨਸ਼ਨ ਦੀ ਤਿਆਰੀ ਸੰਬੰਧੀ ਕੀਤੀ ਗਈ।ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਨਵਪ੍ਰੀਤ ਬੱਲੀ, ਸੁਖਵਿੰਦਰ ਸਿੰਘ ਦੋਦਾ, ਸੋਮ ਸਿੰਘ, ਚਰਨਜੀਤ ਸਿੰਘ ਸਿੱਧੂ, ਗੁਰਮੀਤ ਸਿੰਘ ਖਾਲਸਾ,ਬਿੱਕਰ ਸਿੰਘ ਮਾਖਾ, ਡਾ. ਕਰਮਦੀਨ ਗੁਰਦੀਪ ਸਿੰਘ, ਹਿੰਮਤ ਸਿੰਘ ਦਾਦੂਵਾਲ, ਗੁਰਮੀਤ ਸਿੰਘ ਖ਼ਾਲਸਾ, ਲਖਵਿੰਦਰ ਸਿੰਘ ਲਾਡੀ, ਗੁਰਦਿੱਤ ਸਿੰਘ, ਅਸ਼ਵਨੀ ਕੁਮਾਰ, ਰਕੇਸ਼ ਕੁਮਾਰ ਬੰਟੀ, ਪੰਕਜ ਕੁਮਾਰ, ਮਦਨਜੀਤ ਆਦਮਪੁਰ ਆਦਿ ਆਗੂ ਹਾਜ਼ਰ ਸਨ।

### Change of Name

I Dilbag Singh S/O Tara Singh R/O Vill Ghania Ke Bet Po Shahzada Teh Dera Baba Nanak Gurdaspur Have Changed My Name To Dilbagh Singh

I, Kanwaljeet Kaur W/o Hardev Singh R/o Village Bhittewad, Tehsil Ajnala District Amritsar have changed my name from Kanwaljeet Kaut to Kawaljeet Kaur

I Kuldip Kaur W/o Lakhbir Singh Resident of Raja Sansi, Amritsar Punjab. have changed my name from Kuldip Kaur to Kuldeep Kaur.

I, Gurmeet Kaur W/o Sarabjit Singh R/o H.No.636, Mohkampura Jaura Fatak, Amritsar have changed my name from Gurmeet Kaur to Gurmit Kaur

I, Shanti W/O Sucha Singh R/O Vill. Kartarpur, Po. Jamalpur, Distt Amritsar. I Have Changed My Name Shanti To Gurmit Kour

I, Rajinder Kumar S/o Pyara Lal Khuran R/o H.No.233, Green Avenue, Amritsar have declare that my father was known by two name's Pyara Lal and Pyara Lal Khurana one and same person

I, Mahima W/o Kunal R/o H.No.L-13/186, Gali No.4, Guru Ram Dass Nagar, Sultanwind Road, Amritsar have changed my name from Mahima to Mahima Gill

I, hitherto Known as Pinky Rani W/o Santosh Kumar R/o Vill. Khun Khun P.O. Kang Sahbu Distt: Jalandhar (Pb.)-144630 have Changed my name and shall hereafter be known as Rani Pinky. All Concerned Please note.

I, hitherto Known as Santosh Kaur W/o Balwinder Singh R/o Vill. Bada Terkiana P.O. Terkiana Distt: Hoshiarpur have Changed my name and shall hereafer be Known as Santosh Kumari. All Concerned Please note.

I, Daljit Singh S/o Gurbachan Singh R/o Bhai Manjh Sahib Road, Near Bhai Manjh Sahib Gurdwara, Mata Ganga Ji Nagar, Amritsar, Punjab-143022 have changed my name from Daljit Singh to Daljeet Singh Flora.

I, Prabhjeet Kaur W/o Bikram Singh R/o H.No. 96 Gali No. 4, Prem Nagar, Tung Bala, Majitha Road, Amritsar, Punjab have changed my name from Prabhjeet Kaur to Prabhjit Kaur.

I, Kamlesh w/o Sh Ram Dass, r/o 1210- V. Bootan, Distt. Jalandhar, Punjab had changed my name from Kamlesh to Kamlesh Klair. Concerned note.

5-MAY-PAGE-7.qxd 5/4/2024 10:56 PM Page 1



# ਕਾਂਗਰਸ ਦਾ ਵਾਈਸ ਪ੍ਰਧਾਨ ਸਾਥੀਆਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ



ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਹਲਕਾ ਵਿਧਾਇਕ ਜਸਬੀਰ ਸਿੰਘ ਰਾਜਾ ਦੀਆਂ ਚੰਗੀਆਂ ਨੀਤੀਆਂ ਕਾਰਨ ਵੱਖ ਵੱਖ ਪਾਰਟੀਆਂ ਦੇ ਆਗੂ ਅਤੇ ਵਰਕਰ ਆਮ ਆਦਮੀ ਪਾਰਟੀ ਦਾ ਪੱਲਾ ਫੜ ਰਹੇ ਹਨ। ਇਸੇ ਕੜੀ ਵਿੱਚ ਅੱਜ ਸਿਟੀ ਪ੍ਰਧਾਨ ਜਗਜੀਵਨ ਜੱਗੀ ਅਤੇ ਕੌਂਸਲਰ ਸਰਵੇਸ਼ ਜੱਗੀ ਦੀ ਅਗਵਾਈ ਹੇਠ ਯੂਥ ਕਾਂਗਰਸ ਦੇ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਨੇ ਆਪਣੇ 50 ਤੋਂ ਵੱਧ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਜਿਸ ਦਾ ਆਮ ਆਦਮੀ ਪਾਰਟੀ ਤੇ ਹਲਕਾ ਹੁਸ਼ਿਆਰਪੁਰ ਤੋਂ ਲੋਕ ਸਭਾ ਤੋਂ ਉਮੀਦਵਾਰ ਡਾਕਟਰ ਰਾਜ ਕੁਮਾਰ ਚੱਬੇਵਾਲ, ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ, ਬੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ, ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਕੌਂਸਲਰ ਹਰਪ੍ਰੀਤ ਸੈਣੀ, ਸੋਨੂੰ ਜਠੂਰਾ, ਗੁਰਦੀਪ ਸਿੰਘ ਹੈਪੀ, ਕੌਂਸਲਰ ਸੁਮਨ ਖੋਸਲਾ, ਕੌਂਸਲਰ ਮੰਜੂ ਖੰਨਾ ਨੇ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਸਮਾਰੋਹ ਵਿੱਚ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਆਗੂ ਅਤੇ ਵਰਕਰ ਹਾਜ਼ਰ ਸਨ। ਜਿਨ੍ਹਾਂ ਵਿੱਚ ਅਵਤਾਰ ਸਿੰਘ ਤਾਰੀ, ਹਰਵਿੰਦਰ ਸਿੰਘ ਕਲੋਟੀ, ਕਮਲ ਧੀਰ, ਮਨੀਪਾਲ ਸਿੰਘ, ਜਸਪਾਲ ਕਾਕਾ, ਲਖਬੀਰ ਸਿੰਘ ਖਾਲਸਾ, ਬਲਜੀਤ ਸੈਣੀ, ਦੀਪਕ ਬੱਲ, ਸੋਨੂ ਖੰਨਾ, ਸੁਰਿੰਦਰ ਸਿੰਘ ਭਾਟੀਆ ਤੇ ਨਾਂ ਵਰਨਣਯੋਗ ਹਨ।

# ਜ਼ਿਲ੍ਹੇ 'ਚ 11 ਨੂੰ ਲੱਗੇਗੀ ਕੌਮੀ ਲੋਕ ਅਦਾਲਤ : ਜ਼ਿਲ੍ਹਾ ਤੇ ਸੈਸ਼ਨ ਜੱਜ

ਨਵਾਂਸ਼ਹਿਰ (ਸੁਰਜਵਿੰਦਰ ਸਿੰਘ ਦੁਰਗਾਪੁਰੀਆ)-ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਦੇ ਪ੍ਰਾਪਤ ਹੁਕਮਾਂ ਤਹਿਤ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 11 ਮਈ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ।ਜ਼ਿਲ੍ਹਾ ਅਤੇ ਸੈਸ਼ਨ ਜੱਜ ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਵਿੱਚ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ 'ਤੇ ਆਏ ਰਾਜ਼ੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ 11 ਮਈ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਕੋਈ ਵੀ ਐਨ ਆਈ ਐਕਟ ਦੇ ਕੇਸ, ਬੈਂਕ ਲੋਨ ਨਾਲ ਸਬੰਧਤ ਕੇਸ, ਬਿਜਲੀ ਪਾਣੀ ਦੇ ਬਿੱਲ, ਕ੍ਰਿਮੀਨਲ ਕੰਪਾਊਂਡੇਬਲ ਕੇਸ, ਘਰੇਲੂ ਝਗੜੇ ਨਾਲ ਸਬੰਧਤ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਤ ਕੇਸ, ਵਿਵਾਹਿਤ ਝਗੜੇ, ਟ੍ਰੈਫਿਕ ਚਲਾਨ, ਲੇਬਰ ਝਗੜੇ, ਬਿਜਲੀ ਦੇ ਕੇਸ ਅਤੇ ਹੋਰ ਰਾਜ਼ੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪੁੱਛਗਿੱਛ ਕਰਨੀ ਹੋਵੇ ਤਾਂ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਅਤੇ ਦਫਤਰ ਦੇ ਨੰਬਰ 01823223511 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਐੱਸ ਟੀ ਐੱਸ ਵਰਲਡ ਸਕੂਲ 'ਚ ਗ੍ਰੈਜੂਏਸ਼ਨ ਸਮਾਰੋਹ



ਗੁਰਾਇਆ (ਬਿੰਦਰ ਸੁਮਨ)-ਨੰਨ੍ਹੇ- ਮੁੰਨੇ ਬੱਚਿਆਂ ਨੂੰ ਉਨ੍ਹਾਂ ਦੇ ਸਫਲਤਾ ਵੱਲ ਪੁੱਟੇ ਅਗਾਂਵਧੂ ਕਦਮਾਂ ਅਤੇ ਉਹਨਾਂ ਦੀ ਉਤਸ਼ਾਹਤ ਕਰਨ ਲਈ ਐੱਸ ਟੀ. ਐੱਸ. ਵਰਲਡ ਸਕੂਲ ਵਿੱਚ ਗ੍ਰੈਜੂਏਸ਼ਨ ਸਮਾਰੋਹ ਮਨਾਇਆ ਗਿਆ । ਇਸ ਸਮਾਰੋਹ ਵਿੱਚ ਸਕੂਲ ਚੇਅਰਪਰਸਨ ਮਾਲਤੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਮੇਂ ਉਨ੍ਹਾਂ ਨਾਲ ਸਕੂਲ ਪ੍ਰਿੰਸੀਪਲ ਪ੍ਰਭਜੋਤ ਗਿੱਲ ਵੀ ਮੌਜੂਦ ਸਨ। ਦਿਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਗ੍ਰੈਜੂਏਸ਼ਨ ਸਮਾਰੋਹ ਦੀ ਸ਼ੁਰੂਆਤ ਸੀ। ਮੰਚ ਦਾ ਸੰਚਾਲਨ ਕਿੰਡਰਗਾਰਟਨ ਕੋਆਰਡੀਨੇਟਰ ਰਿਤੂ ਨੇ ਕੀਤਾ। ਮਹਿਮਾਨਾਂ ਅਤੇ ਮਾਪਿਆਂ ਦਾ ਸੁਆਗਤ ਕਰਦੇ ਹੋਏ ਨਿੱਕੇ-ਨਿੱਕੇ ਬੱਚਿਆਂ ਨੇ ਵਧੀਆ ਪਹਿਰਾਵੇ ਪਹਿਨ ਕੇ ਸੰਗੀਤ ਅਤੇ ਡਾਂਸ ਵਰਗੀਆਂ ਵੱਖ-ਵੱਖ ਗਤੀਵਿਧੀਆਂ ਪੇਸ਼ ਕੀਤੀਆਂ। ਪ੍ਰੀ-ਪ੍ਰਾਇਮਰੀ ਦੇ ਛੋਟੇ ਛੋਟੇ ਬੱਚਿਆਂ ਨੇ ਗ੍ਰੈਜੂਏਸ਼ਨ ਪੋਸ਼ਾਕਾਂ ਅਤੇ ਟੋਪੀਆਂ ਪਹਿਨ ਕੇ ਸਟੇਜ 'ਤੇ ਚੱਲ ਕੇ ਵਾਤਾਵਰਣ ਰੰਗੀਨਮਈ ਬਣਾ ਦਿੱਤਾ। ਮੁੱਖ ਮਹਿਮਾਨ ਸਮੇਤ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਦੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਕਨਵੋਕੇਸ਼ਨ ਸੈਸ਼ਨ ਵਿੱਚ ਜਿੱਥੇ ਮਾਪਿਆਂ ਨੂੰ ਵਧਾਈ ਦਿੱਤੀ, ਗ੍ਰੈਜੂਏਟਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ, ਨਾਲ ਹੀ ਸਿੱਖਿਆ ਅਤੇ ਹੋਰ ਸਹਿ-ਪਾਠਕ੍ਰਮ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਸੁਚੱਜੇ ਜੀਵਨ ਕੌਸ਼ਲ ਵਿੱਚ ਢਾਲਣ ਵਿੱਚ ਉਨ੍ਹਾਂ ਦੀ ਲਗਨ ਅਤੇ ਸਖ਼ਤ ਮਿਹਨਤ ਲਈ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰੋਗਰਾਮ ਦੀ ਸਮਾਪਤੀ ਕਿੰਡਰਗਾਰਟਨ ਕੋਆਰਡੀਨੇਟਰ ਰਿਤੂ ਦੁਆਰਾ ਧੰਨਵਾਦ ਦੇ ਮਤੇ ਨਾਲ ਹੋਈ।

# ਚੰਨੀ ਨੇ ਸੀਚੇਵਾਲ ਤੋਂ ਅਸ਼ੀਰਵਾਦ ਲਿਆ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅੱਜ ਨਿਰਮਲ ਕੁਟੀਆ ਸੀਚੇਵਾਲ ਨਤਮਸਤਕ ਹੋਏ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਅਸ਼ੀਰਵਾਦ ਲਿਆ।ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਚੰਨੀ ਨੂੰ ਪੰਜਾਬ ਦੀ ਵਿਗੜ ਰਹੀ ਵਾਤਾਵਰਣ ਦੀ ਸਥਿਤੀ ਤੋਂ ਜਾਣੂ ਕਰਵਾਇਆ ਕਿ ਕਿਵੇਂ ਧਰਤੀ ਹੇਠਲਾਂ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਦਰਿਆਵਾਂ ਦੇ ਪਾਣੀ ਪਲੀਤ ਹੋ ਗਏ ਹਨ।ਪੰਜਾਬ ਵਿੱਚ ਜੰਗਲਾਤ ਹੇਠਾਂ ਰਕਬਾ ਤੇਜ਼ੀ ਨਾਲ ਘਟ ਰਿਹਾ ਹੈ।ਸੰਤ ਸੀਚੇਵਾਲ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਲੋਕ ਸਭਾ ਚੋਣਾਂ ਦੌਰਾਨ ਵਾਤਾਵਰਣ ਦਾ ਏਜੰਡਾ ਸੌਂਪਿਆ।ਉਨ੍ਹਾਂ ਚੰਨੀ ਨੂੰ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਹ ਲੋਕਾਂ ਦੇ ਇਸ ਏਜੰਡੇ ਨੂੰ ਆਪਣੀ ਚੋਣ ਮੁਹਿੰਮ ਦਾ ਹਿੱਸਾ ਬਣਾਉਣ।ਸੰਤ ਸੀਚੇਵਾਲ ਨੇ ਦੱਸਿਆ ਕਿ ਜਲੰਧਰ ਜਲਵਾਯੂ ਤਬਦੀਲੀ ਦੀ ਮਾਰ ਹੇਠ ਆਉਣ ਵਾਲੇ ਜ਼ਿਲ੍ਹਿਆਂ ਵਿੱਚੋਂ ਸਭ ਤੋਂ ਵੱਧ ਸੰਵੇਦਨਸ਼ੀਲ ਹੈ।ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੰਤ ਸੀਚੇਵਾਲ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਪੰਜਾਬ ਨੂੰ ਤੁਹਾਡੀ ਬੜੀ ਦੇਣ ਹੈ। ਚੰਨੀ ਨੇ ਸੰਤ ਸੀਚੇਵਾਲ ਨੂੰ ਰਾਜਨੀਤੀ ਤੋਂ ਉਪਰ ਦੱਸਦਿਆ ਕਿਹਾ ਕਿ ਉਨ੍ਹਾ ਨੇ ਪੰਜਾਬ ਦੇ ਭਲੇ ਲਈ ਜਾਨੂੰਨੀ ਹੋ ਕੇ ਸੇਵਾ ਕੀਤੀ ਹੈ। ਉਨ੍ਹਾ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਸਾਲ ਮੌਕੇ ਕਰਵਾਏ ਸਮਾਗਮਾਂ ਵਿੱਚ ਸੰਤ ਸੀਚੇਵਾਲ ਦੇ ਕੰਮਾਂ ਦੀ ਵੀ ਪ੍ਰਸ਼ੰਸਾ ਕੀਤੀ ਗਈ ਸੀ।ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਦੇ ਹੱਥ ਸੱਤਾ ਆਈ ਤਾਂ ਪੰਜਾਬ ਦੇ ਵਿਕਾਸ ਦੀਆਂ ਚਾਬੀਆਂ ਸੰਤ ਸੀਚੇਵਾਲ ਦੇ ਹੱਥਾਂ ਵਿੱਚ ਫੜਾ ਦੇਣਗੇ।

# ਮੇਹਟੀਆਣਾ 'ਚ ਜਨਮ ਦਿਹਾੜੇ 'ਤੇ ਸਮਾਗਮ ਕਰਵਾਏ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)-ਪਿੰਡ ਮੇਹਟੀਆਣਾ ਵਿਖੇ ਬਾਬਾ ਸਾਹਿਬ ਟਾਈਗਰ ਫੋਰਸ ਪੰਜਾਬ ਵਲੋਂ ਸਮੂਹ ਨਗਰ ਨਿਵਾਸੀ ਅਤੇ ਐਨ ਆਰ ਆਈ ਵੀਰਾਂ, ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਦੇ 133ਵੇਂ ਜਨਮ ਦਿਹਾੜੇ ਨੂੰ ਸਮਰਪਤ ਮਹਾਨ ਸਮਾਗਮ ਕਰਵਾਏ



ਗਏ। ਇਸ ਮੌਕੇ ਹੈਪੀ ਮੇਹਟੀਆਣਾ ਵਾਈਸ ਪ੍ਰਧਾਨ ਪੰਜਾਬ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਸਮੂਹ ਨਗਰ ਨਿਵਾਸੀ ਮੇਹਟੀਆਣਾ ਅਤੇ ਬਾਬਾ ਸਾਹਿਬ ਟਾਈਗਰ ਫੋਰਸ ਦੇ ਸਮੂਹ ਮੈਂਬਰਾਂ ਵੱਲੋਂ ਇਹ ਸਮਾਗਮ ਕਰਵਾਇਆ ਗਿਆ। ਇਸ ਮੌਕੇ ਹੈਪੀ ਮੇਹਟੀਆਣਾ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਡਾਕਟਰ ਬੀ ਆਰ ਅੰਬੇਡਕਰ ਦੇ 133ਵੇਂ ਜਨਮ ਦਿਨ ਮੌਕੇ ਪਿੰਡ ਮੇਹਟੀਆਣਾ ਵਿਖੇ ਰੈਲੀ ਕੱਢੀ ਗਈ। ਇਸ ਸਮਾਗਮ ਵਿੱਚ ਮਿਸ਼ਨਰੀ ਕਲਾਕਾਰ ਸੂਫੀ ਸਿਕੰਦਰ ਨੇ ਡਾਕਟਰ ਬੀ ਆਰ ਅੰਬੇਡਕਰ ਦੇ ਮਿਸ਼ਨਰੀ ਗੀਤਾਂ ਰਾਹੀਂ ਹਾਜ਼ਰੀ ਭਰੀ। ਸਮਾਗਮ ਦੌਰਾਨ ਡਾਕਟਰ ਪਰਮਿੰਦਰ ਸੂਦ ਐੱਸ ਜੀ ਆਰ ਹਸਪਤਾਲ ਕੋਟ ਫਤੂਹੀ ਤੋਂ ਇਲਾਵਾ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਪ੍ਰਮੁੱਖ ਸ਼ਖਸੀਅਤਾਂ ਨੇ ਡਾਕਟਰ ਬੀ ਆਰ ਅੰਬੇਡਕਰ ਦੀ ਜੀਵਨੀ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਹੈਪੀ ਮੇਹਟੀਆਣਾ ਪੰਜਾਬ ਵਾਈਸ ਪ੍ਰਧਾਨ, ਨਰਿੰਦਰ ਨਹਿਰੂ ਪੰਜਾਬ ਪ੍ਰਧਾਨ, ਸਮਾਜ ਸੇਵੀ ਦਿਲਬਾਗ ਸਿੰਘ, ਸੰਦੀਪ ਬੈਂਸ, ਮਹਿੰਦਰ ਲਾਲ ਸਾਬਕਾ ਸਰਪੰਚ ਖੰਨੌੜਾ, ਸਰਿੰਦਰਪਾਲ ਦਾਨੀ, ਸੰਦੀਪ ਬੈਂਸ, ਅਜੇ ਕੁਮਾਰ, ਰਜਿੰਦਰ ਬੈਂਸ, ਕੁਲਦੀਪ ਬੈਂਸ, ਲੰਬਰਦਾਰ ਗੁਰਮੀਤ ਰਾਏ, ਮੋਤਾ ਸਿੰਘ ਮਸਤਾਨਾ, ਠੇਕੇਦਾਰ ਇੰਦਰਜੀਤ ਸਿੰਘ, ਡਾਕਟਰ ਸੋਨੀ, ਬਲਵਿੰਦਰ ਸਿੰਘ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਇੰਤਜ਼ਾਮ ਦੀਆਂ ਹਦਾਇਤਾਂ

ਜਲੰਧਰ, (ਸੁਰਿੰਦਰ ਕੁਮਾਰ)-ਸਹਾਇਕ ਰਿਟਰਨਿੰਗ ਅਫ਼ਸਰ ਵਿਧਾਨ ਸਭਾ ਹਲਕਾ ਜਲੰਧਰ ਛਾਉਣੀ-ਕਮ-ਰਿਜਨਲ ਟਰਾਂਸਪੋਰਟ ਅਫ਼ਸਰ ਜਲੰਧਰ ਅਮਨਪ੍ਰੀਤ ਸਿੰਘ ਨੇ ਹਲਕੇ ਦੇ ਗੜ੍ਹਾ, ਗ੍ਰੀਨ ਮਾਡਲ ਟਾਊਨ, ਗੁਰੂ ਅਮਰਦਾਸ ਸਕੂਲ, ਬੂਟਾ ਪਿੰਡ, ਖੁਰਲਾ ਕਿੰਗਰਾ, ਮਾਨ ਨਗਰ, ਮਿੱਠਾਪੁਰ, ਗੜ੍ਹਾ ਰੋਡ, ਅਰਬਨ ਅਸਟੇਟ ਫੇਜ਼-1, 2 ਆਦਿ ਸਮੇਤ ਵੱਖ-ਵੱਖ ਪੋਲਿੰਗ ਸਟੇਸ਼ਨਾਂ ਵਿਖੇ ਵੋਟਰਾਂ ਲਈ ਸਹੂਲਤਾਂ ਦਾ ਜਾਇਜ਼ਾ ਲੈਂਦਿਆਂ ਵੋਟਾਂ ਵਾਲੇ ਦਿਨ ਪੋਲਿੰਗ ਬੂਥਾਂ 'ਤੇ ਰੈਂਪ, ਫਰਨੀਚਰ, ਪਾਣੀ, ਬਿਜਲੀ, ਪੁਰਸ਼-ਇਸਤਰੀ ਲਈ ਵੱਖਰੇ ਟਾਇਲਟ ਆਦਿ ਇੰਤਜ਼ਾਮ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਗਰਮੀ ਦੇ ਸੰਭਾਵਨਾ ਦੇ ਮੱਦੇਨਜ਼ਰ ਹਲਕੇ ਦੇ ਸਾਰੇ 210 ਪੋਲਿੰਗ ਸਟੇਸ਼ਨਾਂ 'ਤੇ ਛਾਂ, ਠੰਢੇ ਪਾਣੀ, ਵੇਟਿੰਗ ਰੂਮ ਆਦਿ ਦਾ ਇੰਤਜ਼ਾਮ ਕਰਨ ਦੇ ਨਿਰਦੇਸ਼ ਵੀ ਦਿੱਤੇ।ਇਸ ਤੋਂ ਪਹਿਲਾਂ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸਹਾਇਕ ਰਿਟਰਨਿੰਗ ਅਫ਼ਸਰ ਨੇ ਦੱਸਿਆ ਕਿ ਛਾਉਣੀ ਹਲਕੇ ਲਈ ਪੋਲਿੰਗ ਸਟਾਫ ਦੀ ਪਹਿਲੀ ਰਿਹਰਸਲ 5 ਮਈ ਨੂੰ ਸਥਾਨਕ ਗੁਰੂ ਨਾਨਕ ਦੇਵ ਕਾਲਜ ਲਾਡੋਵਾਲੀ ਰੋਡ ਵਿਖੇ ਕਰਵਾਈ ਜਾ ਰਹੀ ਹੈ, ਜਿਸ ਦੇ ਲਈ ਲੋੜੀਂਦੇ ਸਾਰੇ ਪ੍ਰਬੰਧ ਕੀਤੇ ਜਾ ਚੁੱਕੇ ਹਨ।ਉਨ੍ਹਾਂ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੀ.ਡਬਲਯੂ.ਡੀ. ਅਤੇ 85 ਸਾਲ ਤੋਂ ਵੱਧ ਉਮਰ ਵਾਲੇ ਵੋਟਰਾਂ ਲਈ 12-ਡੀ ਫਾਰਮ ਵੋਟਰਾਂ ਦੇ ਘਰ-ਘਰ ਜਾ ਕੇ ਵੰਡਣ ਅਤੇ ਵਾਪਸ ਉਨ੍ਹਾਂ ਦੀ ਸਹਿਮਤੀ ਲੈਣ ਸਬੰਧੀ ਸੈਕਟਰ ਸੁਪਰਵਾਈਜ਼ਰ/ਬੂਥ ਲੈਵਲ ਅਫ਼ਸਰਾਂ ਨੂੰ ਹਦਾਇਤ ਵੀ ਕੀਤੀ।

# ਚੋਣ ਰੈਲੀਆਂ 'ਚ ਸਕੂਲਾਂ, ਕਾਲਜਾਂ ਦੇ ਮੈਦਾਨਾਂ ਦਾ ਨਹੀਂ ਕੀਤਾ ਜਾ ਸਕੇਗਾ ਇਸਤੇਮਾਲ : ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)-ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਚੋਣ ਰੈਲੀਆਂ ਲਈ ਰਾਜਨੀਤਿਕ ਪਾਰਟੀਆਂ ਤੇ ਚੋਣ ਲੜ ਰਹੇ ਉਮੀਦਵਾਰਾਂ ਨੂੰ ਸਕੂਲ ਤੇ ਕਾਲਜਾਂ ਦੇ ਖੇਡ ਮੈਦਾਨ ਦੀ ਵਰਤੋਂ ਕਰਨ ਦੀ ਚੋਣ ਕਮਿਸ਼ਨ ਤੋਂ ਮਨਜ਼ੂਰੀ ਨਹੀਂ ਹੋਵੇਗੀ।ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਹਰਿਆਣਾ ਤੇ ਪੰਜਾਬ ਦੇ ਹੋਰ ਸੂਬਿਆਂ ਦੇ ਕੇਂਦਰ ਸ਼ਾਸਿਤ ਸੂਬਿਆਂ ਵਿਚ ਸਕੂਲ ਪ੍ਰਬੰਧਨ ਦੀ ਮਨਜ਼ੂਰੀ ਨਾਲ ਖੇਡ ਮੈਦਾਨ ਦੀ ਵਰਤੋਂ ਕੀਤੀ ਜਾ ਸਕੇਗੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਸ ਮੁੱਦੇ 'ਤੇ ਐਕਸਪ੍ਰੈਸ ਪ੍ਰੋਹਿਬਿਸ਼ਨ ਲਗਾਇਆ ਗਿਆ ਹੈ।ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਜਾਤੀ, ਧਰਮ, ਕਮਿਊਨਿਟੀ ਦੇ ਆਧਾਰ 'ਤੇ ਵੋਟਰਾਂ ਦੀ ਭਾਵਨਾਵਾਂ ਨੂੰ ਪ੍ਰਭਾਵਿਤ ਨਹੀਂ ਕੀਤਾ ਜਾਵੇਗਾ ਅਤੇ ਚੋਣ ਪ੍ਰਚਾਰ ਦੌਰਾਨ ਉੱਚ ਮਾਨਦੰਡਾਂ ਨੂੰ ਬਣਾਏ ਰੱਖਣਾ ਹੋਵੇਗਾ। ਅਗਰਵਾਲ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਕਿਸੇ ਮੰਦਰ, ਮਸਜਿਦ, ਚਰਚ, ਗੁਰਦੁਆਰਾ ਜਾਂ ਹੋਰ ਧਰਮ ਦਾ ਅਸਥਾਨ ਚੋਣ ਪ੍ਰਚਾਰ ਲਈ ਵਰਤੋਂ ਨਹੀਂ ਕੀਤਾ ਜਾ ਸਕੇਗਾ ਅਤੇ ਨਾ ਹੀ ਇਨ੍ਹਾਂ ਵਿਚ ਭਾਸ਼ਣ, ਪੋਸਟਰ, ਸੰਗੀਤ, ਚੋਣ ਨਾਲ ਸਬੰਧਤ ਸਮੱਗਰੀ ਦੀ ਵਰਤੋਂ ਨਹੀਂ ਕੀਤੀ ਜਾ ਸਕੇਗੀ।ਚੋਣ ਕਮਿਸ਼ਨ ਨੇ ਮੁੱਖ ਚੋਣ ਅਧਿਕਾਰੀ ਅਤੇ ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਚੋਣ ਜਾਬਤਾ ਦਾ ਉਲੰਘਣ ਦੇ ਮਾਮਲਿਆਂ ਦੀ ਨਿਗਰਾਨੀ ਕਰਨ ਲਈ ਪਾਰਟੀਆਂ ਦੇ ਹਿਸਾਬ ਨਾਲ ਇਕ ਰਜਿਸਟਰ ਲਗਾਉਣਾ ਜ਼ਰੂਰੀ ਹੋਵੇਗਾ। ਰਜਿਸਟਰ ਵਿਚ ਉਮੀਦਵਾਰ, ਪ੍ਰਚਾਰਕ ਅਤੇ ਰਾਜਨੀਤਿਕ ਪਾਰਟੀ ਦਾ ਨਾਂਅ ਦਰਜ ਕਰਨਾ ਹੋਵੇਗਾ ਅਤੇ ਇਕ ਉਲੰਘਣ ਦੀ ਮਿਤੀ, ਕਾਰਵਾਈ, ਚੋਣ ਦਫਤਰ ਜਾਂ ਚੋਣ ਕਮਿਸ਼ਨ ਵੱਲੋਂ ਪਾਸ ਆਦੇਸ਼ਾਂ ਦੇ ਸੰਖੇਪ ਟਿਪਣੀਆਂ ਦਰਜ ਕਰਨੀ ਹੋਵੇਗੀ।

# ਸਰਕਾਰੀ ਸਕੂਲ ਖੁੱਡਾ 'ਚ ਹੋਣਹਾਰ ਵਿਦਿਆਰਥੀ ਸਨਮਾਨਤ



ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਵਿਖੇ ਹੋਏ ਇੱਕ ਸਮਾਗਮ ਵਿੱਚ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਇਕਬਾਲ ਕੌਰ ਸੈਣੀ ਦੀ ਅਗਵਾਈ ਹੇਠ ਹੋਏ ਸਮੂਹ ਸਟਾਫ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਕਲਾਸ ਦੇ ਨਤੀਜੇ ਵਿੱਚ ਪੰਜਾਬ ਭਰ ਚੋਂ ਚੌਥਾ ਤੇ ਜ਼ਿਲ੍ਹਾ ਹੁਸ਼ਿਆਰਪੁਰ ਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਸਨਪ੍ਰੀਤ ਸਿੰਘ ਗੁਰਾਇਆ ਨੂੰ ਸਕੂਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਤੋਂ ਇਲਾਵਾ ਬਾਰ੍ਹਵੀਂ, ਦਸਵੀਂ ਅਤੇ ਅੱਠਵੀਂ ਕਲਾਸ ਦੇ ਨਤੀਜੇ ਵਿੱਚ ਸਕੂਲ ਚੋਂ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਮੈਡੀਕਲ ਵਿੱਚ 96% ਅੰਕ ਪ੍ਰਾਪਤ ਕਰਕੇ ਸਕੂਲ ਚੋਂ ਪਹਿਲੇ ਸਥਾਨ 'ਤੇ ਰਹੀ ਦੀਕਸ਼ਾ ਅਰੋੜਾ ਮੈਡੀਕਲ ਚੋਂ ਹੀ 94.8% ਅੰਕ ਪ੍ਰਾਪਤ ਕਰਨ ਵਾਲੀ ਪ੍ਰਿਯਾ ਰਾਣੀ, ਨਾਨ ਮੈਡੀਕਲ ਵਿੱਚ 94.2% ਅੰਕ ਪ੍ਰਾਪਤ ਕਰਨ ਵਾਲੇ ਹਰਸ਼ਵੀਰ ਸਿੰਘ, ਕਮਰਸ ਵਿਸ਼ੇ ਵਿੱਚ 86.6 ਅੰਕ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਸ਼ਰਵਿੰਦਰ ਕੌਰ, 84.6% ਅੰਕ ਪ੍ਰਾਪਤ ਕਰਨ ਵਾਲੀ ਸਿਮਰਨ ਸਿਮੀ, 83.8% ਅੰਕ ਪ੍ਰਾਪਤ ਕਰਨ ਵਾਲੀ ਹਰਪ੍ਰੀਤ ਕੌਰ, ਆਰਟਸ ਗਰੁੱਪ ਚੋਂ 93.2% ਅੰਕ ਪ੍ਰਾਪਤ ਕਰਨ ਵਾਲੀ ਹਰਮਨਪ੍ਰੀਤ ਕੌਰ 86 ਪ੍ਰਤੀਸ਼ਤ ਅੰਕ ਪ੍ਰਾਪਤ ਕਰਨ ਵਾਲੀ ਸਿਮਰਨ ਕੌਰ 83.6% ਅੰਕ ਪ੍ਰਾਪਤ ਕਰਨ ਵਾਲੇ ਮਨਮੀਤ ਸਿੰਘ, ਵੋਕੇਸ਼ਨਲ ਗਰੁੱਪ 87.2% ਅੰਕ ਪ੍ਰਾਪਤ ਕਰਨ ਵਾਲੀ ਨੂਰ ਕੀਰਤ ਸਿੰਘ, 87% ਅੰਕ ਪ੍ਰਾਪਤ ਕਰਨ ਵਾਲੇ ਦਿਲਪ੍ਰੀਤ ਸਿੰਘ, 83% ਅੰਕ ਪ੍ਰਾਪਤ ਕਰਨ ਵਾਲੇ ਸੋਨੂ ਤੋਂ ਇਲਾਵਾ ਦਸਵੀਂ ਕਲਾਸ ਚੋਂ 93.65 ਅੰਕ ਪ੍ਰਾਪਤ ਕਰਨ ਵਾਲੀ ਮਨਪ੍ਰੀਤ ਕੌਰ, 89.3% ਅੰਕ ਪ੍ਰਾਪਤ ਕਰਨ ਵਾਲੀ ਦਲਜੀਤ ਕੌਰ, 83.5 ਅੰਕ ਪ੍ਰਾਪਤ ਕਰਨ ਵਾਲੀ ਸਿਮਰਨ ਪ੍ਰੀਤ ਕੌਰ ਤੋਂ ਇਲਾਵਾ ਅੱਠਵੀਂ ਕਲਾਸ ਦੇ ਅੱਠਵੀਂ ਕਲਾਸ ਦੇ ਨਤੀਜੇ ਵਿੱਚ ਨਤੀਜੇ ਵਿੱਚ ਪਹਿਲਾ ਦੂਸਰਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਗਿਫ਼ਟੀ ਕੁਮਾਰ, ਤਰਨਪ੍ਰੀਤ ਕੌਰ, ਹਰਲੀਨ ਕੌਰ ਅਤੇ ਸ਼ਿਵਾਂਗੀ ਨੂੰ ਵੀ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਇਕਬਾਲ ਕੌਰ ਸੈਣੀ ਨੇ ਇਨ੍ਹਾਂ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ ਪਿਤਾ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਇਸ ਸਨਮਾਨ ਸਮਾਰੋਹ ਉਪਰੰਤ ਸਕੂਲ ਵੱਲੋਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਇੱਕ ਜਾਗਰੂਕਤਾ ਰੈਲੀ ਕੱਢੀ ਗਈ ।

# ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ 100 ਫੀਸਦੀ

ਕਰਤਾਰਪੁਰ (ਹਰਮੇਸ਼ ਦੱਤ)- ਪੰਜਾਬ ਬੋਰਡ ਸਿੱਖਿਆ ਵੱਲੋਂ ਬਾਰ੍ਹਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ ਜਿਸ



ਵਿੱਚ ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਬਾਰ੍ਹਵੀਂ ਕਮਾਰਸ ਤੇ ਆਰਟਸ ਦਾ ਨਤੀਜਾ 100 ਫੀਸਦੀ ਰਿਹਾ। ਜਿਸ ਵਿੱਚ ਕਮਾਰਸ ਗਰੁੱਪ ਦੀ ਵਿਦਿਆਰਥਣ ਭਾਵਨਾ ਮਹਿਰਾ ਨੇ 94.4% ਅੰਕ ਪ੍ਰਾਪਤ ਕਰਕੇ ਪਹਿਲਾ ਤੇ ਤਨਵੀਰ ਸਿੰਘ ਨੇ ਕਾਮਰਸ ਵਿੱਚੋਂ 92% ਅੰਕ ਦੂਸਰਾ ਸਥਾਨ ਤੇ ਅਕਾਸ਼ਦੀਪ ਸਿੰਘ ਨੇ 90% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਕਲਾਸ ਦੇ 4 ਵਿਦਿਆਰਥੀਆਂ ਨੇ 90% ਤੇ 12 ਵਿਦਿਆਰਥੀਆਂ 80% ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਸਕੂਲ ਸੰਚਾਲਕ ਮਹਿੰਦਰ ਕੌਰ ਪੱਡਾ, ਚੇਅਰਪਰਸਨ ਹਰਮਨ ਸਿੰਘ ਪੱਡਾ, ਸਕੂਲ ਸਟਾਫ ਨੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਤ ਕੀਤਾ।

# ਬਾਬਾ ਬ੍ਰਹਮਦਾਸ ਪਬਲਿਕ ਹਾਈ ਸਕੂਲ ਦੇ ਬੱਚੇ ਸਨਮਾਨਤ



ਫਿਲੌਰ, ( ਨਿਰਮਲ )- ਬਾਬਾ ਬ੍ਰਹਮਦਾਸ ਪਬਲਿਕ ਹਾਈ ਸਕੂਲ ਅਕਲਪੁਰ ਰੋਡ ਦੇ ਪੰਜਵੀ, ਅੱਠਵੀਂ ਤੇ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਪ੍ਰਿੰਸੀਪਲ ਬਲਜਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਪੰਜਵੀਂ, ਅੱਠਵੀਂ ਅਤੇ ਦਸਵੀ ਦੇ ਨਤੀਜਿਆਂ ਵਿਚ ਵਿਦਿਅਰਥੀਆਂ ਦੀ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਬੱਚਿਆਂ ਦਾ ਸਕੂਲ ਸਟਾਫ ਅਤੇ ਸਕੂਲ ਚੇਅਰਮੈਨ ਸੰਤ ਬਾਬਾ ਜਸਪਾਲ, ਪ੍ਰਧਾਨ ਸੁੰਦਰਪਾਲ, ਉਪ ਪ੍ਰਧਾਨ ਜਸਪਾਲ ਗਿੰਡਾ ਅਤੇ ਬਾਕੀ ਦੇ ਕਮੇਟੀ ਮੈਂਬਰਾਂ ਵਲੋਂ ਸਨਮਾਨ ਕੀਤਾ ਗਿਆ। ਉਨ੍ਹਾ ਦੱਸਿਆ ਕਿ ਦਸਵੀਂ ਕਲਾਸ ਵਿੱਚੋਂ ਅਨੂ 92% , ਸਾਹਿਲ 89%, ਅਤੇ ਹਰਮਨ ਰੱਤੂ 88% ਅਤੇ ਅੱਠਵੀਂ ਕਲਾਸ ਵਿੱਚੋਂ ਨੇਹਾ92%, ਗੁਰਪ੍ਰੀਤ ਸੁਮਨ 91%, ਨਿਤਿਨ ਕੁਮਾਰ 87%, ਅਤੇ ਪੰਜਵੀਂ ਕਲਾਸ ਵਿੱਚੋਂ ਹੁਸਨ ਲਾਲ 94% , ਵੰਦਨਾ 92%, ਮਾਨਵੀ 91 % ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਅਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਅੱਵਲ ਆਏ ਵਿਦਿਅਰਥੀਆਂ ਦਾ ਗੱਦੀਨਸ਼ੀਨ ਸੰਤ ਬਾਬਾ ਜਸਪਾਲ ਵਲੋਂ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ ਅਤੇ ਉਜਵਲ ਭਵਿੱਖ ਦੀਆਂ ਕਾਮਨਾਵਾਂ ਕੀਤੀਆਂ।

# ਸੈਕੰਡਰੀ ਸਕੂਲ ਕਰਨਾਣਾ 'ਚ ਵੋਟਰ ਜਾਗਰੂਕਤਾ ਸੈਮੀਨਾਰ

ਨਵਾਂਸ਼ਹਿਰ (ਮਨੋਜ ਲਾਡੀ)-ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦੇ ਹੋਏ ਮੁੱਖ ਚੋਣ ਅਫਸਰ ਪੰਜਾਬ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਹੁਕਮਾਂ ਅਤੇ ਰਾਜੀਵ ਵਰਮਾ ਐਡੀਸ਼ਨਲ ਡਿਪਟੀ ਕਮਿਸ਼ਨਰ-ਕਮ-ਨੋਡਲ ਅਫਸਰ ਸਵੀਪ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਰਨਾਣਾ ਦੇ ਇੰਚਾਰਜ ਜਸਵੰਤ ਸਿੰਘ ਦੀ ਅਗਵਾਈ ਹੇਠ ਸਵੀਪ ਗਤੀਵਿਧੀਆਂ ਅਧੀਨ ਵੋਟਰ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਸਵੀਪ ਦੇ ਨੋਡਲ ਅਫਸਰ ਸਤਨਾਮ ਸਿੰਘ, ਬੀ ਐਲ ਐਮ ਗਰਲਜ਼ ਕਾਲਜ ਨਵਾਂਸ਼ਹਿਰ ਤੋਂ ਰਾਜਨੀਤੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਹਰਦੀਪ ਕੌਰ ਅਤੇ ਉਂਕਾਰ ਸਿੰਘ ਕੰਪਿਊਟਰ ਫੈਕਲਟੀ ਵਲੋਂ ਮੁੱਖ ਬੁਲਾਰਿਆਂ ਦੇ ਰੂਪ ਵਿੱਚ ਸ਼ਿਰਕਤ ਕੀਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਵੋਟਾਂ ਬਾਰੇ ਜਾਗਰੂਕ ਕਰਨ ਲਈ ਵਿਚਾਰ ਪੇਸ਼ ਕੀਤੇ ।ਸਤਨਾਮ ਸਿੰਘ ਨੇ ਵਿਦਿਆਰਥੀਆਂ ਨੂੰ ਵੋਟ ਬਣਵਾਉਣਾ ਲਾਜ਼ਮੀ ਕਰਾਰ ਦੇਣ ਦੇ ਨਾਲ-ਨਾਲ ਉਨ੍ਹਾਂ ਨੂੰ ਵੋਟ ਦੀ ਵਰਤੋਂ ਕਰਨ ਲਈ ਵੀ ਪ੍ਰੇਰਿਤ ਕੀਤਾ ।ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੇ ਪਿੰਡਾਂ ਵਿੱਚ ਅਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੋਟ ਬਣਵਾਉਣ ਅਤੇ ਹਰ ਇੱਕ ਵਿਅਕਤੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਨ ਲਈ ਕਹਿਣ ਅਤੇ ਚੋਣ ਕਮਿਸ਼ਨ ਦੇ ਸਲੋਗਨ ਇਸ ਵਾਰ 70 ਪਾਰ ਦੇ ਤਹਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਵੋਟਿੰਗ ਟਰਨ ਆਊਟ ਨੂੰ 75 ਦੇ ਪਾਰ ਕਰਨ ਵਿੱਚ ਸਹਿਯੋਗ ਅਤੇ ਹਰ ਇੱਕ ਕੋਸ਼ਿਸ਼ ਕਰਨ ।ਸਹਾਇਕ ਪ੍ਰੋਫੈਸਰ ਹਰਦੀਪ ਕੌਰ ਨੇ ਪੋਲਿੰਗ ਆਂਕੜਿਆਂ ਬਾਰੇ ਜਾਗਰੂਕ ਕੀਤਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਵੀ ਆਪਣਾ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ। ਸਟੇਜ ਸੰਚਾਲਨ ਦੀ ਭੂਮਿਕਾ ਵਿਪਨ ਕੁਮਾਰ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਨੇ ਨਿਭਾਈ ।ਸਕੂਲ ਇੰਚਾਰਜ ਜਸਵੰਤ ਸਿੰਘ ਨੇ ਮੁੱਖ ਬੁਲਾਰਿਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥਣਾਂ ਨੂੰ ਹਰ ਇੱਕ ਵੋਟ ਪੋਲ ਕਰਵਾਉਣ ਲਈ ਪ੍ਰੇਰਿਤ ਕੀਤਾ।ਕੰਪਿਊਟਰ ਫੈਕਲਟੀ ਉਂਕਾਰ ਸਿੰਘ ਨੇ ਵਿਦਿਆਰਥਣਾਂ ਨੂੰ ਵੋਟਰ ਪ੍ਰਣ ਦੁਆਇਆ ।


## ਅੰਤਰਰਾਸ਼ਟਰੀ ਏਅਰਪੋਰਟ ਤੇ ਇਸ ਦੇ ਆਲੇ ਦੁਆਲੇ 5 ਕਿਲੋਮੀਟਰ ਨੋ-ਡਰੋਨ ਨੋ-ਫਲਾਇੰਗ ਜ਼ੋਨ ਘੋਸ਼ਿਤ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)-ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਆਸ਼ਿਕਾ ਜੈਨ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਭਾਰਤ ਦੇ ਰਾਸ਼ਟਰਪਤੀ ਦੀ 4 ਮਈ ਅਤੇ 8 ਮਈ ਦੀ ਆਮਦ ਅਤੇ ਰਵਾਨਗੀ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਵਿੱਚ ਸਥਿਤ ਸ਼ਹੀਦ ਭਗਤ ਸਿੰਘ (ਐਸ.ਬੀ.ਐਸ.) ਅੰਤਰਰਾਸ਼ਟਰੀ ਏਅਰਪੋਰਟ ਅਤੇ ਇਸ ਦੇ ਆਲੇ ਦੁਆਲੇ 5 ਕਿਲੋਮੀਟਰ ਦੇ ਅਰਧ ਵਿਆਸੀ ਘੇਰੇ (ਰੇਡੀਅਸ) ਨੂੰ 4 ਮਈ ਅਤੇ 8 ਮਈ ਤੱਕ ਨੋ-ਡਰੋਨ ਅਤੇ ਨੋ-ਫਲਾਇੰਗ ਜ਼ੋਨ ਘੋਸ਼ਿਤ ਕੀਤਾ ਹੈ।ਉਨ੍ਹਾਂ ਕਿਹਾ ਇਨ੍ਹਾਂ ਹੁਕਮ ਦੀ ਪਾਲਣਾ ਵਿੱਚ ਇਸ ਏਰੀਆ ਵਿੱਚ ਕਿਸੇ ਵੀ ਕਿਸੇ ਕਿਸਮ ਦੇ ਫਲਾਇੰਗ ਆਬਜੈਕਟ ਦੀ ਉਡਾਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ।

# ਸਿਆਸੀ ਪਾਰਟੀਆਂ ਨੂੰ ਜਾਤ, ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਮੀਟਿੰਗ ਦੀ ਇਜਾਜ਼ਤ ਨਹੀਂ : ਜ਼ਿਲ੍ਹਾ ਚੋਣ ਅਫ਼ਸਰ

ਐਸ.ਏ.ਐਸ.ਨਗਰ (ਕ੍ਰਿਸ਼ਨ ਗਰਗ)-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਜਾਤ, ਧਰਮ ਜਾਂ ਭਾਸ਼ਾ ਦੇ ਆਧਾਰ 'ਤੇ ਹੋਣ ਵਾਲੀਆਂ ਮੀਟਿੰਗਾਂ 'ਤੇ ਪੂਰੀ ਤਰ੍ਹਾਂ ਨਜ਼ਰ ਰੱਖਣ ਲਈ ਕਿਹਾ ਹੈ।ਇਸ ਵਿਸ਼ੇ 'ਤੇ ਜਾਰੀ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦਾ ਹਵਾਲਾ ਦਿੰਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ ਨੇ ਤਿੰਨੋਂ ਏ.ਆਰ.ਓਜ਼ ਨੂੰ ਅਜਿਹੀਆਂ ਮੀਟਿੰਗਾਂ ਦੀ ਵੀਡੀਓਗ੍ਰਾਫੀ ਕਰਵਾਉਣ ਲਈ ਕਿਹਾ ਹੈ ਅਤੇ ਜੇਕਰ ਕੋਈ ਸਬੂਤ ਮਿਲਦਾ ਹੈ ਕਿ ਜਾਤ ਦੀ ਵਰਤੋਂ ਸਿਆਸੀ/ਚੋਣ ਦੇ ਉਦੇਸ਼ਾਂ ਲਈ ਕੀਤੀ ਜਾ ਰਹੀ ਹੈ ਤਾਂ ਫਿਰ ਕਮਿਸ਼ਨ ਨੂੰ ਸੂਚਿਤ ਕਰਕੇ ਕਾਨੂੰਨ/ਆਚਾਰ ਸੰਹਿਤਾ ਦੇ ਢੁਕਵੇਂ ਉਪਬੰਧਾਂ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਇਕੱਠਾਂ ਦੀ ਇਜਾਜ਼ਤ ਤਾਂ ਹੀ ਦਿੱਤੀ ਜਾਣੀ ਚਾਹੀਦੀ ਹੈ ਜਦੋਂ ਸਬੰਧਤ ਏ.ਆਰ.ਓ. ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 123 ਨਾਲ ਪੂਰੀ ਤਰ੍ਹਾਂ ਸੰਤੁਸ਼ਟ ਹੋਵੇ।ਜ਼ਿਲ੍ਹਾ ਚੋਣ ਅਫ਼ਸਰ ਨੇ ਸਿਆਸੀ ਪਾਰਟੀਆਂ ਨੂੰ ਜਾਤੀ, ਧਰਮ ਜਾਂ ਭਾਸ਼ਾ ਦੀ ਵਰਤੋਂ ਸਬੰਧੀ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਵੀ ਅਪੀਲ ਕੀਤੀ ਹੈ।ਲੋਕ ਪ੍ਰਤੀਨਿਧੀ ਐਕਟ, 1951 ਦੀ ਧਾਰਾ 123 ਕਿਸੇ ਉਮੀਦਵਾਰ ਜਾਂ ਉਸ ਦੇ ਏਜੰਟ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਕਿਸੇ ਉਮੀਦਵਾਰ ਜਾਂ ਉਸ ਦੇ ਚੋਣ ਏਜੰਟ ਦੀ ਸਹਿਮਤੀ ਨਾਲ ਕਿਸੇ ਵਿਅਕਤੀ ਨੂੰ ਉਸ ਦੇ ਧਰਮ, ਨਸਲ, ਜਾਤ ਦੇ ਆਧਾਰ 'ਤੇ ਵੋਟ ਪਾਉਣ ਜਾਂ ਵੋਟ ਦੇਣ ਦੀ ਅਪੀਲ 'ਤੇ ਮਨਾਹੀ ਕਰਦੀ ਹੈ। ਇਸੇ ਤਰ੍ਹਾਂ ਉਸ ਉਮੀਦਵਾਰ ਦੀ ਚੋਣ ਦੀਆਂ ਸੰਭਾਵਨਾਵਾਂ ਨੂੰ ਅੱਗੇ ਵਧਾਉਣ ਲਈ ਧਾਰਮਿਕ ਚਿੰਨ੍ਹਾਂ ਜਾਂ ਰਾਸ਼ਟਰੀ ਚਿੰਨ੍ਹਾਂ, ਜਿਵੇਂ ਰਾਸ਼ਟਰੀ ਝੰਡੇ ਜਾਂ ਰਾਸ਼ਟਰੀ ਚਿੰਨ੍ਹ ਦੀ ਵਰਤੋਂ, ਜਾਂ ਉਨ੍ਹਾਂ ਲਈ ਅਪੀਲ ਜੋ ਕਿਸੇ ਵੀ ਉਮੀਦਵਾਰ ਦੀ ਚੋਣ ਨੂੰ ਪੱਖਪਾਤੀ ਤੌਰ 'ਤੇ ਪ੍ਰਭਾਵਿਤ ਕਰੇ, ਵੀ ਨਹੀਂ ਕੀਤੀ ਜਾ ਸਕਦੀ।

# ਸੀ ਪੀ ਐੱਫ ਕਰਮਚਾਰੀ ਯੂਨੀਅਨ ਨੇ ਖਟਕੜ ਕਲਾਂ 'ਚ ਕੀਤਾ ਰੋਸ ਪ੍ਰਗਟਾਵਾ



ਨਵਾਂਸ਼ਹਿਰ (ਮਨੋਜ ਲਾਡੀ)-ਸੀ ਪੀ ਐੱਫ ਕਰਮਚਾਰੀ ਯੂਨੀਅਨ ਨੇ ਅੱਜ ਖਟਕੜਕਲਾਂ ਵਿਖੇ ਸ਼ਹੀਦ- ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਬੁੱਤ ਅੱਗੇ ਸਰਕਾਰ ਦੇ ਖਿਲਾਫ 1 ਰੋਜ਼ਾ ਭੁੱਖ ਹੜਤਾਲ ਕਰ ਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਮੰਗ ਨੂੰ ਲੈ ਕੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੁਖਜੀਤ ਸਿੰਘ ਪ੍ਰਧਾਨ, ਰਣਵੀਰ ਸਿੰਘ ਜਨਰਲ ਸਕੱਤਰ, ਅਮਨਦੀਪ ਸਿੰਘ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਹਰ ਵਰਗ ਨਾਲ ਕਈ ਵਾਅਦੇ ਕੀਤੇ ਸਨ ਪਰ ਜਦੋਂ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਦਾ ਸੁੱਖ ਦਿੱਤਾ ਤਾਂ ਵਾਅਦੇ ਪੂਰੇ ਕਰਨ ਦੀ ਬਜਾਏ ਉਨ੍ਹਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਵਾਪਸ ਲੈਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਗਈ। ਮੁਲਾਜ਼ਮਾਂ ਦੀ ਨਵੀਂ ਭਰਤੀ ਵੀ ਸ਼ੇਅਰ ਬਾਜ਼ਾਰ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ। ਮਜ਼ਦੂਰ ਜਮਾਤ ਇਸ ਧੱਕੇਸ਼ਾਹੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਜਲਦੀ ਲਾਗੂ ਨਾ ਕੀਤੀ ਤਾਂ ਉਨ੍ਹਾਂ ਦਾ ਸਮੂਹ ਸਰਕਾਰ ਖਿਲਾਫ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗਾ। ਇਸ ਸਮੇਂ ਹਰਵੀਰ ਸਿੰਘ ਢੀਂਡਸਾ, ਹਰਜਿੰਦਰ ਸਿੰਘ, ਤੇਜਿੰਦਰ ਸਿੰਘ ਨੇ ਕਿਹਾ ਕਿ ਜਿਥੇ ਸਰਕਾਰ ਪੁਰਾਣੀ ਪੈਨਸ਼ਨ ਨੂੰ ਬਹਾਲ ਨਾ ਕਰ ਕੇ ਮੁਲਾਜ਼ਮਾਂ ਦਾ ਸ਼ੋਸ਼ਣ ਕਰ ਰਹੀ ਹੈ, ਉੱਥੇ ਹੀ ਸਿਆਸੀ ਲੋਕ ਸਰਕਾਰੀ ਖਜ਼ਾਨੇ ਦੀ ਲੁੱਟ ਕਰ ਰਹੇ ਹਨ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ



ਫਿਲੌਰ (ਨਿਰਮਲ)- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਆਰ. ਐਮ. ਪੀ. ਆਈ. ) ਵੱਲੋ 'ਕਾਰਪੋਰੇਟ ਪੱਖੀ ਫਿਰਕੂ-ਫਾਸ਼ੀਵਾਦੀ ਸੱਤਾ ਨੂੰ ਉਖਾੜ ਸੁੱਟ' ਵਾਲਾ ਕਿਤਾਬਚਾ ਘਰ ਘਰ ਵਿੱਚ ਪਹੁੰਚਾਉਣ ਲਈ ਮੁਹਿੰਮ ਆਰੰਭੀ ਗਈ ਹੈ। ਇਸ ਸਮੇਂ ਮੁਹਿੰਮ ਦੀ ਸ਼ੁਰੂਆਤ ਫਿਲੌਰ ਸ਼ਹਿਰ ਵਿੱਚ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਆਗੂ ਜਰਨੈਲ ਫਿਲੌਰ ਨੇ ਦੱਸਿਆ ਕਿ ਹਲਕਾ ਫਿਲੌਰ ਵਿੱਚ ਹਜ਼ਾਰਾਂ ਕਿਤਾਬਚੇ ਵੰਡਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਤਾਬਚੇ ਰਾਹੀਂ ਫਿਰਕੂ-ਫਾਸ਼ੀਵਾਦੀ ਭਾਜਪਾ ਵਲੋਂ ਸੱਤਾ ਦੇ ਸਹਾਰੇ ਪਾਈਆਂ ਜਾ ਰਹੀਆਂ ਵੰਡੀਆਂ ਤੇ ਲੋਕਾਂ 'ਤੇ ਕੀਤੇ ਜ਼ੁਲਮਾਂ ਦਾ ਕੱਚਾ ਚਿੱਠਾ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੀ ਜੇ ਪੀ ਦੇ ਘਿਨਾਉਣੇ ਕਿਰਦਾਰ ਨੂੰ ਲੋਕਾਂ ਦੀ ਕਚਹਿਰੀ ਵਿੱਚ ਪੂਰੀ ਤਰ੍ਹਾਂ ਨੰਗਾ ਕੀਤਾ ਜਾਵੇਗਾ। ਇਸ ਸਮੇਂ ਸ਼ਹਿਰ ਦੀਆਂ ਦੁਕਾਨਾਂ, ਘਰਾਂ ਤੇ ਰੇਹੜੀ ਫੜ੍ਹੀ ਵਾਲਿਆਂ ਨੂੰ ਕਿਤਾਬਚੇ ਵੰਡੇ ਗਏ। ਇਸ ਸਮੇਂ ਕਾਮਰੇਡ ਜਰਨੈਲ ਫਿਲੌਰ ਤੋਂ ਇਲਾਵਾ ਮਾਸਟਰ ਹੰਸ ਰਾਜ, ਪਰਸ਼ੋਤਮ ਫਿਲੌਰ, ਡਾਕਟਰ ਸੰਦੀਪ ਕੁਮਾਰ, ਹਨੀ ਸੰਤੋਖਪੁਰਾ, ਦੀਪਾ ਨੰਗਲ, ਪਰਸ਼ੋਤਮ ਨਗਰ ਹੰਸ ਕੌਰ ਰਵਿੰਦਰ ਠੇਕੇਦਾਰ, ਹਰਮਨਪ੍ਰੀਤ, ਰਾਮ ਪਾਲ, ਅਰਸ਼ਦੀਪ, ਸੁਨੀਤਾ ਫਿਲੌਰ, ਕਮਲਜੀਤ ਕੌਰ, ਆਸ਼ਾ ਰਾਣੀ, ਕਮਲਜੀਤ ਬੰਗੜ, ਸਰੋਜ ਰਾਣੀ, ਰਾਮ ਪਾਲ, ਗੋਬਿੰਦ ਰਾਮ, ਜੋਗਿੰਦਰ ਪਾਲ ਕਾਲਾ, ਤਰਸੇਮ ਲਾਲ, ਪਰਮਜੀਤ ਸੰਧੂ, ਸਾਬੀ ਜਗਤਪੁਰ, ਗੁਰਬਚਨਾ ਰਾਮ, ਹਨੀ ਕਲੋਨੀ, ਰਵਿੰਦਰ ਪਾਲ ਆਦਿ ਹਾਜ਼ਰ ਸਨ।

# ਭੱਟੀ ਨੂੰ ਮੈਂਬਰ ਜਨਰਲ ਕੌਂਸਲ ਬਣਨ 'ਤੇ ਕੀਤਾ ਸਨਮਾਨਤ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਵੱਖ ਵੱਖ ਅਹੁਦਿਆਂ ਉੱਤੇ ਰਹਿ ਚੁੱਕੇ ਜਸਵੀਰ ਸਿੰਘ ਭੱਟੀ ਪਿੰਡ ਨਡਾਲੋਂ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਗਤੀਵਿਧੀਆਂ ਨੂੰ ਦੇਖਦਿਆਂ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਮੈਂਬਰ ਜਨਰਲ ਕੌਂਸਲ ਦਾ ਅਹੁਦਾ ਦੇ ਕੇ ਨਿਵਾਜਿਆ ਹੈ। ਇਸੇ ਸਬੰਧ ਵਿੱਚ ਪਿੰਡ ਨਡਾਲੋਂ ਵਿਖੇ ਉਨ੍ਹਾਂ ਦਾ ਸਨਮਾਨ ਸਮਾਗਮ ਜਥੇਦਾਰ ਇਕਬਾਲ ਸਿੰਘ ਖੇੜਾ ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ), ਬਾਬਾ ਜਰਨੈਲ ਸਿੰਘ ਨਡਾਲੋਂ, ਸਾਬਕਾ ਸੰਮਤੀ ਮੈਂਬਰ ਬੀਬੀ ਨਰਿੰਦਰ ਕੌਰ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਕੌਮੀ ਮੀਤ ਪ੍ਰਧਾਨ ਜਥੇਦਾਰ ਇਕਬਾਲ ਸਿੰਘ ਖੇੜਾ ਨੇ ਜਸਵੀਰ ਸਿੰਘ ਭੱਟੀ ਨੂੰ ਮੈਂਬਰ ਜਨਰਲ ਕੌਂਸਲ ਬਣਾਏ ਜਾਣ 'ਤੇ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਤੇ ਸੋਹਣ ਸਿੰਘ ਠੰਡਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਭੱਟੀ ਨੂੰ ਉਕਤ ਅਹੁਦਾ ਮਿਲਣ ਕਰਕੇ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਉਨ੍ਹਾਂ ਨੂੰ ਸਾਬਕਾ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਨੇ ਜਿੱਥੇ ਨਿਯੁਕਤੀ ਪੱਤਰ ਦਿੱਤਾ ਉੱਥੇ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ। ਇਸ ਮੌਕੇ ਲਖਵਿੰਦਰ ਸਿੰਘ ਵਿੰਦਾ, ਧਰਮਿੰਦਰ ਸਿੰਘ ਸੋਨੂੰ, ਬਲਵੀਰ ਸਿੰਘ ਨਡਾਲੋਂ, ਮਾ. ਰਸ਼ਪਾਲ ਸਿੰਘ ਜਲਵੇਹੜਾ, ਜਰਨੈਲ ਸਿੰਘ ਬੱਡੋ, ਜਸਵਿੰਦਰ ਸਿੰਘ ਨੰਗਲ, ਦਲਵੀਰ ਸਿੰਘ ਭੱਟੀ, ਡੀ. ਐੱਸ. ਪੀ. ਜੋਗਾ ਸਿੰਘ, ਡਾ. ਗਿਆਨ ਸਿੰਘ, ਮਨਜੀਤ ਸਿੰਘ ਧਰਮਿੰਦਰ ਸਿੰਘ, ਅਮਰੀਕ ਸਿੰਘ, ਡਾ. ਅਮਰੀਕ ਸਿੰਘ, ਅਵਤਾਰ ਸਿੰਘ, ਸਾਬਕਾ ਸਰਪੰਚ ਅਜੈਬ ਸਿੰਘ, ਨਿਰਮਲ ਸਿੰਘ, ਹਰਮੇਸ਼ ਸਿੰਘ ਆਦਿ ਹਾਜ਼ਰ ਸਨ।

# ਆਪ ਦੀ ਜਿੱਤ ਦਾ ਗ੍ਰਾਫ ਵਿਗਾੜ ਸਕਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਤੇ ਜਾਅਲੀ ਐੱਸ ਸੀ ਸਰਟੀਫਿਕੇਟ ਮੁੱਦਾ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)- ਪਾਰਲੀਮੈਂਟ ਚੋਣਾਂ ਲਈ ਪ੍ਰਚਾਰ ਪੂਰੀ ਤਰ੍ਹਾਂ ਭਖ ਚੁੱਕਾ ਹੈ। ਉਮੀਦਵਾਰਾਂ ਨੇ ਵੋਟਰਾਂ ਨਾਲ ਸਿੱਧਾ ਰਾਬਤਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਹੁਣ 2024 ਦੀਆਂ ਹੋ ਰਹੀਆਂ ਪਾਰਲੀਮੈਂਟ ਚੋਣਾਂ ਆਪ ਸਰਕਾਰ ਦੀ ਪਿਛਲੇ ਸਮੇਂ ਦੀ ਕਾਰਗੁਜ਼ਾਰੀ ਲਈ ਫਤਵਾ ਸਾਬਤ ਹੋਣਗੀਆਂ। ਪੰਜਾਬ ਵਿੱਚ ਅਨੁਸੂਚਿਤ ਜਾਤੀ, ਪਛੜੀਆਂ ਸ਼੍ਰੇਣੀਆਂ ਵੋਟਰਾਂ ਦਾ ਵੱਡਾ ਹਿੱਸਾ ਜੋ ਜਿੱਤ ਹਾਰ ਲਈ ਫੈਸਲਾਕੁੰਨ ਵੋਟਰ ਹਨ। ਐਸ ਸੀ ਬੱਚਿਆਂ ਲਈ ਸ਼ੁਰੂ ਹੋਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਵੀ ਬਹੁਤ ਅਹਿਮ ਮੁੱਦਾ ਹੈ। ਜਾਅਲੀ ਐਸ ਸੀ ਸ੍ਰਟੀਫਿਕੇਟ ਮੁੱਦਾ ਵੀ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਪਿਛਲੇ ਦਿਨੀਂ ਐਸ ਸੀ ਬੀ ਸੀ ਮਹਾਂ ਪੰਚਾਇਤ ਦੇ ਆਗੂ ਤਰਸੇਮ ਚੁੰਬਰ ਫਗਵਾੜਾ, ਜਸਵੀਰ ਸਿੰਘ ਬੋਮਾਲੀ, ਰਜਿੰਦਰ ਸਿੰਘ ਯੋਧਾ, ਬਲਵਿੰਦਰ ਕੁਮਾਰ, ਸੁਰਿੰਦਰ ਸਿੰਘ ਢਾਂਡਾ, ਮਨੀਸ਼ ਮਹਿਮੀ, ਸੁਰਿੰਦਰ ਸਿੰਘ ਰਾਵਲਪਿੰਡੀ ਨੇ ਇਕ ਪ੍ਰੈਸ ਕਾਨਫਰੰਸ ਕਰਕੇ ਸਰਕਾਰ ਨੂੰ ਜਾਅਲੀ ਅਨੁਸੂਚਿਤ ਜਾਤੀ ਸ੍ਰਟੀਫਿਕੇਟ ਬਣਾ ਕੇ ਨੌਕਰੀਆਂ ਲੈਣ ਵਾਲੇ ਲੋਕਾਂ ਖਿਲਾਫ ਕਾਰਵਾਈ ਕਰਨ ਦੀ ਚੇਤਾਵਨੀ ਦਿੰਦਿਆਂ ਸਮਾਜ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਇਨ੍ਹਾਂ ਆਗੂਆਂ ਕਿਹਾ ਕਿ ਪੰਜਾਬ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਜਾਅਲੀ ਐਸ ਸੀ ਸ੍ਰਟੀਫਿਕੇਟ ਬਣੇ ਹੋਏ ਹਨ ਜਿਨ੍ਹਾਂ ਰਾਹੀਂ ਬਹੁਤ ਲੋਕਾਂ ਨੇ ਅਨੁਸੂਚਿਤ ਜਾਤੀ ਦੇ ਹਿੱਸੇ ਦੀਆਂ ਨੌਕਰੀਆਂ ਪ੍ਰਾਪਤ ਕਰ ਲਈਆਂ ਹਨ ਅਤੇ ਹੋਰ ਬਹੁਤ ਸਾਰੇ ਵਿੱਤੀ ਲਾਭ ਵੀ ਲਏ ਹਨ। ਉਨ੍ਹਾਂ ਕਿਹਾ ਕਿ ਇਸ ਦੀ ਜਾਂਚ ਲਈ ਸਰਕਾਰ ਵਲੋਂ ਬਣਾਈ ਸਕਰੂਟਨੀ ਕਮੇਟੀ ਵੀ ਆਪਣੀ ਡਿਊਟੀ ਸਹੀ ਢੰਗ ਨਾਲ ਨਹੀਂ ਨਿਭਾ ਰਹੀ। ਉਨ੍ਹਾਂ ਕਿਹਾ ਕਿ ਜਾਅਲੀ ਐਸ ਸੀ ਸਰਟੀਫਿਕੇਟਾਂ ਦੀ ਗੂੰਜ ਵਿਧਾਨ ਸਭਾ ਅੰਦਰ ਵੀ ਸੁਣਾਈ ਦਿੱਤੀ ਸੀ ਪਰ ਅੱਜ ਤੱਕ ਕੋਈ ਢੁਕਵੀਂ ਕਾਰਵਾਈ ਨਹੀਂ ਹੋਈ। ਐਸ ਸੀ ਬੀ ਸੀ ਮਹਾਂ ਪੰਚਾਇਤ ਦੇ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਦੇ ਅਧਿਕਾਰੀਆਂ ਵਲੋਂ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਬਜਾਏ ਸ਼ਿਕਾਇਤ ਕਰਨ ਵਾਲਿਆਂ ਨੂੰ ਦਿਵਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਆਗੂਆਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਗੈਰ ਕਨੂੰਨੀ ਸਾਜਿਸ਼ਾਂ ਤੋਂ ਕਿਨਾਰਾ ਕਰਕੇ ਇਨਾਂ ਦੋਸ਼ੀਆਂ ਖਿਲਾਫ ਕਾਰਵਾਈ ਨਹੀਂ ਕਰਦੀ ਤਾਂ ਪੰਜਾਬ ਦੇ 85 ਫੀਸਦੀ ਲੋਕ ਸੜਕਾਂ ਤੇ ਉੱਤਰ ਕੇ ਆਪਣਾ ਗੁੱਸਾ ਜ਼ਾਹਰ ਕਰਨ ਲਈ ਮਜਬੂਰ ਹੋਣਗੇ।

# ਸਰਕਾਰੀ ਆਦਰਸ਼ ਸਕੂਲ ਦਾ ਬਾਰ੍ਹਵੀ ਜਮਾਤ ਦਾ ਨਤੀਜਾ ਸ਼ਾਨਦਾਰ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਬਾਰ੍ਹਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਜਿਸ ਵਿੱਚ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਮੱਲਾਂ ਮਾਰੀਆਂ ਅਤੇ ਸਕੂਲ ਦੇ 5 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਲੈ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਜਿਸ ਵਿੱਚ ਸਾਇੰਸ ਸਟਰੀਮ ਦੇ ਵਿਦਿਆਰਥੀ ਨਿਖਿਲ ਸੈਣੀ ਨੇ 473/500 ਅੰਕ ਲੈ ਕੇ ਸਕੂਲ ਪੱਧਰ 'ਤੇ ਪਹਿਲਾ ਸਥਾਨ, ਰਾਹੁਲ ਨੇ 466/500 ਅੰਕ ਦੂਜਾ ਸਥਾਨ, ਪੁਨੀਤ ਕੁਮਾਰ ਨੇ 453/500 ਅੰਕ ਤੀਜਾ ਸਥਾਨ ਸਥਾਨ ਪ੍ਰਾਪਤ ਕੀਤਾ।ਇਸੇ ਤਰਾਂ ਕਾਮਰਸ ਸਟਰੀਮ ਵਿੱਚੋਂ ਯੋਗੇਸ਼ ਕੁਮਾਰ ਨੇ 441/500 ਪਹਿਲਾ ਸਥਾਨ, ਪ੍ਰਿੰਸ ਨੇ 412/500 ਦੂਜਾ ਸਥਾਨ ਅਤੇ ਗੁਰਸੇਵਕ ਸਿੰਘ ਨੇ 409/500 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸੇ ਤਰਾਂ ਆਰਟਸ ਸਟਰੀਮ ਵਿੱਚ ਮਨਕਰਨਦੀਪ ਕੌਰ ਨੇ 464/500 ਅੰਕ ਪਹਿਲਾ, ਜਨਾਰਧਨ ਰਾਣਾ ਨੇ 458/500 ਅੰਕ ਦੂਜਾ ਅਤੇ ਸੁਖਮਨਪ੍ਰੀਤ ਸਿੰਘ ਨੇ 438/500 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਇਸ ਤੋਂ ਇਲਾਵਾ 80-90% ਵਿੱਚ 23 ਵਿਦਿਆਰਥੀ ਅਤੇ 70-80% ਵਿੱਚ 52 ਵਿਦਿਆਰਥੀ ਅਤੇ 60-70% ਵਿੱਚ 37 ਵਿਦਿਆਰਥੀ ਪਾਸ ਹੋਏ। ਸਕੂਲ ਦਾ ਨਤੀਜਾ 100% ਅਤੇ ਸ਼ਾਨਦਾਰ ਰਿਹਾ। ਪ੍ਰਿੰਸੀਪਲ ਅਵਤਾਰ ਸਿੰਘ ਦੜੋਲੀ ਨੇ ਬੱਚਿਆਂ ਨੂੰ ਵਧਾਈ ਦਿੱਤੀ।

# ਸਰਕਾਰੀ ਹਾਈ ਸਕੂਲ ਖੋਜਕੀਪੁਰ ਨੰਗਲ ਸਲਾਲਾ ਦਾ ਨਤੀਜਾ ਸ਼ਾਨਦਾਰ

ਆਦਮਪੁਰ (ਪਰਮਜੀਤ ਸਿੰਘ)-ਸਰਕਾਰੀ ਹਾਈ ਸਕੂਲ ਖੋਜਕੀਪੁਰ ਨੰਗਲ ਸਲਾਲਾ ਦਾ ਅੱਠਵੀਂ ਬੋਰਡ ਦੀ ਸਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਸਕੂਲ ਵਿਚੋਂ ਪਹਿਲੇ ਤਿੰਨ ਸਥਾਨ 'ਤੇ ਆਉਣ ਵਾਲੇ ਬੱਚੇ ਲੜਕੀ ਜੇਸਿਕਾ ਹੀਰ ਨੇ 88 ਪ੍ਰਤੀਸ਼ਤ ਨੰਬਰ ਲੈ ਕੇ ਪਹਿਲੇ, ਜਸਕਰਨ ਸਿੰਘ 87 ਪ੍ਰਤੀਸ਼ਤ ਦੂਸਰੇ, ਸੁਖਮਨਵੀਰ ਸਿੰਘ 83.5 ਪ੍ਰਤੀਸ਼ਤ ਨੰਬਰ ਪ੍ਰਾਪਤ ਕਰਕੇ ਤੀਸਰੇ ਸਥਾਨ 'ਤੇ ਰਿਹਾ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸਗੀਨਾ ਰਾਏ ਨੇ ਅੱਠਵੀਂ ਜਮਾਤ ਵਿਚੋਂ ਪਾਸ ਹੋਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਤੇ ਸਮੂਹ ਸਕਲ ਸਟਾਫ ਨੂੰ ਵਧਾਈ ਅਤੇ ਸ਼ੁੱਭਕਾਵਨਾਵਾਂ ਦਿੱਤੀਆਂ। ਇਸ ਦੇ ਨਾਲ ਹੀ ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਉਹ ਆਪਣੇ ਬੱਚਿਆਂ ਨੂੰ ਵੱਧ ਵੱਧ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾ ਕੇ ਸਰਕਾਰ ਦੁਆਰਾ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਫਾਇਦਾ ਲੈਣ।

# ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ 'ਚ ਵਿਦਿਆਰਥੀ ਨੂੰ ਪੁਸਤਕਾਂ ਭੇਟ

ਫਗਵਾੜਾ (ਡਾ.ਰਮਨ, ਢੱਡਾ)- ਸ਼ਹਿਰ ਦੀ ਇਲੈਵਨ ਸਟਾਰ ਹੰਡਰਡ ਪਰਸੈਂਟ ਐਕਟਿਵ ਲਾਇਨਜ਼ ਕਲੱਬ ਫਗਵਾੜਾ ਸਿਟੀ ਵਲੋਂ ਕਲੱਬ ਪ੍ਰਧਾਨ ਲਾਇਨ ਆਸ਼ੂ ਮਾਰਕੰਡਾ ਦੀ ਅਗਵਾਈ ਹੇਠ ਲੋੜਵੰਦ ਪਰਵਾਰ ਨਾਲ ਸਬੰਧਤ ਹੋਣਹਾਰ ਵਿਦਿਆਰਥੀ ਨੂੰ ਨੌਵੀਂ ਜਮਾਤ ਦੀਆਂ ਪੁਸਤਕਾਂ ਭੇਟ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕਲੱਬ ਵੱਲੋਂ ਵਿਦਿਆਰਥੀ ਨੂੰ ਇੱਕ ਮਹੀਨੇ ਦੀ ਸਕੂਲ ਫੀਸ ਵੀ ਦਿੱਤੀ ਗਈ। ਕਲੱਬ ਪ੍ਰਧਾਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈ ਗਈ ਅੱਠਵੀਂ ਜਮਾਤ ਦੀ ਪ੍ਰੀਖਿਆ ਚੰਗੇ ਅੰਕਾਂ ਨਾਲ ਪਾਸ ਕੀਤੀ ਹੈ। ਪਰ ਪਰਵਾਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਕਾਰਨ ਉਹ ਮਿਡਲ ਤੋਂ ਬਾਅਦ ਹਾਇਰ ਸੈਕੰਡਰੀ ਸਿੱਖਿਆ ਦਾ ਖਰਚਾ ਚੁੱਕਣ ਤੋਂ ਅਸਮਰੱਥ ਸਨ। ਪਰਵਾਰ ਦੀ ਇਸ ਲੋੜ ਨੂੰ ਮੁੱਖ ਰੱਖਦਿਆਂ ਉਨ੍ਹਾ ਦੇ ਕਲੱਬ ਨੇ ਇਹ ਪ੍ਰੋਜੈਕਟ ਕੀਤਾ ਹੈ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਮੈਨ (ਮਨੁੱਖਤਾਵਾਦੀ) ਲਾਇਨ ਗੁਰਦੀਪ ਸਿੰਘ ਕੰਗ, ਡਿਸਟ੍ਰਿਕਟ ਚੇਅਰਮੈਨ (ਮਨੋਰੰਜਨ) ਲਾਇਨ ਜਸਵੀਰ ਮਾਹੀ ਅਤੇ ਜ਼ੋਨ ਚੇਅਰਮੈਨ ਲਾਇਨ ਸੁਨੀਲ ਢੀਂਗਰਾ ਨੇ 8ਵੀਂ ਜਮਾਤ ਵਿੱਚ ਚੰਗੇ ਅੰਕ ਪ੍ਰਾਪਤ ਕਰਨ 'ਤੇ ਵਿਦਿਆਰਥੀ ਨੂੰ ਵਧਾਈ ਦਿੱਤੀ ਅਤੇ ਵੱਡੀਆਂ ਕਲਾਸਾਂ ਦੀ ਪੜ੍ਹਾਈ ਵੀ ਪੂਰੀ ਲਗਨ ਨਾਲ ਕਰਨ ਅਤੇ ਬਿਹਤਰ ਪ੍ਰਦਰਸ਼ਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਲਾਇਨ ਆਸ਼ੂ ਮਾਰਕੰਡਾ ਅਤੇ ਉਨ੍ਹਾਂ ਦੀ ਟੀਮ ਦੇ ਉਪਰਾਲੇ ਦੀ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਵਿੱਚ ਸਹਿਯੋਗ ਦੇਣ ਦਾ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ।

# ਪੁਲਸ ਅਧਿਕਾਰੀ ਬਣ ਕੇ ਫੋਨ ਕਰਕੇ ਠੱਗੀਆਂ ਮਾਰਨ ਵਾਲਾ ਗਰੋਹ ਸਰਗਰਮ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਮੈਂ ਥਾਣੇਦਾਰ ਫਲਾਨਾ ਸਿਉਂ ਬੋਲਦਾਂ ਬਈ... ਮੁੰਡਾ ਆਪਣਾ ਕਿੱਥੇ ਭੇਜਿਆ ਤੁਸੀਂ...??? ਇਹ ਫੋਨ ਕਾਲ ਅਜਿਹੇ ਨੰਬਰ ਤੋਂ ਆਉਂਦੀ ਹੈ ਜਿਸ 'ਤੇ ਪੰਜਾਬ ਪੁਲਸ ਦੀ ਵਰਦੀਧਾਰੀ ਬੰਦਿਆਂ ਤੇ ਜਾਂ ਫਿਰ ਪੁਲਸ ਦੇ ਲੋਗੋ ਦੀ ਡੀਪੀ ਫੋਟੋ ਲੱਗੀ ਹੁੰਦੀ ਹੈ, ਜਿਸ ਨੂੰ ਵੇਖ ਕੇ ਫੋਨ ਅਟੈਂਡ ਕਰਨ ਵਾਲਾ ਘਬਰਾ ਜਾਂਦਾ ਹੈ। ਅੱਗੋਂ ਫੋਨ ਕਰਨ ਵਾਲਾ ਪੁਲਸ ਅਧਿਕਾਰੀ ਕਹਿੰਦਾ ਕਿ ਤੁਹਾਡੇ ਮੁੰਡੇ ਨੂੰ ਅਸੀਂ ਅਰੈਸਟ ਕਰ ਲਿਆ ਤੇ ਚੰਡੀਗੜ੍ਹ ਲੈ ਕੇ ਜਾ ਰਹੇ ਹਾਂ। ਜੀ ਹਾਂ ਇਹ ਇੱਕ ਹਕੀਕਤ ਹੈ ਜੋ ਅੱਜ ਕੱਲ ਦੇ ਸਮੇਂ ਵਿੱਚ ਪੈਸੇ ਬਟੋਰਨ ਵਾਲੇ ਸ਼ਾਤਰ ਠੱਗਾਂ ਵੱਲੋਂ ਲੋਕਾਂ ਨਾਲ ਠੱਗੀ ਮਾਰਨ ਲਈ ਕੀਤੀਆਂ ਜਾ ਰਹੀਆਂ ਫੋਨ ਕਾਲਾਂ ਦੀ ਇੱਕ ਵੰਨਗੀ ਹੈ । ਇਹੋ ਜਿਹੇ ਫੋਨ ਕਾਲ ਅੱਜਕੱਲ੍ਹ ਹਰ ਪੰਜਵੇਂ ਜਾਂ ਸੱਤਵੇਂ ਬੰਦਿਆਂ ਨੂੰ ਆ ਰਹੇ ਹਨ । ਇਸ ਸਬੰਧੀ ਇੱਕ ਵਿਅਕਤੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਉਸ ਨੂੰ +92 302 1878375 ਨੰਬਰ ਤੋਂ ਫੋਨ ਕੱਲ ਆਈ, ਜਿਸ ਦੇ ਨਾਲ ਹੀ ਪੁਲਸ ਸਟੇਸ਼ਨ ਲਿਖਿਆ ਆ ਰਿਹਾ ਸੀ। ਫੋਨ ਕਾਲ ਕਰਨ ਵਾਲੇ ਨੇ ਆਪਣੇ ਆਪ ਨੂੰ ਗੁਰਪ੍ਰੀਤ ਸਿੰਘ ਥਾਣੇਦਾਰ ਦੱਸਦਿਆਂ ਉਸ ਦੇ ਬੇਟੇ ਬਾਰੇ ਪੁੱਛਿਆ ਕਿ ਉਹ ਕਿੱਥੇ ਹੈ ? ਜਿਸ ਤੇ ਉਨ੍ਹਾਂ ਜਵਾਬ ਦਿੱਤਾ ਕਿ ਉਹ ਤਾਂ ਘਰੇ ਹੀ ਬੈਠਾ ਹੋਇਆ ਹੈ ਅਤੇ ਨਾਲ ਹੀ ਉਸ ਨਾਲ ਠੱਗੀ ਹੋਣ ਦੇ ਖਦਸ਼ੇ ਨੂੰ ਮਹਿਸੂਸ ਕਰਦਿਆਂ ਉਸ ਨੇ ਫੋਨ ਕੱਟ ਦਿੱਤਾ । ਇਸੇ ਤਰ੍ਹਾਂ ਹੀ ਸਥਾਨਕ ਡੀ ਪੀ ਆਰ ਓ ਦਫਤਰ ਤੋਂ ਰਿਟਾਇਰ ਹੋਏ ਇੱਕ ਮੁਲਾਜ਼ਮ ਨੇ ਦੱਸਿਆ ਕਿ ਉਸ ਨੂੰ ਵੀ ਅਜਿਹੀ ਹੀ ਇੱਕ ਫੋਨ ਕਾਲ ਆਈ ਜਿਸ 'ਤੇ ਪੁਲਸ ਦੀ ਵਰਦੀ ਪਹਿਨੇ ਹੋਏ ਵਿਅਕਤੀ ਦੀ ਫੋਟੋ ਲੱਗੀ ਹੋਈ ਸੀ। ਉਸ ਨੇ ਵੀ ਫੋਨ ਅਟੈਂਡ ਕਰਨ ਤੇ ਉਸ ਦੇ ਬੇਟੇ ਬਾਰੇ ਪੁੱਛਿਆ। ਜਦੋਂ ਮੈਂ ਦੱਸਿਆ ਕਿ ਉਹ ਕੰਮ 'ਤੇ ਗਿਆ ਹੋਇਆ ਹੈ ਤਾਂ ਅੱਗੋਂ ਜਵਾਬ ਆਇਆ ਕਿ ਅਸੀਂ ਉਸ ਨੂੰ ਅਰੈਸਟ ਕਰ ਲਿਆ ਹੈ ਅਤੇ ਚੰਡੀਗੜ੍ਹ ਲੈ ਕੇ ਜਾ ਰਹੇ ਹਾਂ। ਜਿਸ ਤੋਂ ਉਸ ਨੇ ਘਬਰਾਹਟ ਵਿੱਚ ਆਪਣੇ ਛੋਟੇ ਬੇਟੇ ਨੂੰ ਫੋਨ ਫੜਾ ਦਿੱਤਾ, ਜਿਸ ਨੇ ਸਾਰੀ ਗੱਲ ਸੁਣ ਕੇ ਫੌਰਨ ਸਮਝ ਲਿਆ ਕਿ ਉਨ੍ਹਾਂ ਨਾਲ ਠੱਗੀ ਵੱਜ ਰਹੀ ਹੈ। ਜਿਸ 'ਤੇ ਉਨਾਂ ਨੇ ਫੋਨ ਬੰਦ ਕਰ ਦਿੱਤਾ। ਪੀੜਤ ਲੋਕਾਂ ਨੇ ਕਿਹਾ ਕਿ ਕੁਝ ਅਜਿਹੇ ਠੱਗੀਆਂ ਮਾਰਨ ਵਾਲੇ ਲੋਕਾਂ ਦਾ ਪੁਲਸ ਪ੍ਰਸਾਸ਼ਨ ਨੂੰ ਢੁਕਵਾਂ ਇਲਾਜ ਕਰਨਾ ਚਾਹੀਦਾ ਹੈ ਤਾਂ ਜੋ ਆਮ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਸੁਰੱਖਿਅਤ ਰਹਿ ਸਕੇ। ਈ ਓ ਵਿੰਗ ਹੁਸ਼ਿਆਰਪੁਰ ਦੇ ਇੰਚਾਰਜ ਇੰਸਪੈਕਟਰ ਗੁਰਸੇਵਕ ਸਿੰਘ ਸਿੱਧੂ ਨੇ ਆਖਿਆ ਕਿ ਇਹੋ ਜਿਹੀਆਂ ਫੋਨ ਕਾਲਾਂ ਠੱਗੀ ਮਾਰਨ ਦੀ ਮਨਸ਼ਾ ਨਾਲ ਕੀਤੀਆਂ ਜਾਂਦੀਆਂ ਹਨ ਤਾਂ ਜੋ ਲੋਕਾਂ ਨੂੰ ਡਰਾ ਕੇ ਪੈਸੇ ਬਟੋਰੇ ਜਾਂ ਸਕਣ ।ਉਨ੍ਹਾਂ ਆਮ ਜਨਤਾ ਨੂੰ ਸੁਚੇਤ ਕਰਦਿਆਂ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਕਿਸੇ ਨੂੰ ਵੀ ਆਨਲਾਈਨ ਪੈਸੇ ਨਾ ਪਾਏ ਜਾਣ।

# ਦਿਵਿਆਂਗ ਤੇ ਸੀਨੀਅਰ ਸਿਟੀਜ਼ਨ ਨੂੰ 'ਸਕਸ਼ਮ ਐਪ' ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ

ਜਲੰਧਰ (ਸੁਰਿੰਦਰ ਕੁਮਾਰ)-ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨਜ਼ ਨੂੰ ਲੋਕ ਸਭਾ ਚੋਣਾਂ ਦੌਰਾਨ 'ਸਕਸ਼ਮ ਐਪ' ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਐਪ ਦੀ ਵਰਤੋਂ ਕਰਕੇ ਦਿਵਿਆਂਗ ਅਤੇ ਸੀਨੀਅਰ ਸਿਟੀਜ਼ਨਜ ਘਰ ਬੈਠੇ ਹੀ ਕੋਡ ਸਕੈਨ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੋਟਾਂ ਵਾਲੇ ਦਿਨ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਸਬੰਧੀ ਜਾਣਕਾਰੀ ਹਾਸਲ ਕਰ ਸਕਦੇ ਹਨ। ਵੋਟਾਂ ਵਾਲੇ ਦਿਨ ਆਪਣੀ ਸਹੂਲਤ ਲਈ ਵੀਲ੍ਹ ਚੇਅਰ, ਘਰ ਤੋਂ ਪੋਲਿੰਗ ਬੂਥ ਤੱਕ ਆਉਣ-ਜਾਣ ਦੀ ਸਹੂਲਤ ਅਤੇ ਵਲੰਟੀਅਰ ਦੀ ਮੰਗ ਕਰ ਸਕਦੇ ਹਨ। ਉਨ੍ਹਾ ਦੱਸਿਆ ਕਿ ਇਹ ਐਪ ਗੂਗਲ ਪਲੇਅ ਸਟੋਰ ਅਤੇ ਐਪ ਸਟੋਰ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ। ਉਨ੍ਹਾਂ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਸਵੀਪ ਪ੍ਰੋਗਰਾਮ ਤਹਿਤ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਵੋਟਰ ਜਾਗਰੂਕਤਾ ਗਤੀਵਿਧੀਆਂ ਤਹਿਤ ਦਿਵਿਆਂਗ ਵਿਅਕਤੀਆਂ ਅਤੇ ਸੀਨੀਅਰ ਸਿਟੀਜ਼ਨ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਸਹੂਲਤਾਂ ਅਤੇ 'ਸਕਸ਼ਮ ਐਪ' ਬਾਰੇ ਵੱਧ ਤੋਂ ਵੱਧ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਇਨ੍ਹਾਂ ਸਹੂਲਤਾਂ ਦਾ ਲਾਭ ਲੈ ਕੇ ਲੋਕਤੰਤਰ ਦੀ ਹੋਰ ਮਜ਼ਬੂਤੀ ਵਿੱਚ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਵੱਡਮੁੱਲਾ ਯੋਗਦਾਨ ਪਾ ਸਕਣ। ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਪੀਣ ਵਾਲੇ ਪਾਣੀ, ਸਾਫ਼-ਸਫ਼ਾਈ, ਵੀਲ੍ਹ ਚੇਅਰਜ਼, ਰੈਂਪ ਆਦਿ ਦੇ ਪੁਖ਼ਤਾ ਇੰਤਜ਼ਾਮ ਕਰਨ ਦੀ ਹਦਾਇਤ ਵੀ ਕੀਤੀ ਤਾਂ ਜੋ ਵੋਟਰਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਕਾਮਰੇਡ ਜੋਗਿੰਦਰ ਸਿੰਘ ਦੀ ਧਰਮ ਪਤਨੀ ਦੀ ਅੰਤਮ ਅਰਦਾਸ ਮੌਕੇ ਵੱਖ ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

ਨੰਗਲ (ਸੁਰਜੀਤ ਸਿੰਘ)-ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਜੋਗਿੰਦਰ ਸਿੰਘ ਸੇਵਾ ਮੁਕਤ ਸਿਹਤ ਇੰਸਪੈਕਟਰ ਵਾਸੀ ਅਮਰਪੁਰ ਬੇਲਾ ਦੀ ਧਰਮ ਪਤਨੀ ਬੀਬੀ ਦਰਸ਼ਨ ਕੌਰ (70) ਦੀ ਅੰਤਿਮ ਅਰਦਾਸ ਮੌਕੇ ਵੱਖ-ਵੱਖ ਕਿਸਾਨ ਆਗੂਆਂ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਮਿੱਤਰ-ਸੱਜਣ, ਕਿਸਾਨ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਜਮਹੂਰੀ ਕਿਸਾਨ ਸਭਾ ਦੇ ਸਕੱਤਰ ਮਾਸਟਰ ਗੁਰਨਾਇਬ ਸਿੰਘ ਜੈਤੇਵਾਲ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਕਾਮਰੇਡ ਜਗਿੰਦਰ ਸਿੰਘ ਛੋਟੀ ਉਮਰ ਤੋਂ ਲੈ ਕੇ ਅੱਜ ਤੱਕ ਕਮਿਊਨਿਸਟ ਲਹਿਰ ਨਾਲ ਜੁੜੇ ਹੋਏ ਹਨ। ਇਨ੍ਹਾਂ ਦੀ ਧਰਮ ਪਤਨੀ ਨੇ ਬੜੇ ਉਤਸ਼ਾਹ ਨਾਲ ਘੋਲਾਂ ਵਿੱਚ ਹਿੱਸਾ ਪਾਇਆ। ਆਪਣੇ ਪਰਵਾਰ ਦਾ ਵਧੀਆ ਪਾਲਣ ਪੋਸ਼ਣ ਕੀਤਾ। ਭਾਵੇਂ ਸਤਲੁਜ ਦਰਿਆ ਦੇ ਕੰਢੇ ਤੇ ਵਸੇ ਅਮਰਪੁਰ ਬੇਲਾ ਪਿੰਡ ਦਾ ਹੜ੍ਹਾਂ ਨੇ ਕਾਫੀ ਨੁਕਸਾਨ ਕੀਤਾ। ਪਰ ਫਿਰ ਵੀ ਪਰਵਾਰ ਨੇ ਸਖਤ ਮਿਹਨਤ ਕਰਕੇ ਇਸ ਪਰਵਾਰ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਬੀਬੀ ਦਰਸ਼ਨ ਕੌਰ ਬਹੁਤ ਹੀ ਹਸਮੁੱਖ, ਮਿਲਣਸਾਰ ਸੁਭਾਅ ਦੇ ਮਾਲਕ ਸਨ। ਉਨ੍ਹਾਂ ਦੀ 20 ਅਪ੍ਰੈਲ ਨੂੰ ਸੈਕਟਰ 32 ਦੇ ਹਸਪਤਾਲ ਵਿੱਚ ਮੌਤ ਹੋ ਗਈ ਸੀ। ਉਹ ਆਪਣੇ ਪਿੱਛੇ ਵੱਡਾ ਹੱਸਦਾ ਵੱਸਦਾ ਵੱਡਾ ਪਰਵਾਰ ਛੱਡ ਗਏ। ਸ਼ੁੱਕਰਵਾਰ ਉਨ੍ਹਾਂ ਦੀ ਅੰਤਿਮ ਅਰਦਾਸ ਪਿੰਡ ਅਮਰਪੁਰ ਵੇਲਾ ਵਿਖੇ ਕੀਤੀ ਗਈ। ਇਸ ਮੌਕੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਗੁਰਦੇਵ ਸਿੰਘ ਐਸ ਡੀ ਓ, ਰੇਸ਼ਮ ਸਿੰਘ, ਸ਼ਿੰਗਾਰਾ ਸਿੰਘ, ਸਤਨਾਮ ਸਿੰਘ ਹੈਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ, ਲਖਵਿੰਦਰ ਸਿੰਘ ਖਾਲਸਾ, ਗ੍ਰੰਥੀ ਗੁਰਚੇਤ ਸਿੰਘ, ਕੁਲ ਹਿੰਦ ਕਿਸਾਨ ਸਭਾ ਦੇ ਆਗੂ ਜਸਵਿੰਦਰ ਸਿੰਘ ਭੰਗਲ, ਡਾਕਟਰ ਰਵਿੰਦਰ ਨਾਥ, ਬਜਿੰਦਰ ਪੰਡਤ, ਜਗੀਰ ਸਿੰਘ ਰੌਲੀ, ਰਾਮ ਸਿੰਘ ਸੈਣੀ ਮਾਜਰਾ, ਪ੍ਰੇਮ ਚੰਦ ਜੱਟਪੁਰ, ਦੀਪ ਸਿੰਘ ਸਮੀਰੋਵਾਲ, ਬਿੱਕਰ ਸਿੰਘ ਗਿੱਲ ਮੋਠਾਂਪੁਰ, ਹਰਜਾਪ ਸਿੰਘ ਬਡਿਆਲ, ਸੁਖਪਾਲ ਸਿੰਘ, ਜਰਨੈਲ ਸਿੰਘ, ਕਰਮ ਸਿੰਘ ਨੰਬਰਦਾਰ, ਜਰਨੈਲ ਸਿੰਘ ਨੰਬਰਦਾਰ, ਅਜੈਬ ਸਿੰਘ, ਚੰਨਣ ਸਿੰਘ, ਰੋਸਨ ਸਿੰਘ, ਕੁਲਦੀਪ ਸਿੰਘ, ਤਰਸੇਮ ਸਿੰਘ, ਕੇਸਰ ਸਿੰਘ ਅਮਰਪੁਰ ਬੇਲਾ ਵੀ ਹਾਜ਼ਰ ਸਨ।

# ਗਦਰੀ ਬਾਬਾ ਹਰਨਾਮ ਸਿੰਘ ਸੈਕੰਡਰੀ ਸਕੂਲ ਦਾ ਅੱਠਵੀਂ ਤੇ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ



**ਕਾਲਾ ਸੰਘਿਆਂ (ਮਨਜੀਤ ਮਾਨ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਨਤੀਜੇ ਵਿਚ ਸਕੂਲ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿਚ ਪਾਸ ਹੋਏ। ਇਸ ਸਬੰਧੀ ਗੁਰਚਰਨ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀ ਲਖਬੀਰ ਆਇਤਨ ਨੇ 567 ਅੰਕ ਪ੍ਰਾਪਤ ਕਰਕੇ ਪਹਿਲਾ, ਮਨਮੋਹਣ ਸਿੰਘ ਨੇ 515 ਅੰਕ ਪ੍ਰਾਪਤ ਕਰਕੇ ਦੂਸਰਾ, ਅਕਾਸ਼ਦੀਪ ਸਰੋਏ 512 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਦੇ ਕੁੱਲ 30 ਵਿਦਿਆਰਥੀ ਇਸ ਪ੍ਰੀਖਿਆ ਵਿਚ ਬੈਠੇ ਜਿਨ੍ਹਾਂ ਵਿਚੋਂ 24 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ। ਉਨ੍ਹਾ ਦੱਸਿਆ ਕਿ ਸਕੂਲ ਵਿਚ ਬਾਰ੍ਹਵੀਂ ਜਮਾਤ ਦੇ ਤਿੰਨ ਗਰੁੱਪਾਂ ਦਾ ਨਤੀਜਾ ਸ਼ਾਨਦਾਰ ਰਿਹਾ।ਜਿਸ ਚੋਂ ਸਾਇੰਸ ਸਟਰੀਮ ਵਿਚ ਸ਼ਵੇਤਾ ਨੇ 500 ਚੋਂ 475 ਅੰਕ ਪ੍ਰਾਪਤ ਕਰਕੇ ਪਹਿਲਾ, ਰਮਨਦੀਪ ਕੌਰ ਨੇ 473 ਅੰਕ ਪ੍ਰਾਪਤ ਕਰਕੇ ਦੂਸਰਾ, ਪ੍ਰੀਤ ਸਹੋਤਾ 463 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹਿਊਮੈਨਟੀਜ਼ ਸਟਰੀਮ 'ਚੋਂ ਸੁਹਾਨੀ ਨੇ 500 ਚੋਂ 461 ਅੰਕ ਪ੍ਰਾਪਤ ਕਰਕੇ ਪਹਿਲਾ, ਸੋਨੀਆ ਨੇ 455 ਅੰਕ ਪ੍ਰਾਪਤ ਕਰਕੇ ਦੂਸਰਾ, ਕੋਮਲ ਨੇ 447 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਜਦੋਂ ਕਿ ਵੋਕੇਸ਼ਨਲ ਇਲੈਕਟਰੀਕਲ ਸਟਰੀਮ ਚੋਂ ਤਨਵੀਰ ਸਿੰਘ ਨੇ 500 'ਚੋਂ 412 ਅੰਕ ਪ੍ਰਾਪਤ ਕਰਕੇ ਪਹਿਲਾ, ਸੁਖਦੇਵ ਸਿੰਘ ਨੇ 409 ਅੰਕ ਪ੍ਰਾਪਤ ਕਰਕੇ ਦੂਸਰਾ, ਅਮਨਦੀਪ ਕੁਮਾਰ 407 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾ ਵੋਕੇਸ਼ਨਲ ਦੀ ਮਕੈਨੀਕਲ ਦੀ ਸਟਰੀਮ 'ਚੋਂ ਚਰਨਜੀਤ ਸਿੰਘ ਨੇ 500 'ਚੋਂ 400 ਅੰਕ ਪ੍ਰਾਪਤ ਕਰਕੇ ਪਹਿਲਾ, ਵਿਸ਼ਾਲ ਨੇ 391 ਅੰਕ ਪ੍ਰਾਪਤ ਕਰਕੇ ਦੂਸਰਾ, ਨਿਸ਼ਾਨ ਸਿੰਘ 490 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦਲਜਿੰਦਰ ਕੌਰ ਸਟੇਟ ਐਵਾਰਡੀ, ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਅਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਅਤੇ ਉਨ੍ਹਾ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਭਵਿੱਖ ਵਿਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਸੀ ਟੀ ਇੰਸਟੀਚਿਊਟ ਹਾਇਰ ਸਟੱਡੀਜ਼ ਨੇ 100 ਫੀਸਦੀ ਨਤੀਜੇ ਦਾ ਜਸ਼ਨ ਮਨਾਇਆ



**ਜਲੰਧਰ ਸ਼ੈਲੀ ਐਲਬਰਟ)** -ਸੀ ਟੀ ਇੰਸਟੀਚਿਊਟ ਆਫ਼ ਹਾਇਰ ਸਟੱਡੀਜ਼ 12ਵੀਂ ਜਮਾਤ, 2024 ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਆਪਣੇ ਸੀਨੀਅਰ ਸੈਕੰਡਰੀ ਵਿੰਗ ਦੇ ਪਹਿਲੇ ਬੈਚ ਦੀ ਸ਼ਾਨਦਾਰ ਪ੍ਰਾਪਤੀ ਦਾ ਐਲਾਨ ਕਰਨ ਲਈ ਬਹੁਤ ਖੁਸ਼ ਹੈ, ਜਿਸ ਵਿੱਚ ਸ਼ਾਨਦਾਰ 100% ਪਾਸ ਨਤੀਜਾ ਹੈ। ਸਾਨੂੰ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਮਾਨਤਾ ਦੇਣ ਅਤੇ ਜਸ਼ਨ ਮਨਾਉਣ ਵਿੱਚ ਖੁਸ਼ੀ ਹੋ ਰਹੀ ਹੈ ਜਿਨ੍ਹਾਂ ਨੇ ਸਾਡੀ ਸੰਸਥਾ ਨੂੰ ਬਹੁਤ ਮਾਣ ਅਤੇ ਗੌਰਵ ਪ੍ਰਦਾਨ ਕੀਤਾ ਹੈ। ਜਸਲੀਨ ਕੌਰ 12ਵੀਂ ਕਾਮਰਸ 92.40%, ਜਸਕਰਨ ਸਿੰਘ 12ਵੀਂ ਮੈਡੀਕਲ 89.00%, ਕਾਨੂ 12ਵੀਂ ਕਲਾ 89.00%, ।ਸੀ ਟੀ ਗਰੁੱਪ ਦੇ ਚੇਅਰਮੈਨ ਚਰਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਇਸ ਜਸ਼ਨ ਸਮਾਗਮ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਦੋਵਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਚੇਅਰਮੈਨ ਚਰਨਜੀਤ ਸਿੰਘ ਨੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਮਾਣ ਜ਼ਾਹਰ ਕੀਤਾ ਅਤੇ ਫੈਕਲਟੀ ਮੈਂਬਰਾਂ ਦੁਆਰਾ ਪ੍ਰਦਰਸ਼ਤ ਕੀਤੀ ਸਖ਼ਤ ਮਿਹਨਤ ਅਤੇ ਲਗਨ ਦੀ ਪ੍ਰਸ਼ੰਸਾ ਕੀਤੀ। ਹਰੇਕ ਵਿਦਿਆਰਥੀ ਅਤੇ ਫੈਕਲਟੀ ਮੈਂਬਰ ਨੂੰ ਵਿਅਕਤੀਗਤ ਤੌਰ 'ਤੇ ਮਾਨਤਾ ਦਿੱਤੀ ਗਈ ਅਤੇ ਉਹਨਾਂ ਦੇ ਸੁਚੇਤ ਯਤਨਾਂ ਲਈ ਸਨਮਾਨਤ ਕੀਤਾ ਗਿਆ।

# ਤੁਹਾਡੀ ਵੋਟ ਦਾ ਕੀਤਾ ਇਸਤੇਮਾਲ ਲੋਕਤੰਤਰ ਨੂੰ ਹੋਰ ਮਜ਼ਬੂਤ ਕਰੇਗਾ : ਡਾ. ਕੇਵਲ, ਪ੍ਰਿੰ. ਸ਼ਸ਼ੀ ਬਾਲਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਭਾਰਤੀ ਚੋਣ ਕਮਿਸ਼ਨ ਦੇ ਹੁਕਮ ਅਨੁਸਾਰ ਡਿਪਟੀ ਕਮਿਸ਼ਨਰ ਕੰਮ-ਜ਼ਿਲ੍ਹਾ ਚੋਣ ਅਫ਼ਸਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਅਤੇ ਐਸ ਡੀ ਐਮ ਟਾਂਡਾ ਵਿਓਮ ਭਾਰਦਵਾਜ ਦੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਜੀ ਕੇ ਐਸ ਐਮ ਸਰਕਾਰੀ ਕਾਲਜ ਟਾਂਡਾ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ਸ਼ੀ ਬਾਲਾ ਦੀ ਦੇਖਰੇਖ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਤੋਂ ਵੱਧ ਵੋਟਾਂ ਪਾਉਣ ਸੰਬੰਧੀ ਵੋਟਰ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਥਾਵਾਂ 'ਤੇ ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸੇ ਕੜੀ ਤਹਿਤ ਪਬਲਿਕ ਖਾਲਸਾ ਨਰਸਿੰਗ ਕਾਲਜ ਫਾਰ ਵੂਮੈਨ ਕੰਧਾਲਾ ਜੱਟਾਂ ਵਿਖੇ ਕਾਲਜ ਪ੍ਰਿੰਸੀਪਲ ਸ਼ਲਿੰਦਰ ਸਿੰਘ ਪਰਮਾਰ, ਵਾਈਸ ਪ੍ਰਿੰਸੀਪਲ ਸ਼੍ਰੀਮਤੀ ਲਵਦੀਪ ਕੌਰ ਅਤੇ ਕਾਲਜ ਦੇ ਸਵੀਪ ਨਾਡਲ ਅਫਸਰ ਸ਼੍ਰੀਮਤੀ ਇੰਦਰਜੀਤ ਕੌਰ ਦੀ ਅਗਵਾਈ 'ਚ ਵੋਟਰ ਜਾਗਰੂਕ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਜ਼ਿਲ੍ਹਾ ਨਾਡਲ ਅਫਸਰ ਅੰਕੁਰ ਸ਼ਰਮਾ, ਹਲਕਾ ਉੜਮੁੜ ਦੇ ਸਵੀਪ ਆਈਕਨ ਰਿਟਾ: ਡਿਪਟੀ ਡਾਇਰੈਕਟਰ ਹੈਲਥ ਡਾ. ਕੇਵਲ ਸਿੰਘ ਕਾਜਲ, ਲਾਈਨ ਡਾ. ਲਵਪ੍ਰੀਤ ਸਿੰਘ ਪਾਬਲਾ, ਡਾ. ਗੁਰਜੋਤ ਸਿੰਘ ਪਾਬਲਾ, ਉੜਮੁੜ 41 ਦੇ ਨਾਡਲ ਅਫਸਰ ਦਕਸ਼ ਸੋਹਲ, ਅਸਿਸਟੈਂਟ ਨਾਡਲ ਅਫਸਰ ਭਰਤ ਤਲਵਾਰ ਅਤੇ ਕੁਲਦੀਪ ਮਿਨਹਾਸ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ।

ਇਸ ਮੌਕੇ ਤੇ ਡਾਕਟਰ ਕੇਵਲ ਸਿੰਘ ਕਾਜਲ ਅਤੇ ਪ੍ਰਿੰਸੀਪਲ ਸ਼ਸ਼ੀ ਬਾਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 18 ਸਾਲ ਤੋਂ ਵੱਧ ਉਮਰ ਦੇ ਹਰ ਵੋਟਰ ਨੂੰ ਆਪਣੀ ਵੋਟ ਦਾ ਇਸਤੇਮਾਲ ਜਰੂਰ ਕਰਨਾ ਚਾਹੀਦਾ ਹੈ ਤਾਂ ਕਿ ਭਾਰਤ ਦਾ ਲੋਕਤੰਤਰ ਹੋਰ ਮਜਬੂਤ ਹੋ ਸਕੇ। ਪ੍ਰਿੰ. ਸ਼ਲਿੰਦਰ ਸਿੰਘ ਪਰਮਾਰ, ਦਕਸ਼ ਸੋਹਲ ਅਤੇ ਭਰਤ ਤਲਵਾੜ ਨੇ ਕਿਹਾ ਕਿ ਅਜਿਹੇ ਜਾਗਰੂਕ ਕੈਂਪਾਂ ਦਾ ਅਸਲ ਮਕਸਦ ਦੇਸ਼ ਦੇ ਹਰ ਵੋਟਰ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਉਹ ਆਪਣੀ ਵੋਟ ਦਾ ਇਸਤੇਮਾਲ ਜਰੂਰ ਕਰੇ।

# ਬੀਬੀ ਭਾਨੀ ਸੁਸਾਇਟੀ ਨੇ ਕਰਵਾਇਆ ਗੁਰਮਤਿ ਸਮਾਗਮ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਇਲਾਕੇ ਵਿਚ ਧਰਮ ਪ੍ਰਚਾਰ ਕਰ ਰਹੀ ਬੀਬੀ ਭਾਨੀ ਜੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸੰਸਥਾ ਪ੍ਰਧਾਨ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸੁਸਾਇਟੀ ਵਲੋਂ ਹਰ ਸਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸ ਵਾਰ ਵੀ ਇਹ ਦਿਹਾੜਾ ਮਨਾਉਣ ਲਈ ਗੁਰਦੁਆਰਾ ਗੁਰੂ ਕੇ ਮਹਿਲ ਭੋਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ ਅਰੰਭ ਕੀਤੀ ਗਈ ਸੀ ਜਿਨ੍ਹਾਂ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਇਆ ਗਿਆ ਜਿਸ ਵਿੱਚ ਕੀਰਤਨੀ ਜਥਿਆਂ ਵੱਲੋਂ ਕੀਰਤਨ ਕਰਕੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।ਇਸ ਮੌਕੇ ਮਨਜੀਤ ਕੌਰ ਖਾਲਸਾ, ਕੁਲਵਿੰਦਰ ਕੌਰ, ਜਸਵਿੰਦਰ ਕੌਰ, ਜਸਬੀਰ ਕੌਰ, ਸੁਖਵਿੰਦਰ ਕੌਰ, ਮਨਜੀਤ ਕੌਰ, ਪਰਮਜੀਤ ਕੌਰ, ਸੁਖਵਿੰਦਰ ਕੌਰ ਬੱਬੂ ਆਦਿ ਹਾਜ਼ਰ ਸਨ।

# ਐੱਲ ਪੀ ਯੂ ਵੱਲੋਂ ਏਅਰੋਸਪੇਸ 'ਤੇ ਅੰਤਰਰਾਸ਼ਟਰੀ ਕਾਨਫਰੰਸ



**ਜਲੰਧਰ (ਸ਼ੈਲੀ ਐਲਬਰਟ)** - ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਕੂਲ ਆਫ ਮਕੈਨੀਕਲ ਇੰਜੀਨੀਅਰਿੰਗ ਨੇ ਏਅਰੋਸਪੇਸ ਇੰਜੀਨੀਅਰਿੰਗ 'ਚ ਐਡਵਾਂਸਮੈਂਟਸ ਤੇ ਇੰਟਰਨੈਸ਼ਨਲ ਕਾਨਫਰੰਸ- 93115-2024 ਦਾ ਆਯੋਜਨ ਕੀਤਾ। ਕਾਨਫਰੰਸ ਦੇ ਦੋ ਦਿਨਾ ਏਅਰੋਸਪੇਸ ਇਨੋਵੇਸ਼ਨ ਨੂੰ ਨਵੀਆਂ ਉਚਾਈਆਂ ਤੱਕ ਪਹੁੰਚਾਉਣ ਲਈ ਵਿਚਾਰ ਵਟਾਂਦਰੇ ਅਤੇ ਸਹਿਯੋਗ ਨੂੰ ਅੱਗੇ ਵਧਾਇਆ। ਕਾਨਫਰੰਸ ਨੂੰ ਇਸਰੋ (ਭਾਰਤੀ ਪੁਲਾੜ ਖੋਜ ਸੰਗਠਨ) ਦੇ ਸਾਬਕਾ ਡਾਇਰੈਕਟਰ ਡਾ. ਐਸ. ਰੰਗਰਾਜਨ ਸਮੇਤ ਇਸਰੋ (ਇੰਡੀਅਨ ਸਪੇਸ ਐਂਡ ਰਿਸਰਚ ਆਰਗੇਨਾਈਜ਼ੇਸ਼ਨ) ਦੇ ਦਿੱਗਜਾਂ ਦੀ ਵਿਸ਼ੇਸ਼ ਮੌਜੂਦਗੀ ਦੁਆਰਾ ਸੁਸ਼ੋਭਿਤ ਕੀਤਾ ਗਿਆ ਜਿਸ ਵਿਚ ਆਰ ਪਾਂਡੀਅਨ ਦੇ ਸਾਬਕਾ ਗਰੁੱਪ ਡਾਇਰੈਕਟਰ ਡਾ. ਪ੍ਰੋਜੈਕਟ ਡਾਇਰੈਕਟਰ ਏ.ਐਮ. ਨਾਗਲਕਸ਼ਮੀ; ਪ੍ਰੋਗਰਾਮ ਦੇ ਡਾਇਰੈਕਟਰ ਜਸਵਿੰਦਰ ਸਿੰਘ ਖੋਰਲ; ਅਤੇ ਪੀ.ਈ.ਸੀ., ਚੰਡੀਗੜ੍ਹ ਦੇ ਪ੍ਰੋਫੈਸਰ ਡਾ. ਤੇਜਿੰਦਰ ਕੁਮਾਰ ਜਿੰਦਲ ਵੀ ਸ਼ਾਮਲ ਰਹੇ। ਐਲ ਪੀ ਯੂ ਦੇ ਵਿਦਿਆਰਥੀਆਂ ਨੇ ਸਬੰਧਤ ਖੇਤਰ ਵਿੱਚ ਆਪਣੀ ਨਿਪੁੰਨਤਾ ਨੂੰ ਦਰਸਾਉਣ ਲਈ ਕੈਂਪਸ ਵਿੱਚ ਵਿਸ਼ੇਸ਼ ਤੌਰ 'ਤੇ ਆਯੋਜਿਤ ਏਅਰ-ਸ਼ੋਅ ਦੌਰਾਨ ਆਪਣੇ ਰਚਨਾਤਮਕ ਹਵਾਈ ਜਹਾਜ਼ਾਂ ਅਤੇ ਡਰੋਨਾਂ ਦਾ ਪ੍ਰਦਰਸ਼ਨ ਕੀਤਾ।ਉਨ੍ਹਾਂ ਆਪਣੇ ਸਵੈ-ਸੰਚਾਲਨ ਵਾਲੇ ਹਲਕੇ ਭਾਰ, ਉੱਚ-ਗਤੀ, ਸ਼ੋਰ-ਰਹਿਤ ਅਤੇ ਚੰਗੀ ਤਰ੍ਹਾਂ ਬਣਾਏ ਸਮੇਤ ਨਾਲ ਸਬੰਧਤ ਪ੍ਰਦਰਸ਼ਨ ਪ੍ਰਦਾਨ ਕੀਤਾ। ਬਿਨਾਂ ਇੰਟਰਨੈੱਟ ਕੁਨੈਕਸ਼ਨ ਦੇ ਸਿੱਖਿਆ ਪ੍ਰਦਾਨ ਕਰਨ ਲਈ ਦੁਨੀਆ ਦੇ ਪਹਿਲੇ ਸੈਟੇਲਾਈਟ-ਸਮਰੱਥ ਟੈਬਲੇਟ ਦੇ ਨਿਰਮਾਤਾ, ਡਾ. ਐਸ. ਰੰਗਰਾਜਨ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਐਲ ਪੀ ਯੂ ਦੇ ਵਿਦਿਆਰਥੀਆਂ ਨੂੰ ਮਿਲੇ ਚੋਟੀ ਦੇ ਨੈਸ਼ਨਲ ਪੁਰਸਕਾਰ ਤੇ ਡਾ. ਆਰ. ਪਾਂਡਿਆਨ ਨੇ ਐਲ ਪੀ ਯੂ ਕਾਨਫਰੰਸ ਦਾ ਹਿੱਸਾ ਬਣਨ 'ਤੇ ਖੁਸ਼ੀ ਪ੍ਰਗਟ ਕੀਤੀ। ਪ੍ਰੋਜੈਕਟ ਡਾਇਰੈਕਟਰ ਨਾਗਲਕਸ਼ਮੀ ਚਾਹੁੰਦੇ ਹਨ ਕਿ ਵਿਦਿਆਰਥੀ ਬਹੁ-ਅਨੁਸ਼ਾਸਨੀ ਬਣਨ।

# ਕਾਂਗਰਸ ਦਾ ਵਾਈਸ ਪ੍ਰਧਾਨ ਸਾਥੀਆਂ ਸਮੇਤ ਆਪ 'ਚ ਸ਼ਾਮਲ

**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)**-ਸ਼ਨੀਵਾਰ ਸਿਟੀ ਪ੍ਰਧਾਨ ਜਗਜੀਵਨ ਜੱਗੀ ਅਤੇ ਕੌਂਸਲਰ ਸਤਵੰਤ ਜੱਗੀ ਦੀ ਅਗਵਾਈ ਹੇਠ ਯੂਥ ਕਾਂਗਰਸ ਦੇ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਨੇ ਆਪਣੇ 50 ਤੋਂ ਵੱਧ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਜਿਸ ਦਾ ਆਮ ਆਦਮੀ ਪਾਰਟੀ ਦੇ ਹਲਕਾ ਹੁਸ਼ਿਆਰਪੁਰ ਤੋਂ ਲੋਕ ਸਭਾ ਤੋਂ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ, ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ, ਬੇਟ ਖੇਤਰ ਇੰਚਾਰਜ ਰਜਿੰਦਰ ਸਿੰਘ ਮਾਰਸ਼ਲ, ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਅਰੋੜਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਕੌਂਸਲ ਹਰਪ੍ਰੀਤ ਸੈਣੀ, ਸੋਨੂ ਜਹੂਰਾ, ਗੁਰਦੀਪ ਸਿੰਘ ਹੈਪੀ, ਕੌਂਸਲਰ ਸੁਮਨ ਖੋਸਲਾ, ਕੌਂਸਲਰ ਮੰਜੂ ਖੰਨਾ ਨੇ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵਿਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਇਸ ਸਮਾਰੋਹ ਵਿੱਚ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਆਗੂ ਅਤੇ ਵਰਕਰ ਹਾਜ਼ਰ ਸਨ।

ਜਿਨਾਂ ਵਿੱਚ ਅਵਤਾਰ ਸਿੰਘ ਤਾਰੀ, ਹਰਵਿੰਦਰ ਸਿੰਘ ਕਲੋਟੀ, ਕਮਲ ਧੀਰ, ਮਨੀਪਾਲ ਸਿੰਘ, ਜਸਪਾਲ ਕਾਕਾ, ਲਖਬੀਰ ਸਿੰਘ ਖਾਲਸਾ, ਬਲਜੀਤ ਸੈਣੀ, ਦੀਪਕ ਭੀਲ, ਸੋਨੂ ਖੰਨਾ, ਸੁਰਿੰਦਰ ਸਿੰਘ ਭਾਟੀਆ ਤੇ ਨਾਂ ਵਰਨਣਯੋਗ ਹਨ।

# ਪੰਜਾਬ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿਓ : ਸੁਖਬੀਰ ਸਿੰਘ ਬਾਦਲ



**ਬੰਗਾ (ਅਵਤਾਰ ਕਲੇਰ)** ਪੰਜਾਬੀ ਮਾਂ ਬੋਲੀ ਲਈ, ਪੰਜਾਬੀਆਂ ਦੇ ਪਾਣੀ ਅਤੇ ਸਿੱਖੀ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਬਹੁਤ ਕੁਰਬਾਨੀਆਂ ਦਿੱਤੀਆਂ। ਅੱਜ ਫੇਰ ਪੰਜਾਬ ਬਹੁਤ ਮਾੜੇ ਹਲਾਤਾਂ ਵਿੱਚੋਂ ਗੁਜ਼ਰ ਰਿਹਾ ਹੈ।ਪੰਜਾਬ ਨੂੰ ਬਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਸਾਥ ਦਿਓ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਬਚਾਓ ਯਾਤਰਾ ਦੌਰਾਨ ਬੰਗਾ ਵਿਖੇ ਕੀਤਾ। ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਪੰਜਾਬ ਬਚਾਓ ਯਾਤਰਾ ਮਾਝੇ ਤੋਂ ਸ਼ੁਰੂ ਕਰਕੇ ਮਾਲਵੇ 'ਚ ਹੁੰਦੀ ਹੋਈ ਦੋਆਬਾ ਖੇਤਰ ਦਾਖਲ ਹੋਈ। ਬੰਗਾ ਹਲਕੇ ਦੇ ਪਿੰਡ ਮੱਲ੍ਹਾ ਸੋਢੀਆਂ ਤੋਂ ਸ਼ੁਰੂ ਹੋਈ ਯਾਤਰਾ ਢਾਹਾਂ ਕਲੇਰਾਂ, ਮਜਾਰੀ, ਬੰਗਾ, ਪੂਨੀਆਂ, ਗੁਣਾਚੌਰ, ਤਲਵੰਡੀ ਫੱਤੂ, ਮੁਕੰਦਪੁਰ, ਸ਼ੁਕਾਰ, ਸ਼ੇਖੂਪੁਰ , ਰਟੈਂਡਾ, ਬਖਲੌਰ, ਚੱਕਦਾਨਾ ਤੋਂ ਔੜ ਵਿਖੇ ਸਮਾਪਤ ਹੋਈ। ਸੈਂਕੜੇ ਟਰੈਕਟਰਾਂ ਅਤੇ ਮੋਟਰਸਾਈਕਲ ਤੇ ਸਵਾਰ ਪਾਰਟੀ ਵਰਕਰਾਂ ਨੇ ਨਾਹਰਿਆਂ ਨਾਲ ਪਾਰਟੀ ਪ੍ਰਧਾਨ ਦਾ ਸੁਆਗਤ ਕੀਤਾ।ਇੱਕ ਸਵਾਲ ਦੇ ਜਵਾਬ ਚ ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਸਿੱਖਾਂ ਨਾਲ ਧੱਕਾ ਕੀਤਾ ਅਤੇ ਅੱਜ ਇਹ ਪਾਰਟੀ ਪੰਜਾਬ ਹੀ ਨਹੀਂ ਪੂਰੇ ਦੇਸ਼ 'ਚ ਖਤਮ ਹੋ ਰਹੀ ਹੈ। ਹਲਕਾ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਨੇ ਸੁਖਬੀਰ ਸਿੰਘ ਬਾਦਲ ਅਤੇ ਪ੍ਰੋ ਪਰੇਮ ਸਿੰਘ ਚੰਦੂਮਾਜਰਾ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ।

# ਜਸਪ੍ਰੀਤ ਕੌਰ ਨੂੰ ਨਾਨ ਮੈਡੀਕਲ 'ਚ 93.8 ਫੀਸਦੀ ਅੰਕ ਪ੍ਰਾਪਤ

**ਮਹਿਤਪੁਰ (ਰਾਜਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਨਤੀਜੇ ਵਿੱਚ ਸਰਕਾਰੀ ਮੈਰੀਟੋਰੀਅਸ ਸਕੂਲ ਜਲੰਧਰ ਦੀ ਵਿਦਿਆਰਥਣ ਜਸਪ੍ਰੀਤ ਕੌਰ ਪੁੱਤਰੀ ਸ੍ਰੀ ਤਰਸੇਮ ਲਾਲ ਕਲਰਕ ਸਰਕਾਰੀ ਹਾਈ ਸਕੂਲ ਬਾਲੋਕੀ ਪਿੰਡ ਖੁਰਲਾਪੁਰ ਤਹਿਸੀਲ ਨਕੋਦਰ ਵੱਲੋਂ ਨਾਨ ਮੈਡੀਕਲ ਵਿਸ਼ੇ ਵਿੱਚ 93.8% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਨੇ ਵਿਦਿਆਰਥਣ, ਸਮੂਹ ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

## ਕਾਂਗਰਸ ਦੇ ਸੀਨੀਅਰ ਆਗੂ ਬਸਪਾ 'ਚ ਸ਼ਾਮਲ

**ਜਲੰਧਰ (ਸ਼ੈਲੀ ਐਲਬਰਟ)**- ਸ਼ੁੱਕਰਵਾਰ ਨੂੰ ਕਾਂਗਰਸ ਦੇ ਕਰਤਾਰਪੁਰ ਹਲਕੇ ਦੇ ਸੀਨੀਅਰ ਆਗੂ ਮਾਸਟਰ ਚਮਨ ਲਾਲ ਹੀਰਾਪੁਰ ਪਾਰਟੀ ਨੂੰ ਛੱਡ ਕੇ ਸਾਥੀਆਂ ਸਮੇਤ ਬਸਪਾ 'ਚ ਸ਼ਾਮਲ ਹੋ ਗਏ। ਬਸਪਾ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਮਾਸਟਰ ਚਮਨ ਲਾਲ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਨਮਾਨਤ ਕਰਕੇ ਪਾਰਟੀ 'ਚ ਸ਼ਾਮਲ ਕਰਾਇਆ।ਮਾਸਟਰ ਚਮਨ ਲਾਲ ਉੱਘੇ ਸਮਾਜ ਸੇਵਕ ਹਨ ਤੇ ਜਲੰਧਰ ਲੋਕ ਸਭਾ 'ਚ ਉਨ੍ਹਾਂ ਦਾ ਕਾਫੀ ਪ੍ਰਭਾਵ ਹੈ। ਬਸਪਾ 'ਚ ਸ਼ਾਮਲ ਹੋਣ ਸਮੇਂ ਉਨ੍ਹਾ ਕਿਹਾ ਕਿ ਲੋਕਾਂ ਦਾ ਭਾਜਪਾ, ਆਪ ਦੇ ਨਾਲ-ਨਾਲ ਕਾਂਗਰਸ ਤੋਂ ਵੀ ਮੋਹ ਭੰਗ ਹੋ ਗਿਆ ਹੈ। ਲੋਕ ਬਸਪਾ ਨੂੰ ਬਦਲ ਦੇ ਰੂਪ 'ਚ ਦੇਖ ਰਹੇ ਹਨ। ਇਸ ਮੌਕੇ ਬਸਪਾ ਉਮੀਦਵਾਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਲੰਧਰ ਦੇ ਲੋਕਾਂ ਦਾ ਰੁਝਾਨ ਇਸ ਵਾਰ ਬਸਪਾ ਵੱਲ ਹੈ, ਜਿਸ ਕਰਕੇ ਉਹ ਇਹ ਸੀਟ ਜ਼ਰੂਰ ਜਿੱਤਣਗੇ।

## ਗੁਰੂ ਨਾਨਕ ਸਟੱਡੀ ਪੁਆਇੰਟ ਦੇ ਬੱਚਿਆਂ ਨੂੰ ਪੁਜ਼ੀਸ਼ਨਾਂ ਹਾਸਲ

**ਮਹਿਤਪੁਰ (ਰਾਜਾ)**- ਬਾਰ੍ਹਵੀਂ ਦੇ ਐਲਾਨੇ ਨਤੀਜੇ 'ਚ ਗੁਰੂ ਨਾਨਕ ਸਟੱਡੀ ਪੁਆਇੰਟ ਅਕੈਡਮੀ ਮਹਿਤਪੁਰ ਦੇ ਵਿਦਿਆਰਥੀਆਂ +2 ਕਾਮਰਸ ਚੋਂ ਵਧੀਆ ਅੰਕ ਪ੍ਰਾਪਤ ਕਰਕੇ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਜਿਸ ਵਿੱਚ ਮਨਜੋਤ ਸਿੰਘ 93%, ਗੌਰਵ ਕੁਮਾਰ 92%, ਗੁਰਲੀਨ ਕੌਰ 89%, ਮਨਦੀਪ ਕੌਰ 87%, ਨਵਰੂਪ ਕੌਰ 83%, ਮਨਪ੍ਰੀਤ ਕੌਰ 81%, ਪ੍ਰਾਪਤ ਕਰਕੇ ਫਸਟ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇਸ ਮੌਕੇ ਹੈਡ ਮੈਡਮ ਸਿਮਰਨ ਕੌਰ ਨੇ ਸਾਰੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਅਤੇ ਭਵਿੱਖ ਵਿੱਚ ਵੀ ਬੱਚਿਆਂ ਨੂੰ ਹੋਰ ਤਰੱਕੀ ਕਰਨ ਲਈ ਪ੍ਰੇਰਿਤ ਕੀਤਾ।

## ਪੰਜਾਬ ਦੀ ਗੱਲ ਭਾਜਪਾ ਐਮ ਪੀ ਹੀ ਕਰ ਸਕਦੈ : ਮੈਸਨ

**ਸ਼ਾਹਕੋਟ (ਗਿਆਨ ਸੈਦਪੁਰੀ)**- 'ਭਾਰਤੀ ਜਨਤਾ ਪਾਰਟੀ ਪੰਜਾਬ ਦੇ ਹਰ ਮੁੱਦੇ ਅਤੇ ਸਮੱਸਿਆਵਾਂ ਨਾਲ ਨੇੜੇ ਤੋਂ ਜੁੜ ਗਈ ਗਈ ਹੈ। ਦੇਸ਼ ਦੀ ਪਾਰਲੀਮੈਂਟ ਵਿੱਚ ਭਾਜਪਾ ਦੇ ਨੁਮਾਇੰਦੇ ਹੀ ਪੰਜਾਬ ਦੇ ਮਸਲਿਆਂ ਦੀ ਵਕਾਲਤ ਕਰ ਸਕਦੇ ਹਨ'। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਮੰਡਲ ਪ੍ਰਧਾਨ ਸ਼ਾਹਕੋਟ ਸੰਜਮ ਮੈਸਨ ਨੇ ਕੀਤਾ। ਉਹ ਭਾਜਪਾ ਮੰਡਲ ਸ਼ਾਹਕੋਟ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਜਲੰਧਰ ਤੋਂ ਭਾਜਪਾ ਦੇ ਉਮੀਦਵਾਰ ਦੀ ਚੋਣ ਮੁਹਿੰਮ ਪੂਰੀ ਤਰ੍ਹਾਂ ਭਖ ਚੁੱਕੀ ਹੈ। ਸੁਸ਼ੀਲ ਕੁਮਾਰ ਰਿੰਕੂ ਸੰਸਦ ਵਿੱਚ ਪਹੁੰਚ ਕੇ ਪੰਜਾਬ ਪੱਖੀ ਫ਼ੈਸਲੇ ਕਰਵਾਉਣਗੇ।ਮੈਸਨ ਨੇ ਦੱਸਿਆ ਕਿ ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਤੋਂ ਬਾਅਦ ਰਵੀ ਕੁਮਾਰ ਨੂੰ ਓ. ਬੀ. ਸੀ. ਭਾਜਪਾ ਮੰਡਲ ਸ਼ਾਹਕੋਟ ਦੇ ਪ੍ਰਧਾਨ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਬੱਲੀ, ਸੈਰਫ ਘਈ ਜਨਰਲ ਸਕੱਤਰ, ਅਨਵਰ ਘਈ, ਮਨਪ੍ਰੀਤ ਸਿੰਘ, ਸਤੀਸ਼ ਸਿੰਗਲਾ, ਵਿਵੇਕਾ ਨੰਦ, ਗਗਨ ਚੌਹਾਨ, ਮੁਨੀਸ਼ ਸਿੰਗਲਾ, ਪਰਸ਼ੋਤਮ ਪਾਸੀ, ਜੈ ਗੋਪਾਲ, ਜੈ ਕੁਮਾਰ ਅਤੇ ਰਮਨ ਹਾਜ਼ਰ ਸਨ।



ਰਵੀ ਕੁਮਾਰ ਨੂੰ ਓ ਬੀ ਸੀ ਭਾਜਪਾ ਮੰਡਲ ਪ੍ਰਧਾਨ ਨਿਯੁਕਤ ਕਰਦੇ ਹੋਏ ਮੰਡਲ ਪ੍ਰਧਾਨ ਸੰਜਮ ਮੈਸਨ ਤੇ ਹੋਰ।

# ਖਾਲਸਾ ਕਾਲਜੀਏਟ ਸਕੂਲ ਮਾਹਿਲਪੁਰ ਦਾ ਨਤੀਜਾ ਸ਼ਾਨਦਾਰ

**ਮਾਹਿਲਪੁਰ**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਕੈਂਪਸ ਵਿੱਚ ਚੱਲਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰ. ਡਾ. ਪਰਵਿੰਦਰ ਸਿੰਘ ਅਤੇ ਕਾਲਜੀਏਟ ਸਕੂਲ ਦੇ ਕੋਆਰਡੀਨੇਟਰ ਪ੍ਰੋ. ਚੰਦਨ ਰਾਣਾ ਨੇ ਦੱਸਿਆ ਕਿ ਬਾਰ੍ਹਵੀਂ ਦੇ ਨਤੀਜੇ ਵਿੱਚ ਕਾਮਰਸ ਸਟਰੀਮ ਵਿੱਚੋਂ ਸੁਨਿਧੀ ਸ਼ਰਮਾ ਨੇ 96.4 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ, ਵਿਦਿਆਰਥਣ ਸਮੀਕਸ਼ਾ ਨੇ 95.2 ਫੀਸਦੀ, ਦੂਜਾ ਅਤੇ ਹਰਸਿਮਰਨ ਸਿੰਘ ਨੇ 94.8 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਸਾਇੰਸ ਗਰੁੱਪ ਤਹਿਤ ਮੈਡੀਕਲ ਸਟਰੀਮ ਵਿੱਚੋਂ ਹਰਮਨਪ੍ਰੀਤ ਸਿੰਘ ਨੇ 87.6 ਫੀਸਦੀ ਪਹਿਲਾ, ਪਰਮਿੰਦਰ ਗੰਗੜ ਨੇ 87.2 ਫੀਸਦੀ ਦੂਜਾ ਅਤੇ ਚੰਨਜੋਤ ਕੌਰ ਨੇ 86.4 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਨਾਨ ਮੈਡੀਕਲ ਸਟਰੀਮ ਵਿੱਚ ਪਰਮਵੀਰ ਸਿੰਘ ਸਾਹਨੀ ਨੇ 91 ਫੀਸਦੀ ਪਹਿਲਾ, ਸਿਮਰਨਜੀਤ ਸਿੰਘ ਫਲੋਰਾ ਨੇ 90.2 ਫੀਸਦੀ ਦੂਜਾ ਅਤੇ ਪ੍ਰਭਸਿਮਰਨ ਕੌਰ ਨੇ 90 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਵਿੱਚ ਖੁਸ਼ਪ੍ਰੀਤ ਕੌਰ ਨੇ 89.8 ਫੀਸਦੀ ਪਹਿਲਾ, ਹਰਵੀਰ ਮਾਨ ਨੇ 88.6 ਫੀਸਦੀ ਦੂਜਾ ਅਤੇ ਜੈ ਸ਼ਰਮਾ ਨੇ 88 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸਮੇਤ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਸਮੂਹ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਚੰਗੇ ਨਤੀਜੇ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਪ੍ਰੈੱਸ ਦੀ ਆਜ਼ਾਦੀ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਮਿਲ ਕੇ ਕਰਨ ਦਾ ਸੱਦਾ




**ਜਲੰਧਰ (ਸ਼ੈਲੀ ਐਲਬਰਟ)** - ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਸ਼ੁੱਕਰਵਾਰ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ 'ਤੇ ਇਕ ਸੰਖੇਪ ਤੇ ਭਾਵਪੂਰਤ ਸਮਾਗਮ ਹੋਇਆ ਜਿਸ ਵਿਚ ਪੱਤਰਕਾਰਾਂ ਨੇ ਅੰਤਰਰਾਸ਼ਟਰੀ, ਰਾਸ਼ਟਰੀ ਅਤੇ ਪੰਜਾਬ ਪ੍ਰਾਂਤ ਵਿਚ ਪ੍ਰੈੱਸ ਦੀ ਆਜ਼ਾਦੀ ਲਈ ਵਧ ਰਹੀਆਂ ਚੁਣੌਤੀਆਂ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਪੱਤਰਕਾਰਾਂ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਆਪਸੀ ਸਹਿਯੋਗ ਨਾਲ ਕਰਨਾ ਚਾਹੀਦਾ ਹੈ ਅਤੇ ਪ੍ਰਤੀਬੱਧਤਾ ਨਾਲ ਆਪਣੇ ਲੋਕਾਂ ਦੇ ਸਰੋਕਾਰਾਂ ਨੂੰ ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਰਾਹੀਂ ਉਠਾਉਣਾ ਚਾਹੀਦਾ ਹੈ। ਪ੍ਰੈੱਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਪ੍ਰੈੱਸ ਨੂੰ ਹਮੇਸ਼ਾ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਤੇ ਅੱਜ ਵੀ ਕਰਨਾ ਪੈ ਰਿਹਾ ਹੈ। ਉਨ੍ਹਾ ਵਿਸ਼ੇਸ਼ ਤੌਰ 'ਤੇ ਰੂਸ ਅਤੇ ਯੂਕਰੇਨ ਦੀ ਜੰਗ ਵਿਚ ਅਤੇ ਇਜ਼ਰਾਈਲ ਅਤੇ ਹਮਾਸ ਦੀ ਜੰਗ ਵਿਚ ਦਰਜਨਾਂ ਪੱਤਰਕਾਰਾਂ ਦੇ ਸ਼ਹੀਦ ਹੋ ਜਾਣ ਦਾ ਜ਼ਿਕਰ ਕੀਤਾ। ਦੇਸ਼ ਦੀਆਂ ਅਜੋਕੀਆਂ ਸਥਿਤੀਆਂ ਵਿਚ ਜਮਹੂਰੀਅਤ ਨੂੰ ਬਚਾਉਣ ਲਈ ਪੱਤਰਕਾਰਾਂ ਨੂੰ ਜਾਗਰੂਕ ਹੋ ਕੇ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ।ਪ੍ਰੈੱਸ ਕਲੱਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਥਾਪਾ ਨੇ ਕਿਹਾ ਕਿ ਦੇਸ਼ ਵਿਚ ਪੱਤਰਕਾਰੀ ਦੀ ਆਜ਼ਾਦੀ ਲਗਾਤਾਰ ਸੁੰਗੜਦੀ ਜਾ ਰਹੀ ਹੈ। ਇਸ ਨੂੰ ਹਰ ਹੀਲੇ ਬਚਾਉਣ ਲਈ ਸਾਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਰਮੇਸ਼ ਗਾਬਾ ਨੇ ਕਿਹਾ ਪ੍ਰੈੱਸ ਦੀ ਆਜ਼ਾਦੀ ਬਾਰੇ ਤੇ ਇਸ ਦੇ ਮਹੱਤਵ ਬਾਰੇ ਸਾਨੂੰ ਖ਼ੁਦ ਵੀ ਸੁਚੇਤ ਹੋਣਾ ਚਾਹੀਦਾ ਹੈ। ਲਾਲਚ ਜਾਂ ਸਵਾਰਥਾਂ ਅਧੀਨ ਨਾ ਕੋਈ ਖ਼ਬਰ ਦੇਣੀ ਚਾਹੀਦੀ ਹੈ ਤੇ ਨਾ ਹੀ ਰੋਕਣੀ ਚਾਹੀਦੀ। ਨੌਜਵਾਨ ਪੱਤਰਕਾਰ ਸੁਕਰਾਤ ਸਫ਼ਰੀ ਨੇ ਕਿਹਾ ਕਿ ਪ੍ਰੈੱਸ ਲਈ ਆਜ਼ਾਦੀ ਦੀ ਮੰਗ ਕਰਨ ਦੇ ਨਾਲ-ਨਾਲ ਸਾਨੂੰ ਖ਼ੁਦ ਵੀ ਆਪਣੇ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਵਰਤੋਂ ਆਪਣੇ ਲੋਕਾਂ ਦੇ ਹਿਤਾਂ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਕਰਨੀ ਚਾਹੀਦੀ ਹੈ। ਜਸਬੀਰ ਸਿੰਘ ਸੋਢੀ ਨੇ ਪੱਤਰਕਾਰਾਂ ਨੂੰ ਨੈਤਿਕ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੱਦਾ ਦਿੱਤਾ ਤਾਂ ਕਿ ਪੱਤਰਕਾਰਾਂ 'ਤੇ ਕੋਈ ਵੀ ਉਂਗਲ ਨਾ ਉਠਾ ਸਕੇ। ਸਮਾਗਮ ਦੇ ਅਖੀਰ ਵਿਚ ਕੁਲਪ੍ਰੀਤ ਸਿੰਘ ਏਕਮ ਨੇ ਸੰਬੋਧਨ ਕਰਦਿਆਂ ਸਮਾਗਮ ਵਿਚ ਸ਼ਿਰਕਤ ਕਰਨ ਲਈ ਆਏ ਸਾਰੇ ਪੱਤਰਕਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪੱਤਰਕਾਰ ਸੁਰਿੰਦਰ ਰਣਦੇਵ, ਧਰਮਿੰਦਰ ਸੋਂਧੀ, ਜਗਰੂਪ, ਰਾਘਵ ਜੈਨ, ਦਵਿੰਦਰ ਕੁਮਾਰ, ਵਿਜੇ ਅਟਵਾਲ, ਕਰਨ ਲੂਥਰਾ, ਨਿਤਿਨ ਕੌੜਾ, ਪੂਜਾ, ਤਰਨਪ੍ਰੀਤ ਲੱਕੀ, ਸ਼ੈਲੀ, ਪਵਨ, ਦਵਿੰਦਰ ਬੱਸੀ, ਯੋਗੇਸ਼ ਕਤਿਆਲ, ਗੇਵੀ, ਹਰੀਸ਼ ਅਤੇ ਹੋਰ ਵੀ ਮੀਡੀਆ ਜਗਤ ਨਾਲ ਜੁੜੀਆਂ ਹਸਤੀਆਂ ਹਾਜ਼ਰ ਸਨ। ਇਸ ਮੌਕੇ ਪ੍ਰੈੱਸ ਦੀ ਆਜ਼ਾਦੀ ਦੇ ਨਾਂਅ ਕੇਕ ਵੀ ਕੱਟਿਆ ਗਿਆ।

# ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਬਜ਼ੁਰਗਾਂ ਦੇ ਅਧਿਕਾਰਾਂ ਬਾਰੇ ਸੈਮੀਨਾਰ

**ਫਗਵਾੜਾ (ਡਾ. ਰਮਨ)**-ਅੱਜ ਸੀਨੀਅਰ ਸਿਟੀਜ਼ਨ ਕੌਂਸਲ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਨਿਰਵੈਰ ਸਿੰਘ ਨੱਢਾ ਦੀ ਦੇਖ ਰੇਖ ਵਿੱਚ ਕੋਰਟ ਕੰਪਲੈਕਸ ਵਿੱਚ ਹੋਈ।ਜਿਸ ਵਿੱਚ ਐਡਵੋਕੇਟ ਕਰਨਜੋਤ ਸਿੰਘ ਝਿੱਕਾ ਪ੍ਰਧਾਨ ਬਾਰ ਕੌਂਸਲ ਫਗਵਾੜਾ ਅਤੇ ਸੀਨੀਅਰ ਵਕੀਲ ਤੇ ਸਾਬਕਾ ਪ੍ਰਧਾਨ ਬਾਰ ਕੌਂਸਲ ਹਿਮਾਂਸ਼ੂ ਪ੍ਰਾਸ਼ਰ ਨੇ ਸ਼ਿਰਕਤ ਕੀਤੀ।ਸਮਾਗਮ ਦੇ ਸ਼ੁਰੂਆਤ ਵਿੱਚ ਟੀ.ਡੀ. ਚਾਵਲਾ ਕੌਂਸਲ ਦੇ ਸਰਪ੍ਰਸਤ ਨੇ ਵਕੀਲ ਸਾਹਿਬਾਨਾਂ ਸੀਨੀਅਰ ਸਿਟੀਜ਼ਨਾਂ ਬਾਰੇ ਕੁਝ ਜਾਣਕਾਰੀਆਂ ਬੇਨਤੀ ਕੀਤੀ।ਉਨ੍ਹਾਂ ਦੀ ਬੇਨਤੀ 'ਤੇ ਐਡਵੋਕੇਟ ਹਿਮਾਂਸ਼ੂ ਪ੍ਰਾਸਰ ਅਤੇ ਐਡਵੋਕੇਟ ਕਰਨਜੋਤ ਸਿੰਘ ਝਿੱਕਾ ਨੇ ਵਸੀਅਤ, ਪਾਵਰ ਆਫ ਅਟਾਰਨੀ, ਮਜ਼ਦੂਰ ਦਿਵਸ ਅਤੇ ਜਾਇਦਾਦ ਸਬੰਧੀ ਜਾਣਕਾਰੀ ਦਿਤੀ।ਇਸ ਮੀਟਿੰਗ ਨੂੰ ਰਵਿੰਦਰ ਚੋਟ, ਪਿੰਸੀਪਲ ਇੰਦਰਜੀਤ ਸਿੰਘ ਵਾਸੂ, ਕਰਮਜੀਤ ਸਿੰਘ ਸੰਧੂ, ਤਾਰਾ ਚੰਦ ਚੁੰਬਰ, ਸੁਖਦੇਵ ਸਿੰਘ ਗੰਢਮ ਨੇ ਵੀ ਸੰਬੋਧਨ ਕੀਤਾ।ਉਪਰੰਤ ਮਨਮੰਦਰ ਸਿੰਘ ਛੱਟਵਾਲ, ਰਮੇਸ਼ ਧੀਮਾਨ, ਹਕੂਮਤ ਰਾਏ, ਅਵਤਾਰ ਕੈਲੇ ਅਤੇ ਬਰਿਜ ਮੋਹਨ ਪੁਰੀ ਆਦਿ ਮੈਬਰਾਂ ਦੇ ਜਨਮ ਦਿਨ ਮਨਾਏ ਗਏ।ਅੱਜ ਦੇ ਸਮਾਗਮ ਵਿੱਚ ਹਾਜ਼ਰ ਮੈਬਰਾਂ ਲਈ ਸਾਬਕਾ ਪ੍ਰਧਾਨ ਰਕੇਸ਼ ਗੌੜ ਵਲੋਂ ਆਪਣੇ ਲੜਕੇ ਦੀ ਸ਼ਾਦੀ ਦੀ ਖੁਸ਼ੀ ਵਿੱਚ ਪਾਰਟੀ ਦਿਤੀ ਗਈ।ਅੰਤ ਵਿੱਚ ਪ੍ਰਧਾਨ ਨਿਰਵੈਰ ਸਿੰਘ ਨੱਢਾ ਨੇ ਸਭ ਦਾ ਧੰਨਵਾਦ ਕੀਤਾ। ਹੋਰਾਂ ਤੋਂ ਇਲਾਵਾ ਬ੍ਰੱਹਮ ਦੱਤ, ਗੁਰਦੀਪ ਸਿੰਘ ਵਧਵਾ, ਵਿਪਨ ਜੈਨ, ਰਵਿੰਦਰ ਪਨੇਸਰ, ਕੇ.ਜੀ.ਚੋਪੜਾ, ਰਜਿੰਦਰ ਸਾਹਨੀ ਆਦਿ ਬਹੁਤ ਸਾਰੇ ਮੈਂਬਰ ਹਾਜ਼ਰ ਸਨ

# ਸਮਾਰਟ ਸਕੂਲ ਸੁਖਸਾਲ 'ਚ ਸਾਈਕਲ ਰੈਲੀ ਕੱਢੀ



**ਭਲਾਣ (ਹਰਭਜਨ ਢਿੱਲੋਂ)**-ਭਾਰਤ ਚੋਣ ਕਮਿਸ਼ਨ ਵੱਲੋਂ ਭਾਰਤ ਦੇ ਹਰ ਵੋਟਰ ਨੂੰ ਆਪਣੀ ਵੋਟ ਦੀ ਭਾਗੇਦਾਰੀ ਸੁਨਿਸਚਿਤ ਕਰਨ ਦੇ ਮੰਤਵ ਨਾਲ ਸਵੀਪ ਪ੍ਰੋਗਰਾਮ ਦੇ ਤਹਿਤ ਡਿਪਟੀ ਕਮਿਸ਼ਨਰ ਰੂਪਨਗਰ ਅਤੇ ਉਪ ਮੰਡਲ ਮੈਜਿਸਟ੍ਰੇਟ ਨੰਗਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੁਖਸਾਲ ਵਿਖੇ ਅਧਿਆਪਕ ਸੋਹਨ ਸਿੰਘ ਚਾਹਲ ਦੀ ਅਗਵਾਈ ਹੇਠ ਸਾਈਕਲ ਰੈਲੀ ਕੱਢੀ ਗਈ। ਜਿਸ ਨੂੰ ਸਕੂਲ ਪ੍ਰਿੰਸੀਪਲ ਗੁਰਦੀਪ ਕੁਮਾਰ ਸ਼ਰਮਾ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਜਿਸ ਵਿੱਚ ਸਕੂਲ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਹ ਰੈਲੀ ਸਕੂਲ ਦੇ ਗੇਟ ਤੋਂ ਸ਼ੁਰੂ ਹੋ ਕੇ ਪਿੰਡ ਸੁਖਸਾਲ ਦੀਆਂ ਵੱਖ-ਵੱਖ ਥਾਵਾਂ ਤੋਂ ਹੁੰਦੀ ਹੋਈ ਵਾਪਸ ਸਕੂਲ ਆ ਕੇ ਖਤਮ ਹੋਈ। ਵਿਦਿਆਰਥੀਆਂ ਨੇ ਸਾਈਕਲਾਂ 'ਤੇ ਵੋਟ ਜਾਗਰੂਕਤਾ ਸਬੰਧੀ ਕਈ ਤਰ੍ਹਾਂ ਦੇ ਪੋਸਟਰ ਲਗਾਏ ਹੋਏ ਸਨ।ਇਸ ਮੌਕੇ ਵਿਦਿਆਰਥੀਆਂ ਵੱਲੋਂ,ਵੋਟ ਦੇਣ ਜਾਣਾ ਹੈ, ਚੰਗੇ ਨੇਤਾ ਨੂੰ ਜਿਤਾਉਣਾ ਹੈ, ਤੁਹਾਡੀ ਵੋਟ, ਤੁਹਾਡਾ ਭਵਿੱਖ ਆਦਿ ਜਾਗਰੂਕਤਾ ਨਾਅਰੇ ਲਗਾਏ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਗੁਰਦੀਪ ਕੁਮਾਰ ਸ਼ਰਮਾ ਨੇ ਕਿਹਾ ਕਿ ਇਹ ਜਾਗਰੂਕਤਾ ਸਾਈਕਲ ਰੈਲੀ ਲੋਕਤੰਤਰ ਦੇ ਮਹਾਨ ਤਿਉਹਾਰ ਵਿੱਚ ਹਰ ਇੱਕ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕੱਢੀ ਗਈ ਹੈ। ਇਸ ਮੌਕੇ ਅਧਿਆਪਕ ਸੋਹਨ ਸਿੰਘ ਚਾਹਲ ਨੇ ਕਿਹਾ ਸਵੀਪ ਪ੍ਰੋਗਰਾਮ ਤਹਿਤ ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਆਪਣੀ ਵੋਟ ਦੇ ਮਹੱਤਵ ਬਾਰੇ ਜਾਣਕਾਰੀ ਦੇਣਾ ਹੈ। ਇਸ ਲਈ ਉਹ ਸੁਤੰਤਰ, ਨਿਰਪੱਖ ਅਤੇ ਨਿੱਡਰਤਾ ਰਹਿਤ ਬਿਨਾਂ ਕਿਸੇ ਧਰਮ, ਵਰਗ, ਜਾਤੀ, ਭਾਈਚਾਰੇ, ਭਾਸ਼ਾ ਜਾਂ ਕਿਸੇ ਵੀ ਲਾਲਚ ਦੇ ਪ੍ਰਭਾਵ ਤੋਂ ਬਿਨਾਂ ਚੋਣਾਂ ਵਿੱਚ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ।

# ਜੀ ਏ ਡੀ ਸੀਨੀਅਰ ਸੈਕੰਡਰੀ ਸਕੂਲ ਦਾ ਅੱਠਵੀਂ ਕਲਾਸ ਦਾ ਨਤੀਜਾ ਸ਼ਾਨਦਾਰ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ 2024 ਅੱਠਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ। ਇਸ ਨਤੀਜੇ ਤਹਿਤ ਜੀ ਏ ਡੀ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਸਕੂਲ ਮੁਖੀ ਪ੍ਰਿੰਸੀਪਲ ਸਤਨਾਮ ਸਿੰਘ ਖਨੂਰ ਨੇ ਦੱਸਿਆ ਕਿ ਅੱਠਵੀਂ ਕਲਾਸ ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਉਨ੍ਹਾਂ ਵਿਦਿਆਰਥੀਆਂ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਇਸ ਦੀ ਵਧਾਈ ਦਿੰਦਿਆਂ ਕਿਹਾ ਕਿ ਇਸ ਵਧੀਆ ਨਤੀਜੇ ਦਾ ਸਿਹਰਾ ਸਕੂਲ ਸਟਾਫ ਦੀ ਸਖਤ ਮਿਹਨਤ ਅਤੇ ਬੱਚਿਆਂ ਵਲੋਂ ਮਨ ਲਗਾ ਕੇ ਕੀਤੀ ਪੜ੍ਹਾਈ ਦੀ ਬਦੌਲਤ ਹੀ ਹੈ। ਇੰਦਰਪ੍ਰੀਤ ਕੌਰ ਨੇ 600 ਅੰਕਾਂ ਵਿੱਚੋਂ 594 ਅੰਕ ਪ੍ਰਾਪਤ ਕਰਕੇ ਪੰਜਾਬ ਵਿੱਚੋਂ ਦੂਜਾ ਅਤੇ ਜ਼ਿਲ੍ਹੇ ਤੋਂ ਛੇਵਾਂ ਸਥਾਨ ਪ੍ਰਾਪਤ ਕੀਤਾ। ਮੇਹਰਪ੍ਰੀਤ ਕੌਰ ਨੇ 587 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਸਿਮਰਨ ਨੇ 582 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸਤਨਾਮ ਸਿੰਘ ਖਨੂਰ ਨੇ ਦੱਸਿਆ ਕਿ ਅੱਠਵੀਂ ਕਲਾਸ ਵਿੱਚ ਕੁਲ 89 ਵਿਦਿਆਰਥੀਆਂ ਨੇ ਪੇਪਰ ਦਿੱਤੇ ਸਨ। 20 ਵਿਦਿਆਰਥੀ 90% ਨੰਬਰ ਲੈਣ ਕੇ ਚੰਗੇ ਅੰਕ ਲੈ ਕੇ ਪਾਸ ਹੋਏ। ਇਸ ਮੌਕੇ ਪ੍ਰਿੰਸੀਪਲ ਸਤਨਾਮ ਸਿੰਘ ਅਤੇ ਸਮੂਹ ਅਧਿਆਪਕਾ ਵੱਲੋਂ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

# ਡਾਕਟਰ ਅੰਬੇਡਕਰ ਦਾ ਨਾਂਅ ਹਮੇਸ਼ਾ ਧਰੂਵ ਤਾਰੇ ਦੀ ਤਰ੍ਹਾਂ ਚਮਕਦਾ ਰਹੇਗਾ : ਖੋਸਲਾ



**ਕਾਲਾ ਸੰਘਿਆਂ (ਮਨਜੀਤ ਮਾਨ)**- ਵਿਧਾਨ ਸਭਾ ਹਲਕਾ ਕਰਤਾਰਪੁਰ ਵਿਖੇ ਭਗਵਾਨ ਵਾਲਮੀਕਿ ਸਤਿਕਾਰ ਕਮੇਟੀ (ਭਾਰਤ) ਵੱਲੋਂ ਯੁੱਗਪੁਰਸ਼, ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਕ੍ਰਾਂਤੀਕਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਭਗਵਾਨ ਵਾਲਮੀਕਿ ਸਤਿਕਾਰ ਕਮੇਟੀ (ਭਾਰਤ) ਦੇ ਰਾਸ਼ਟਰੀ ਪ੍ਰਧਾਨ ਗੁਰਮੁਖ ਸਿੰਘ ਖੋਸਲਾ ਨੇ ਬਾਬਾ ਸਾਹਿਬ ਦੀ ਜੀਵਨੀ 'ਤੇ ਚਾਨਣਾ ਪਾਇਆ। ਸਮਾਗਮ ਵਿਚ ਬਾਲ ਯੋਗੀ ਬਾਬਾ ਪ੍ਰਗਟ ਨਾਥ ਰਹੀਮਪੁਰ ਵਾਲੇ, ਬਾਬਾ ਨਿਰਮਲ ਦਾਸ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ: ਪੰਜਾਬ, ਬਾਬਾ ਜਗੀਰ ਸਿੰਘ ਸਿੰਘ ਮੁੱਖ ਸੰਚਾਲਕ ਸਰਬੱਤ ਦਾ ਭਲਾ ਟ੍ਰਸਟ ਨੰਦਾਚੌਰ ਹੁਸ਼ਿਆਰਪੁਰ, ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ (ਭਾਰਤ), ਜਥੇਦਾਰ ਬਲਵੀਰ ਸਿੰਘ ਚੀਮਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਅਤੇ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਅਤੇ ਬਾਲ ਯੋਗੀ ਸੰਗਤ ਨਾਥ ਨੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਸੁਸ਼ੀਲ ਰਿੰਕੂ ਸਾਬਕਾ ਲੋਕ ਸਭਾ ਮੈਂਬਰ ਜਲੰਧਰ, ਚੰਦਨ ਗਰੇਵਾਲ ਚੇਅਰਮੈਨ ਨਗਰ ਨਿਗਮ ਕਮਿਸ਼ਨ ਪੰਜਾਬ ਅਤੇ ਰਜਿੰਦਰ ਸਿੰਘ ਸੇਵਾ ਮੁਕਤ ਐਸ ਐਸ ਪੀ ਜਲੰਧਰ, ਤਰਸੇਮ ਦੀਵਾਨਾ ਚੇਅਰਮੈਨ ਬੇਗਮਪੁਰਾ ਟਾਈਗਰ ਫੋਰਸ ਪੰਜਾਬ ਨੇ ਵੀ ਜੋ ਬਾਬਾ ਸਾਹਿਬ ਨੇ ਸਮੁੱਚੀ ਮਾਨਵਤਾ ਦੇ ਭਲੇ ਲਈ ਕੰਮ ਕੀਤੇ ਉਸ ਦੀ ਸੰਖੇਪ ਰੂਪ ਵਿਚ ਜਾਣਕਾਰੀ ਦਿੱਤੀ। ਆਲ ਇੰਡੀਆ ਐਸ ਸੀ ਐਸ.ਟੀ ਰੇਲਵੇ ਇੰਪਲਾਇਜ਼ ਐਸੋਸੀਏਸ਼ਨ ਸਾਥੀ ਨਰੇਸ਼ ਹੰਸ, ਰਜੇਸ਼ ਕੁਮਾਰ ਥਾਪਰ ਅਤੇ ਕਮਲ ਨਕੋਦਰ ਨੂੰ ਵੀ ਭਗਵਾਨ ਵਾਲਮੀਕਿ ਸਤਿਕਾਰ ਕਮੇਟੀ (ਭਾਰਤ) ਵੱਲੋਂ ਸਨਮਾਨਤ ਕੀਤਾ ਗਿਆ।

# ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ 'ਬੈਸਟ ਆਊਟ ਆਫ ਵੇਸਟ' 'ਤੇ ਮੁਕਾਬਲੇ




**ਕਰਤਾਰਪੁਰ (ਹਰਮੇਸ਼ ਦੱਤ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚਲਾਈ ਜਾ ਰਹੀ ਸੰਸਥਾ ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਜੀ ਦੀ ਯੋਗ ਅਗਵਾਈ ਹੇਠ 30-04-2024 ਨੂੰ ਈਕੋ ਕੱਲਬ ਦੁਆਰਾ ਸਾਇੰਸ ਵਿਭਾਗ ਦੇ ਸਹਿਯੋਗ ਨਾਲ ਵਾਤਾਵਰਣ ਸਿੱਖਿਆ ਪ੍ਰੋਗਰਾਮ ਦੇ ਤਹਿਤ ਬੈਸਟ ਆਊਟ ਆਫ ਵੇਸਟ ਉੱਪਰ ਇਕ ਪ੍ਰਤਿਯੋਗਿਤਾ ਕਰਵਾਈ ਗਈ। ਇਹ ਪ੍ਰੋਗਰਾਮ ਮਨਿਸਟਰੀ ਆਫ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ, ਸਰਕਾਰ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਆਯੋਜਿਤ ਕੀਤਾ ਗਿਆ ਸੀ। ਇਹਨਾਂ ਮੁਕਾਬਲਿਆਂ ਵਿਚ ਚੰਦਨ ਨੇ ਪਹਿਲਾ, ਗੁਰਸੇਵਕ ਸਿੰਘ ਤੇ ਸੋਨਮ ਨੇ ਦੂਜਾ ਅਤੇ ਸਾਹਿਲ ਤੇ ਬ੍ਰਿਜੇਸ਼ ਨੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੁਆਰਾ ਵਿਦਿਆਰਥੀਆਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਅਤੇ ਪੁਰਾਣੀਆਂ ਵਸਤੂਆਂ ਦੀ ਪੁਨਰ ਸਿਰਜਨਾ ਕਰਨ ਲਈ ਕਰਵਾਈ ਗਈ ਪ੍ਰਤਿਯੋਗਿਤਾ ਲਈ ਈਕੋ ਕੱਲਬ ਅਤੇ ਸਾਇੰਸ ਵਿਭਾਗ ਦੀ ਸ਼ਲਾਘਾ ਕੀਤੀ।

# ਮਾਇਕ੍ਰੋਗਲੋਬਲ ਇੰਮੀਗ੍ਰੇਸ਼ਨ ਸਰਵਿਸਿਜ਼ ਫਰਮ ਦਾ ਲਾਇਸੰਸ ਰੱਦ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)**- ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (1) (ਈ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵਿਰਾਜ ਸ਼ਿਆਮਕਰਨ ਤਿੜਕੇ ਵੱਲੋਂ ਮਾਇਕ੍ਰੋਗਲੋਬਲ ਇੰਮੀਗ੍ਰੇਸ਼ਨ ਸਰਵਿਸਿਜ਼ ਫਰਮ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।ਤਹਿਸੀਲਦਾਰ, ਮੋਹਾਲੀ ਦੀ ਤਮੀਲੀ ਰਿਪੋਰਟ ਅਨੁਸਾਰ ਮਾਇਕ੍ਰੋਗਲੋਬਲ ਇੰਮੀਗ੍ਰੇਸ਼ਨ ਸਰਵਿਸਿਜ਼ ਦਾ ਦਫਤਰ ਬੰਦ ਹੋ ਚੁੱਕਾ ਹੈ। ਲਾਇਸੰਸੀ ਨਿਸਚਿਤ ਪੇਸ਼ੀ ਮਿਤੀ ਨੂੰ ਹਾਜ਼ਰ ਨਹੀਂ ਆਏ। ਜਿਸ ਸਬੰਧੀ ਪੱਤਰ ਮਿਤੀ 30-10-2023 ਰਾਹੀਂ ਲਾਇਸੰਸੀ ਦੇ ਰਿਹਾਇਸ਼ੀ ਪਤੇ ਅਤੇ ਈਮੇਲ ਰਾਹੀਂ ਨੋਟਿਸ ਭੇਜਦੇ ਹੋਏ ਆਪਣਾ ਸਪਸ਼ਟੀਕਰਨ /ਪੁਖਤਾ ਦਸਤਾਵੇਜ਼ ਪੇਸ਼ ਕਰਨ ਲਈ ਮੁੜ ਲਿਖਿਆ ਗਿਆ ਸੀ। ਪ੍ਰੰਤੂ ਕਾਫੀ ਸਮਾਂ ਬੀਤ ਜਾਣ 'ਤੇ ਬਾਵਜੂਦ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।ਸੀਨੀਅਰ ਕਪਤਾਨ ਪੁਲਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਰਿਪੋਰਟ ਦੇ ਅਧਾਰ 'ਤੇ ਲਾਇਸੰਸੀ ਵੱਲੋਂ ਨੋਟਿਸ ਦਾ ਜਵਾਬ ਨਾ ਭੇਜਣ ਕਰਕੇ ਅਤੇ ਲਾਇਸੰਸ ਦੀਆਂ ਧਾਰਾਵਾਂ ਦੀ ਪਾਲਣਾ ਨਾ ਕਰਨ ਕਰਕੇ ਫਰਮ ਅਤੇ ਲਾਇਸੰਸੀ ਵੱਲੋਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ ਦੇ ਉਪਬੰਧਾਂ ਅਧੀਨ ਉਲੰਘਣਾ ਕੀਤੀ ਜਾਣੀ ਪਾਈ ਗਈ ਹੈ।ਇਸ ਤੋਂ ਇਲਾਵਾ ਐਕਟ/ਰੂਲਜ਼ ਮੁਤਾਬਕ ਜੇਕਰ ਭਵਿੱਖ ਵਿੱਚ ਉਕਤ ਕੰਪਨੀ/ਫਰਮ/ਪਾਰਟਨਰਸ਼ਿਪ ਜਾਂ ਇਸ ਦੇ ਲਾਇਸੰਸੀ/ਡਾਇਰੈਕਟਰਜ਼/ਫਰਮ ਦੀ ਪਾਰਟਨਰ ਦੇ ਖਿਲਾਫ ਕੋਈ ਵੀ ਸ਼ਿਕਾਇਤ ਆਦਿ ਪ੍ਰਾਪਤ ਹੁੰਦੀ ਹੈ ਤਾਂ ਉਸ ਲਈ ਉਕਤ ਕੰਪਨੀ/ਡਾਇਰੈਕਟਰ/ਪਾਰਟਨਰ ਹਰ ਪੱਖੋਂ ਜ਼ਿੰਮੇਵਾਰ ਹੋਣਗੇ ਅਤੇ ਇਸ ਦੀ ਭਰਪਾਈ ਕਰਨ ਲਈ ਵੀ ਜ਼ਿੰਮੇਵਾਰ ਹੋਣਗੇ।

# ਭੇਡਾਂ ਚੋਰੀ ਕਰਨ ਦੇ ਦੋਸ਼ ਹੇਠ ਅੱਧੀ ਦਰਜ ਖਿਲਾਫ਼ ਮਾਮਲਾ

**ਨਵਾਂਸ਼ਹਿਰ, (ਮਨੋਜ ਲਾਡੀ)**- ਸ਼ੁੱਕਰਵਾਰ ਭੇਡਾਂ ਚੋਰੀ ਕਰਨ ਦੇ ਦੋਸ਼ ਹੇਠ ਪੁਲਸ ਨੇ ਅਣਪਛਾਤੇ ਵਿਅਕਤੀਆਂ ਸਮੇਤ ਅੱਧੀ ਦਰਜਨ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮੇਜਰ ਰਾਮ ਪੁੱਤਰ ਰਾਮ ਕਰਨ ਵਾਸੀ ਸਲੇਮਪੁਰ ਥਾਣਾ ਬਨੂੜ ਜ਼ਿਲ੍ਹਾ ਪਟਿਆਲਾ ਨੇ ਦੱਸਿਆ ਕਿ ਉਹ ਭੇਡਾਂ ਚਾਰਨ ਦਾ ਕੰਮ ਕਰਦਾ ਹੈ। ਉਹ ਇਕ ਹੋਰ ਦੋਸਤ ਰਿੰਕੂ ਨਾਲ ਆਪਣੇ ਪਿੰਡ ਸਲੇਮਪੁਰ ਤੋਂ ਆਪਣੀਆਂ 100 ਭੇਡਾਂ ਚਾਰਨ ਗਿਆ ਸੀ।ਬੀਤੇ ਦਿਨ ਉਹ ਰਾਤ ਸਮੇਂ ਆਪਣੀਆਂ ਭੇਡਾਂ ਲੈ ਕੇ ਪਿੰਡ ਨੂਰਪੁਰ ਪਹੁੰਚਿਆ, ਜਿੱਥੇ ਉਹ ਆਪਣੀਆਂ ਭੇਡਾਂ ਨੂੰ ਖਾਲੀ ਪਲਾਟ ਵਿੱਚ ਛੱਡ ਕੇ ਆਰਾਮ ਕਰਨ ਲੱਗਾ। ਉਸ ਨੇ ਦੱਸਿਆ ਕਿ ਰਾਤ 12.30 ਵਜੇ ਦੇ ਕਰੀਬ 5-6 ਵਿਅਕਤੀਆਂ ਨੇ ਉਸ 'ਤੇ ਪੱਥਰਬਾਜ਼ੀ ਸ਼ੁਰੂ ਕਰ ਦਿੱਤੀ ਜਿਸ ਕਾਰਨ ਉਹ ਡਰਦਾ ਉਥੋਂ ਪਿੰਡ ਨੂਰਪੁਰ ਵੱਲ ਭੱਜ ਗਿਆ। ਕਰੀਬ ਅੱਧੇ ਘੰਟੇ ਬਾਅਦ ਜਦੋਂ ਉਹ ਵਾਪਸ ਆਇਆ ਅਤੇ ਆਪਣੀਆਂ ਭੇਡਾਂ ਦੀ ਗਿਣਤੀ ਕੀਤੀ ਤਾਂ ਦੇਖਿਆ ਕਿ 6 ਭੇਡਾਂ ਗਾਇਬ ਸਨ। ਉਸ ਨੇ ਦੱਸਿਆ ਕਿ ਉਸ ਦੀਆਂ ਭੇਡਾਂ 'ਤੇ ਉਸ ਦੇ ਨਿਸ਼ਾਨ ਸਨ।ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਉਸ ਦੀ ਇਕ ਭੇਡ ਅਤੇ ਇਕ ਭੇਡੂ ਹਰਦੀਪ ਲਾਲ ਉਰਫ ਮੋਹਣੀ ਵਾਸੀ ਪਿੰਡ ਅਜਨੋਹਾ, ਥਾਣਾ ਮੇਹਟੀਆਣਾ, ਜ਼ਿਲਾ ਹੁਸ਼ਿਆਰਪੁਰ ਦੀ ਚਾਰਦੀਵਾਰੀ ਵਿਚ ਖੜ੍ਹੀ ਹੈ। ਹਰਦੀਪ ਸਿੰਘ ਨੇ ਗਿਆਨ ਸਿੰਘ ਅਤੇ 4 ਹੋਰ ਅਣਪਛਾਤੇ ਵਿਅਕਤੀਆਂ ਨਾਲ ਮਿਲ ਕੇ ਅਣਪਛਾਤੇ ਭੇਡਾਂ ਚੋਰੀ ਕਰ ਲਈਆਂ। ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਉਸ ਨੇ ਮੰਗ ਕੀਤੀ ਕਿ ਉਸ ਦੀਆਂ ਭੇਡਾਂ ਨੂੰ ਲੱਭ ਕੇ ਵਾਪਸ ਕੀਤਾ ਜਾਵੇ। ਉਕਤ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਬਹਿਰਾਮ ਦੀ ਪੁਲਸ ਨੇ ਹਰਦੀਪ ਸਿੰਘ ਅਤੇ ਗਿਆਨ ਸਿੰਘ ਅਤੇ 3- 4 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਗਰਲਜ਼ ਕਾਲਜੀਏਟ ਸਕੂਲ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ



**ਗੁਰਾਇਆ (ਬਿੰਦਰ ਸੁੰਮਨ)**-ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ਼ੀਏਟ ਸੀਨੀਅਰ ਸੈਕੰਡਰੀ ਸਕੂਲ ਬਾਬਾ ਸੰਗ ਢੇਸੀਆ ਵਿਖੇ ਸ਼ੈਸਨ 2023-2024 ਦਾ ਬਾਰ੍ਹਵੀ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਜਿਸ 'ਚ ਕਾਮਰਸ 'ਚ ਮੁਸਕਾਨ ਨੇ 481-500 ਲੈ ਕੇ ਪਹਿਲਾ, ਮੋਨਿਕਾ ਜੰਡੇ ਤੇ ਪਲਕ ਨੇ 478-500 ਦੂਜਾ ਅਤੇ ਗੀਤਿਕਾ ਨੇ475-500 ਲੈ ਕੇ ਤੀਸਰਾ ਸਥਾਨ ਹਾਸਲ ਕੀਤਾ। ਮੈਡੀਕਲ ਕਲਾਸ ਦੀ ਸਮਨਦਪੀ ਕੌਰ ਨੇ 469-500 ਲੈ ਕੇ ਪਹਿਲਾ, ਤਰਨਪ੍ਰੀਤ ਕੌਰ ਨੇ 460-500 ਦੂਜਾ ਅਤੇ ਵੀਨਸ ਨੇ 456-500 ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਮੈਡੀਕਲ 'ਚ ਰਾਜਵੀਰ ਕੌਰ ਨੇ 452-500 ਪੈ ਕੇ ਪਹਿਲਾ, ਦਿਲਪ੍ਰੀਤ ਕੌਰ ਨੇ 450-500 ਲੈ ਕੇ ਦੂਸਰਾ ਅਤੇ ਪਲਕ ਨੇ 441-500 ਲੈ ਕੇ ਤੀਸਰਾ ਸਥਨ ਹਾਸਲ ਕੀਤਾ। ਇਸ ਦੇ ਆਰਟਸ ਗੀਤਿਕਾ ਨੇ 458-500 ਲੈ ਕੇ ਪਹਿਲਾ, ਸਮਰਦੀਪ ਕੌਰ ਨੇ 448 -500 ਲੈ ਕੇ ਦੂਸਰਾ ਅਤੇ ਸਿਮਰਨ ਨੇ 446-500 ਲੈ ਕੇ ਤੀਸਰਾ ਸਥਾਨ ਹਾਸਲ ਕੀਤਾ।



ਵਿਸ਼ਨਸਰ ਤੇ ਕਿਸ਼ਨਸਰ ਝੀਲਾਂ ਦਾ ਖ਼ੂਬਸੂਰਤ ਦ੍ਰਿਸ਼
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

ਡਰੀਂ ਨਾ ਨ੍ਹੇਰ ਤੋਂ ਰੱਖੀਂ ਜ਼ਰਾ
ਸੰਭਾਲ ਕੇ ਖ਼ੁਦ ਨੂੰ,
ਮੈਂ ਤੇਰੇ ਸ਼ਹਿਰ ਨੂੰ ਰੁਸ਼ਨਾ
ਦਿਆਂਗਾ ਬਾਲ ਕੇ ਖ਼ੁਦ ਨੂੰ।
- ਅਜੈ ਤਨਵੀਰ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 5 ਮਈ 2024 | www.nawanzamana.in | ਕੀਮਤ 5.00 ਰੁਪਏ

ਜਨਮ ਦਿਨ 'ਤੇ ਵਿਸ਼ੇਸ਼

# ਕਾਰਲ ਮਾਰਕਸ : ਅਦਭੁੱਤ ਗਾਥਾ

## ਸੁਰਜਨ ਜ਼ੀਰਵੀ

'... ਮਾਰਕਸ ਇਕ ਮੁੱਖ ਇਤਿਹਾਸਕ ਵਰਤਾਰਾ ਸੀ। ਅਕਸਰ ਇਹ ਖ਼ਿਆਲ ਕੀਤਾ ਜਾਂਦਾ ਹੈ ਜੇ ਕੋਈ ਨਾ ਹੋਇਆ ਹੁੰਦਾ ਤਾਂ ਉਸ ਦਾ ਕਾਰਜ ਕਿਸੇ ਹੋਰ ਨੇ ਸਿਰੇ ਚੜ੍ਹਾ ਦੇਣਾ ਸੀ ਪਰ ਅਜਿਹਾ ਨਹੀਂ ਆਖਿਆ ਜਾ ਸਕਦਾ ਕਿ ਜੇ ਮਾਰਕਸ ਨਾ ਜੀਵਿਆ ਹੁੰਦਾ ਤਾਂ ਸੰਸਾਰ ਨੇ ਫਿਰ ਵੀ ਉਂਝ ਹੋਣਾ ਸੀ, ਜਿਵੇਂ ਉਹ ਹੁਣ ਹੈ।' ਇਹ ਸ਼ਬਦ ਕੈਨੇਡੀਅਨ ਮੂਲ ਦੇ ਉੱਘੇ ਅਮਰੀਕੀ ਐਕਾਨੋਮਿਸਟ ਤੇ ਸੋਚਵਾਨ ਜਾਹਨ ਕੈਨਥ ਗਾਲਬ੍ਰੇਥ ਦੇ ਹਨ। ਕਾਰਲ ਮਾਰਕਸ ਬਾਰੇ ਡੂੰਘੀ ਪ੍ਰਸੰਸਾ ਪ੍ਰਗਟਾਉਂਦੇ ਗਾਲਬ੍ਰੇਥ ਦੇ ਇਹਨਾਂ ਸ਼ਬਦਾਂ ਦਾ ਉਚੇਚਾ ਮੁੱਲ ਇਸ ਲਈ ਹੈ ਕਿ ਉਹ ਮਾਰਕਸੀ ਵਿਚਾਰਾਂ ਦਾ ਪੈਰੋਕਾਰ ਨਹੀਂ ਸੀ, ਪਰ ਆਪਣੇ ਵਿਸ਼ਾਲ ਅਧਿਐਨ ਦੇ ਆਧਾਰ ਉੱਤੇ ਉਹ ਐਨਾ ਜਾਣਦਾ ਸੀ ਐਕਨਾਮਿਕਸ ਸਮੇਤ ਗਿਆਨ ਦੇ ਵੱਖ-ਵੱਖ ਖੇਤਰਾਂ ਵਿਚ ਮਾਰਕਸ ਦੀ ਦੇਣ ਸੱਚਮੁੱਚ ਕਿੰਨੀ ਇਤਿਹਾਸਕ ਹੈ।

19ਵੀਂ ਸਦੀ ਦਾ ਮਹਾਨ ਚਿੰਤਕ ਕਾਰਲ ਮਾਰਕਸ ਇਕ ਮੌਲਿਕ ਤੇ ਕਲਪਨਾਸ਼ੀਲ ਐਕਾਨੋਮਿਸਟ, ਬੇਮਿਸਾਲ ਸਮਾਜ-ਵਿਗਿਆਨੀ ਤੇ ਨਵੀਂ ਸੇਧ ਦੇਣ ਵਾਲਾ ਦਾਰਸ਼ਨਿਕ ਸੀ। ਇਸ ਦੇ ਨਾਲ-ਨਾਲ, ਜਾਂ ਇੰਝ ਕਹਿ ਲਓ ਕਿ ਇਹਨਾਂ ਅਸਾਧਾਰਨ ਗੁਣਾਂ ਕਾਰਨ ਉਹ ਇਕ ਦ੍ਰਿੜ ਇਨਕਲਾਬੀ ਵੀ ਸੀ। ਕੀ ਮਨੁੱਖਤਾ ਲਈ ਮਾਰਕਸ ਦੀ ਦੇਣ ਦਾ ਮੁੱਲ ਇਸ ਲਈ ਘਟ ਜਾਂਦਾ ਹੈ ਕਿਉਂਕਿ ਸੋਵੀਅਤ ਯੂਨੀਅਨ ਨਹੀਂ ਰਿਹਾ ਤੇ ਸੋਸ਼ਲਿਸਟ ਕੈਂਪ ਖ਼ਤਮ ਹੋ ਗਿਆ ਹੈ ਜਾਂ ਮਾਰਕਸਵਾਦ ਦਾ ਜ਼ਿਕਰ ਹੁਣ ਘੱਟ ਹੀ ਹੁੰਦਾ ਹੈ ?

ਭਾਵੇਂ ਇਹ ਸਾਰੀਆਂ ਗੱਲਾਂ ਆਪਣੇ-ਆਪ ਵਿਚ ਦਰੁੱਸਤ ਹਨ, ਪਰ ਪਿਛਲੀ ਸਦੀ ਨੇ ਅਜਿਹੇ ਕਈ ਹੋਰ ਵੀ ਤਿੱਖੇ ਪਰਿਵਰਤਨ ਲਿਆਂਦੇ, ਜਿਨ੍ਹਾਂ ਦੇ ਕਾਰਨ ਸੰਸਾਰ ਦਾ ਮੁਹਾਂਦਰਾ ਉੱਕਾ ਹੀ ਬਦਲ ਚੁੱਕਾ ਹੈ। ਗ਼ੁਲਾਮ ਦੇਸ਼ ਆਜ਼ਾਦ ਹੋ ਚੁੱਕੇ ਹਨ, ਬਸਤੀਵਾਦ ਖ਼ਤਮ ਹੋ ਚੁੱਕਾ ਹੈ, ਨਸਲਵਾਦ ਤੇ ਭੇਦਭਾਵ ਉੱਤੇ ਆਧਾਰਤ ਵਿਵਸਥਾਵਾਂ ਹੁਣ ਨਹੀਂ ਰਹੀਆਂ ਤੇ ਅਮਰੀਕਾ ਜਿਹੀਆਂ ਜਿਨ੍ਹਾਂ ਤਾਕਤਾਂ ਨੂੰ ਸਾਮਰਾਜੀ ਸ਼ਕਤੀ ਬਣਨ ਦਾ ਝੱਲ ਮੁੜ ਤੋਂ ਉੱਠਦਾ ਹੈ, ਉਹਨਾਂ ਨੂੰ ਆਪਣੇ ਇਸ ਝੱਲ ਲਈ ਹਰ ਵਾਰ ਅਪਮਾਨਿਤ ਹੀ ਹੋਣਾ ਪੈਂਦਾ ਹੈ ਅਤੇ ਪਿਛਲੇ ਸਮੇਂ ਵਿਚ ਖਾਸ ਤੌਰ 'ਤੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਆਏ ਅਜਿਹੇ ਤਿੱਖੇ ਪਰਿਵਰਤਨ ਕਿਸੇ ਗੈਬੀ ਮਨਆਏ ਜਾਂ ਅਚਨਚੇਤ ਵਾਪਰਨ ਵਾਲੇ ਘਟਨਾ-ਚੱਕਰ ਦਾ ਸਿੱਟਾ ਨਹੀਂ ਸਨ, ਸਗੋਂ ਸਮੇਂ ਤੇ ਕਠਿਨ ਸੰਘਰਸ਼ਾਂ ਦਾ ਸਿੱਟਾ ਸਨ ਅਤੇ ਜੇ ਇਹਨਾਂ ਸੰਘਰਸ਼ਾਂ ਨੂੰ ਗਹੁ ਨਾਲ ਪੜ੍ਹਿਆ ਜਾਏ ਤਾਂ ਇਹ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਸ ਇਤਿਹਾਸਕ ਵਰਤਾਰੇ ਨਾਲ ਜਾ ਜੁੜਦੇ ਹਨ, ਜਿਸ ਦਾ ਢੁਕਵਾਂ ਉਨਵਾਨ ਗਾਲਬ੍ਰੇਥ ਦੀ ਨਜ਼ਰ ਵਿਚ 'ਮਾਰਕਸ' ਹੀ ਹੋ ਸਕਦਾ ਸੀ।

ਸਿਰਫ਼ ਐਨਾ ਹੀ ਨਹੀਂ ਕਿ ਇਹਨਾਂ ਸੰਘਰਸ਼ਾਂ ਦੇ ਬਹੁਤ ਸਾਰੇ ਆਗੂ ਮਾਰਕਸ ਦੇ ਵਿਚਾਰਾਂ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਸਨ ਸਗੋਂ ਜਿਹੜੀ ਪ੍ਰੇਰਨਾ ਤੇ ਸਮਰਥਨ ਅਜਿਹੇ ਸੰਘਰਸ਼ਾਂ ਨੂੰ ਨਵੇਂ ਉੱਭਰੇ ਸੋਵੀਅਤ ਯੂਨੀਅਨ ਤੇ ਉਸ ਦੇ ਮੋਢੀ ਲੈਨਿਨ ਤੋਂ ਹਾਸਲ ਹੋਈ, ਉਸ ਦੀ ਇਤਿਹਾਸਕ ਹਕੀਕਤ ਤੋਂ ਇਨਕਾਰ ਨਹੀਂ ਹੋ ਸਕਦਾ। ਜੇ ਬਹੁਤ ਸਾਰੇ ਨਵ-ਆਜ਼ਾਦ ਦੇਸ਼ ਪੱਛਮੀ ਤਾਕਤਾਂ ਦੇ ਦਬਾਅ ਅੱਗੇ ਡਟ ਸਕੇ ਅਤੇ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਸਕੇ ਤਾਂ ਇਹ ਵੀ ਇਸ ਹਕੀਕਤ ਦਾ ਸਦਕਾ ਸੀ ਕਿ ਸੋਵੀਅਤ ਯੂਨੀਅਨ ਉਹਨਾਂ ਦੀ ਪਿੱਠ ਉੱਤੇ ਸੀ। ਇਹ ਵੀ ਨਹੀਂ ਕਿ ਜਿਨ੍ਹਾਂ ਘਟਨਾਵਾਂ ਨੂੰ ਮਾਰਕਸ ਦੀ ਸੋਚ ਜਾਂ ਦ੍ਰਿਸ਼ਟੀ ਦੇ ਖੰਡਨ ਵਜੋਂ ਪੇਸ਼ ਕੀਤਾ ਜਾਂਦਾ ਹੈ, ਉਹ ਭਵਿੱਖ ਦੀਆਂ ਜਾਂ ਇਤਿਹਾਸ ਦੇ ਵਹਿਣ ਦੀਆਂ ਪੱਕੀਆਂ ਨਿਸ਼ਾਨੀਆਂ ਹਨ। ਜੇ ਅਜਿਹਾ ਹੁੰਦਾ ਤਾਂ ਲਾਤੀਨੀ ਦੇਸ਼ਾਂ ਵਿਚ ਖੱਬੇ ਪੱਖੀ ਮੋੜ ਕਦੇ ਨਾ ਆਇਆ ਹੁੰਦਾ ਅਤੇ ਉਹ ਵੀ ਉਸ ਹਾਲਤ ਵਿਚ ਜਦੋਂ ਇਹ ਦੇਸ਼ ਅਮਰੀਕਾ ਜਿਹੀ ਇਕੋ ਇਕ ਮਹਾਂਸ਼ਕਤੀ ਦੀ ਕ੍ਰੋਧਵਾਨ ਘੂਰੀ ਹੇਠ ਰਹਿ ਰਹੇ ਹਨ। ਤਾਂ ਵੀ ਸੋਵੀਅਤ ਯੂਨੀਅਨ ਦੇ ਖ਼ਾਤਮੇ ਤੋਂ ਇਹੋ ਸਾਬਤ ਹੁੰਦਾ ਹੈ ਕਿ ਪੂੰਜੀਵਾਦ ਇਕ ਅਜਿਹਾ ਪ੍ਰੀਪੂਰਨ ਪ੍ਰਬੰਧ ਹੈ ਜਿਸ ਵਿਚ ਕਿਸੇ ਬੁਨਿਆਦੀ ਪਰਿਵਰਤਨ ਦੀ ਲੋੜ ਨਹੀਂ।

ਇਹ ਵੀ ਛੋਟੀ ਗੱਲ ਨਹੀਂ ਕਿ ਸੰਸਾਰ ਦੇ ਕਿਸੇ ਮਹਾਂਦੀਪ ਵਿਚ ਅਜਿਹੀ ਕੋਈ ਥਾਂ ਨਹੀਂ, ਜਿੱਥੇ ਵਪਾਰ ਦੇ ਵੇਸ ਵਿਚ ਨਵਬਸਤੀਵਾਦ ਨੂੰ ਮੜ੍ਹਨ ਦੀਆਂ ਕੋਸ਼ਿਸ਼ਾਂ ਨੂੰ ਬਿਨਾਂ ਵੰਗਾਰੇ ਜਾਂ ਬਿਨਾਂ ਟਾਕਰੇ ਲੰਘਣ ਦਿੱਤਾ ਜਾ ਰਿਹਾ ਹੋਵੇ। ਹੋ ਸਕਦਾ ਹੈ ਇਹ ਸਾਰਾ ਕੁਝ ਪ੍ਰਦਰਸ਼ਿਤ ਤੌਰ 'ਤੇ ਮਾਰਕਸਵਾਦ ਦੇ ਝੰਡੇ ਹੇਠ ਨਾ ਹੋ ਰਿਹਾ ਹੋਵੇ, ਪਰ ਮਾਰਕਸਵਾਦ ਕੋਈ ਮੰਤਰ ਜਾਂ ਤਵੀਤ ਨਹੀਂ, ਇਹ ਇਕ ਚੇਤਨਾ ਹੈ।

ਦਰਅਸਲ ਜਿਹੜੀ ਗੱਲ ਮਾਰਕਸ ਨੂੰ 'ਇਤਿਹਾਸਕ ਵਰਤਾਰੇ' ਦਾ ਦਰਜਾ ਦਿੰਦੀ ਹੈ ਉਹ ਸੀ ਇਤਿਹਾਸਕ ਗਤੀ ਨੂੰ ਸਮਝਣ ਦੀ ਉਸ ਦੀ ਨਿਆਰੀ ਵਿਧੀ। ਇਸ ਵਿਧੀ ਦਾ ਮੁਢਲਾ ਸੰਕਲਪ ਤਾਂ ਉਸ ਨੇ ਜਰਮਨ ਫ਼ਿਲਾਸਫ਼ਰ ਹੀਗਲ ਤੋਂ ਲਿਆ ਸੀ ਪਰ ਇਸ ਨੂੰ ਇਕ ਵਿਆਪਕ ਵਿਚਾਰਧਾਰਕ ਵਜੋਂ ਸਰਅੰਜਾਮ ਦੇਣ ਦਾ ਕੰਮ ਨਿਰੋਲ ਉਸ ਦਾ ਆਪਣਾ ਸੀ। ਇਹ ਵਿਧੀ ਸੰਸਾਰ ਦੇ ਕੁਦਰਤੀ, ਇਤਿਹਾਸਕ ਤੇ ਵਿਚਾਰਧਾਰਕ ਪੱਖਾਂ ਨੂੰ ਇਕ ਅਜਿਹੀ ਗੁੰਦਵੀਂ ਪ੍ਰਕਿਰਿਆ ਵਜੋਂ ਦੇਖਦੀ ਹੈ, ਜਿਸ ਦਾ ਮੁਢਲਾ ਨੇਮ ਹੈ ਨਿਰੰਤਰ ਪਰਿਵਰਤਨ ਤੇ ਵਿਕਾਸ।

ਮਾਰਕਸ ਤੋਂ ਪਹਿਲਾਂ ਜੋ ਇਤਿਹਾਸਕਾਰ ਇਤਿਹਾਸ ਨੂੰ ਬਿਆਨ ਕਰਦੇ ਸਨ ਤਾਂ ਬਾਦਸ਼ਾਹਾਂ, ਸੂਰਮਿਆਂ ਤੇ ਯੋਧਿਆਂ ਦੇ ਕਾਰਨਾਮਿਆਂ ਦੀ ਕਹਾਣੀ ਵਜੋਂ ਪੇਸ਼ ਕਰਦੇ ਸਨ। ਸਮਾਜ ਵਿਗਿਆਨੀ ਸਮਾਜ ਨੂੰ ਚਿਤਰਦੇ ਸਨ ਤਾਂ ਧਰਮ ਤੇ ਸਦਾਚਾਰ ਦੇ ਚੌਖਟੇ ਵਿਚ ਹੀ ਚਿਤਰਦੇ ਸਨ, ਜੇ ਆਰਥਿਕ ਮਾਹਰ ਅਰਥਚਾਰੇ ਨੂੰ ਸਮਝਾਉਂਦੇ ਸਨ ਤਾਂ ਪ੍ਰਚੱਲਤ ਆਰਥਿਕ ਤਾਣੇ-ਬਾਣੇ ਦੇ ਪ੍ਰਸੰਗ ਵਿਚ ਹੀ ਸਮਝਾਉਂਦੇ ਸਨ ਅਤੇ ਜੇ ਫ਼ਿਲਾਸਫ਼ਰ ਸੰਸਾਰ ਦੀ ਵਿਆਖਿਆ ਕਰਦੇ ਸਨ, ਬਹੁਤੀ ਵਾਰ ਉਹ ਧਰਤੀ ਤੋਂ ਐਨੇ ਉਤਾਂਹ ਉੱਠ ਜਾਂਦੇ ਸਨ ਕਿ ਆਪਣੀਆਂ ਹੀ ਖ਼ਿਆਲ-ਉਡਾਰੀਆਂ ਵਿਚ ਗੁਆਚ ਕੇ ਰਹਿ ਜਾਂਦੇ ਸਨ।

ਮਾਰਕਸ ਪਹਿਲਾ ਸੋਚਵਾਨ ਸੀ, ਜਿਸ ਨੇ ਇਹਨਾਂ ਸਾਰੀਆਂ ਸੋਚ ਪ੍ਰਣਾਲੀਆਂ ਨੂੰ ਇਕੋ ਸੂਤਰ ਵਿਚ ਪਰੋ ਕੇ ਇਤਿਹਾਸ, ਸਮਾਜ ਤੇ ਅਰਥਚਾਰੇ ਦੀ ਇਕ ਅਜਿਹੀ ਜਿਉਂਦੀ-ਜਾਗਦੀ ਤਸਵੀਰ ਪੇਸ਼ ਕੀਤੀ ਜਿਸ ਵਿਚ ਪਛੇਤਰ ਤੇ ਅਗੇਤਰ ਦਿਸਹੱਦਿਆਂ ਤੋਂ ਪਰ੍ਹਾਂ ਤੱਕ ਤੱਕੇ ਜਾ ਸਕਦੇ ਹਨ ਤੇ ਜਿਸ ਵਿਚ ਮਨੁੱਖੀ ਸਮਾਜ ਦੇ ਵਿਕਾਸ ਨੂੰ ਅੱਗੇ ਲੈ ਜਾਣ ਵਾਲੀਆਂ ਸ਼ਕਤੀਆਂ ਪਛਾਣੀਆਂ ਜਾ ਸਕਦੀਆਂ ਸਨ। ਮਾਰਕਸ ਨੇ ਇਤਿਹਾਸਕ ਪਦਾਰਥਵਾਦ ਤੇ ਦਵੰਦਾਤਮਕ ਪਦਾਰਥਵਾਦ ਦੇ ਰੂਪ ਵਿਚ ਜਿਹੜੀ ਮੌਲਿਕ ਵਿਚਾਰਧਾਰਾ ਵਿਕਸਤ ਕੀਤੀ, ਉਸ ਦਾ ਇਕ ਨਿਵੇਕਲਾ ਪੱਖ ਇਹ ਹੈ ਕਿ ਕਾਰਜਸ਼ੀਲਤਾ ਉਸ ਦਾ ਇਕ ਬੁਨਿਆਦੀ ਅੰਗ ਹੈ ਤੇ ਇਸ ਕਾਰਜਸ਼ੀਲਤਾ ਦਾ ਰਣ ਖੇਤਰ ਹੈ ਸਾਂਝੀਵਾਲਤਾ। ਮਾਰਕਸ ਨੌਜਵਾਨ ਹੀ ਸੀ, ਜਦੋਂ ਉਸ ਨੇ ਕਿਹਾ ਸੀ ਕਿ ਫ਼ਿਲਾਸਫ਼ਰਾਂ ਨੇ ਸੰਸਾਰ ਦੀ ਕਿਸੇ ਇਸ ਜਾਂ ਉਸ ਢੰਗ ਨਾਲ ਵਿਆਖਿਆ ਹੀ ਕੀਤੀ ਹੈ, ਜਦੋਂ ਲੋੜ ਇਸ ਨੂੰ ਬਦਲਣ ਦੀ ਹੈ।


ਆਪਣੇ ਇਸ ਕਥਨ ਦੀ ਪਾਲਣਾ ਮਾਰਕਸ ਨੇ ਜਿੰਨੀ ਕਰੜਾਈ ਨਾਲ ਆਪ ਕੀਤੀ, ਉਹ ਉਸ ਦੀ ਜ਼ਿੰਦਗੀ ਦੀ ਇਕ ਅਦਭੁੱਤ ਗਾਥਾ ਹੈ। ਭਾਵੇਂ ਇਹ ਗਾਥਾ ਮੁਕੰਮਲ ਤਾਂ ਹੀ ਹੁੰਦੀ ਹੈ ਜੇ ਉਸ ਦੇ ਜੀਵਨ ਭਰ ਦੇ ਸਾਥੀ ਤੇ ਉਸ ਦੇ ਬਰਾਬਰ ਦੇ ਵਿਚਾਰਵਾਨ ਫ਼ਰੈਡਰਿਕ ਏਂਗਲਜ਼ ਦਾ ਜ਼ਿਕਰ ਵੀ ਨਾਲੋ-ਨਾਲ ਹੋਵੇ, ਪਰ ਇਸ ਗਾਥਾ ਦੇ ਵਿਸਥਾਰ ਨਿਰਸੰਦੇਹ ਮਾਰਕਸ ਦੇ ਆਪਣੇ ਹਨ, ਇਹਨਾਂ ਵਿਸਥਾਰਾਂ ਵਿਚ ਸ਼ਾਮਲ ਹੈ ਉਸ ਦੀ ਉਮਰ ਭਰ ਦੀ ਡੂੰਘੀ ਖੋਜ ਉੱਤੇ ਆਧਾਰਤ ਕਿਰਤ 'ਪੂੰਜੀ' ਅਤੇ ਅਜਿਹੀਆਂ ਆਤੁਰ ਕਰ ਦੇਣ ਵਾਲੀਆਂ ਥੁੜਾਂ ਜਿਹਨਾਂ ਨੂੰ ਉਸ ਨੇ, ਉਸ ਦੀ ਪਤਨੀ ਜੈਨੀ ਨੇ ਤੇ ਉਸ ਦੇ ਬੱਚਿਆਂ ਨੇ ਲੰਮਾ ਸਮਾਂ ਜੀਵਿਆ, ਪਰ ਜਿਹੜੀ ਉਸ ਦੇ ਹੱਠ ਨੂੰ ਨਾ ਡੁਲਾ ਸਕੀਆਂ।

ਜੇ ਮਾਰਕਸ ਲਈ ਇਹ ਲਿਖਿਆ ਗਿਆ ਤਾਂ ਠੀਕ ਹੀ ਲਿਖਿਆ ਗਿਆ ਕਿ ਉਸ ਦੇ ਲਈ ਇਤਿਹਾਸ ਅਧਿਐਨ ਦੇ ਵਿਸ਼ੇ ਨਾਲੋਂ ਇਕ ਅਜਿਹੀ ਹਕੀਕਤ ਵਧੇਰੇ ਸੀ, ਜਿਸ ਨੂੰ ਜਿਉਣਾ ਤੇ ਸਾਂਝਾ ਕਰਨਾ ਅਵੱਸ਼ਕ ਸੀ, ਪਰ ਮਾਰਕਸ ਨੂੰ ਇਹ ਗੁਮਾਨ ਹਰਗਿਜ਼ ਨਹੀਂ ਸੀ ਕਿ ਦੁਨੀਆ ਨੂੰ ਬਦਲਣ ਲਈ ਉਸ ਦੇ ਵਿਅਕਤੀਗਤ ਯਤਨ ਕਾਫ਼ੀ ਹਨ। ਉਸ ਦੀ ਅਸਲ ਦੇਣ ਇਸ ਗੱਲ ਵਿਚ ਵੀ ਹੈ ਕਿ ਉਸ ਨੇ ਸਮਾਜੀ ਵਿਕਾਸ ਤੇ ਪਰਿਵਰਤਨ ਪਿੱਛੇ ਕੰਮ ਕਰਦੀ ਅਸਲ ਚਾਲਕ ਸ਼ਕਤੀ ਦਾ ਪਤਾ ਲਾਇਆ। ਉਸ ਨੇ ਦੇਖਿਆ ਕਿ ਇਹ ਚਾਲਕ ਸ਼ਕਤੀ, ਕਿਸੇ ਵੀ ਸਮਾਜ ਵਿਚ ਵੱਖ-ਵੱਖ ਵਸਤਾਂ ਦੀ ਪੈਦਾਵਾਰ ਤੇ ਵੰਡ ਉੱਤੇ ਆਧਾਰਤ ਸਮਾਜੀ ਸ਼੍ਰੇਣੀਆਂ ਵਿਚਾਲੇ ਟਕਰਾਅ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ।

ਮਾਰਕਸ ਨੇ ਲਿਖਿਆ ਸੀ, 'ਮੌਜੂਦਾ ਸਮਾਜ ਦਾ ਹੁਣ ਤੱਕ ਦਾ ਇਤਿਹਾਸ ਸ਼੍ਰੇਣੀ ਸੰਘਰਸ਼ਾਂ ਦਾ ਇਤਿਹਾਸ ਹੈ। ਆਜ਼ਾਦ ਵਸਨੀਕ ਤੇ ਗ਼ੁਲਾਮ, ਕੁਲੀਨ ਤੇ ਕੰਮੀ, ਜਾਗੀਰਦਾਰ ਤੇ ਮੁਜ਼ਾਰੇ, ਗਿਲਡਮਾਸਟਰ ਤੇ ਜਰਨੀਮੈਨ, ਦੂਸਰੇ ਸ਼ਬਦਾਂ ਵਿਚ ਜਾਬਰ ਤੇ ਮਜਬੂਰ ਇਕ-ਦੂਸਰੇ ਦੇ ਨਿਰੰਤਰ ਟਾਕਰੇ ਵਿਚ ਡਟੇ ਹੋਏ ਤੇ ਕਦੇ ਲੁਕਵੇਂ ਤੇ ਕਦੇ ਖੁੱਲ੍ਹੇ ਨਿਰਵਿਘਨ ਸੰਘਰਸ਼ ਵਿਚ ਉਲਝੇ ਹੋਏ ਮਿਲਦੇ ਹਨ, ਇਸ ਲੜਾਈ ਦਾ ਸਿੱਟਾ ਹਰ ਵਾਰ ਪੂਰੇ ਦੇ ਪੂਰੇ ਸਮਾਜ ਦੇ ਕ੍ਰਾਂਤੀਕਾਰੀ ਪੁਨਰਨਿਰਮਾਣ ਵਿਚ ਜਾਂ ਦੋਹਾਂ ਵਿਰੋਧੀ ਸ਼੍ਰੇਣੀਆਂ ਦੀ ਆਪਸੀ ਤਬਾਹੀ ਵਿਚ ਨਿਕਲਦਾ ਰਿਹਾ ਹੈ।'

ਮਾਰਕਸ ਦਾ ਮੱਤ ਸੀ ਕਿ ਕਿਸੇ ਵੀ ਦੌਰ ਦੇ ਸਮਾਜ ਨੂੰ ਸਮਝਣ ਦੀ ਕੁੰਜੀ ਉਸ ਸਮੇਂ ਦੇ ਅਰਥਚਾਰੇ ਵਿਚ ਹੁੰਦੀ ਹੈ।

ਜੇ ਕਿਸੇ ਸਮਾਜ ਵਿਚਲਾ ਮੁੱਖ ਤਜ਼ਾਦ ਹੀ ਦਵੰਦ, ਗਤੀ ਤੇ ਪਰਿਵਰਤਨ ਦਾ ਕਾਰਨ ਬਣਦਾ ਤਾਂ ਪੂੰਜੀਵਾਦੀ ਸਮਾਜ ਵਿਚ ਵੀ ਅਜਿਹਾ ਤਜ਼ਾਦ ਮੌਜੂਦ ਹੈ। ਇਸ ਸਮਾਜ ਦਾ ਬੁਨਿਆਦੀ ਤਜ਼ਾਦ ਇਹ ਹੈ ਕਿ ਉਤਪਾਦਨ ਦੀਆਂ ਜਿਹੜੀਆਂ ਨਵੀਆਂ ਪੈਦਾਵਾਰੀ ਸ਼ਕਤੀਆਂ ਮਸ਼ੀਨਰੀ ਦੀ ਸ਼ਕਲ ਵਿਚ ਮਨੁੱਖਤਾ ਨੇ ਪੈਦਾ ਕਰ ਲਈਆਂ ਹਨ, ਉਹ ਪੈਦਾਵਾਰ ਦੇ ਖਾਸੇ ਨੂੰ ਵਧਦੇ ਰੂਪ ਵਿਚ ਸਮਾਜੀ ਤੇ ਸਹਿਕਾਰੀ ਬਣਾ ਰਹੀਆਂ ਹਨ, ਕਿਉਂਕਿ ਇਸ ਦੇ ਲਈ ਵੱਡੀ ਗਿਣਤੀ ਵਿਚ ਕਾਮਿਆਂ ਨੂੰ ਕਾਰਖ਼ਾਨਿਆਂ ਤੇ ਫ਼ੈਕਟਰੀਆਂ ਵਿਚ ਇਕੱਠਿਆਂ ਮਿਲ ਕੇ ਕੰਮ ਕਰਨਾ ਪੈਂਦਾ ਹੈ, ਜਦ ਕਿ ਪੈਦਾਵਾਰੀ ਸਾਧਨਾਂ ਦੀ ਮਾਲਕੀ ਨਿੱਜੀ ਹੈ। ਪੈਦਾਵਾਰ ਦੇ ਸਮੂਹਕ ਜਾਂ ਸਮਾਜੀ ਖਾਸੇ ਤੇ ਇਸ ਦੇ ਨਿੱਜੀ ਉਪਯੋਗ ਦੇ ਇਸ ਤਜ਼ਾਦ ਦੀ ਨੁਮਾਇੰਦਗੀ ਜਿਹੜੀਆਂ ਦੋ ਮੁੱਖ ਸ਼੍ਰੇਣੀਆਂ ਕਰਦੀਆਂ ਹਨ, ਉਹ ਹਨ ਮਜ਼ਦੂਰ ਤੇ ਸਰਮਾਏਦਾਰ। ਇਹਨਾਂ ਦੋਵਾਂ ਸ਼੍ਰੇਣੀਆਂ ਵਿਚਾਲੇ ਟਕਰਾਅ ਅਜਿਹੇ ਮਤ-ਵਿਰੋਧਾਂ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਜਿਹੜੇ ਕਦੇ ਇਕਸੁਰ ਨਹੀਂ ਹੋ ਸਕਦੇ।



ਇਸ ਤਜ਼ਾਦ ਵਿੱਚੋਂ ਮਾਰਕਸ ਨੇ ਇਹੀ ਨਤੀਜਾ ਕੱਢਿਆ ਸੀ ਕਿ ਪੂੰਜੀਵਾਦ ਵਿਚ ਪਰਿਵਰਤਨ ਲਿਆਉਣ ਦਾ ਇਨਕਲਾਬੀ ਕਰਤੱਵ ਮਜ਼ਦੂਰ ਸ਼੍ਰੇਣੀ ਨਿਭਾਏਗੀ, ਕਿਉਂਕਿ ਇਹ ਮਜ਼ਦੂਰਾਂ ਦੀ ਮਿਹਨਤ ਹੀ ਹੈ ਜਿਹੜੀ ਇਸ ਸਮਾਜ ਦੇ ਮੁੱਖ ਲਕਸ਼, ਮੁਨਾਫ਼ੇ ਦਾ ਸੋਮਾ ਹੈ। ਉਸ ਨੇ ਇਹ ਗੱਲ ਕਤਈ ਤੌਰ 'ਤੇ ਸਾਬਤ ਕੀਤੀ ਕਿ ਕਿਸੇ ਮਜ਼ਦੂਰ ਨੂੰ ਉਸ ਦੀ ਅੱਠ ਘੰਟੇ ਦੀ ਕੰਮ-ਦਿਹਾੜੀ ਲਈ ਜਿੰਨੀ ਉਜਰਤ ਦਿੱਤੀ ਜਾਂਦੀ ਹੈ, ਉਸ ਦੇ ਬਰਾਬਰ ਦੀ ਕਦਰ ਉਹ ਚਾਰ ਜਾਂ ਪੰਜ ਘੰਟਿਆਂ ਦੀ ਮਿਹਨਤ ਨਾਲ ਪੂਰੀ ਕਰ ਦਿੰਦਾ ਹੈ, ਬਾਕੀ ਦੋ ਜਾਂ ਤਿੰਨ ਘੰਟਿਆਂ ਦੀ ਵਾਧੂ ਮਿਹਨਤ ਨਾਲ ਉਹ ਜਿਹੜੀ ਕਦਰ ਪੈਦਾ ਕਰਦਾ ਹੈ, ਉਹ ਮੁਨਾਫ਼ੇ ਦੀ ਸ਼ਕਲ ਵਿਚ ਪੈਦਾਵਾਰੀ ਸਾਧਨਾਂ ਦੇ ਅਰਥਾਤ ਪੂੰਜੀਪਤੀ ਦੇ ਪੇਟੇ ਪੈ ਜਾਂਦੀ ਹੈ, ਮਾਰਕਸ ਨੇ ਮਿਹਨਤ-ਫ਼ਲ ਦੀ ਇਸ ਵੰਡ ਨੂੰ ਸਮਾਜੀ ਤੌਰ 'ਤੇ ਲੋੜੀਂਦੀ ਕਦਰ ਤੇ ਵਾਫ਼ਰ ਕਦਰ ਦਾ ਨਾਂਅ ਦਿੱਤਾ ਸੀ। ਕੀ ਪੂੰਜੀਵਾਦੀ ਸਮਾਜ ਦੀ ਕੋਈ ਅਜਿਹੀ ਨਿਪੁੰਨ ਸ਼ਕਲ ਵੀ ਹੋ ਸਕਦੀ ਹੈ ਜਿਸ ਵਿਚ ਮਿਹਨਤ ਦੀ ਲੁੱਟ ਨਾ ਰਹੇ, ਇਸ ਦੇ ਲਈ ਉਸ ਨੇ ਸਰਮਾਏਦਾਰੀ ਦਾ ਇੱਕ ਅਜਿਹਾ ਆਦਰਸ਼ਕ ਮਾਡਲ ਚਿਤਵਿਆ ਸੀ, ਜਿਸ ਵਿਚ ਨਾ ਅਜਾਰੇਦਾਰੀਆਂ ਹੋਣ, ਨਾ ਯੂਨੀਅਨਾਂ ਤੇ ਨਾ ਹੀ ਕਿਸੇ ਵਰਗ ਜਾਂ ਵਿਅਕਤੀ ਨੂੰ ਵਿਸ਼ੇਸ਼ ਰਿਆਇਤਾਂ ਹਾਸਲ ਹੋਣ। ਇਸ ਮਾਡਲ ਦੇ ਅੰਦਰ ਹਰ ਤਰ੍ਹਾਂ ਦੀਆਂ ਗਿਣਤੀਆਂ-ਮਿਣਤੀਆਂ ਕਰਨ ਪਿੱਛੋਂ ਮਾਰਕਸ ਨੇ ਇਹ ਨਤੀਜਾ ਕੱਢਿਆ ਸੀ ਕਿ ਮੁਨਾਫ਼ਿਆਂ ਦਾ ਸੋਮਾ ਹਰ ਹਾਲਤ ਵਿਚ ਮਿਹਨਤ ਹੀ ਰਹਿੰਦੀ ਹੈ।

***

ਸਰਮਾਏਦਾਰੀ ਪ੍ਰਬੰਧ ਹੇਠ ਵਸਤਾਂ ਦੀ ਪੈਦਾਵਾਰ ਦੇ ਸਮਾਜੀ ਖਾਸੇ ਤੇ ਇਸ ਉੱਤੇ ਨਿੱਜੀ ਕਬਜ਼ੇ ਵਿਚਲੇ ਤਜ਼ਾਦ ਵਿਚੋਂ ਕਈ ਹੋਰ ਵਿਕਾਰ ਪੈਦਾ ਹੁੰਦੇ ਹਨ, ਜਿਨ੍ਹਾਂ ਵੱਲ ਮਾਰਕਸ ਨੇ ਉਚੇਚਾ ਧਿਆਨ ਦੁਆਇਆ ਸੀ। ਅਜਿਹੇ ਵਿਕਾਰਾਂ ਵਿਚ ਸ਼ਾਮਲ ਹੈ ਮੰਦਵਾੜਿਆਂ ਤੇ ਸੰਕਟਾਂ ਦਾ ਚੱਕਰ ਜਿਹੜਾ ਇਸ ਪ੍ਰਬੰਧ ਨੂੰ ਥੋੜ੍ਹੇ-ਥੋੜ੍ਹੇ ਵਕਫ਼ੇ ਪਿੱਛੋਂ ਆ ਘੇਰਦਾ ਹੈ।

ਭਾਵੇਂ ਇਸ ਪ੍ਰਬੰਧ ਨੇ ਸੰਕਟ ਜਾਂ ਮੰਦਵਾੜੇ ਦੀ ਤੀਬਰਤਾ ਨੂੰ ਘਟਾਉਣ ਦੇ ਕੁਝ ਗੁਰ ਲੱਭ ਲਏ ਹਨ, ਪਰ ਉਹ ਮੰਦਵਾੜਿਆਂ ਦੇ ਤੇਈਏ ਤਾਪ ਤੋਂ ਉੱਕਾ ਹੀ ਮੁਕਤ ਨਹੀਂ ਹੋ ਸਕਿਆ ਅਤੇ ਇਹ ਮੰਦਵਾੜੇ ਜਦੋਂ ਆਉਂਦੇ ਹਨ, ਭਾਵੇਂ ਉਹ ਸਰਸਰੀ ਨੌਈਅਤ ਦੇ ਹੀ ਕਿਉਂ ਨਾ ਹੋਣ, ਕੰਮਾਂ ਤੇ ਕਾਰੋਬਾਰਾਂ ਨੂੰ ਬੁਰੀ ਤਰ੍ਹਾਂ ਲਿਤਾੜ ਜਾਂਦੇ ਹਨ। ਅਣਗਿਣਤ ਬਿਜ਼ਨੈਸ ਦੀਵਾਲੀਆ ਹੋ ਜਾਂਦੇ ਹਨ, ਉਮਰ ਭਰ ਦੀਆਂ ਕਮਾਈਆਂ ਡੁੱਬ ਜਾਂਦੀਆਂ ਹਨ ਤੇ ਫ਼ੈਕਟਰੀਆਂ ਨੂੰ ਜਿੰਦਰੇ ਲੱਗ ਜਾਂਦੇ ਹਨ, ਪਰ ਇਹਨਾਂ ਮੰਦਵਾੜਿਆਂ ਦਾ ਸਭ ਤੋਂ ਤਬਾਹਕੁੰਨ ਅਸਰ ਉਹਨਾਂ ਲੋਕਾਂ ਉਤੇ ਪੈਂਦਾ ਹੈ, ਜਿਨ੍ਹਾਂ ਲਈ ਮਿਹਨਤ ਤੋਂ ਇਲਾਵਾ ਗੁਜ਼ਾਰੇ ਦਾ ਹੋਰ ਕੋਈ ਵਸੀਲਾ ਨਹੀਂ ਹੁੰਦਾ। ਮਨੁੱਖੀ ਅਰਥਾਂ ਵਿਚ ਇਹ ਮੰਦਵਾੜੇ ਬਹੁਤ ਮਹਿੰਗਾ ਮੁੱਲ ਵਸੂਲ ਕਰਦੇ ਹਨ। ਅਣਗਿਣਤ ਪਰਵਾਰਕ ਜ਼ਿੰਦਗੀਆਂ ਨਸ਼ਟ ਹੋ ਜਾਂਦੀਆਂ ਹਨ। ਬੇਕਾਰੀ, ਮਾਨਸਿਕ ਉਲਾਰ, ਨਿਰਾਸ਼ਤਾ ਤੇ ਕਮੀਨਗੀ ਦੀ ਭਾਵਨਾ ਸਮੁੱਚੇ ਸਮਾਜ ਨੂੰ ਆ ਦਬੋਚਦੀ ਹੈ ਅਤੇ ਜਦੋਂ ਤੱਕ ਹਾਲਤ ਸੰਭਲਦੀ ਹੈ, ਸਮਾਜ ਦਾ ਇਕ ਪੂਰ ਦਾ ਪੂਰ ਇਹਨਾਂ ਮੰਦਵਾੜਿਆਂ ਦੀ ਨਜ਼ਰ ਹੋ ਚੁੱਕਾ ਹੁੰਦਾ ਹੈ।ਮੁਨਾਫ਼ਿਆਂ ਤੇ ਧਨ ਦੀ ਬੇਲਗਾਮ ਹਿਰਸ ਇਸ ਪ੍ਰਬੰਧ ਦਾ ਇਕ ਹੋਰ ਅਣਮਨੁੱਖੀ ਪੱਖ ਹੈ। ਹਿਰਸ ਦੀ ਇਸ ਖੇਡ ਵਿਚ ਕਿਸੇ ਫ਼ਰਾਡ, ਕਿਸੇ ਹੇਰਾਫੇਰੀ, ਕਿਸੇ ਧੋਖੇਬਾਜ਼ੀ ਨੂੰ ਅਣਉਚਿੱਤ ਨਹੀਂ ਸਮਝਿਆ ਜਾਂਦਾ ਅਤੇ ਕਿਸੇ ਸੱਭਯ ਨੇਮ ਜਾਂ ਜ਼ਮੀਰ ਨਾਂਅ ਦੀ ਕਿਸੇ ਚੀਜ਼ ਨੂੰ ਇਸ ਦੇ ਰਾਹ ਵਿਚ ਖੜ੍ਹੇ ਨਹੀਂ ਹੋਣ ਦਿੱਤਾ ਜਾਂਦਾ।

ਅਜਿਹੀ ਬੇਲਗਾਮ ਹਿਰਸ ਦਾ ਇਕ ਦ੍ਰਿਸ਼ ਪੱਛਮ ਦੇ ਲੋਕ ਦੇਖ ਚੁੱਕੇ ਹਨ, ਜਦੋਂ ਐਨਰੌਨ ਤੇ ਵਰਡਕਾਮ ਜਿਹੀਆਂ ਵਿਸ਼ਵ ਕਾਰਪੋਰੇਸ਼ਨਾਂ ਦੇ ਮਹਿਲ ਦੇਖਦਿਆਂ ਹੀ ਦੇਖਦਿਆਂ ਢੇਰੀ ਹੋ ਗਏ ਤੇ ਅਣਗਿਣਤ ਸਾਧਾਰਨ ਸ਼ੇਅਰ ਹੋਲਡਰਾਂ ਤੇ ਇਹਨਾਂ ਕਾਰਪੋਰੇਸ਼ਨਾਂ ਦੇ ਹਜ਼ਾਰਾਂ ਮੁਲਾਜ਼ਮਾਂ ਦੀ ਸ਼ੇਅਰਾਂ ਦੇ ਰੂਪ ਵਿਚ ਲੱਗੀ ਅਰਬਾਂ ਡਾਲਰ ਪੂੰਜੀ ਇਹਨਾਂ ਕਾਰਪੋਰੇਸ਼ਨਾਂ ਦੇ ਮਲਬੇ ਹੇਠ ਮਲਬਾ ਹੋ ਗਈ।

ਪਰ ਇਹਨਾਂ ਕਾਰਪੋਰੇਸ਼ਨਾਂ ਦੇ ਗਰਕਣ ਤੋਂ ਐਨ ਪਹਿਲਾਂ ਇਸ ਦੇ ਐਗਜ਼ੈਕਟਿਵ ਡਾਇਰੈਕਟਰਾਂ ਨੇ ਆਪੋ-ਆਪਣੀਆਂ ਸਟਾਕ ਆਪਸ਼ਨਜ਼ ਪੂਰੀ ਕੀਮਤ ਉੱਤੇ ਵੇਚ ਕੇ ਕਰੋੜਾਂ ਡਾਲਰ ਖਰੇ ਕਰ ਲਏ ਸਨ। ਇਹ ਇਕ ਮਹਾਂ ਫ਼ਰਾਡ ਤੋਂ ਬਾਅਦ ਇਕ ਹੋਰ ਨੀਚ ਫ਼ਰਾਡ ਸੀ।

ਮਹਾਂਫ਼ਰਾਡ ਦੇ ਇਸ ਨਾਟਕ ਨੇ ਪਹਿਲੀ ਵਾਰ ਕਾਰਪੋਰੇਟ ਸੰਸਾਰ ਦੀ ਅੰਦਰਲੀ ਤਸਵੀਰ ਨੂੰ ਸਾਹਮਣੇ ਲਿਆਂਦਾ, ਇਹ ਅੰਦਰਲੀ ਤਸਵੀਰ ਓਨੀ ਹੀ ਘਿਨਾਉਣੀ ਸੀ, ਜਿੰਨੀ ਇਹਨਾਂ ਦੀ ਬਾਹਰਲੀ ਤਸਵੀਰ ਰੰਗੀਨ ਤੇ ਖ਼ੁਸ਼ਨੁਮਾ ਨਜ਼ਰ ਆਉਂਦੀ ਸੀ। ਆਜ਼ਾਦ ਮੰਡੀ ਦੇ ਉਪਾਸ਼ਕ ਇਹ ਦੇਖ ਕੇ ਦੰਗ ਰਹਿ ਗਏ ਕਿ ਕਾਰਪੋਰੇਸ਼ਨਾਂ ਦੇ ਹਵਾ ਮਹਿਲ ਜਾਅਲੀ ਹਿਸਾਬ ਖਾਤਿਆਂ ਰਾਹੀਂ ਪੈਦਾ ਕੀਤਾ ਹੋਇਆ ਇਕ ਝਾਉਲਾ ਹੀ ਹਨ। ਕਾਰਪੋਰੇਟ ਸਕੈਂਡਲਾਂ ਦੇ ਸੰਬੰਧ ਵਿਚ ਜਿਨ੍ਹਾਂ ਦੋਸ਼ੀਆਂ ਵਿਰੁੱਧ ਮੁਕੱਦਮੇ ਚੱਲੇ ਜਾਂ ਚੱਲ ਰਹੇ ਹਨ, ਉਹਨਾਂ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਹ ਸਿਸਟਮ ਕਿਸ ਕਿਸਮ ਦੇ ਕੋਝੇ ਕਿਰਦਾਰ ਪੈਦਾ ਕਰ ਰਿਹਾ ਹੈ। ਆਪਣੇ ਉਜਲੇ, ਵਧੀਆ ਤੇ ਜਚਵੇਂ ਪਹਿਰਾਵਿਆਂ ਵਿਚ ਉਹ ਕਿੰਨੇ ਸਾਊ ਤੇ ਸੱਭਯ ਨਜ਼ਰ ਆਉਂਦੇ ਹਨ, ਪਰ ਅੰਦਰੋਂ ਕਿੰਨੇ ਖੋਖਲੇ ਤੇ ਨੀਚ ਹਨ।

ਮਾਰਕਸ ਦਾ ਪੱਕਾ ਯਕੀਨ ਸੀ ਕਿ ਗੰਭੀਰ ਵਿਰੋਧਤਾਈਆਂ ਦੇ ਸ਼ਿਕਾਰ ਪੂੰਜੀਵਾਦ ਨੇ ਖ਼ਤਮ ਹੋ ਕੇ ਰਹਿਣਾ ਹੈ ਤੇ ਇਸ ਦੀ ਮਨੁੱਖਤਾ ਇਕ ਅਜਿਹਾ ਸ਼੍ਰੇਣੀ ਰਹਿਤ ਸਮਾਜ ਸਿਰਜੇਗੀ, ਜਿਸ ਦਾ ਬੁਨਿਆਦੀ ਨੇਮ ਹੋਵੇਗਾ, 'ਹਰ ਇਕ ਤੋਂ ਉਸ ਦੀ ਸਮਰੱਥਾ ਅਨੁਸਾਰ ਤੇ ਹਰ ਇਕ ਨੂੰ ਉਸ ਦੀ ਲੋੜ ਅਨੁਸਾਰ।' ਸਮਾਜਵਾਦ ਨੂੰ ਉਹ ਸ਼੍ਰੇਣੀ ਰਹਿਤ ਸਮਾਜ ਦਾ ਪਹਿਲਾ ਪੜਾਅ ਖ਼ਿਆਲ ਕਰਦਾ ਸੀ।

***

ਮਾਰਕਸ ਦਾ ਜਨਮ ਮਈ 1818 ਨੂੰ ਜਰਮਨੀ ਦੇ ਕਸਬਾ ਟਰੀਅਰ ਵਿਚ ਹੋਇਆ।ਉਸ ਦੇ ਪਿਤਾ ਆਪਣੇ ਇਲਾਕੇ ਦੇ ਪਤਵੰਤੇ ਵਕੀਲ ਸਨ। ਉਹ ਚਾਹੁੰਦੇ ਸਨ ਕਿ ਉਹਨਾਂ ਦਾ ਪੁੱਤਰ ਵੀ ਵਕੀਲ ਬਣੇ, ਪਰ ਬੌਨ ਪਿੱਛੋਂ ਬਰਲਿਨ ਯੂਨੀਵਰਸਿਟੀ ਵਿਚ ਪੜ੍ਹਦਿਆਂ ਮਾਰਕਸ ਆਪਣੇ ਵੇਲੇ ਦੇ ਦਾਰਸ਼ਨਿਕ ਸੰਵਾਦਾਂ ਵਿਚ ਅਜਿਹਾ ਖੁੱਭਿਆ ਕਿ ਫ਼ਲਸਫ਼ੇ ਦਾ ਹੀ ਹੋ ਕੇ ਰਹਿ ਗਿਆ।

ਮਾਰਕਸ ਦੇ ਜੀਵਨ ਭਰ ਦੇ ਸਾਥੀ, ਦੋਸਤ ਤੇ ਹਮਦਮ ਸੀ ਫ਼ਰੈਡਰਿਕ ਏਂਗਲਜ਼, ਜਿਸ ਨੇ ਹਰ ਕਦਮ ਉਤੇ ਮਾਰਕਸ ਦਾ ਸਾਥ ਨਿਭਾਇਆ। ਇਹ ਸਾਥ ਉਸ ਨੇ ਨਾ ਸਿਰਫ਼ ਵਿਚਾਰਾਂ ਦੇ ਪੱਖੋਂ ਸਗੋਂ ਜਿਹਨੀਂ ਦਿਨੀਂ ਮਾਰਕਸ ਨੂੰ ਸਖ਼ਤ ਤੰਗਦਸਤੀ ਦੀ ਹਾਲਤ ਵਿੱਚੋਂ ਲੰਘਣਾ ਪਿਆ, ਉਸ ਨੂੰ ਮਾਲੀ ਸਹਾਇਤਾ ਪਹੁੰਚਾਉਣ ਦੇ ਪੱਖੋਂ ਵੀ ਉਸ ਦੀ ਮੌਤ ਪਿੱਛੋਂ ਉਸ ਦੀਆਂ ਅਣਛਪੀਆਂ ਲਿਖਤਾਂ ਦਾ ਸੰਪਾਦਨ ਕਰਨ ਤੇ ਉਹਨਾਂ ਨੂੰ ਪ੍ਰਕਾਸ਼ਤ ਕਰਵਾਉਣ ਦੇ ਪੱਖੋਂ ਵੀ।

> ਮਾਰਕਸ ਇਕ ਅਜਿਹਾ ਅਣਥੱਕ ਚਿੰਤਕ ਸੀ, ਜਿਸ ਦਾ ਸਰੀਰ ਗੱਠਿਆ ਹੋਇਆ ਤੇ ਜੁੱਸਾ ਨਰੋਆ ਸੀ। ਉਸ ਵਿਚ ਕਿਸੇ ਜਰਮਨ ਸਕਾਲਰ ਵਾਲੇ ਸਾਰੇ ਵਸਫ਼ ਮੌਜੂਦ ਸਨ। ਉਹ ਬੇਹੱਦ ਗੰਭੀਰਚਿੱਤ, ਬਾਰੀਕਬੀਨ ਤੇ ਖ਼ਬਤ ਦੀ ਹੱਦ ਤੱਕ ਪੂਰਨਤਾਵਾਦੀ ਸੀ। ਉਹ ਇਕ-ਇਕ ਤੱਥ ਨੂੰ ਅੰਤਲੀ ਹੱਦ ਤੱਕ ਘੋਖਦਾ, ਪਰਖਦਾ ਤੇ ਇਕ-ਇਕ ਘਟਨਾ ਦੀ ਪੁਣਛਾਣ ਕਰਨ ਲਈ ਕਿਸੇ ਤਰੱਦਦ ਨੂੰ ਬੇਲੋੜਾ ਨਹੀਂ ਸੀ ਸਮਝਦਾ।

ਇਹਨਾਂ ਦੋਹਾਂ ਮਹਾਨ ਚਿੰਤਕਾਂ ਵਿਚਾਲੇ ਸਹਿਯੋਗ 1844 ਵਿਚ ਪੈਰਿਸ ਤੋਂ ਸ਼ੁਰੂ ਹੋਇਆ, ਜਿੱਥੇ ਉਹ ਦੂਸਰੀ ਵਾਰ ਮਿਲੇ ਸਨ। ਪੈਰਿਸ ਵਿਚ ਮਾਰਕਸ ਦਾ ਉਸ ਸਮੇਂ ਦਾ ਸੰਖੇਪ ਪੜਾਅ ਉਸ ਦੀ ਘਾਲਣਾ ਭਰੀ ਜ਼ਿੰਦਗੀ ਦਾ ਮੁੱਢ ਸੀ। ਜਰਮਨ ਅਧਿਕਾਰੀਆਂ ਨੇ ਉਸ ਨੂੰ ਦੇਸ਼ਬਦਰ ਕਰ ਦਿੱਤਾ ਸੀ, ਕਿਉਂਕਿ ਉਹਨਾਂ ਲਈ ਉਸ ਦੇ ਉਹ ਸੰਪਾਦਕੀ ਬਰਦਾਸ਼ਤ ਕਰਨੇ ਔਖੇ ਹੋ ਗਏ ਸਨ, ਜਿਹੜੇ ਮਾਰਕਸ ਆਪਣੇ ਸੰਪਾਦਨ ਹੇਠ ਛਪਦੇ ਪਰਚੇ ਵਿਚ ਲਿਖਦਾ ਸੀ। ਪੈਰਿਸ ਵਿਚ ਉਸ ਨੇ ਇਕ ਹੋਰ ਪਰਚੇ ਦਾ ਸੰਪਾਦਨ ਸੰਭਾਲਿਆ, ਪਰ ਜਰਮਨ ਅਧਿਕਾਰੀਆਂ ਦੇ ਦਬਾਅ ਹੇਠ ਫ਼ਰਾਂਸ ਦੀ ਹਕੂਮਤ ਨੇ ਉਸ ਨੂੰ ਉਥੋਂ ਵੀ 24 ਘੰਟੇ ਦੇ ਅੰਦਰ-ਅੰਦਰ ਕੂਚ ਕਰ ਜਾਣ ਦਾ ਹੁਕਮ ਦੇ ਦਿੱਤਾ। ਮਾਰਕਸ ਤੇ ਉਸ ਦੇ ਪਰਵਾਰ ਨੂੰ ਆਪਣਾ ਡੇਰਾ ਬ੍ਰਸਲਜ਼ (ਬੈਲਜੀਅਮ) ਵਿਚ ਲਾਉਣਾ ਪਿਆ। ਬੈਲਜੀਅਮ ਵਿਚ ਉਸ ਨੇ ਜਿੰਨੇ ਕੁ ਸਾਲ ਗੁਜ਼ਾਰੇ, ਕੇਵਲ ਉਹੀ ਉਸ ਦੀ ਜ਼ਿੰਦਗੀ ਦੇ ਪੁਰਅਮਨ ਤੇ ਖ਼ੁਸ਼ੀ ਭਰੇ ਸਾਲ ਸਨ। ਉਥੇ ਹੀ ਉਸ ਨੇ ਏਂਗਲਜ਼ ਨਾਲ ਮਿਲ ਕੇ ਇਤਿਹਾਸ ਸਿਰਜਕ ਦਸਤਾਵੇਜ਼ 'ਕਮਿਊਨਿਸਟ ਮੈਨੀਫ਼ੈਸਟੋ' ਲਿਖਿਆ ਅਤੇ ਉਥੇ ਹੀ ਇਸ ਮੈਨੀਫ਼ੈਸਟੋ ਦੇ ਆਧਾਰ ਉਤੇ ਕਮਿਊਨਿਸਟ ਲੀਗ ਕਾਇਮ ਕੀਤੀ।

ਕਮਿਊਨਿਸਟ ਮੈਨੀਫ਼ੈਸਟੋ ਦੇ ਆਰੰਭਕ ਬੋਲ ਸਨ, ਇਕ ਪਰਛਾਈ ਨੇ ਯੂਰਪ ਦੀ ਨੀਂਦ ਹਰਾਮ ਕਰ ਰੱਖੀ ਹੈ, ਇਹ ਪਰਛਾਈ ਕਮਿਊਨਿਜ਼ਮ ਦੀ ਹੈ। ਪੁਰਾਣੇ ਯੂਰਪ ਦੀਆਂ ਸਾਰੀਆਂ ਤਾਕਤਾਂ ਪੋਪ ਤੇ ਜ਼ਾਰ, ਮੈਟਰਨਿਖ ਤੇ ਗਾਜ਼ੋ, ਫ਼ਰਾਂਸੀਸੀ ਰੈਡੀਕਲ ਤੇ ਜਰਮਨ ਜਾਸੂਸ ਇਸ ਪਰਛਾਈ ਨੂੰ ਟਾਲਣ ਲਈ ਪਵਿੱਤਰ ਗੱਠਜੋੜ ਕਰੀ ਬੈਠੇ ਹਨ।

ਇਹ ਮੈਨੀਫ਼ੈਸਟੋ ਇਹਨਾਂ ਵੰਗਾਰ ਭਰੇ ਬੋਲਾਂ ਨਾਲ ਸਮਾਪਤ ਹੁੰਦਾ ਸੀ, 'ਜੇ ਹਾਕਮ ਸ਼੍ਰੇਣੀਆਂ ਕਮਿਊਨਿਸਟ ਇਨਕਲਾਬ ਦੀ ਗੂੰਜ ਤੋਂ ਕੰਬਦੀਆਂ ਹਨ ਤਾਂ ਉਹਨਾਂ ਨੂੰ ਕੰਬਣ ਦਿਓ, ਮਜ਼ਦੂਰਾਂ ਕੋਲ ਗੁਆਉਣ ਲਈ ਆਪਣੀਆਂ ਜ਼ੰਜੀਰਾਂ ਤੋਂ ਇਲਾਵਾ ਹੋਰ ਕੁਝ ਨਹੀਂ। ਉਹਨਾਂ ਦੇ ਜਿੱਤਣ ਲਈ ਸਾਰੀ ਦੁਨੀਆ ਪਈ ਹੈ। ਦੁਨੀਆ ਭਰ ਦੇ ਮਜ਼ਦੂਰੋ ਇਕ ਹੋ ਜਾਓ।'

1848 ਦਾ ਸਾਲ ਸਾਰੇ ਯੂਰਪ ਵਿਚ ਇਕ ਤਰ੍ਹਾਂ ਦੇ ਇਨਕਲਾਬੀ ਉਭਾਰ ਦਾ ਸਾਲ ਸੀ। ਇਸੇ ਸਾਲ ਫ਼ਰਵਰੀ ਵਿਚ ਫ਼ਰਾਂਸ ਵਿਚ ਉਹ ਗ਼ਦਰ ਹੋਇਆ, ਜਿਸ ਵਿਚ ਮਜ਼ਦੂਰਾਂ ਤੋਂ ਇਲਾਵਾ ਬਿਜ਼ਨਸਮੈਨ ਤੇ ਛੋਟੇ ਉਦਮੀਂ ਵੀ ਸ਼ਾਮਲ ਸਨ ਤੇ ਜਿਸ ਨੂੰ ਫ਼ਰਾਂਸੀਸੀ ਇਨਕਲਾਬ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਹ ਇਨਕਲਾਬ ਕੰਮ ਦੇ ਅਧਿਕਾਰ ਦੇ ਨਾਅਰੇ ਨਾਲ ਸ਼ੁਰੂ ਹੋਇਆ ਸੀ। ਕੰਮ ਦੇ ਅਧਿਕਾਰ ਦਾ ਨਾਅਰਾ ਉਦੋਂ ਸੱਚਮੁੱਚ ਇਨਕਲਾਬੀ ਨਾਅਰਾ ਸੀ।

ਅਜਿਹੇ ਹੀ ਇਨਕਲਾਬੀ ਹਾਲਾਤ ਉਸ ਸਾਲ ਜਰਮਨੀ ਤੇ ਬੈਲਜੀਅਮ ਸਮੇਤ ਕਈ ਹੋਰ ਯੂਰਪੀ ਦੇਸ਼ਾਂ ਨੇ ਵੀ ਦੇਖੇ। 1848 ਦੇ ਵਾਕਿਆਤ ਤੋਂ ਬੈਲਜੀਅਮ ਦੇ ਅਧਿਕਾਰੀਆਂ ਨੂੰ ਘਬਰਾਹਟ ਹੋਣੀ ਸੀ ਤੇ ਇਹ ਵੀ ਆਵੱਸ਼ਕ ਸੀ ਇਸ ਘਬਰਾਹਟ ਦੀ ਸਜ਼ਾ ਮਾਰਕਸ ਨੂੰ ਭੁਗਤਣੀ ਪੈਂਦੀ, ਕਿਉਂਕਿ ਉਦੋਂ ਤੱਕ ਉਸ ਦਾ ਨਾਂਅ ਪੁਲਸ ਦੀਆਂ ਸੂਚੀਆਂ ਦੇ ਸਿਖ਼ਰ ਉੱਤੇ ਪੁੱਜ ਚੁੱਕਾ ਸੀ। ਸਿੱਟੇ ਵਜੋਂ ਬੈਲਜੀਅਮ ਹਕੂਮਤ ਨੇ ਵੀ ਮਾਰਕਸ ਤੋਂ ਖਹਿੜਾ ਛੁਡਾਉਣ ਵਿਚ ਹੀ ਭਲਾ ਸਮਝਿਆ।

ਮਾਰਕਸ ਦੇ ਅਗਲੇ ਟਿਕਾਣੇ ਲਈ ਯੂਰਪ ਵਿਚ ਇਕ ਹੀ ਦੇਸ਼ ਰਹਿ ਗਿਆ ਸੀ ਤੇ ਉਹ ਸੀ ਇੰਗਲੈਂਡ। ਉਸ ਨੇ 24 ਅਗਸਤ 1849 ਨੂੰ ਇਸ ਦੇਸ਼ ਦੇ ਤੱਟ ਉੱਤੇ ਕਦਮ ਰੱਖਿਆ ਅਤੇ ਅਗਲੇ 34 ਸਾਲ ਉਸ ਨੇ ਇਸ ਦੇਸ਼ ਵਿਚ ਹੀ ਬਿਤਾਏ। ਜਦੋਂ ਉਹ ਇੰਗਲੈਂਡ ਪੁੱਜਿਆ ਤਾਂ ਉਹ ਸਿਰਫ਼ 31 ਸਾਲ ਦਾ ਸੀ, ਪਰ ਇਸ ਜਵਾਨ ਉਮਰ ਵਿਚ ਹੀ ਉਹ ਜਿੰਨੇ ਸੰਘਣੇ ਵਾਕਿਆਤ ਵਿੱਚੋਂ ਲੰਘ ਚੁੱਕਾ ਸੀ ਤੇ ਜਿੰਨਾ ਵਿਆਪਕ ਅਨੁਭਵ ਹਾਸਲ ਕਰ ਚੁੱਕਾ ਸੀ, ਉਸ ਨੇ ਉਸ ਨੂੰ ਅਜਿਹਾ ਟੁੰਬਿਆ ਕਿ ਉਮਰ ਭਰ ਚੈਨ ਨਾਲ ਨਾ ਬੈਠਣ ਦਿੱਤਾ । ਜਦੋਂ ਉਹ ਇਨਕਲਾਬੀ ਮੁਹਾਜ਼ ਉੱਤੇ ਨਹੀਂ ਸੀ ਜੂਝ ਰਿਹਾ ਹੁੰਦਾ, ਉਹ ਇਤਿਹਾਸ ਤੇ ਫ਼ਲਸਫ਼ੇ ਦਾ ਮੰਥਨ ਕਰ ਰਿਹਾ ਹੁੰਦਾ ਸੀ।

ਕਮਿਊਨਿਸਟ ਮੈਨੀਫ਼ੈਸਟੋ ਵਿਚ ਨਵੇਂ ਸਮਾਜ ਦਾ ਜਿਹੋ ਜਿਹਾ ਨਕਸ਼ਾ ਉਸ ਨੇ ਤੇ ਏਂਗਲਜ਼ ਨੇ ਉਲੀਕਿਆ ਸੀ, ਉਸ ਦੇ ਲਈ ਸ਼ਕਤੀਸ਼ਾਲੀ ਇਨਕਲਾਬੀ ਲਹਿਰ ਉਸਾਰਨ ਦੇ ਮੰਤਵ ਨਾਲ ਉਸ ਨੇ ਪਹਿਲੀ ਇੰਟਰਨੈਸ਼ਨਲ ਜਥੇਬੰਦੀ ਕਾਇਮ ਕੀਤੀ। ਮਜ਼ਦੂਰ ਜਮਾਤ ਦੀ ਇਸ ਪਹਿਲੀ ਵਿਸ਼ਵ ਜਥੇਬੰਦੀ ਲਈ ਜਿਹੜੀ ਕਾਨਫ਼ਰੰਸ 28 ਸਤੰਬਰ, 1864 ਨੂੰ ਲੰਦਨ ਵਿਚ ਹੋਈ, ਉਸ ਵਿਚ ਯੂਰਪ ਭਰ ਤੋਂ 2000 ਮਜ਼ਦੂਰ ਨੁਮਾਇੰਦੇ, ਟਰੇਡ ਯੂਨੀਅਨ ਆਗੂ ਤੇ ਦਾਨਿਸ਼ਵਰ ਸ਼ਾਮਲ ਹੋਏ ਸਨ।

ਪੈਰਿਸ ਇਨਕਲਾਬ ਤੋਂ ਬਾਅਦ ਮਿਹਨਤਕਸ਼ ਸ਼੍ਰੇਣੀ ਵੱਲੋਂ ਤਾਕਤ ਉਤੇ ਕਾਬਜ਼ ਹੋਣ ਦਾ ਜਿਹੜਾ ਇਕ ਹੋਰ ਹੰਭਲਾ ਮਾਰਕਸ ਨੇ ਤੱਕਿਆ, ਉਹ ਸੀ 1871 ਦਾ ਪੈਰਿਸ ਕਮਿਊਨ, ਪਰ ਇਹ ਹੰਭਲਾ ਵੀ ਅਧੂਰਾ ਹੀ ਰਿਹਾ, ਤਾਂ ਵੀ ਪੈਰਿਸ ਕਮਿਊਨ ਬਾਰੇ ਅੰਕਤ ਉਸ ਦੀ ਲਿਖਤ 'ਫ਼ਰਾਂਸ ਦੀ ਖਾਨਾਜੰਗੀ' ਉਸ ਦੀਆਂ ਅਜਿਹੀਆਂ ਹੋਰ ਇਤਿਹਾਸਕ ਲਿਖਤਾਂ ਵਿਚ ਸ਼ੁਮਾਰ ਹੁੰਦੀ ਹੈ, ਜਿਨ੍ਹਾਂ ਤੋਂ ਇਤਿਹਾਸ ਤੇ ਸਮਾਜ ਦੀ ਗਤੀ ਦੀ ਥਾਹ ਮਿਲਦੀ ਹੈ।

ਆਪਣੀ ਇਸ ਲਿਖਤ ਵਿਚ ਮਾਰਕਸ ਨੇ ਪੈਰਿਸ ਕਮਿਊਨ ਦੇ ਪਿਛੋਕੜ ਤੇ ਉਸ ਦੀ ਅਸਫ਼ਲਤਾ ਦੇ ਕਾਰਨਾਂ ਦੇ ਜਿਹੜੇ ਵਿਸਥਾਰ ਦਿੱਤੇ ਤੇ ਜਿਹੜਾ ਵਿਸ਼ਲੇਸ਼ਣ ਪੇਸ਼ ਕੀਤਾ, ਉਸ ਤੋਂ ਉਸ ਦੀ ਬੌਧਿਕ ਗਹਿਰਾਈ, ਉਸ ਦੀ ਤਿੱਖੀ ਨੀਝ ਤੇ ਦੂਰਦਰਸ਼ਤਾ ਦਾ ਪਤਾ ਲਗਦਾ ਹੈ। ਮਿਹਨਤਕਸ਼ ਸ਼੍ਰੇਣੀ ਨਾਲ ਸੰਬੰਧਤ 'ਪੈਰਿਸ ਕਮਿਊਨ' ਦੀ ਮੁੱਖ ਇਤਿਹਾਸਕ ਘਟਨਾ ਨੇ ਉਸ ਨੂੰ ਇੰਨਾ ਹਲੂਣਿਆ, ਉਹ 'ਫ਼ਰਾਂਸ ਦੀ ਖਾਨਾਜੰਗੀ' ਵਿਚ ਦਰਜ ਇਹਨਾਂ ਸਤਰਾਂ ਤੋਂ ਜ਼ਾਹਰ ਹੈ:

'ਮਿਹਨਤਕਸ਼ ਲੋਕਾਂ ਦੇ ਪੈਰਿਸ ਨੂੰ, ਉਹਨਾਂ ਦੇ ਕਮਿਊਨ ਨੂੰ, ਇਕ ਅਜਿਹੇ ਸ਼ਾਨਾਮੱਤੇ ਦੂਤ ਵਜੋਂ ਹਮੇਸ਼ਾ-ਹਮੇਸ਼ਾ ਲਈ ਇਕ ਜਸ਼ਨ ਦੇ ਰੂਪ ਵਿਚ ਮਨਾਇਆ ਜਾਂਦਾ ਰਹੇਗਾ, ਜਿਹੜਾ ਨਵੇਂ ਸਮਾਜ ਦਾ ਸੰਦੇਸ਼ ਲੈ ਕੇ ਆਇਆ। ਇਸ ਦੇ ਸ਼ਹੀਦ ਮਿਹਨਤਕਸ਼ ਸ਼੍ਰੇਣੀ ਦੇ ਧੜਕਦੇ ਦਿਲਾਂ ਵਿਚ ਪਵਿੱਤਰ ਯਾਦ ਬਣ ਕੇ ਅਮਰ ਹੋ ਗਏ ਹਨ। ਇਸ ਦੇ ਕਾਤਲਾਂ ਨੂੰ ਇਤਿਹਾਸ ਨੇ ਅਜਿਹੀ ਸਦੀਵੀ ਚਰਖੜੀ ਉੱਤੇ ਟੰਗ ਦਿੱਤਾ ਹੈ, ਜਿੱਥੇ ਇਹਨਾਂ ਦੇ ਪਾਦਰੀਆਂ ਦੀਆਂ ਸਾਰੀਆਂ ਅਰਦਾਸਾਂ ਵੀ ਇਹਨਾਂ ਨੂੰ ਛੁਟਕਾਰਾ ਨਹੀਂ ਦੁਆ ਸਕਣਗੀਆਂ।'

ਇਕ ਕ੍ਰਾਂਤੀਕਾਰੀ ਵਜੋਂ ਮਾਰਕਸ ਨੇ ਜੋ ਕੁਝ ਕਰ ਦਿਖਾਇਆ, ਉਸ ਜਿਹੀ ਹੋਰ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਇਹ ਉਸੇ ਦੀ ਅਣਥੱਕ ਹਿੰਮਤ ਦਾ ਨਤੀਜਾ ਸੀ ਕਿ ਇਕ ਕੌਮਾਂਤਰੀ ਮਜ਼ਦੂਰ ਲਹਿਰ ਹੋਂਦ ਵਿਚ ਆਈ। ਭਾਵੇਂ ਇਹ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਸੀ, ਪਰ ਜਿਸ ਦੇਣ ਨੇ ਉਸ ਨੂੰ ਇਤਿਹਾਸ ਵਿਚ ਸਦੀਵੀ ਮੁਕਾਮ ਬਖ਼ਸ਼ਿਆ, ਉਹ ਸੀ ਅਕਾਨੋਮਿਸਟ, ਫਿਲਾਸਫ਼ਰ ਤੇ ਸਮਾਜ ਵਿਗਿਆਨੀ ਵਜੋਂ ਉਸ ਦੀ ਰਚਨਾ 'ਪੂੰਜੀ'। ਇਸ ਨੂੰ ਪੂਰੀ ਕਰਨ ਵਿਚ ਉਸ ਨੇ ਪੂਰੇ 18 ਸਾਲ ਲਾਏ, ਪਰ ਅਜੇ ਵੀ ਇਹ ਰਚਨਾ ਨਾਮੁਕੰਮਲ ਖਰੜੇ ਤੋਂ ਵੱਧ ਨਹੀਂ ਸੀ। ਇਸ ਦੀ ਪਹਿਲੀ ਜਿਲਦ ਦੋ ਸਾਲਾਂ ਦੇ ਸੰਪਾਦਨ ਤੋਂ ਬਾਅਦ ਤਿਆਰ ਹੋਈ। ਜਦੋਂ 1883 ਵਿਚ ਮਾਰਕਸ ਦਾ ਦਿਹਾਂਤ ਹੋਇਆ ਤਾਂ ਇਸ ਦੀਆਂ ਤਿੰਨ ਜਿਲਦਾਂ ਅਜੇ ਮੁਕੰਮਲ ਹੋਣੀਆਂ ਰਹਿੰਦੀਆਂ ਸਨ। ਬਾਕੀ ਦੋ ਜਿਲਦਾਂ ਦੇ ਸੰਪਾਦਨ ਦੀ ਇਤਿਹਾਸਕ ਜ਼ਿੰਮੇਵਾਰੀ ਫ਼ਰੈਡਰਿਕ ਏਂਗਲਜ਼ ਨੇ ਨਿਭਾਈ। ਪੂੰਜੀ ਦੀ ਦੂਸਰੀ ਜਿਲਦ ਏਂਗਲਜ਼ ਨੇ 1885 ਵਿਚ ਤੇ ਤੀਸਰੀ ਜਿਲਦ 1894 ਵਿਚ ਪ੍ਰਕਾਸ਼ਤ ਕਰਵਾਈ। ਚੌਥੀ ਤੇ ਅੰਤਲੀ ਜਿਲਦ ਬਹੁਤ ਚਿਰ ਪਿੱਛੋਂ 1910 ਵਿਚ ਸਾਹਮਣੇ ਆਈ।

ਇਹ ਰਚਨਾ ਪੂਰੀ ਕਰਨ ਲਈ ਮਨੁੱਖੀ ਗਿਆਨ ਦਾ ਕਿਹੜਾ ਖੇਤਰ ਹੈ, ਜਿਸ ਨੂੰ ਮਾਰਕਸ ਨੇ ਨਹੀਂ ਗਾਹਿਆ। ਉਸ ਨੇ ਦੁਨੀਆ ਭਰ ਦੇ ਅਰਥ-ਵਿਗਿਆਨੀਆਂ ਦਾ ਅਧਿਐਨ ਕੀਤਾ। ਇਤਿਹਾਸ ਨੂੰ ਰਿੜਕਿਆ, ਫ਼ਿਲਾਸਫ਼ੀ ਨੂੰ ਘੋਖਿਆ, ਸਾਹਿਤ ਨੂੰ ਪੜ੍ਹਿਆ ਤੇ ਜਾਣਿਆ ਤੇ ਇਥੋਂ ਤੱਕ ਕਿ ਧਰਮ ਗ੍ਰੰਥਾਂ ਨੂੰ ਵੀ ਫਰੋਲਿਆ। ਉਸ ਦੀ ਰਚਨਾ 'ਪਹਿਲਾ ਸਮਾਜੀ ਵਿਸ਼ਲੇਸ਼ਣ ਹੈ, ਜਿਸ ਵਿਚ ਆਰਥਿਕਤਾ ਨੂੰ ਵਿਗਿਆਨ ਦੀ ਰੌਸ਼ਨੀ ਵਿਚ ਪੇਸ਼ ਕੀਤਾ ਗਿਆ।'

ਜਿਨ੍ਹਾਂ ਵਿਦਵਾਨਾਂ ਨੇ 'ਪੂੰਜੀ' ਨੂੰ ਨਿਰੋਲ ਇਸ ਆਧਾਰ ਉੱਤੇ ਪਰਖਿਆ ਕਿ ਇਹ ਗਿਆਨ ਦੇ ਕੰਡੇ ਉੱਤੇ ਕਿਵੇਂ ਤੁਲਦਾ ਹੈ, ਉਹ ਮੰਨਦੇ ਹਨ ਸਰਮਾਏਦਾਰੀ ਨਿਜ਼ਾਮ ਦੇ ਪਰਸੰਗ ਵਿਚ ਇਹ ਸਮਾਜ ਦਾ ਅਜਿਹਾ ਡੂੰਘਾ ਤੇ ਖੁੱਭਵਾਂ ਨਿਰੀਖਣ ਹੈ, ਜਿਸ ਦੀ ਕੋਈ ਹੋਰ ਮਿਸਾਲ ਮਨੁੱਖੀ ਇਤਿਹਾਸ ਵਿਚ ਨਹੀਂ ਮਿਲਦੀ। ਉਹਨਾਂ ਦੇ ਕਥਨ ਅਨੁਸਾਰ ਇਹ ਨਿਰੀਖਣ ਮਾਰਕਸ ਨੇ ਕਿਸੇ ਇਖ਼ਲਾਕੀ ਜਾਂ ਇੰਝ ਕਹਿ ਲਓ ਕਿ 'ਚੰਗੇ ਮਾੜੇ' ਦੇ ਪੈਂਤੜੇ ਤੋਂ ਨਹੀਂ ਕੀਤਾ ਤੇ ਨਾ ਹੀ ਮੁਨਾਫ਼ੇ ਦੀ ਹਵਸ ਵਰਗੇ ਸਰਮਾਏਦਾਰੀ ਦੇ ਅਣਮਨੁੱਖੀ ਲੱਛਣਾਂ ਨੂੰ ਲੈ ਕੇ ਕਿੰਨੀ ਮਾੜੀ ਗੱਲ ਹੈ ਵਰਗੀਆਂ ਰਵਾਇਤੀ ਜਿਹੀਆਂ ਟਿੱਪਣੀਆਂ ਕੀਤੀਆਂ। ਆਪਣੇ ਸਾਰੇ ਵਲਵਲੇ ਦੇ ਬਾਵਜੂਦ ਮਾਰਕਸ ਨੇ ਸਰਮਾਏਦਾਰੀ ਨਿਜ਼ਾਮ ਦਾ ਜਿਹੜਾ ਵਿਸ਼ਲੇਸ਼ਣ ਕੀਤਾ, ਉਸ ਵਿਚ ਗਣਿਤ ਵਿੱਦਿਆ ਜਿਹੀ ਸ਼ੁੱਧਤਾ ਹੈ, ਪਰ ਇਸ ਦੇ ਨਾਲ ਨਾਲ 'ਪੂੰਜੀ' ਵਿਚ ਅਜਿਹੀ ਦਾਰਸ਼ਨਿਕ ਗਹਿਰਾਈ ਵੀ ਹੈ, ਜਿਹੜੀ ਮਨੁੱਖੀ ਦ੍ਰਿਸ਼ਟੀ ਲਈ ਨਵੇਂ ਆਯਾਮ ਖੋਲ੍ਹਦੀ ਹੈ। ਇਹੀ ਕਾਰਨ ਹੈ ਕਿ 'ਪੂੰਜੀ' ਮਾਰਕਸ ਦੀ ਮਨੁੱਖਤਾ ਨੂੰ ਇਕ ਲਾਮਿਸਾਲ ਦੇਣ ਗਿਣੀ ਜਾਂਦੀ ਹੈ।

ਮਾਰਕਸ ਦੇ ਆਲੋਚਕ ਵੀ ਇਹ ਮੰਨਦੇ ਹਨ ਕਿ 'ਪੂੰਜੀ' ਵਿਚ ਜਿੱਥੇ ਮਾਰਕਸ ਅਕਾਨੋਮਿਸਟ ਹੈ, ਉਸ ਦੀ ਲਿਖਤ ਵਿਚ ਕਮਾਲ ਦਾ ਸੰਕੋਚ ਹੈ ਪਰ ਜਿੱਥੇ ਉਹ ਇਤਿਹਾਸਕਾਰ ਤੇ ਦਾਰਸ਼ਨਿਕ ਹੈ, ਉਸ ਦੀ ਕਲਮ ਵਿਚ ਲੋਹੜੇ ਦਾ ਵੇਗ ਤੇ ਰਵਾਨੀ ਹੈ।

***

ਮਾਰਕਸ ਦਾ ਸਾਥੀ ਏਂਗਲਜ਼ ਵੀ ਜਰਮਨੀ ਦਾ ਜੰਮਪਲ ਸੀ, ਪਰ ਉਹ ਵਧੇਰੇ ਖ਼ੁਸ਼ਹਾਲ ਪਰਵਾਰ ਨਾਲ ਸੰਬੰਧ ਰੱਖਦਾ ਸੀ। ਉਸ ਦੇ ਪਰਵਾਰ ਦਾ ਟੈਕਸਟਾਈਲ ਦਾ ਕਾਰੋਬਾਰ ਸੀ। ਏਂਗਲਜ਼ ਨੇ ਵੀ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਇੰਗਲੈਂਡ ਦੇ ਸ਼ਹਿਰ ਮਾਨਚੈਸਟਰ ਵਿਚ ਹੀ ਬਿਤਾਇਆ, ਜਿੱਥੇ ਉਹ ਆਪਣੇ ਪਰਵਾਰ ਦੀ ਫ਼ਰਮ ਦੀ ਦੇਖਭਾਲ ਕਰਦਾ ਸੀ।

ਜਵਾਨੀ ਦੇ ਦਿਨਾਂ ਵਿਚ ਏਂਗਲਜ਼ ਜਦੋਂ ਦੂਸਰੀ ਵਾਰ ਮਾਰਕਸ ਨੂੰ ਪੈਰਿਸ ਵਿਚ ਮਿਲਿਆ ਸੀ, ਇਹ ਮੱਤ ਬਣ ਚੁੱਕਾ ਸੀ ਕਿ ਮਨੁੱਖਤਾ ਦੀ ਨਿਜਾਤ ਅਜਿਹਾ ਸਮਾਜੀ ਪ੍ਰਬੰਧ ਸਥਾਪਤ ਕਰਨ ਵਿਚ ਹੈ ਜਿਹੜਾ ਸੰਪਤੀ ਦੀ ਨਿੱਜੀ ਮਾਲਕੀ ਤੋਂ ਰਹਿਤ ਤੇ ਸਾਂਝੀਵਾਲਤਾ ਉੱਤੇ ਆਧਾਰਤ ਹੋਵੇ। ਅਜਿਹਾ ਸਮਾਜ ਉਸ ਦੀ ਨਜ਼ਰ ਵਿਚ ਕਮਿਊਨਿਜ਼ਮ ਹੀ ਹੋ ਸਕਦਾ ਸੀ।

ਵਿਚਾਰਾਂ ਤੇ ਕਾਰਜ ਦੀ ਸਾਂਝ ਕਾਰਨ ਮਾਰਕਸ ਤੇ ਏਂਗਲਜ਼ ਦੇ ਨਾਂਅ ਆਪਸ ਵਿਚ ਐਨੇ ਪਰੁਤੇ ਹੋਏ ਹਨ ਕਿ ਉਹਨਾਂ ਦੋਹਾਂ ਦਾ ਨਾਂਅ ਇਕ-ਦੂਸਰੇ ਨਾਲ ਜੋੜ ਕੇ ਹੀ ਲਿਆ ਜਾਂਦਾ ਹੈ। ਉਹ ਉਮਰ ਭਰ ਮਿਲ ਕੇ ਚੱਲੇ। ਤਾਂ ਵੀ ਉਹਨਾਂ ਦੀਆਂ ਸ਼ਖ਼ਸੀਅਤਾਂ ਵੱਖਰੀਆਂ ਸਨ। ਏਂਗਲਜ਼ ਉੱਚਾ ਲੰਮਾ ਤੇ ਸਜੀਲਾ ਵਿਅਕਤੀ ਸੀ। ਉਹ ਖ਼ੁਸ਼ ਰਹਿਣ ਤੇ ਜ਼ਿੰਦਗੀ ਨੂੰ ਮਾਨਣ ਵਿਚ ਯਕੀਨ ਰੱਖਦਾ ਸੀ। ਇਕ ਸਿਰਕੱਢ ਚਿੰਤਕ ਵਜੋਂ ਉਹ ਤੀਖਣ ਬੁੱਧੀ, ਚੁਸਤ ਸੋਚ ਤੇ ਵਿਆਪਕ ਦ੍ਰਿਸ਼ਟੀ ਦਾ ਮਾਲਕ ਸੀ ਤੇ ਕਈ ਜ਼ੁਬਾਨਾਂ ਜਾਣਦਾ ਸੀ। ਜੇ ਉਹ ਲਿਖਣ ਬੈਠਦਾ ਸੀ ਤਾਂ ਆਪਣੀ ਲਿਖਤ ਨੂੰ ਮੁਕਾ ਕੇ ਹੀ ਸਾਹ ਲੈਂਦਾ ਸੀ। ਤਾਂ ਵੀ ਉਸ ਨੇ ਮਾਰਕਸ ਦਾ ਸਥਾਨ ਆਪਣੇ ਨਾਲੋਂ ਹਮੇਸ਼ਾ ਹੀ ਉੱਚਾ ਸਮਝਿਆ।

ਮਾਰਕਸ ਇਕ ਅਜਿਹਾ ਅਣਥੱਕ ਚਿੰਤਕ ਸੀ, ਜਿਸ ਦਾ ਸਰੀਰ ਗੱਠਿਆ ਹੋਇਆ ਤੇ ਜੁੱਸਾ ਨਰੋਆ ਸੀ। ਉਸ ਵਿਚ ਕਿਸੇ ਜਰਮਨ ਸਕਾਲਰ ਵਾਲੇ ਸਾਰੇ ਵਸਫ਼ ਮੌਜੂਦ ਸਨ। ਉਹ ਬੇਹੱਦ ਗੰਭੀਰਚਿੱਤ, ਬਾਰੀਕਬੀਨ ਤੇ ਖ਼ਬਤ ਦੀ ਹੱਦ ਤੱਕ ਪੂਰਨਤਾਵਾਦੀ ਸੀ। ਉਹ ਇਕ ਇਕ ਤੱਥ ਨੂੰ ਅੰਤਲੀ ਹੱਦ ਤੱਕ ਘੋਖਦਾ, ਪਰਖਦਾ ਤੇ ਇਕ-ਇਕ ਘਟਨਾ ਦੀ ਪੁਣਛਾਣ ਕਰਨ ਲਈ ਕਿਸੇ ਤਰੱਦਦ ਨੂੰ ਬੇਲੋੜਾ ਨਹੀਂ ਸੀ ਸਮਝਦਾ।

ਲੰਦਨ ਵਿਚ ਰਹਿੰਦਿਆਂ ਮਾਰਕਸ ਨੂੰ ਆਪਣੇ ਪਰਵਾਰ ਦੇ ਗੁਜ਼ਾਰੇ ਲਈ ਕੋਈ ਪੱਕਾ ਕੰਮ ਤਾਂ ਨਾ ਲੱਭਾ, ਪਰ ਆਪਣੇ ਵਿਚਾਰਾਂ ਦੀ ਪੂਰਤੀ ਲਈ ਉਸ ਨੂੰ ਇਕ ਭਰਪੂਰ ਸੋਮਾ ਲੱਭ ਪਿਆ। ਇਹ ਸੋਮਾ ਸੀ ਬ੍ਰਿਟਿਸ਼ ਮਿਊਜ਼ੀਅਮ। ਇੱਥੇ ਉਹ ਘਰੋਂ 10 ਵਜੇ ਜਾਂਦਾ ਤੇ ਸ਼ਾਮ ਨੂੰ ਸੱਤ ਵਜੇ ਪਰਤਦਾ। ਇੰਝ ਸਾਰਾ ਦਿਨ ਉਹ ਖੋਜ ਦੇ ਕੰਮ ਵਿਚ ਰੁੱਝਾ ਰਹਿੰਦਾ। ਲੰਦਨ ਵਿਚ ਉਸ ਦੀ ਉਮਰ ਦਾ ਬਹੁਤਾ ਹਿੱਸਾ ਬ੍ਰਿਟਿਸ਼ ਮਿਊਜ਼ੀਅਮ ਵਿਚ ਹੀ ਲੰਘਿਆ।

ਗੁਜ਼ਾਰੇ ਦਾ ਕੋਈ ਵਸੀਲਾ ਨਾ ਹੋਣ ਕਾਰਨ ਮਾਰਕਸ ਤੇ ਉਸ ਦੇ ਪਰਵਾਰ ਨੂੰ ਕੁਝ ਵਧੇਰੇ ਹੀ ਔਖੇ ਦਿਨਾਂ ਵਿੱਚੋਂ ਲੰਘਣਾ ਪਿਆ। ਕੁਝ ਸਮਾਂ ਤਾਂ ਉਸ ਨੇ ਆਪਣਾ ਗੁਜ਼ਾਰਾ ਨਿਊਯਾਰਕ ਟ੍ਰਿਬਿਊਨ ਲਈ ਲੇਖ ਲਿਖ ਕੇ ਤੋਰਿਆ, ਪਰ ਜਦੋਂ ਇਹ ਲੇਖ ਛਪਣੇ ਬੰਦ ਹੋ ਗਏ, ਉਸ ਨੇ ਰੇਲਵੇ ਵਿਚ ਕਲਰਕੀ ਦੀ ਨੌਕਰੀ ਲੈਣੀ ਚਾਹੀ, ਪਰ ਆਪਣੀ ਲਿਖਾਈ ਕਾਰਨ ਉਥੋਂ ਵੀ ਉਸ ਦੀ ਅਰਜ਼ੀ ਰੱਦ ਹੋ ਗਈ। ਹਾਲਤ ਇਹ ਹੋ ਗਈ ਕਿ ਘਰ ਵਿਚ ਜੋ ਵੀ ਚੀਜ਼ ਵਿਕਣਯੋਗ ਸੀ, ਉਹ ਵੇਚੀ ਗਈ। ਪਰਵਾਰ ਵੱਲੋਂ ਮਿਲੇ ਚਾਂਦੀ ਦੇ ਬਰਤਨ ਤੇ ਗਹਿਣੇ ਪਹਿਲਾਂ ਹੀ ਵਿਕ ਚੁੱਕੇ ਸਨ। ਕਈ ਵਾਰ ਬੇਬੱਸੀ ਇੱਥੋਂ ਤੱਕ ਪੁੱਜ ਜਾਂਦੀ ਸੀ, ਉਸ ਨੂੰ ਘਰੋਂ ਬਾਹਰ ਜਾਣਾ ਅਸੰਭਵ ਹੋ ਜਾਂਦਾ, ਕਿਉਂਕਿ ਉਸ ਦਾ ਕੋਟ ਤੇ ਬੂਟ ਗਹਿਣੇ ਪਏ ਹੁੰਦੇ ਸਨ। ਕਈ ਮੌਕਿਆਂ ਉਤੇ ਉਸ ਕੋਲ ਇਤਨੇ ਪੈਸੇ ਵੀ ਨਹੀਂ ਸਨ ਹੁੰਦੇ ਕਿ ਉਹ ਆਪਣੀ ਲਿਖਤ ਆਪਣੇ ਕਿਸੇ ਪ੍ਰਕਾਸ਼ਕ ਨੂੰ ਭੇਜਣ ਲਈ ਟਿਕਟਾਂ ਖਰੀਦ ਸਕੇ। ਇਸੇ ਸਮੇਂ ਉਸ ਨੂੰ ਕਈ ਹੋਰ ਬਿਮਾਰੀਆਂ ਦੇ ਨਾਲ-ਨਾਲ ਫੋੜੇ ਵੀ ਹੋ ਗਏ ਸਨ, ਪਰ ਉਸ ਨੂੰ ਆਪਣੇ ਦੁੱਖ ਉਤੇ ਹੱਸਣ ਦੀ ਜਾਚ ਕਦੇ ਨਾ ਭੁੱਲਦੀ। ਇਕ ਵਾਰ ਫੋੜਿਆਂ ਦੀ ਪੀੜ ਸਹਿੰਦਿਆਂ ਦਿਨ ਭਰ ਕਲਮ ਚਲਾਉਣ ਪਿੱਛੋਂ ਉਹ ਬ੍ਰਿਟਿਸ਼ ਮਿਊਜ਼ੀਅਮ ਤੋਂ ਘਰ ਪਰਤਿਆ ਤਾਂ ਉਸ ਨੇ ਕਿਹਾ, ਮੈਨੂੰ ਯਕੀਨ ਹੈ, ਮੇਰੇ ਫੋੜੇ ਬੁਰਜੂਆਜ਼ੀ ਨੂੰ ਮਰਦੇ ਦਮ ਤੱਕ ਸਤਾਉਂਦੇ ਰਹਿਣਗੇ।

ਤਾਂ ਵੀ ਜਦੋਂ ਉਹ ਦੇਖਦਾ ਕਿ ਉਸ ਦੀ ਤੰਗਦਸਤੀ ਕਾਰਨ ਉਸ ਦੇ ਪਰਵਾਰ ਦੇ ਜੀਆਂ ਨੂੰ ਕਿੰਨਾ ਦੁਖੀ ਹੋਣਾ ਪੈ ਰਿਹਾ ਹੈ ਤਾਂ ਉਹ ਸੱਚਮੁੱਚ ਪਰੇਸ਼ਾਨ ਹੋ ਉੱਠਦਾ, ਇਕ ਵਾਰ ਉਸ ਨੇ ਏਂਗਲਜ਼ ਨੂੰ ਲਿਖਿਆ, 'ਮੇਰੀ ਜਾਨ, ਮੇਰੀ ਜੈਨੀ ਬੀਮਾਰ ਹੈ। ਲੈਨਚੈਨ (ਨੌਕਰਾਣੀ) ਨੂੰ ਇਕ ਤਰ੍ਹਾਂ ਦਾ ਦਿਮਾਗ਼ੀ ਬੁਖ਼ਾਰ ਹੈ। ਮੇਰੇ ਕੋਲ ਕੋਈ ਪੈਸਾ ਨਹੀਂ ਕਿ ਮੈਂ ਡਾਕਟਰ ਨੂੰ ਬੁਲਾ ਸਕਾਂ। ਪਿਛਲੇ ਅੱਠਾਂ ਦਸਾਂ ਦਿਨਾਂ ਤੋਂ ਅਸੀਂ ਆਲੂ ਤੇ ਬਰੈੱਡ ਖਾ ਕੇ ਗੁਜ਼ਾਰਾ ਕਰ ਰਹੇ ਹਾਂ। ਲਗਦਾ ਨਹੀਂ ਅੱਗੋਂ ਇਹ ਵੀ ਮਿਲ ਸਕਣ । ਮੈਂ ਇਹਨੀਂ ਦਿਨੀਂ ਕੁਝ ਨਹੀਂ ਲਿਖਿਆ, ਕਿਉਂਕਿ ਮੇਰੀ ਜੇਬ ਵਿਚ ਧੇਲਾ ਵੀ ਨਹੀਂ ਕਿ ਮੈਂ ਲਿਖਣ ਲਈ ਬਾਹਰ ਜਾ ਕੇ ਅਖ਼ਬਾਰ ਪੜ੍ਹ ਸਕਾਂ।'

ਪਰ ਇਹ ਸਾਰੀਆਂ ਮੁਸ਼ਕਲਾਂ ਤੇ ਥੁੜਾਂ ਮਾਰਕਸ ਨੇ ਕਿਵੇਂ ਨਾ ਕਿਵੇਂ ਸਹਾਰ ਹੀ ਲਈਆਂ, ਪਰ ਆਪਣੀ ਪਤਨੀ ਜੈਨੀ ਦੀ ਮੌਤ ਦਾ ਦੁੱਖ ਉਸ ਤੋਂ ਨਾ ਸਹਾਰਿਆ ਗਿਆ। ਜਦੋਂ 1881 ਵਿਚ ਜੈਨੀ ਦੀ ਮੌਤ ਹੋਈ ਤਾਂ ਮਾਰਕਸ ਐਨਾ ਬੀਮਾਰ ਸੀ ਕਿ ਉਹ ਉਸ ਦੀ ਅਰਥੀ ਨਾਲ ਵੀ ਨਾ ਜਾ ਸਕਿਆ। ਏਂਗਲਜ਼ ਉਸ ਕੋਲ ਅਫ਼ਸੋਸ ਕਰਨ ਆਇਆ ਤਾਂ ਮਾਰਕਸ ਨੇ ਕਿਹਾ, 'ਮੂਰ ਵੀ ਮਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਆਸ ਦੀਆਂ ਕਿਰਨਾਂ ਤੇ ਸ਼ੰਕਿਆਂ ਵਿਚਾਲੇ ਕਿਸ ਪਾਸੇ ਜਾਂਦੀ ਪਈ ਹੈ ਲੋਕ ਸਭਾ ਦੀ ਚੋਣ ਮੁਹਿੰਮ !

### ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਇਸ ਤਰ੍ਹਾਂ ਦੇ ਮੌਕੇ ਇਨਸਾਨੀ ਜ਼ਿੰਦਗੀ ਵਿੱਚ ਵੀ ਤੇ ਸਮਾਜ ਸਾਹਮਣੇ ਵੀ ਬੜੇ ਘੱਟ ਆਇਆ ਕਰਦੇ ਹਨ, ਜਦੋਂ ਇੱਕੋ ਵੇਲੇ ਕੋਈ ਤੂਫਾਨ ਉੱਠਦਾ ਵੀ ਜਾਪਦਾ ਹੈ ਅਤੇ ਆਸ ਦੀ ਕੋਈ ਕਿਰਨ ਵੀ ਕਿਸੇ ਪਾਸਿਉਂ ਉੱਠਦੀ ਹੋਣ ਦਾ ਝਾਕਾ ਪੈਣ ਲੱਗਦਾ ਹੈ। ਭਾਰਤ ਦੇਸ਼ ਅਤੇ ਭਾਰਤੀ ਲੋਕ ਵੀ ਇਸ ਵੇਲੇ ਉਸ ਮੋੜ ਉੱਤੇ ਖੜੇ ਜਾਪਦੇ ਹਨ। ਪਾਰਲੀਮੈਂਟ ਦੀ ਇਸ ਵਾਰ ਦੀ ਚੋਣ ਜਿਸ ਪੜਾਅ ਉੱਤੇ ਪਹੁੰਚ ਚੁੱਕੀ ਹੈ, ਲੋਕਾਂ ਨੂੰ ਇੱਕੋ ਵਕਤ ਇਹ ਵੀ ਸੁਣਾਈ ਦੇਂਦਾ ਹੈ ਕਿ ਇਸ ਚੋਣ ਤੋਂ ਬਾਅਦ ਹੋਰ ਕੋਈ ਚੋਣ ਹੋਣ ਦੀ ਆਸ ਸ਼ਾਇਦ ਨਾ ਰਹੇ ਅਤੇ ਇਹ ਗੱਲ ਵੀ ਕਹੀ ਜਾਣ ਲੱਗ ਪਈ ਹੈ ਕਿ ਇਸ ਦੇਸ਼ ਦੇ ਲੋਕ ਆਪਣੀ ਕਿਸਮਤ ਅੱਗੇ ਏਦਾਂ ਦਾ ਸਵਾਲੀਆ ਨਿਸ਼ਾਨ ਕਦੇ ਨਹੀਂ ਲੱਗਣ ਦੇਣਗੇ। ਇੱਕੋ ਵਕਤ ਇਹ ਵੀ ਸੁਣਦਾ ਹੈ ਕਿ ਜਿੰਨੇ ਮਰਜ਼ੀ ਅੜਿੱਕੇ ਲੱਗਦੇ ਦਿੱਸਦੇ ਹੋਣ, 'ਅਬ ਕੀ ਬਾਰ, ਤੀਨ ਸੌ ਸੱਤਰ ਪਾਰ' ਦਾ ਨਾਅਰਾ ਲਾਉਣ ਪਿੱਛੋਂ 'ਅਬ ਕੀ ਬਾਰ, ਚਾਰ ਸੌ ਪਾਰ' ਸੀਟਾਂ ਨਾ ਵੀ ਲੈ ਸਕੀ ਤਾਂ ਭਾਜਪਾ ਸਾਢੇ ਤਿੰਨ ਸੌ ਸੀਟਾਂ ਜ਼ਰੂਰ ਲੈ ਜਾਵੇਗੀ ਅਤੇ ਫਿਰ ਉਹ ਮਨਆਈਆਂ ਕਰੇਗੀ ਤੇ ਇਹ ਵੀ ਕਿ ਉਸ ਦੀ ਮੁਹਿੰਮ ਦੀ ਫੂਕ ਨਿਕਲਦੀ ਪਈ ਹੈ। ਆਮ ਲੋਕਾਂ ਦੇ ਮੂਡ ਦਾ ਹਾਲੇ ਵੀ ਕੋਈ ਪੱਕਾ ਪਤਾ ਨਹੀਂ ਲੱਗ ਰਿਹਾ, ਸਭ ਕਿਆਫੇ ਹਨ ਤੇ ਇਸ ਤਰ੍ਹਾਂ ਦੇ ਕਿਆਫਿਆਂ ਕਾਰਨ ਭਾਰਤ ਦੇ ਲੋਕਾਂ ਸਾਹਮਣੇ ਇੱਕੋ ਵਕਤ ਕਿਸੇ ਉੱਠਦੇ ਪਏ ਵੱਡੇ ਤੂਫਾਨ ਦਾ ਖੌਫ ਵੀ ਸਿਰ ਚੁੱਕਦਾ ਦਿੱਸਦਾ ਹੈ ਤੇ ਇਸ ਤੂਫਾਨ ਦਾ ਰਾਹ ਰੋਕਣ ਲਈ ਭਾਰਤ ਦੇ ਲੋਕਾਂ ਦੀ ਸੋਚ ਵਿੱਚ ਅਚਾਨਕ ਤਬਦੀਲੀ ਹੋਣ ਦੇ ਕੁਝ ਸੰਕੇਤ ਵੀ ਨੋਟ ਕੀਤੇ ਜਾਣ ਲੱਗੇ ਹਨ।

ਕਿਸੇ ਇੱਕ ਜਾਂ ਦੂਸਰੇ ਕਿਸਮ ਦੇ ਸੰਕੇਤਾਂ ਦੀ ਗੱਲ ਉੱਤੇ ਅਸੀਂ ਜ਼ੋਰ ਨਹੀਂ ਦੇਣਾ ਚਾਹੁੰਦੇ, ਸਗੋਂ ਹਾਲਾਤ ਦੇ ਉਸ ਵਹਿਣ ਦੀ ਗੱਲ ਕਰਨੀ ਠੀਕ ਸਮਝਦੇ ਹਾਂ, ਜਿਸ ਤੋਂ ਇਹ ਦੋਵੇਂ ਕਿਸਮਾਂ ਦੇ ਅਰਥ ਕੱਢੇ ਜਾ ਰਹੇ ਹਨ।

ਪਹਿਲੀ ਗੱਲ ਇਹ ਕਿ ਇਸ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਲੀਡਰਸ਼ਿਪ ਜਾਂ ਸਟਾਰ ਪ੍ਰਚਾਰਕਾਂ ਵਿੱਚੋਂ ਮੋਦੀ ਦੇ ਨੇੜੇ ਸਮਝੇ ਜਾਣ ਵਾਲਿਆਂ ਦੀ ਬੋਲ-ਬਾਣੀ ਅਚਾਨਕ ਬਦਲਦੀ ਜਾਪਣ ਲੱਗੀ ਹੈ। ਉਨ੍ਹਾਂ ਆਪਣੇ ਰਾਜ ਵਿੱਚ ਕੀਤੇ ਗਏ ਵਿਕਾਸ ਦੇ ਦਾਅਵਿਆਂ ਦੀ ਚਰਚਾ ਸ਼ੁਰੂ ਕੀਤੀ ਤਾਂ ਇਸ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਇਸ ਨਾਲ ਸ਼ਾਇਦ ਉਨ੍ਹਾਂ ਨੂੰ ਇਹ ਸਮਝ ਪੈ ਗਈ ਹੋਵੇਗੀ ਕਿ ਵਾਜਪਾਈ-ਅਡਵਾਨੀ ਅਤੇ ਪ੍ਰਮੋਦ ਮਹਾਜਨ ਦੇ ਪ੍ਰਚਾਰ ਦੌਰ ਸਮੇਂ ਦੀ 'ਇੰਡੀਆ ਸ਼ਾਈਨਿੰਗ' (ਭਾਰਤ ਉਦੈ ਜਾਂ ਚਮਕਦਾ ਭਾਰਤ) ਤੇ ਉਸ ਨਾਅਰੇ ਦੇ ਨਾਲੋ-ਨਾਲ 'ਫੀਲ ਗੁੱਡ' (ਬੜਾ ਵਧੀਆ ਮਹਿਸੂਸ ਹੁੰਦੈ) ਵਾਲੇ ਨਾਅਰੇ ਨਹੀਂ ਸੀ ਚੱਲ ਸਕੇ ਤਾਂ ਵਿਕਾਸ ਦੇ ਇਹ ਨਾਅਰੇ ਵੀ ਨਹੀਂ ਚੱਲਣੇ। ਕਾਰਨ ਇਸ ਦਾ ਇਹੋ ਹੈ ਕਿ ਇਨ੍ਹਾਂ ਨਾਅਰਿਆਂ ਵਿੱਚ ਉਸ ਦੌਰ ਵਿੱਚ ਵੀ ਕਚਿਆਈ ਸੀ, ਓਨਾ ਕੰਮ ਕੀਤਾ ਨਹੀਂ ਸੀ, ਜਿੰਨਾ ਪ੍ਰਚਾਰਿਆ ਗਿਆ ਸੀ ਤੇ ਲੋਕ ਸਚਾਈ ਜਾਣਦੇ ਸਨ, ਏਦਾਂ ਹੀ ਵਿਕਾਸ ਦੇ ਅਜੋਕੇ ਦਾਅਵਿਆਂ ਦੀ ਕਚਿਆਈ ਵੀ ਭਾਰਤ ਦੇ ਲੋਕਾਂ ਤੋਂ ਲੁਕੀ ਨਹੀਂ ਅਤੇ ਉਹ ਏਦਾਂ ਦੇ ਪ੍ਰਚਾਰ ਦਾ ਹੁੰਗਾਰਾ ਨਹੀਂ ਭਰਦੇ ਜਾਪਦੇ। ਏਥੇ ਦਾਅਵਾ ਕੀਤਾ ਗਿਆ ਸੀ ਕਿ ਉੱਜਵਲਾ ਯੋਜਨਾ ਅਧੀਨ ਹਰ ਘਰ ਵਿੱਚ ਗੈਸ ਪੁਚਾ ਦਿੱਤੀ ਹੈ। ਫਿਰ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਸਿਖਰ ਉੱਤੇ ਪੁੱਜੇ ਨੌਜਵਾਨਾਂ ਵਿੱਚੋਂ ਇੱਕ ਜਣਾ ਇਹ ਕਹਿੰਦਾ ਸੁਣ ਗਿਆ ਕਿ ਉਸ ਦੀ ਮਾਂ ਅੱਜ ਤੱਕ ਵੀ ਚੁੱਲ੍ਹੇ ਵਿੱਚ ਫੂਕਾਂ ਮਾਰਦੀ ਹੈ। ਕੇਂਦਰ ਸਰਕਾਰ ਨੇ ਦਾਅਵਾ ਕੀਤਾ ਕਿ ਬੇਘਰਿਆਂ ਨੂੰ ਘਰ ਦੇ ਦਿੱਤੇ ਹਨ ਤੇ ਬੰਗਾਲ ਦੀ ਜਿਹੜੀ ਔਰਤ ਦੀ ਫੋਟੋ ਇਸ ਦਾਅਵੇ ਨਾਲ ਮੀਡੀਏ ਵਿੱਚ ਛਪਵਾਈ ਸੀ, ਧੋਬੀ ਘਾਟ ਉੱਤੇ ਲੋਕਾਂ ਦੇ ਕੱਪੜੇ ਧੋਣ ਵਾਲੀ ਉਹ ਬੀਬੀ ਕਹਿੰਦੀ ਸੁਣੀ ਗਈ ਕਿ ਉਸ ਦਾ ਪਰਵਾਰ ਇੱਕੋ ਕਮਰੇ ਦੇ ਪੁਰਾਣੇ ਘਰ ਵਿੱਚ ਰਹਿੰਦਾ ਹੈ, ਉਨ੍ਹਾਂ ਤੱਕ ਸਕੀਮ ਨਹੀਂ ਪੁੱਜੀ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਉਨ੍ਹਾ ਦਾ ਰਾਜ ਆਉਣ ਤੱਕ ਕਈ ਪਿੰਡਾਂ ਤੱਕ ਬਿਜਲੀ ਨਹੀਂ ਸੀ ਪਹੁੰਚੀ ਅਤੇ ਉਨ੍ਹਾ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਤਾਂ ਓਥੇ ਬਿਜਲੀ ਪੁਚਾਉਣ ਦਾ ਹੁਕਮ ਦਿੱਤਾ ਹੈ, ਪਰ ਦੱਸੇ ਗਏ ਪਿੰਡ ਨੂੰ ਗਏ ਮੀਡੀਆ ਵਾਲਿਆਂ ਨੇ ਵਿਖਾ ਦਿੱਤਾ ਕਿ ਉਸ ਪਿੰਡ ਵਿੱਚ ਅਜੇ ਵੀ ਬਿਜਲੀ ਦੇ ਖੰਭੇ ਤਾਂ ਲਾਏ ਹਨ, ਉਨ੍ਹਾਂ ਉੱਤੇ ਤਾਰ ਕਿਸੇ ਨਹੀਂ ਪਾਈ। ਕੇਂਦਰ ਸਰਕਾਰ ਦੇ ਦਾਅਵਿਆਂ ਦੇ ਇਸ ਕੱਚੇਪਣ ਨਾਲ ਜਦੋਂ ਆਮ ਲੋਕ ਪਤਿਆਏ ਨਹੀਂ ਜਾ ਸਕੇ ਤਾਂ ਧਰਮ ਦਾ ਪੱਤਾ ਵਰਤਿਆ ਜਾਣ ਲੱਗਾ ਹੈ।

ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ ਪਹਿਲਾਂ ਇਹ ਭਾਸ਼ਣ ਕੀਤੇ ਕਿ ਉਨ੍ਹਾ ਦੀ ਵਿਰੋਧੀ ਧਿਰ ਜੇ ਜਿੱਤ ਗਈ ਤਾਂ ਉਹ ਪੰਜ-ਪੰਜ ਬੱਚੇ ਪੈਦਾ ਕਰਨ ਵਾਲਿਆਂ ਨੂੰ ਹਰ ਕਿਸੇ ਗੱਲ ਵਿੱਚ ਪਹਿਲ ਦੇਵੇਗੀ ਤੇ ਦੂਸਰੇ ਲੋਕਾਂ ਦੀ ਜਾਇਦਾਦ ਝਪਟ ਕੇ ਏਦਾਂ ਦੇ ਲੋਕਾਂ ਨੂੰ ਵੰਡ ਦੇਵੇਗੀ। ਫਿਰ ਇਹ ਕਹਿ ਦਿੱਤਾ ਕਿ ਵਿਰੋਧੀ ਧਿਰ ਜਿੱਤੀ ਤਾਂ ਲੋਕਾਂ ਦੇ ਘਰਾਂ ਅੰਦਰ ਪਿਆ ਸੋਨਾ ਕੱਢਵਾ ਕੇ ਅੱਧਾ ਸਰਕਾਰੀ ਖਜ਼ਾਨੇ ਵਿੱਚ ਪਾ ਦੇਵੇਗੀ ਅਤੇ ਸਾਡੀਆਂ ਮਾਂਵਾਂ-ਭੈਣਾਂ ਦੇ ਮੰਗਲ-ਸੂਤਰ ਵੀ ਨਹੀਂ ਬਖਸ਼ੇਗੀ। ਏਦੂੰ ਹੋਰ ਅੱਗੇ ਵਧ ਕੇ ਉਨ੍ਹਾ ਇਹ ਵੀ ਕਹਿ ਦਿੱਤਾ ਕਿ ਇਹ ਦਲਿਤਾਂ ਦੀ ਰਿਜ਼ਰਵੇਸ਼ਨ ਖੋਹ ਕੇ ਮੁਸਲਿਮ ਭਾਈਚਾਰੇ ਨੂੰ ਦੇ ਦੇਣਗੇ। ਇਸ ਦੇ ਬਾਅਦ ਉਨ੍ਹਾ ਜੋ ਕੁਝ ਕਿਹਾ, ਉਹ ਦੱਸਣਾ ਔਖਾ ਅਤੇ ਹੱਦਾਂ ਪਾਰ ਕਰਨ ਵਾਲਾ ਸੀ।

ਭਾਰਤ ਦੇ ਲੋਕਾਂ ਨੂੰ ਇਸ ਵਕਤ ਜੋ ਕੁਝ ਪਤਾ ਲੱਗਣਾ ਚਾਹੀਦਾ ਹੈ, ਉਹ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ, ਕਿਉਂਕਿ ਦੇਸ਼ ਦੇ ਕੌਮੀ ਪੱਧਰ ਦੇ ਲਗਭਗ ਸਾਰੇ ਮੀਡੀਆ ਚੈਨਲ ਓਨਾ ਹੀ ਦਿਖਾਉਂਦੇ ਹਨ, ਜਿੰਨਾ ਦਿਖਾਉਣ ਨੂੰ ਕਿਹਾ ਜਾਂਦਾ ਹੈ, ਉਸ ਤੋਂ ਵੱਧ ਕੁਝ ਦਿਖਾਉਣ ਦੀ ਉਹ ਕੋਸ਼ਿਸ਼ ਨਹੀਂ ਕਰਦੇ। ਏਦਾਂ ਕਰਨਾ ਉਨ੍ਹਾਂ ਲਈ ਮੁਸ਼ਕਲਾਂ ਪੈਦਾ ਕਰ ਸਕਦਾ ਹੈ, ਇਸ ਲਈ ਰਿਸਕ ਤੋਂ ਬਚਦੇ ਰਹਿੰਦੇ ਹਨ ਤੇ ਇਹ ਗੱਲ ਵੀ ਸਭ ਨੂੰ ਪਤਾ ਹੈ ਕਿ ਦੇਸ਼ ਦੇ ਬਹੁਤੇ ਕੌਮੀ ਮੀਡੀਆ ਚੈਨਲ ਦੋ ਵੱਡੇ ਮੀਡੀਆ ਘਰਾਣਿਆਂ ਨੇ ਖਰੀਦ ਲਏ ਹਨ ਅਤੇ ਦੋਵੇਂ ਵੱਡੇ ਘਰਾਣੇ ਇਸ ਵੇਲੇ ਦੀ ਸਰਕਾਰ ਦੇ ਨਾਲ ਹਨ। ਆਮ ਲੋਕਾਂ ਦਾ ਕੋਈ ਵਿਕਾਸ ਨਹੀਂ ਵੀ ਹੁੰਦਾ ਤਾਂ ਕੋਈ ਫਿਕਰ ਨਹੀਂ, ਉਨ੍ਹਾਂ ਦੋ ਵੱਡੇ ਘਰਾਣਿਆਂ ਲਈ ਹਰ ਸਰਕਾਰੀ ਵਿਭਾਗ ਤੇ ਹਰ ਅਧਿਕਾਰੀ ਹਰ ਵੇਲੇ ਹਾਜ਼ਰ ਹੁੰਦਾ ਹੈ। ਉਨ੍ਹਾਂ ਦੋਵਾਂ ਘਰਾਣਿਆਂ ਦੇ ਮਾਲਕ ਦੇਸ਼ ਦੇ ਲੋਕਾਂ ਦੀ ਸੇਵਾ ਲਈ ਸਮਾਜੀ ਸੰਸਥਾਵਾਂ ਚਲਾਉਣ ਵਾਸਤੇ ਨਹੀਂ ਸੀ ਆਏ, ਉਨ੍ਹਾਂ ਦਾ ਮੰਤਵ ਲਾਭ ਕਮਾਉਣਾ ਹੈ ਤੇ ਇਸ ਕੰਮ ਵਿੱਚ ਕੋਈ ਵੀ ਅੜਿੱਕਾ ਨਾ ਪੈਣ ਦੇਣ ਵਾਲੀ ਧਿਰ ਦੀ ਮਦਦ ਕਰਨਾ ਉਨ੍ਹਾਂ ਦੀ ਆਪਣੀ ਲੋੜ ਹੈ। ਰਹੀ ਗੱਲ ਇਸ ਵੇਲੇ ਸੰਸਾਰ ਪੱਧਰ ਉੱਤੇ ਦੇਸ਼ ਦੇ ਅਕਸ ਦੀ, ਉਹ ਅਕਸ ਭਾਰਤੀ ਲੋਕਾਂ ਨੂੰ ਪਤਾ ਬੇਸ਼ੱਕ ਨਾ ਹੋਵੇ, ਬਾਕੀ ਸੰਸਾਰ ਦੇ ਲੋਕਾਂ ਨੂੰ ਸਾਰਾ ਪਤਾ ਹੈ।

ਮਈ ਦੇ ਪਹਿਲੇ ਹਫਤੇ ਪ੍ਰੈੱਸ ਦੀ ਆਜ਼ਾਦੀ ਦਾ ਸੰਸਾਰ ਪੱਧਰੀ ਦਿਨ ਸੀ, ਉਸ ਦਿਨ ਦੁਨੀਆ ਦੇ ਦੇਸ਼ਾਂ ਦੀ ਪ੍ਰੈੱਸ ਦੀ ਆਜ਼ਾਦੀ ਦਾ ਪੱਧਰ ਅਤੇ ਬਾਕੀ ਦੇਸ਼ਾਂ ਮੁਕਾਬਲੇ ਇਸ ਦੀ ਰੈਂਕਿੰਗ ਪਤਾ ਲੱਗੀ ਹੈ। ਇੱਕ ਸੌ ਅੱਸੀ ਦੇਸ਼ਾਂ ਦੀ ਲਿਸਟ ਵਿੱਚ ਭਾਰਤ ਇੱਕ ਸੌ ਇਕਾਹਠ ਨੰਬਰ ਉੱਤੇ ਹੈ, ਪਰ ਪਾਕਿਸਤਾਨ ਵਰਗੇ ਦੇਸ਼ ਦਾ ਦਰਜਾ ਇੱਕ ਸੌ ਪੰਜਾਹ, ਅਰਥਾਤ ਭਾਰਤ ਤੋਂ ਗਿਆਰਾਂ ਨੰਬਰ ਉੱਤੇ ਦਿੱਸਦਾ ਹੈ। ਉਸ ਤੋਂ ਪਹਿਲਾਂ ਸੰਸਾਰ ਵਿੱਚ ਭੁੱਖ ਦੇ ਅੰਕੜਿਆਂ ਦੀ ਰਿਪੋਰਟ ਆਈ ਤਾਂ ਭੁੱਖ ਹੰਢਾ ਰਹੇ ਇੱਕ ਸੌ ਇੱਕੀ ਦੇਸ਼ਾਂ ਵਾਲੀ ਇਸ ਸੂਚੀ ਵਿੱਚ ਭਾਰਤ ਦਾ ਨਾਂਅ ਇੱਕ ਸੌ ਸੱਤ ਨੰਬਰ ਉੱਤੇ ਸੀ, ਜਦ ਕਿ ਆਰਥਿਕਤਾ ਦੀ ਜਿੱਲ੍ਹਣ ਵਿੱਚ ਫਸਿਆ ਹੋਣ ਦੇ ਬਾਵਜੂਦ ਪਾਕਿਸਤਾਨ ਦਾ ਨਾਂਅ ਭਾਰਤ ਤੋਂ ਪੰਜ ਪੁਆਇੰਟ ਉੱਤੇ ਇੱਕ ਸੌ ਦੋ ਉੱਤੇ ਦਰਜ ਸੀ। ਬਹੁਤ ਸਾਰੇ ਹੋਰ ਕੰਮਾਂ ਵਿੱਚ ਭਾਰਤ ਪਛੜੇ ਹੋਣ ਦਾ ਪ੍ਰਭਾਵ ਦੇਂਦਾ ਹੈ ਅਤੇ ਸੰਸਾਰ ਪੱਧਰ ਦੀਆਂ ਸੰਸਥਾਵਾਂ ਆਪਣੀ ਦਰਜਾਬੰਦੀ ਵਿੱਚ ਇਸ ਦਾ ਜ਼ਿਕਰ ਕਰਦੀਆਂ ਹਨ, ਪਰ ਅਸੀਂ ਇਸ ਬਾਰੇ ਹੋਰ ਕੁਝ ਇਸ ਕਰ ਕੇ ਨਹੀਂ ਕਹਿਣਾ ਚਾਹੁੰਦੇ ਕਿ ਇਨ੍ਹਾਂ ਸਭ ਦਰਜਾਬੰਦੀਆਂ ਨੂੰ ਭਾਰਤ ਦੀ ਸਰਕਾਰ ਦੇ ਮੰਤਰੀ ਕਦੇ ਮੰਨਦੇ ਹੀ ਨਹੀਂ, ਇਸ ਦਾ ਮਜ਼ਾਕ ਉਡਾਉਂਦੇ ਅਤੇ ਆਪਣੀ ਸਰਕਾਰ ਹੇਠ ਤਰੱਕੀ ਹੋਣ ਦੇ ਦਾਅਵੇ ਕਰਨ ਲੱਗੇ ਰਹਿੰਦੇ ਹਨ।

ਸਮਾਜ ਕਿੱਦਾਂ ਚੱਲਦਾ ਤੇ ਸਿਆਸਤ ਕਿੱਦਾਂ ਚੱਲਦੀ ਹੈ, ਉਸ ਦੇ ਦੋ ਪੱਖ ਲੋਕਾਂ ਸਾਹਮਣੇ ਆਉਂਦੇ ਪਏ ਹਨ। ਇੱਕ ਪੱਖ ਪੱਛਮੀ ਬੰਗਾਲ ਦੇ ਚੌਵੀ ਪਰਗਨਾ ਜ਼ਿਲ੍ਹੇ ਦੇ ਪਿੰਡ ਸੰਦੇਸ਼ਖਾਲੀ ਦਾ ਹੈ, ਜਿੱਥੇ ਸਿਆਸੀ ਸਰਪ੍ਰਸਤੀ ਵਾਲਾ ਇੱਕ ਗੁੰਡਾ ਆਮ ਲੋਕਾਂ ਵਿਰੁੱਧ ਹਰ ਕਿਸਮ ਦੀ ਗੁੰਡਾਗਰਦੀ ਕਰਦਾ ਰਿਹਾ ਅਤੇ ਦੁਖੀ ਹੋਏ ਲੋਕ ਉਸ ਵਿਰੁੱਧ ਬੋਲਣ ਦੀ ਜੁਰਅਤ ਨਹੀਂ ਸਨ ਕਰ ਸਕੇ। ਫਿਰ ਉਸ ਗੁੰਡਾਗਰਦੀ ਦਾ ਜਲੂਸ ਨਿਕਲਿਆ, ਉਸ ਦੀ ਗ੍ਰਿਫਤਾਰੀ ਹੋਈ ਤੇ ਓਥੋਂ ਵਾਲੀ ਸਰਕਾਰ ਚਲਾ ਰਹੀ ਤ੍ਰਿਣਮੂਲ ਕਾਂਗਰਸ ਦੇ ਅਕਸ ਦਾ ਮਾੜਾ ਪੱਖ ਵੀ ਲੋਕਾਂ ਸਾਹਮਣੇ ਆ ਗਿਆ। ਜਿੰਨੇ ਮਾੜੇ ਕੰਮ ਓਥੇ ਹੋਏ ਹਨ ਅਤੇ ਜਿੱਦਾਂ ਉਸ ਗੁੰਡੇ ਦੀ ਸਰਪ੍ਰਸਤੀ ਕੀਤੀ ਗਈ, ਉਸ ਬਾਰੇ ਕਿਸੇ ਤਰ੍ਹਾਂ ਦਾ ਲਿਹਾਜੂਪਣ ਕਿਸੇ ਨੂੰ ਨਹੀਂ ਵਿਖਾਉਣਾ ਚਾਹੀਦਾ। ਕੇਂਦਰ ਸਰਕਾਰ ਚਲਾਉਣ ਵਾਲਿਆਂ ਨੇ ਇਸ ਮੁੱਦੇ ਉੱਤੇ ਉਸ ਸਰਕਾਰ ਨੂੰ ਜਿੰਨੀ ਬੇਰਹਿਮੀ ਨਾਲ ਭੰਡਿਆ ਹੈ, ਉਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਦੂਸਰਾ ਪੱਖ ਹੈ ਕਿ ਉੱਤਰ-ਪੂਰਬ ਦੇ ਰਾਜ ਮਨੀਪੁਰ ਵਿੱਚ ਪਿਛਲੇ ਸਾਲ ਜਿਹੜੀ ਹਿੰਸਾ ਹੋਈ ਤੇ ਓਥੇ ਕਮਜ਼ੋਰ ਧਿਰ ਦੀਆਂ ਔਰਤਾਂ ਨਾਲ ਜੋ ਕੁਝ ਵਾਪਰਿਆ, ਉਸ ਦੀ ਚਰਚਾ ਬੰਦ ਹੋ ਗਈ ਜਾਪਦੀ ਹੈ। ਪਹਿਲਾਂ ਜਦੋਂ ਓਥੇ ਹਿੰਸਾ ਹੋਈ ਤਾਂ ਦੋ ਮਹੀਨੇ ਉਸ ਦੀ ਖਬਰ ਵੀ ਬਾਕੀ ਭਾਰਤੀ ਰਾਜਾਂ ਦੇ ਲੋਕਾਂ ਨੂੰ ਨਹੀਂ ਸੀ ਮਿਲੀ, ਪਰ ਆਦਿਵਾਸੀ ਔਰਤਾਂ ਨੂੰ ਨੰਗੀ ਹਾਲਤ ਵਿੱਚ ਘੁੰਮਾਏ ਜਾਣ ਅਤੇ ਕੈਮਰਿਆਂ ਮੂਹਰੇ ਉਨ੍ਹਾਂ ਦੇ ਨੰਗੇ ਸਰੀਰਾਂ ਨਾਲ ਛੇੜ-ਛਾੜ ਦੀਆਂ ਵੀਡੀਓ ਜਦੋਂ ਵਾਇਰਲ ਹੋਈਆਂ ਤਾਂ ਸਰਕਾਰ ਨਾਲੋਂ ਪਹਿਲਾਂ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਦਾ ਨੋਟਿਸ ਲਿਆ ਸੀ। ਇਸ ਮਗਰੋਂ ਕੇਂਦਰ ਸਰਕਾਰ ਦੇ ਮੁਖੀ ਦਾ ਇੱਕ ਬਿਆਨ ਆਇਆ, ਪਰ ਸਿਰਫ ਬਿਆਨ ਹੀ ਸੀ, ਖਾਸ ਕੁਝ ਕੀਤਾ ਨਹੀਂ ਗਿਆ ਤੇ ਜਬਰ ਦਾ ਸ਼ਿਕਾਰ ਭਾਈਚਾਰੇ ਦੇ ਲੋਕ ਅੱਜ ਤੱਕ ਕੈਂਪਾਂ ਵਿੱਚ ਬੈਠੇ ਨਰਕ ਦੀ ਜ਼ਿੰਦਗੀ ਭੁਗਤ ਰਹੇ ਹਨ। ਪਿਛਲੇ ਦਿਨੀਂ ਸੀ ਬੀ ਆਈ ਰਿਪੋਰਟ ਆਈ ਤਾਂ ਭੇਦ ਖੁੱਲ੍ਹਾ ਕਿ ਜਿਹੜੀਆਂ ਔਰਤਾਂ ਨਾਲ ਇਹ ਕੁਝ ਕੀਤਾ ਗਿਆ, ਉਹ ਪੁਲਸ ਕੋਲ ਸੁਰੱਖਿਆ ਮੰਗਣ ਗਈਆਂ ਸਨ ਅਤੇ ਅੱਗੋਂ ਪੁਲਸ ਵਾਲਿਆਂ ਹੀ ਉਨ੍ਹਾਂ ਵਿਚਾਰੀਆਂ ਨੂੰ ਦੋਸ਼ੀਆਂ ਦੇ ਹਵਾਲੇ ਕਰ ਦਿੱਤਾ ਸੀ। ਸਰਕਾਰ ਮਨੀਪੁਰ ਰਾਜ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਪਣੀ ਪਾਰਟੀ ਦੀ ਹੈ, ਪਰ ਉਨ੍ਹਾ ਨੂੰ ਇਸ ਹਿੰਸਾ ਬਾਰੇ ਕੁਝ ਬੋਲਣ ਦੀ ਲੋੜ ਹੀ ਨਹੀਂ ਜਾਪਦੀ। ਏਦਾਂ ਦੇ ਹੋਰ ਕਈ ਮਾਮਲੇ ਤੇ ਮਿਸਾਲਾਂ ਵੀ ਮੌਜੂਦ ਹਨ, ਪਰ ਭਾਰਤ ਦਾ ਕੌਮੀ ਮੀਡੀਆ ਇਸ ਤਰ੍ਹਾਂ ਦੇ ਸਾਰੇ ਮੁੱਦਿਆਂ ਬਾਰੇ ਚੁੱਪ ਜਿਹਾ ਰਹਿ ਕੇ ਸੰਤੁਸ਼ਟ ਹੈ।

ਜਦੋਂ ਦੇਸ਼ ਦਾ ਕੌਮੀ ਮੀਡੀਆ ਚੁੱਪ ਰਹਿ ਕੇ ਸੰਤੁਸ਼ਟ ਹੈ, ਕਿਉਂਕਿ ਉਹ ਹੁਕਮਾਂ ਦੀ ਇੱਕ ਲਛਮਣ-ਰੇਖਾ ਟੱਪਣ ਦੀ ਜੁਰਅਤ ਨਹੀਂ ਕਰ ਸਕਦਾ, ਆਮ ਲੋਕਾਂ ਨੂੰ ਓਦੋਂ ਵੀ ਸੂਚਨਾ ਤੋਂ ਵਾਂਝੇ ਨਹੀਂ ਰੱਖਿਆ ਜਾ ਸਕਦਾ। ਸੋਸ਼ਲ ਮੀਡੀਆ ਦਾ ਯੁੱਗ ਹੈ ਅਤੇ ਜਿਹੜੀ ਗੱਲ ਸਰਕਾਰਾਂ ਜਾਂ ਸਰਕਾਰਾਂ ਦੇ ਪੱਖ ਵਿੱਚ ਭੁਗਤਣ ਵਾਲਾ ਜਾਂ ਸਰਕਾਰ ਨਾਲ ਮਿਲੇ ਹੋਏ ਕੁਝ ਚੋਣਵੇਂ ਘਰਾਣਿਆਂ ਦੀ ਮਾਲਕੀ ਵਾਲਾ ਮੀਡੀਆ ਲੁਕਾਉਂਦਾ ਪਿਆ ਹੈ, ਉਹ ਸੱਚ ਸੋਸ਼ਲ ਮੀਡੀਆ ਆਮ ਲੋਕਾਂ ਨੂੰ ਨਾਲੋ-ਨਾਲ ਦੱਸੀ ਜਾ ਰਿਹਾ ਹੈ। ਇੱਕ ਦੌਰ ਏਹੋ ਜਿਹਾ ਆਇਆ ਸੀ, ਜਦੋਂ ਸਰਕਾਰੀ ਕੰਟਰੋਲ ਵਾਲੇ ਦੂਰਦਰਸ਼ਨ ਤੋਂ ਲੋਕਾਂ ਨੇ ਪਾਸਾ ਮੋੜਿਆ ਤੇ ਪ੍ਰਾਈਵੇਟ ਚੈਨਲ ਵੇਖਣ ਲੱਗੇ ਸਨ, ਕਿਉਂਕਿ ਇਹ ਚੈਨਲ ਇਹੋ ਜਿਹਾ ਕੁਝ ਵਿਖਾ ਸਕਦੇ ਸਨ, ਜਿਹੜਾ ਸਰਕਾਰੀ ਚੈਨਲ ਨਹੀਂ ਸੀ ਵਿਖਾਉਂਦੇ। ਅੱਜ ਓਦਾਂ ਦਾ ਇੱਕ ਹੋਰ ਪੜਾਅ ਆ ਗਿਆ ਜਾਪਦਾ ਹੈ, ਜਿਹੜਾ ਆਮ ਲੋਕਾਂ ਨੂੰ ਸਰਕਾਰੀ ਚੈਨਲਾਂ ਦੇ ਨਾਲ ਪ੍ਰਾਈਵੇਟ ਮੀਡੀਆ ਚੈਨਲਾਂ ਤੋਂ ਵੀ ਹਟਣ ਤੇ ਸੋਸ਼ਲ ਮੀਡੀਆ ਉੱਤੇ ਵੱਧ ਇਤਬਾਰ ਕਰਨ ਲਈ ਪ੍ਰੇਰਤ ਕਰਦਾ ਹੈ। ਸੋਸ਼ਲ ਮੀਡੀਆ ਵੀ ਸਾਰਾ ਇੱਕੋ ਜਿਹਾ ਨਹੀਂ, ਸਰਕਾਰਾਂ ਦੇ ਪੱਖ ਅਤੇ ਆਪਣੇ ਵਿਸ਼ੇਸ਼ ਹਿੱਤਾਂ ਨੂੰ ਅੱਗੇ ਰੱਖ ਕੇ ਚੱਲਣ ਵਾਲੇ ਬਹੁਤ ਸਾਰੇ ਲੋਕ ਵੀ ਇਸ ਵਿੱਚ ਸਰਗਰਮ ਹਨ, ਪਰ ਬਹੁਤਾ ਚਿਰ ਉਨ੍ਹਾਂ ਦੇ ਬਾਰੇ ਚਰਚਾ ਨਹੀਂ ਰਹਿੰਦੀ, ਹੌਲੀ-ਹੌਲੀ ਆਮ ਲੋਕ ਜਦੋਂ ਉਨ੍ਹਾਂ ਨੂੰ ਵੇਖਣ ਤੋਂ ਹਟਣ ਲੱਗਦੇ ਹਨ ਤਾਂ ਉਨ੍ਹਾਂ ਚੈਨਲਾਂ ਦੇ ਮਾਲਕ ਇੱਕ ਚੈਨਲ ਬੰਦ ਕਰ ਕੇ ਝਟਪਟ ਨਵੇਂ ਨਾਂਅ ਵਾਲਾ ਇੱਕ ਹੋਰ ਚੈਨਲ ਲੋਕਾਂ ਅੱਗੇ ਪਰੋਸ ਦੇਂਦੇ ਹਨ।

ਏਨੇ ਕੁਝ ਦੇ ਬਾਵਜੂਦ ਸਰਕਾਰ ਚਲਾ ਰਹੇ ਗੱਠਜੋੜ ਅਤੇ ਇਸ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਦੇ ਪੱਖ ਵਿੱਚ ਜਿਹੋ ਜਿਹੀ ਲਹਿਰ ਉਹ ਬਣਾਉਣਾ ਚਾਹੁੰਦੇ ਸਨ, ਉਹ ਬਣਦੀ ਨਹੀਂ ਜਾਪਦੀ। ਉਲਟਾ ਇਸ ਗੱਠਜੋੜ ਵਿਰੁੱਧ ਲੜਨ ਵਾਲੀ ਧਿਰ, ਆਪਣੀਆਂ ਸੌ ਕਮੀਆਂ ਤੇ ਆਪਸੀ ਖਹਿਬੜਾਂ ਦੇ ਬਾਵਜੂਦ ਆਪੋ-ਆਪਣੇ ਰਾਜਾਂ ਵਿੱਚ ਮੁਕਾਬਲੇ ਦੇ ਪੱਖੋਂ ਉਭਾਰ ਦੇ ਸੰਕੇਤ ਦੇਣ ਲੱਗੀ ਹੈ। ਆਮ ਲੋਕਾਂ ਵਿੱਚ ਪੈਂਦੇ ਇਸ ਪ੍ਰਭਾਵ ਮਗਰੋਂ ਰਾਜ ਕਰਦੇ ਗੱਠਜੋੜ ਦੇ ਅਗਵਾਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਟੀਮ ਦੇ ਹੋਰ ਲੀਡਰ ਇੱਕਦਮ ਉਹ ਫਿਰਕੂ ਪੱਤਾ ਇਤਿਹਾਸ ਦੇ ਕਿਸੇ ਵੀ ਹੋਰ ਦੌਰ ਤੋਂ ਵੱਧ ਉਕਸਾਊ ਢੰਗ ਨਾਲ ਵਰਤਦੇ ਦਿੱਸਣ ਲੱਗੇ ਹਨ। ਇਸ ਤਰ੍ਹਾਂ ਕਰਨ ਪਿੱਛੇ ਬਿਨਾਂ ਸ਼ੱਕ ਉਨ੍ਹਾਂ ਦਾ ਮਕਸਦ ਇੱਕ ਹੋਰ ਚੋਣ ਜਿੱਤ ਸਕਣਾ ਤੇ ਇੱਕ ਵਾਰੀ ਹੋਰ ਰਾਜ ਕਰਨ ਦਾ ਸੁਫਨਾ ਪੂਰਾ ਕਰਨਾ ਹੋਵੇ, ਪਰ ਇਸ ਨਾਲ ਉਹ ਇਸ ਦੇਸ਼ ਨੂੰ ਕਿਸੇ ਅੰਨ੍ਹੀ ਗਲ਼ੀ ਵਿੱਚ ਵੀ ਫਸਾ ਸਕਦੇ ਹਨ, ਜਿੱਥੋਂ ਨਿਕਲਣਾ ਫਿਰ ਸੌਖਾ ਨਹੀਂ ਰਹਿ ਜਾਣਾ।

### ਮਾਰਕਸ ਅਤੇ ਕੁਦਰਤ

# ਬਹੁਤ ਪਹਿਲਾਂ ਹੀ ਕਹਿ ਗਿਆ ਸੀ ਉਹ...

### ਵਿਜੈ ਬੰਬੇਲੀ

ਮਾਰਕਸ ਦੀ ਸਰਮਾਏਦਾਰੀ ਅਰਥਚਾਰੇ ਬਾਰੇ ਕੀਤੀ ਗਈ ਖੋਜ ਨਾਲੋਂ ਵੱਧ ਮਹੱਤਵਪੂਰਨ ਉਸ ਦੀ ਦਰਸ਼ਨ (ਫਿਲਾਸਫੀ ) ਦੇ ਖੇਤਰ 'ਚ ਕੀਤੀ ਖੋਜ ਹੈ। ਖੂਬਸੂਰਤ ਗੱਲ ਇਹ ਹੈ ਕਿ ਮਾਰਕਸ ਦੀ ਸਰਮਾਏਦਾਰੀ ਆਰਥਿਕਤਾ ਬਾਰੇ ਕੀਤੀ ਗਈ ਖੋਜ ਵੀ ਉਸ ਦੀ ਦਰਸ਼ਨ ਦੇ ਖੇਤਰ ਵਿੱਚ ਕੀਤੀ ਗਈ ਖੋਜ ਦੀ ਪੁਸ਼ਟੀ ਲਈ ਹੀ ਸੀ, ਪਰ ਇਸ ਦੇ ਬਾਵਜੂਦ ਉਸ ਦੀ ਫਿਲਾਸਫੀ ਦੇ ਬਹੁਤੇ ਪੱਖ ਅਣਗੌਲੇ ਹੀ ਰਹਿ ਗਏ ਅਤੇ ਸਭ ਤੋਂ ਅਣਗੌਲਿਆ ਪੱਖ ਉਸ ਦੀ ਮਨੁੱਖ ਦੇ ਕੁਦਰਤ ਨਾਲ ਰਿਸ਼ਤੇ ਬਾਰੇ ਕੀਤੀ ਗਈ ਵਿਆਖਿਆ ਹੈ।

ਆਪਣੇ 'ਆਰਥਿਕ ਤੇ ਦਾਰਸ਼ਨਿਕ ਖਰੜੇ' (1844) 'ਚ ਮਾਰਕਸ ਨੇ ਕਿਹਾ ਸੀ, "ਜਦੋਂ ਤੁਸੀਂ ਮੈਨੂੰ ਕੁਦਰਤ ਅਤੇ ਮਨੁੱਖ ਦੀ ਰਚਨਾ ਬਾਰੇ ਪੁੱਛਦੇ ਹੋ ਤਾਂ ਤੁਸੀਂ ਮਨੁੱਖ ਅਤੇ ਕੁਦਰਤ ਦੇ ਆਪਸੀ ਰਿਸ਼ਤੇ ਨੂੰ ਤੋੜ ਦਿੰਦੇ ਹੋ। ਤੁਸੀਂ ਮਨੁੱਖ ਦੀ ਜ਼ਿੰਦਾ, ਪਰ ਕੁਦਰਤ ਦੀ ਨਿਰਜੀਵ ਹੋਂਦ ਵਜੋਂ ਧਾਰਨਾ ਬਣਾਉਂਦੇ ਹੋ, ਇਹ ਸਹੀ ਨਹੀਂ। ਦੋਵੇਂ ਜ਼ਿੰਦਾ ਹਨ ਅਤੇ ਇੱਕ-ਦੂਜੇ ਦੇ ਪੂਰਕ ਹਨ। ਸਗੋਂ, ਮਨੁੱਖ ਤਾਂ ਹੈ ਹੀ ਕੁਦਰਤ ਦੀ ਪੈਦਾਵਾਰ ਅਤੇ ਉਸ ਉੱਤੇ ਨਿਰਭਰ। ਕੁਦਰਤ ਰਹੀ ਤਾਂ ਮਨੁੱਖ ਰਹੇਗਾ। ਫਿਰ ਵੀ, ਜੇ ਤੁਸੀਂ 'ਮਨੁੱਖ ਅਤੇ ਕੁਦਰਤ ਦੇ ਨਿਰਜੀਵ ਰਿਸ਼ਤੇ' ਬਾਰੇ ਬਜ਼ਿੱਦ ਹੋ ਤਾਂ ਤੁਸੀਂ ਆਪਣੀ ਹੋਂਦ ਵੀ ਨਿਰਜੀਵ ਹੀ ਤਸੱਵਰ ਕਰੋ। ਦਰਅਸਲ, ਤੁਹਾਡਾ ਸਵਾਲ ਹੀ ਹੰਕਾਰੀ ਹੈ, ਅਰਥਾਤ, ਤੁਸੀਂ ਸਰਬੱਤ ਨੂੰ ਕੁਝ ਨਹੀਂ ਸਮਝਦੇ, ਸਿਰਫ ਆਪਣੀ ਹਸਤੀ ਨੂੰ ਹੀ ਮੰਨਦੇ ਹੋ।"

ਉਸ ਮੁਤਾਬਕ "ਸਮਾਜਵਾਦੀ ਮਨੁੱਖ ਲਈ ਸੰਸਾਰ ਦਾ ਸਮੁੱਚਾ, ਅਖੌਤੀ, ਇਤਿਹਾਸ ਹੋਰ ਕੁਝ ਨਹੀਂ, ਸਗੋਂ ਮਨੁੱਖੀ ਕਿਰਤ ਰਾਹੀਂ ਅਜੋਕੇ ਮਨੁੱਖ ਦੀ ਸਿਰਜਣਾ ਹੈ। ਅਸਲ ਵਿਚ ਮਨੁੱਖ ਕੋਲ ਆਪਣੇ ਜਨਮ ਰਾਹੀਂ, ਅਰਥਾਤ; ਕੁਦਰਤੀ ਕਿਰਿਆ-ਪ੍ਰਕਿਰਿਆ ਰਾਹੀਂ ਆਪਣੀ ਉਤਪਤੀ ਦਾ ਨਾ ਝੁਠਲਾਇਆ ਜਾ ਸਕਣ ਵਾਲਾ ਸਬੂਤ ਹੈ ਕਿ ਮਨੁੱਖ ਕੁਦਰਤ ਦੀ ਬੇਹਤਰੀਨ ਪੈਦਾਵਾਰ ਹੈ। ਮਨੁੱਖ ਲਈ 'ਕੁਦਰਤ ਦੀ ਸਾਵੀਂ ਹੋਂਦ ਵਜੋਂ ਮਨੁੱਖ' ਅਤੇ 'ਮਨੁੱਖ ਦੀ ਸਹਿਹੋਂਦ ਵਜੋਂ ਕੁਦਰਤ' ਪ੍ਰਤੱਖ ਹੋ ਰਹੀ ਹੈ। ਦੋਹਾਂ ਦਾ ਕਿਸੇ ਵੱਖਰੀ ਹੋਂਦ ਦਾ ਸਵਾਲ ਅਮਲ ਵਿਚ ਹੀ ਅਸੰਭਵ ਹੈ।"

ਉਸ ਲਿਖਿਆ, 'ਦਰ-ਹਕੀਕਤ, ਮਨੁੱਖੀ ਸਰੀਰ ਕੁਦਰਤ ਦਾ ਅਨਿਖੜਵਾਂ ਅੰਗ ਹੈ ਅਤੇ ਮਨੁੱਖ ਕੁਦਰਤ 'ਤੇ ਮੁਨੱਸਰ ਹੈ। ਅਰਥਾਤ, ਕੁਦਰਤ ਮਨੁੱਖ ਦੇ ਸਰੀਰ ਅੰਦਰ ਵਸੇਂਦੀ ਹੈ ਅਤੇ ਜਿਉਂਦੇ ਰਹਿਣ ਲਈ ਮਨੁੱਖ ਕੁਦਰਤ ਨਾਲ ਨਿਰੰਤਰ ਲੈਣ-ਦੇਣ ਕਰਦਾ ਹੈ।' ਮੁੱਕਦੀ ਗੱਲ, ਮਨੁੱਖ ਦੀ ਪਦਾਰਥਿਕ ਤੇ ਰੂਹਾਨੀ ਜ਼ਿੰਦਗੀ ਕੁਦਰਤ ਨਾਲ ਅੰਤਰ-ਸੰਬੰਧਤ ਹੈ। ਕੁਦਰਤ ਦਾ 'ਖੁਦ' ਨਾਲ ਰਿਸ਼ਤਾ ਹੈ, ਭਾਵ ਕੁਦਰਤ ਦੀ ਨਿਆਈਂ ਹੀ ਮਨੁੱਖ ਹੈ।

ਉਹ ਬੋਲਿਆ, "ਸਾਰੀਆਂ ਫਿਲਾਸਫੀਆਂ, ਖਾਸ ਕਰਕੇ ਅਜੋਕੀ ਫਿਲਾਸਫੀ ਦਾ ਬੁਨਿਆਦੀ ਸਵਾਲ ਸੋਚ ਅਤੇ ਹੋਂਦ ਦੇ ਰਿਸ਼ਤੇ ਦਾ ਹੈ ਅਤੇ ਜੇ ਇਸ ਨੂੰ ਹੋਰ ਸਪੱਸ਼ਟ ਕੀਤਾ ਜਾਵੇ ਤਾਂ ਚੇਤਨਾ ਅਤੇ ਮਾਦੇ ਦਾ ਹੈ। ਇਸ ਸਵਾਲ ਦਾ ਬੁਨਿਆਦੀ ਜਵਾਬ ਸਾਰੇ ਫਿਲਾਸਫਰਾਂ ਨੂੰ ਦੋ ਹਿੱਸਿਆ ਵਿਚ ਵੰਡ ਦਿੰਦਾ ਹੈ। ਜਿਹੜੇ ਕੁਦਰਤ ਦੇ ਮੁਕਾਬਲੇ ਚੇਤਨਾ ਨੂੰ ਪਹਿਲ ਦਿੰਦੇ ਹਨ ਅਤੇ ਇਕ ਜਾਂ ਦੂਜੇ ਢੰਗ ਨਾਲ ਸੰਸਾਰ ਨੂੰ ਉਸ ਦੀ ਰਚਨਾ ਸਮਝਦੇ ਹਨ, ਉਹ ਸਾਰੇ ਆਦਰਸ਼ਵਾਦ ਦੇ ਘੇਰੇ ਵਿਚ ਆਉਂਦੇ ਹਨ ਅਤੇ ਜਿਹੜੇ ਕੁਦਰਤ ਨੂੰ ਪਹਿਲ ਦਿੰਦੇ ਹਨ ਅਤੇ 'ਕੁਦਰਤ ਸਰਬ-ਉੱਚ' ਮੰਨਦੇ ਹਨ ਉਹ ਸਾਰੇ ਅੱਡ-ਅੱਡ ਪਦਾਰਥਵਾਦੀ ਦੇ ਘੇਰਿਆਂ ਵਿਚ ਸ਼ੁਮਾਰ ਹੁੰਦੇ ਹਨ।"

ਮਾਰਕਸ ਨੇ ਉਦੋਂ ਕਿਹਾ ਸੀ: 'ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਇਹੋ ਜਿਹੀਆਂ ਬਾਹਰ-ਮੁਖੀ ਹਾਲਤਾਂ ਪੈਦਾ ਹੋਈਆਂ ਹਨ, ਜਦੋਂ ਮਨੁੱਖ ਸੁਚੇਤ ਰੂਪ 'ਚ ਜ਼ਿੰਦਗੀ ਜਿਊਣ ਦੇ ਕਾਬਿਲ ਹੋਇਆ ਹੈ। ਹੁਣ ਤੱਕ ਮਨੁੱਖ ਕੁਦਰਤ ਅਤੇ ਆਪਣੇ ਆਲੇ-ਦੁਆਲੇ ਦੀਆਂ ਤਾਕਤਾਂ ਦਾ ਗੁਲਾਮ ਬਣ ਕੇ ਅਚੇਤ ਰੂਪ ਵਿੱਚ ਜਿਊਂਦਾ ਆ ਰਿਹਾ ਹੈ, ਪ੍ਰੰਤੂ ਭਵਿੱਖ ਵਿੱਚ ਮਨੁੱਖ ਸੁਚੇਤ ਤੌਰ 'ਤੇ ਅਤੇ ਸਮੂਹਿਕ ਰੂਪ ਵਿੱਚ ਇਨ੍ਹਾਂ ਹਾਲਤਾਂ ਨੂੰ ਬਦਲ ਕੇ ਕੁਦਰਤ ਨਾਲ ਆਪਣੇ ਸਿੱਧੇ ਰਿਸ਼ਤੇ ਅਤੇ ਆਪਣੀਆਂ ਕੁਦਰਤੀ (ਪਦਾਰਥਕ ਤੇ ਜਿਸਮਾਨੀ) ਲੋੜਾਂ, ਹਿੱਤਾਂ ਅਤੇ ਸਮਰਥਾਵਾਂ ਤੋਂ ਜਾਣੂੰ ਹੋ ਕੇ ਸਾਲਮ ਮਨੁੱਖੀ ਤੇ ਸਮਾਜੀ ਹਸਤੀ ਬਣ ਕੇ ਜ਼ਿੰਦਗੀ (ਕੁਦਰਤ) ਦੀ ਖੂਬਸੂਰਤੀ ਨੂੰ ਮਾਨਣ ਦੇ ਯੋਗ ਹੋਵੇਗਾ।'

ਪਰ, ਮਾਰਕਸ ਨੇ ਇਹ ਵੀ ਚਿਤਾਰ ਦਿੱਤਾ ਸੀ:

'ਮਨੁੱਖ ਦੀ ਅਸਲੀ ਆਜ਼ਾਦੀ ਦਾ ਦੌਰ ਸਿਰਫ਼ ਉਦੋਂ ਹੀ ਆਰੰਭ ਹੋਵੇਗਾ, ਜਦੋਂ ਕਿਰਤ ਦਾ ਫ਼ੈਸਲਾ ਮਨੁੱਖੀ ਲੋੜਾਂ ਅਤੇ ਪਦਾਰਥਕ ਥੁੜ੍ਹਾਂ ਨਹੀਂ ਕਰਨਗੀਆਂ। ਭਾਵ ਜਦੋਂ ਵਸਤਾਂ ਦੀ ਪੈਦਾਵਾਰ ਵੇਚਣ ਅਤੇ ਖ਼ਰੀਦਣ, ਯਾਨਿ ਲਾਹਾ ਖੱਟਣ ਦੇ ਲਈ ਨਹੀਂ, ਸਗੋਂ ਹਕੀਕੀ ਮਨੁੱਖ ਦੀ ਪੂਰਤੀ ਅਤੇ ਨਸਲ ਚਲਦੀ ਰੱਖਣ ਲਈ ਹੋਵੇਗੀ।(ਇਸ ਦਾ ਦੋ-ਹਰਫੀ ਅਰਥ ਇਹ ਹੈ ਕਿ ਪੈਦਾਵਾਰ ਦੇ ਸਾਰੇ ਸਾਧਨ ਅਤੇ ਤਾ-ਕੁਦਰਤੀ ਸੋਮੇ ਮੁੱਠੀਭਰ ਧਨ-ਕੁਬੇਰਾਂ ਅਤੇ ਹਾਕਮ-ਜਮਾਤਾਂ ਦੇ ਨਹੀਂ, ਸਗੋਂ ਸਮੁੱਚੀ ਮਨੁੱਖੀ ਅਤੇ ਜੀਵੀ ਨਸਲ ਅਰਥਾਤ ਤਾ-ਧਰਤੀ ਦੀ ਸਾਂਝੀ, ਅਰਥਾਤ ਸਮੂਹਿਕ ਮਲਕੀਅਤ ਹੋਣਗੇ।) ਅਤੇ ਇਹ ਆਜ਼ਾਦੀ ਪੈਦਾਵਾਰ ਨਾਲ ਹਕੀਕੀ ਰੂਪ ਵਿੱਚ ਜੁੜਿਆ ਮਨੁੱਖ ਹੀ ਮਾਣ ਸਕੇਗਾ, ਜਿਹੜਾ ਕੁਦਰਤ ਨਾਲ ਆਪਣੇ ਤਾਲਮੇਲ ਨੂੰ ਤਰਕਸ਼ੀਲ ਅਤੇ ਕੁਦਰਤੀ ਨਿਆਂ-ਯੁਕਤ ਢੰਗ ਨਾਲ ਇੱਕਸੁਰ ਕਰਦਾ ਹੋਇਆ ਕੁਦਰਤ ਦੇ ਸਾਵੇਂਪਣ ਤੇ ਕੁਦਰਤ (ਅਤੇ ਧਰਤੀ) ਨੂੰ ਅਣਡਿੱਠ ਨਹੀਂ ਕਰੇਗਾ।'

*—ਸੰਪਰਕ 94634-39075*

# ਦਾਗਦਾਰ ਹੁੰਦੀ ਜਾ ਰਹੀ ਲੋਕਤੰਤਰੀ ਚੋਣ ਪ੍ਰਣਾਲੀ

### ਲੋਕਾਂ ਦੀ ਗੱਲ

### ਹਰਜਿੰਦਰ ਸਿੰਘ ਅਟਵਾਲ (ਡਾ.)

ਭਾਰਤ ਕੋਲ ਇਕ ਲਿਖਤੀ ਅਤੇ ਸ਼ਕਤੀਸ਼ਾਲੀ ਸੰਵਿਧਾਨ ਹੈ, ਜਿਸ ਅਨੁਸਾਰ ਇੱਥੇ ਲੋਕਤੰਤਰੀ ਢੰਗ ਨਾਲ ਕੇਂਦਰ ਅਤੇ ਸੂਬਿਆਂ ਵਿਚ ਸਰਕਾਰਾਂ ਦੀ ਚੋਣ ਕਰਨ ਲਈ ਇਕ ਵਿਵਸਥਾ ਬਣਾਈ ਗਈ ਹੈ। ਸੰਵਿਧਾਨ ਵਿਚ ਸਮੇਂ, ਲੋੜ ਅਤੇ ਕਈ ਵਾਰੀ ਨਿੱਜੀ ਮੁਫਾਦ ਲਈ ਕੁਝ ਸੋਧਾਂ ਕੀਤੀਆਂ ਜਾਂਦੀਆਂ ਰਹੀਆਂ, ਜਿਨ੍ਹਾਂ ਵਿਚੋਂ ਕੁਝ ਇਕ ਨੂੰ ਬਾਅਦ ਦੀਆਂ ਸਰਕਾਰਾਂ ਨੇ ਰੱਦ ਵੀ ਕੀਤਾ ਅਤੇ ਕੁਝ ਸੋਧਾਂ ਕਾਇਮ ਰਹੀਆਂ। ਇਸ ਲੋਕਤੰਤਰੀ ਚੋਣ ਅਮਲ ਵਿਚ ਕੇਂਦਰ ਅਤੇ ਸੂਬਿਆਂ ਵਿਚ ਹਰ ਪੰਜ ਸਾਲ ਬਾਅਦ ਵੋਟਰਾਂ ਵੱਲੋਂ ਆਪਣੇ ਪ੍ਰਤੀਨਿਧ ਦੀ ਚੋਣ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਪੰਜ ਸਾਲ ਲੋਕਾਂ ਦੀਆਂ ਲੋੜਾਂ ਅਤੇ ਇਛਾਵਾਂ ਅਨੁਸਾਰ ਕੰਮ ਕਰਨਾ ਹੁੰਦਾ ਹੈ। ਲੋਕ ਪ੍ਰਤੀਨਿਧਾਂ ਦੇ ਇਸ ਚੋਣ ਅਮਲ ਵਿਚ ਕੇਂਦਰ ਜਾਂ ਸੂਬਿਆਂ ਦੀ ਸਰਕਾਰ ਚਲਾ ਰਹੀਆਂ ਪਾਰਟੀਆਂ ਦਾ ਦਖਲ ਨਹੀਂ ਹੋਣ ਦੀ ਗੱਲ ਸੰਵਿਧਾਨ ਵਿਚ ਤਾਂ ਕਹੀ ਗਈ ਹੈ, ਜੋ ਇਸ ਚੋਣ ਪ੍ਰਕਿਰਿਆ ਦੇ ਪਹਿਲੇ ਸਾਲਾਂ ਵਿਚ ਦਖਲ ਨਹੀਂ ਹੋਇਆ ਜਾਂ ਅਸਿੱਧੇ ਜਾਂ ਲੁਕਵੇਂ ਢੰਗ ਨਾਲ ਕਿਤੇ-ਕਿਤੇ ਦੇਖਣ-ਸੁਣਨ ਨੂੰ ਮਿਲਦਾ ਸੀ, ਪਰ ਜਿਸ ਤਰ੍ਹਾਂ ਦੀ ਸਰਕਾਰੀ ਦਖਲਅੰਦਾਜ਼ੀ ਇਸ ਚੋਣ ਸਮੇਂ ਨਜ਼ਰ ਆ ਰਹੀ ਹੈ, ਇਹ ਘਾਤਕ ਹੋਣ ਕਰਕੇ ਚਿੰਤਾ ਵਾਲੀ ਵੀ ਬਣਦੀ ਜਾ ਰਹੀ ਹੈ। ਕੀ ਲੋਕਤੰਤਰੀ ਢੰਗ-ਤਰੀਕੇ ਨਾਲ ਚੋਣ ਹੋ ਵੀ ਰਹੀ ਹੈ? ਇਹੀ ਸੁਆਲ ਆਮ ਬੰਦੇ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਅਤੇ ਅਜਿਹੇ ਧੁੰਦਲਕੇ ਦੀ ਸਥਿਤੀ ਵਿਚ ਆਪਣੇ ਆਪ ਨੂੰ ਫਸਿਆ ਅਤੇ ਬੇਬੱਸ ਮਹਿਸੂਸ ਕਰ ਰਿਹਾ ਹੈ। ਆਪਣੇ ਪਹਿਲੇ ਲੇਖਾਂ ਵਿਚ ਅਸੀਂ ਕੇਂਦਰ ਦੀ ਹਾਕਮ ਜਮਾਤ ਵੱਲੋਂ ਸਰਕਾਰੀ ਅਦਾਰਿਆਂ ਨੂੰ ਆਪਣੇ ਚੋਣ ਜਿੱਤਣ ਦੇ ਮਨੋਰਥ ਲਈ ਇਸਤੇਮਾਲ ਕਰਨ ਦੀ ਗੱਲ ਕਰ ਚੁੱਕੇ ਹਾਂ ਕਿ ਕਿਵੇਂ ਉਹ ਡਰ ਜਾਂ ਦਬਾਅ ਬਣਾ ਕੇ ਸਾਰਿਆਂ ਲਈ ਇਹ ਚੋਣ ਮੈਦਾਨ ਇਕਸਾਰ (ਲੈਵਲ ਪਲੇਇੰਗ ਫੀਲਡ) ਨਹੀਂ ਰਹਿਣ ਦੇ ਰਹੀ।

ਹੁਣ ਇਸ ਚੋਣ ਪ੍ਰਕਿਰਿਆ ਨੂੰ ਦਾਗ਼ਦਾਰ ਕਰਨ ਲਈ ਇਕ ਅਨੋਖਾ ਅਤੇ ਲੋਕਤੰਤਰ ਲਈ ਘਾਤਕ ਰਾਹ ਅਖਤਿਆਰ ਕਰ ਰਹੀ ਕੇਂਦਰੀ ਹਾਕਮਾਂ ਦੀ ਜਮਾਤ ਨਜ਼ਰ ਆ ਰਹੀ ਹੈ। ਪਹਿਲੀ ਮਿਸਾਲ ਮੱਧ ਪ੍ਰਦੇਸ਼ ਦੇ ਖੁਜ਼ਰਾਹੋ ਲੋਕ ਸਭਾ ਹਲਕੇ ਦੀ ਹੈ, ਜਿੱਥੇ ਚੋਣ ਅਧਿਕਾਰੀ ਵੱਲੋਂ ਸਮਾਜਵਾਦੀ ਪਾਰਟੀ ਦੀ ਉਮੀਦਵਾਰ ਦੇ ਕਾਗਜ਼ ਰੱਦ ਕਰ ਦਿੱਤੇ ਜਾਂਦੇ ਹਨ, ਜਿਸ ਨਾਲ ਕੇਂਦਰ ਅਤੇ ਸੂਬਾ ਸਰਕਾਰ ਵਿਚ ਹਾਕਮ ਧਿਰ ਦੇ ਉਮੀਦਵਾਰ ਦਾ ਮੁਕਾਬਲਾ ਕਿਸੇ ਵੱਡੇ ਰਾਜਸੀ ਦਲ ਨਾਲ ਰਹਿ ਨਹੀਂ ਗਿਆ, ਕਿਉਂਕਿ ਜੋ ਉਹ ਸੀਟ ਕਾਂਗਰਸ ਵੱਲੋਂ ਸਮਾਜਵਾਦੀ ਪਾਰਟੀ ਲਈ ਛੱਡੀ ਗਈ ਸੀ। ਲੋਕ ਸਭਾ ਦੇ ਹਰ ਚੋਣ ਖੇਤਰ ਵਿਚ 15 ਤੋਂ 20 ਲੱਖ ਵੋਟਰਾਂ ਨੇ ਆਪਣੇ ਮੱਤ ਦਾ ਪ੍ਰਯੋਗ ਕਰਨਾ ਹੁੰਦਾ ਹੈ ਪਰ ਇਸ ਚੋਣ ਖੇਤਰ ਦੇ ਲੱਖਾਂ ਵੋਟਰਾਂ ਕੋਲ ਚੋਣ ਕਰਨ ਲਈ ਬਹੁਤਾ ਬਦਲ ਬਚਿਆ ਨਹੀਂ, ਸਗੋਂ ਉਹ ਠੱਗੇ-ਠੱਗੇ ਮਹਿਸੂਸ ਕਰ ਰਹੇ ਹਨ। ਉਧਰ ਗੁਜਰਾਤ ਦੇ ਸੂਰਤ ਲੋਕ ਸਭਾ ਹਲਕੇ ਦੇ ਲੱਖਾਂ ਲੋਕਾਂ ਨਾਲ ਤਾਂ ਹੋਰ ਵੀ ਵੱਡੀ ਠੱਗੀ ਹੋਈ ਹੈ। ਕਾਂਗਰਸ ਪਾਰਟੀ ਦੇ ਉਮੀਦਵਾਰ ਦੇ ਕਾਗਜ਼ ਰੱਦ ਹੋ ਗਏ ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਉਸ ਨੇ ਦਬਾਅ, ਡਰ ਜਾਂ ਲਾਲਚਵਸ ਰੱਦ ਕਰਵਾ ਲਏ। ਉਹ ਉਮੀਦਵਾਰ ਕੁਝ ਦਿਨਾਂ ਬਾਅਦ ਹਾਕਮੀ ਧਿਰ ਨਾਲ ਜਾ ਜੁੜਦਾ ਹੈ, ਜਿਸ ਨਾਲ ਹਾਕਮੀ ਧਿਰ ਦੀ ਇਸ ਖੇਡ ਵਿਚ ਹੋ ਰਹੀ ਦਖਲ-ਅੰਦਾਜ਼ੀ ਜੱਗ ਜ਼ਾਹਿਰ ਹੋ ਜਾਂਦੀ ਹੈ। ਤੀਜੀ ਉਦਾਹਰਣ ਭਾਰਤ ਦੇ ਸਭ ਤੋਂ ਸਾਫ-ਸੁਥਰੇ ਸ਼ਹਿਰ ਇੰਦੌਰ ਦੀ ਹੈ, ਜਿਥੇ ਕਾਂਗਰਸ ਪਾਰਟੀ ਦੀ ਉਮੀਦਵਾਰ ਦੇ ਕਾਗਜ਼ ਵਾਪਸ ਲੈਣ ਸਮੇਂ ਹਾਕਮ ਪਾਰਟੀ ਦੇ ਕਾਰਕੁੰਨ ਉਸ ਦੇ ਬਗਲਗੀਰ ਹੋਣ ਤੱਕ ਦੀ ਬੇਸ਼ਰਮੀ ਵਾਲੀ ਹਰਕਤ ਕਰਦੇ ਦੇਖੇ ਗਏ, ਸੂਰਤ ਵਾਲਾ ਉਮੀਦਵਾਰ ਤਾਂ ਹਾਕਮੀ ਪਟਾ ਗ਼ਲ ਵਿਚ ਪਵਾਉਣ ਲਈ ਦੋ-ਚਾਰ ਦਿਨ ਦੀ ਉਡੀਕ ਕਰਦਾ ਹੈ, ਪਰ ਇੰਦੌਰ ਵਾਲਾ ਤਾਂ ਤੱਤੇ ਘਾਹ ਹੀ ਹਾਕਮੀ ਧਿਰ ਨਾਲ ਜਾ ਖੜ੍ਹਦਾ ਹੈ। ਜੇ ਲੋਕਤੰਤਰ ਵਿਚ ਅਜਿਹਾ ਹੀ ਹੋਣਾ ਵਾਪਰਨਾ ਹੈ ਤਾਂ ਇਹ ਲੱਗ ਰਹੇ ਜਾਂ ਬਾਅਦ ਵਿਚ ਲੱਗਣ ਵਾਲੇ ਬਦਨੁਮਾ ਦਾਗ਼ ਲੋਕਤੰਤਰ ਦੀ ਚਿੱਟੀ ਚਾਦਰ 'ਤੇ ਹੋਰ ਗੂੜ੍ਹੇ ਹੁੰਦੇ ਰਹਿਣ ਦਾ ਖਦਸ਼ਾ ਬਣਿਆ ਰਹੇਗਾ। ਇਹ ਖਦਸ਼ਾ ਸਾਨੂੰ ਪ੍ਰੇਸ਼ਾਨ ਤਾਂ ਕਰਦਾ ਹੈ, ਪਰ ਉਕਸਾਅ ਪਤਾ ਨਹੀਂ ਕਿਉਂ ਨਹੀਂ ਰਿਹਾ? ਲਿਖਣ-ਬੋਲਣ ਵਿਚ ਇਸ ਦਾ ਜ਼ੋਰਦਾਰ ਵਿਰੋਧ ਕਰਨਾ ਬਣਦਾ ਸੀ, ਪਰ ਨਹੀਂ ਹੋ ਰਿਹਾ। ਉਂਜ ਇਹ ਘਟਨਾਵਾਂ ਅੰਤਿਮ ਨਹੀਂ ਹੋਣਗੀਆਂ, ਜੇ ਲੋਕ ਚੁੱਪ ਰਹੇ।

ਉਂਝ ਇਹ ਘਟਨਾਵਾਂ ਪਹਿਲੀ ਵਾਰ ਨਹੀਂ ਵਾਪਰ ਰਹੀਆਂ, ਪਰ ਲੋਕ ਸਭਾ ਜਾਂ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਅਜਿਹਾ ਨਹੀਂ ਸੀ ਵਾਪਰਦਾ। ਸਥਾਨਕ ਸਰਕਾਰਾਂ ਦੀਆਂ ਚੋਣਾਂ ਵਿਚ, ਪੰਚਾਇਤਾਂ ਅਤੇ ਮਿਊਂਸਪਲ ਚੋਣਾਂ ਵਿਚ ਅਜਿਹਾ ਪਿਛਲੇ ਕੁਝ ਸਮੇਂ ਤੋਂ ਹੁੰਦਾ ਆ ਰਿਹਾ ਸੀ। ਕਿਸੇ ਵੀ ਸੂਬੇ ਦੀ ਹਾਕਮ ਧਿਰ ਆਪਣੇ ਵਿਰੋਧੀਆਂ ਨੂੰ ਕਾਗਜ਼ ਦਾਖ਼ਲ ਕਰਨ ਤੋਂ ਰੋਕਦੀ ਵੀ ਰਹੀ, ਕਾਗਜ਼ ਦਾਖਲ ਹੋਣ ਉਪਰੰਤ ਕਾਗਜ਼ ਰੱਦ ਕਰਵਾਉਣ ਲਈ ਸਰਕਾਰੀ ਅਧਿਕਾਰੀਆਂ ਦੇ ਦਬਾਅ, ਲਾਲਚ ਆਦਿ ਤਰੀਕੇ ਵੀ ਵਰਤਦੀ ਰਹੀ। ਉਦੋਂ ਵੀ ਲੋਕ ਇਹ ਮਹਿਸੂਸ ਕਰਦੇ ਸੀ ਕਿ ਇਹ ਕਿਹੋ ਜਿਹੀ ਚੋਣ ਹੈ? ਜਿਸ ਵਿਚੋਂ 'ਵੋਟਰ' ਗਾਇਬ ਹੋ ਰਿਹਾ ਹੈ। ਜੇ ਉਸ ਸਮੇਂ ਇਸ ਅਮਲ ਨੂੰ ਸਾਰੀਆਂ ਧਿਰਾਂ ਵੱਲੋਂ ਗੰਭੀਰਤਾ ਨਾਲ ਲਿਆ ਜਾਂਦਾ ਤਾਂ ਸ਼ਾਇਦ ਅੱਜ ਇਹ ਏਡੇ ਵਿਕਰਾਲ ਰੂਪ ਵਿਚ ਸਾਡੇ ਸਾਹਮਣੇ ਨਾ ਆਉਂਦਾ। ਅਜੇ ਵੀ ਮੌਕਾ ਹੈ, ਸੰਭਲ ਜਾਈਏ।

*ਮੋਬਾ. 98721-73475*

# ਜੰਗ ਪੁਰਅਮਨ ਜ਼ਿੰਦਗੀ ਕੇ ਲੀਏ

### ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

### ਡਾ. ਸ਼ਿਆਮ ਸੁੰਦਰ ਦੀਪਤੀ

ਖ਼ੂਨ ਅਪਣਾ ਹੋ ਯਾ ਪਰਾਇਆ ਹੋ
ਨਸਲੇ ਆਦਮ ਕਾ ਖ਼ੂਨ ਹੈ ਆਖਿਰ
ਜੰਗ ਮਸ਼ਰਿਕ ਮੇਂ ਹੋ ਯਾ ਮਗਰਿਬ ਮੇਂ
ਅਮਨ ਏ ਆਲਮ ਕਾ ਖ਼ੂਨ ਹੈ ਆਖਿਰ
ਬੰਬ ਘਰੋਂ ਪਰ ਗਿਰੇ ਕਿ ਸਰਹੱਦ ਪਰ
ਰੂਹੇ ਏ ਤਾਮੀਰ ਜਖਮ ਖਾਤੀ ਹੈ।
ਖੇਤ ਆਪਣੇ ਜਲੇ ਯਾ ਔਰੋਂ ਕੇ
ਜੀਸਤ ਫਾਕੋ ਸੇ ਤਿਲਮਿਲਾਤੀ ਹੈ
ਟੈਂਕ ਆਗੇ ਬੜੇ ਕੇ ਪੀਛੇ ਹਟੇਂ
ਕੋਖ ਧਰਤੀ ਕੀ ਬਾਂਝ ਹੋਤੀ ਹੈ
ਫਤਿਹ ਕਾ ਜ਼ਸਨ ਹੋ ਕਿ ਹਾਰ ਕਾ ਸੋਗ
ਜ਼ਿੰਦਗੀ ਮਾਇਯਤੋ ਪੇ ਰੋਤੀ ਹੈ
ਜੰਗ ਤੋਂ ਖੁਦ ਹੀ ਏਕ ਮਸਲਾ ਹੈ
ਜੰਗ ਕਿਆ ਮਸਲੋਂ ਕਾ ਹਲ ਦੇਗੀ
ਖ਼ੂਨ ਔਰ ਆਗ ਆਜ ਬਰਸੇਗੀ
ਭੁੱਖ ਔਰ ਇਹਤਿਆਜ਼ ਕੱਲ ਦੇਗੀ

ਸਾਹਿਰ ਲੁਧਿਆਣਵੀ ਦੀ ਇਹ ਨਜ਼ਮ ਜੰਗ ਨੂੰ ਲੈ ਕੇ ਉਹਦੇ ਹੋਣ ਵਾਲੇ ਖਤਰਿਆਂ ਤੋਂ ਸਾਨੂੰ ਵਾਕਫ ਕਰਵਾਉਂਦੀ ਹੈ। ਜੰਗ ਨੂੰ ਲੈ ਕੇ ਦੁਨੀਆ ਦੇ ਦਾਨਿਸ਼ਵਰਾਂ ਨੇ ਇਸ ਦੇ ਹੋਣ ਵਾਲੇ ਸਿੱਟਿਆਂ ਨੂੰ ਹਰ ਯੁੱਗ ਵਿਚ ਉਭਾਰਿਆ ਹੈ, ਕਹਿ ਸਕਦੇ ਹਾਂ ਜੰਗ ਅਤੇ ਅਮਨ ਮਨੁੱਖ ਦੀ ਖਾਹਿਸ਼ ਵੀ ਹੈ ਤੇ ਕਿਸੇ ਪੱਧਰ 'ਤੇ ਉਸ ਦੀ ਮਾਨਸਿਕਤਾ ਦੀ ਝਲਕ ਵੀ।

ਇਸੇ ਵਿਸ਼ੇ ਨੂੰ ਲੈ ਕੇ ਦੁਨੀਆ ਦੇ ਸ਼ਾਹਕਾਰ ਨਾਵਲ 'ਵਾਰ ਐਂਡ ਪੀਸ' ਨੂੰ ਲਿਊ ਟਾਲਸਟਾਏ ਨੇ 1869 ਵਿਚ ਲੋਕਾਂ ਸਾਹਮਣੇ ਪੇਸ਼ ਕੀਤਾ। ਉਹ ਵੱਡ-ਅਕਾਰੀ ਨਾਵਲ ਆਪਣੇ ਵਿਚ ਜੰਗ ਨੂੰ ਲੈ ਕੇ ਅਨੇਕਾਂ ਪਰਤਾਂ ਲਕੋਈ ਬੈਠਾ ਹੈ। ਭਾਵੇਂ ਕਿ ਇਸ ਨਾਵਲ ਦੇ ਦੁਨੀਆ ਸਾਹਮਣੇ ਆਉਣ ਤੋਂ ਬਾਅਦ ਐਟਮ ਬੰਬ ਵਰਗੇ ਘਾਤਕ ਹਥਿਆਰ ਆਏ ਅਤੇ ਵਰਤੇ ਵੀ ਗਏ ਤੇ ਇਸ ਦੁਨੀਆ ਨੇ ਦੋ ਸ਼ਹਿਰ ਹੀਰੋਸ਼ੀਮਾ ਤੇ ਨਾਗਾਸਾਕੀ ਨੂੰ ਤਬਾਹ ਹੁੰਦੇ ਦੇਖਿਆ।

ਜੰਗ ਦੇ ਬਹੁਤ ਵੱਡੇ ਪ੍ਰਭਾਵ ਤਾਂ ਨਹੀਂ, ਪਰ ਛੋਟੇ ਪੱਧਰ 'ਤੇ ਇਸ ਨੂੰ ਲੈ ਕੇ ਮੇਰੇ ਮਨ ਵਿਚ ਵੀ ਦੋ ਜੰਗਾਂ ਦਾ ਹਸ਼ਰ, ਮੇਰੀਆਂ ਨਜ਼ਰਾਂ ਸਾਹਮਣੇ ਹੈ। ਪਹਿਲੀ ਜੰਗ, ਜੋ ਕਿ ਚੀਨ ਨਾਲ 1962 ਵਿਚ ਹੋਈ, ਉਦੋਂ ਮੈਂ ਸਿਰਫ ਅੱਠ ਸਾਲ ਦਾ ਸੀ ਤੇ ਉਸ ਦਾ ਪ੍ਰਭਾਵ ਵੀ ਸਾਡੇ ਘਰਾਂ ਤੋਂ ਬਹੁਤ ਦੂਰ ਸੀ, ਪਰ ਪੰਜਾਬ ਦੇ ਬਾਰਡਰ 'ਤੇ ਲੱਗਦੇ ਪਾਕਿਸਤਾਨ ਨਾਲ ਹੋਈਆਂ ਦੋ ਜੰਗਾਂ ਵਿਚੋਂ, 1965 ਦੀ ਜੰਗ ਦਾ ਮੈਂ ਖੁਦ ਗਵਾਹ ਹਾਂ। ਜਦੋਂ ਮੇਰੇ ਜੱਦੀ ਪਿੰਡ ਅਬੋਹਰ ਤੋਂ ਫਾਜ਼ਿਲਕਾ, ਜੋ ਕਿ ਤੀਹ ਕਿਲੋਮੀਟਰ ਦੂਰ ਹੈ, ਪਰ ਬਾਰਡਰ ਦੀ ਸ਼ੁਰੂਆਤ ਰਾਜਸਥਾਨ ਤੋਂ ਲੱਗਣੀ ਸ਼ੁਰੂ ਹੋ ਜਾਂਦੀ ਹੈ। 1965 ਦੌਰਾਨ ਛਿੜੀ ਜੰਗ ਵਿਚ ਫਾਜ਼ਿਲਕਾ ਬਾਰਡਰ ਨਾਲ ਲੱਗਦਾ ਇਲਾਕਾ ਖਾਲੀ ਕਰਵਾ ਦਿੱਤਾ ਗਿਆ ਤੇ ਲੋਕਾਂ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਜਾਣ ਲਈ ਕਹਿ ਦਿੱਤਾ ਗਿਆ। ਕੁਝ ਤਾਂ ਆਪਣੇ ਰਿਸ਼ਤੇਦਾਰਾਂ ਕੋਲ ਚਲੇ ਗਏ। ਇਕ ਵੱਡੀ ਗਿਣਤੀ ਅਬੋਹਰ ਦੇ ਸਭ ਤੋਂ ਵੱਡੇ ਸਕੂਲ, ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿਚ ਰਫਿਊਜੀ ਬਣ ਕੇ ਰਹਿਣ ਲਈ ਠਹਿਰਾਏ ਗਏ।

ਮੇਰਾ ਘਰ ਇਸ ਸਕੂਲ ਦੇ ਬਿਲਕੁਲ ਸਾਹਮਣੇ ਪੈਂਦਾ ਸੀ ਤੇ ਹਾਲੇ ਵੀ ਹੈ, ਉਦੋਂ ਕੁਝ ਨੌਜਵਾਨ ਤੇ ਬੱਚੇ ਸਕੂਲ ਦੇ ਨੇੜੇ-ਤੇੜੇ ਵੱਸੀ ਆਬਾਦੀ ਦੇ ਘਰੋਂ ਸ਼ਾਮ ਨੂੰ ਦਾਲ-ਫੁਲਕਾ ਇਕੱਠਾ ਕਰਨ ਲਈ ਘਰ-ਘਰ ਜਾਂਦੇ ਅਤੇ ਫਿਰ ਸ਼ਰਨਾਰਥੀਆਂ ਨੂੰ ਵੰਡਦੇ। ਜਿਸ ਤਰ੍ਹਾਂ ਆਪਾਂ ਕਵਿਤਾ ਵਿਚ ਵੀ ਜਾਣਿਆ ਹੈ, 'ਖੂਨ ਔਰ ਆਗ ਆਜ ਬਰਸੇਗੀ, ਭੁੱਖ ਔਰ ਅਹਿਤਿਆਦ ਕੱਲ ਦੇਗੀ,' ਉਹ ਮੰਜਰ ਜਦੋਂ ਭੁੱਖੇ, ਪਿਆਸੇ ਤਰਸਦੇ ਲੋਕਾਂ ਤੋਂ ਰੋਟੀ-ਦਾਲ ਦੀ ਆਸ ਕਰਦੇ ਉਡੀਕਦੇ, ਅੱਜ ਵੀ ਅੱਖਾਂ ਸਾਹਮਣੇ ਆ ਜਾਂਦਾ ਹੈ।

ਉਸ ਤੋਂ ਬਾਅਦ ਇਕ ਵਾਰੀ ਫਿਰ 1971 ਵਿੱਚ ਪਾਕਿਸਤਾਨ ਨਾਲ ਜੰਗ ਹੋਈ ਹੈ। ਜਦੋਂ ਮੈਂ ਕਿਸੇ ਬਾਹਰਲੇ, ਅਬੋਹਰ ਤੋਂ ਦੂਰ ਸ਼ਹਿਰ ਵਿਚ ਪੜ੍ਹਦਾ ਸੀ, ਪਰ ਪੰਜਾਬ ਵਿਚ 'ਬਲੈਕ ਆਊਟ' ਅਤੇ ਜੰਗ ਦਾ ਸਾਇਰਨ ਲੋਕਾਂ ਨੂੰ ਡਰਾਉਂਦਾ ਹੋਇਆ ਆਰਜ਼ੀ ਤੌਰ 'ਤੇ ਬਣਾਏ ਬੰਕਰਾਂ ਵਿਚ ਲੁਕਣ ਲਈ ਸੁਚੇਤ ਕਰਦਾ ਤੇ ਜੰਗ ਦੀ ਤਬਾਹੀ ਦਾ ਮੰਜਰ ਸਭ ਦੇ ਸਾਹਮਣੇ ਆ ਜਾਂਦਾ। ਇਸੇ ਤਰ੍ਹਾਂ ਹੀ ਜਦੋਂ ਵੀ ਹਿੰਦੁਸਤਾਨ ਤੇ ਪਾਕਿਸਤਾਨ ਦੇ ਦਰਮਿਆਨ ਤਣਾਅ ਦਾ ਮਾਹੌਲ ਬਣਿਆ ਹੈ ਤਾਂ ਸਰਹੱਦੀ ਇਲਾਕੇ ਘੱਟੋ-ਘੱਟ ਵੀਹ ਕਿਲੋਮੀਟਰ ਤੱਕ ਖਾਲੀ ਕਰਵਾ ਲਏ ਜਾਂਦੇ ਹਨ ਤੇ ਲੋਕ ਖੱਜਲ-ਖੁਆਰ ਹੁੰਦੇ ਰਹਿੰਦੇ।

ਸਬੱਬੀਂ ਆਪਣੀ ਨੌਕਰੀ ਦੌਰਾਨ ਮੈਨੂੰ ਅੰਮ੍ਰਿਤਸਰ ਵਿਚ ਰਹਿਣ ਦਾ ਮੌਕਾ ਮਿਲਿਆ, ਜੋ ਕਿ ਪਾਕਿਸਤਾਨ ਦੇ ਵਾਹਗਾ ਬਾਰਡਰ ਤੋਂ ਕੋਈ ਤੀਹ ਕਿਲੋਮੀਟਰ ਦੀ ਦੂਰੀ 'ਤੇ ਹੈ ਤੇ ਇਹ ਪਾਕਿਸਤਾਨ ਨਾਲ ਲੱਗਦੇ ਬਾਰਡਰ ਫਾਜ਼ਿਲਕਾ, ਅਬੋਹਰ ਦਾ ਹੀ ਹਿੱਸਾ ਹੈ, ਉਂਝ ਪਾਕਿਸਤਾਨ ਨਾਲ ਲੱਗਦਾ ਬਾਰਡਰ ਜੰਮੂ ਤੋਂ ਹੁੰਦਾ ਹੋਇਆ ਗੁਰਦਾਸਪੁਰ ਤੱਕ ਕੁੱਲ 3123 ਕਿਲੋਮੀਟਰ ਲੰਮਾ ਹੈ ਤੇ ਇਸ ਤੋਂ ਇਲਾਵਾ ਚੀਨ, ਭੂਟਾਨ ਅਤੇ ਨੇਪਾਲ ਆਦਿ ਦੇਸ਼ਾਂ ਨੂੰ ਵੀ ਸਾਡੀ ਸਰਹੱਦ ਲੱਗਦੀ ਹੈ।

ਉਂਝ ਦੁਨੀਆ ਭਰ ਦੇ ਵਿਚ ਵੱਖ-ਵੱਖ ਬਾਰਡਰਾਂ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅੜਚਨਾਂ ਹਨ। ਹਿੰਦੁਸਤਾਨ ਜੋ ਕਦੇ ਇਕ ਖਿੱਤਾ ਹੁੰਦਾ ਸੀ, ਅੱਜ ਕਿੰਨੇ ਹੀ ਬਾਰਡਰਾਂ ਨਾਲ ਵੰਡਿਆ ਪਿਆ ਹੈ, ਜਿਵੇਂ ਨੇਪਾਲ ਦਾ ਬਾਰਡਰ, ਬੰਗਲਾਦੇਸ਼, ਸ੍ਰੀਲੰਕਾ, ਪਾਕਿਸਤਾਨ, ਮਿਆਂਮਾਰ ਦਾ ਬਾਰਡਰ। ਦੁਨੀਆ ਭਰ 'ਚ ਕਦੋਂ ਹੋਂਦ ਵਿਚ ਆਏ, ਜਦੋਂ ਕਿ ਸਾਡਾ ਆਪਣਾ ਸੱਭਿਆਚਾਰ ਤੇ ਹੋਰ ਦੁਨੀਆ ਨੂੰ, ਸਾਰੀ ਧਰਤੀ ਨੂੰ ਇਕ ਪਰਵਾਰ 'ਵਾਸੁਦੇਵ ਕੁਟੁੰਬਕਮ' ਦੇ ਸੰਕਲਪ ਵਿਚ ਉਸਰਿਆ ਹੋਇਆ ਹੈ ਤੇ ਫਿਰ ਵੀ ਅਸੀਂ ਕਿੰਨੇ ਹੋਰ ਕਾਰਨਾਂ ਕਰਕੇ ਬਾਰਡਰਾਂ ਨਾਲ ਘਿਰੇ ਹੋਏ ਹਾਂ।

ਮੰਨ ਲੈਂਦੇ ਹਾਂ ਕਿ ਆਪਣੀ ਵੱਖਰੀ ਪਹਿਚਾਣ ਅਤੇ ਵੱਖਰੇ ਸੱਭਿਆਚਾਰ ਦੇ ਮੱਦੇਨਜ਼ਰ ਬਾਰਡਰਾਂ ਦੀ ਲੋੜ ਪੈਂਦੀ ਹੈ। ਇਕ ਪਰਵਾਰ ਵਿਚ ਰਹਿੰਦੇ ਹੋਏ ਵੀ ਅਸੀਂ ਕੰਧਾਂ ਉਸਾਰਦੇ ਹਾਂ। ਉਹ ਸਿਰਫ ਮੈਂ ਹੀ ਨਹੀਂ, ਸਭ ਨੇ ਆਪਣੇ-ਆਪਣੇ ਵਿਹੜੇ ਵਿਚ ਕਿਸੇ ਨਾ ਕਿਸੇ ਢੰਗ ਨਾਲ ਦੇਖੀਆਂ ਹਨ। ਦੂਸਰੇ ਪਾਸੇ ਅਸੀਂ ਮਿਲ ਕੇ ਰਹਿਣਾ ਵੀ ਸਿੱਖਿਆ ਹੈ ਅਤੇ ਉਸ ਨੂੰ ਦੇਖਿਆ ਹੈ। ਪਤਾ ਨਹੀਂ ਕਿਤੋਂ ਇਹੋ ਜਿਹਾ ਸਬੱਬ ਬਣਿਆ ਹੈ ਕਿ ਮਨ ਦੀ ਚਾਹਤ ਦੇ ਬਾਵਜੂਦ ਮੈਂ ਪਰਵਾਰ ਵਿਚ ਇਸੇ ਰਲਮਿਲ ਕੇ ਰਹਿਣ ਦਾ ਗਵਾਹ ਨਹੀਂ ਬਣ ਸਕਿਆ, ਸ਼ਾਇਦ ਤਾਂ ਹੀ ਇਹ ਚਾਹਤ ਜ਼ਿਆਦਾ ਡੂੰਘੀ ਹੈ ਤੇ ਦੂਸਰਾ ਜਦੋਂ ਮੈਂ 'ਦੁਨੀਆ ਭਰ ਦੇ ਮਜ਼ਦੂਰੋਂ ਇਕ ਹੋ ਜਾਉ' ਵਰਗੇ ਸੰਕਲਪ ਨਾਲ ਜੁੜਨ ਦੀ ਮਨਸ਼ਾ ਨਾਲ ਵੱਡਾ ਹੋਇਆ ਹਾਂ ਤਾਂ ਇਹ ਜੰਗਾਂ ਤੇ ਉਸ ਦੌਰਾਨ ਸਾਇਰਨ ਦੀਆਂ ਡਰਾਉਣੀਆਂ ਅਵਾਜ਼ਾਂ ਹਮੇਸ਼ਾ ਮੇਰੇ ਨਾਲ ਰਹੀਆਂ ਹਨ।

ਮਨੁੱਖ ਦੇ ਵਿਕਾਸ ਅਤੇ ਉਸ ਦੀ ਸੂਝ ਅਤੇ ਸਿਆਣਪ ਇਕ ਵਾਰੀ ਜ਼ਰੂਰ ਜਾਗੀ, ਜਦੋਂ ਉਸ ਨੇ ਇਕ ਬੰਬ ਧਮਾਕੇ ਨਾਲ ਦੋ ਹੱਸਦੇ, ਖੇਡਦੇ-ਵਸਦੇ ਸ਼ਹਿਰਾਂ ਨੂੰ ਇਸ ਧਰਤੀ ਦੇ ਨਕਸ਼ੇ ਤੋਂ ਮਿੱਟਦੇ ਹੋਏ ਦੇਖਿਆ। ਆਪਣੀ ਜਵਾਨੀ ਦੌਰਾਨ ਐੱਮ ਬੀ ਬੀ ਐੱਸ ਕਰਦਿਆਂ, ਵਿਸ਼ਵ ਪੱਧਰੀ ਸੰਸਥਾ ਆਈ ਪੀ ਪੀ ਐੱਨ ਡਬਲਯੂ ਦੀ ਭਾਰਤੀ ਸ਼ਾਖਾ ਆਈ ਡੀ ਪੀ ਡੀ ਨਾਲ ਜੁੜਨ ਦਾ ਇਕ ਮੌਕਾ, ਇਸ ਲਈ ਵੀ ਮਿਲਿਆ, ਜੋ ਸ਼ੁਰੂ ਤੋਂ ਹੀ ਦੁਨੀਆ ਵਿਚ ਤਬਾਹੀ ਦੇ ਹਥਿਆਰ, ਨਿਊਕਲੀਅਰ ਬੰਬ ਦੇ ਵਿਰੁੱਧ ਸੀ, ਕਿਉਂਕਿ ਇਸ ਵਕਤ ਦੁਨੀਆ ਵਿਚ ਜਿੰਨੇ ਹਥਿਆਰ ਹਨ, ਉਨ੍ਹਾਂ ਨਾਲ ਇਸ ਧਰਤੀ ਨੂੰ ਕਈ ਵਾਰੀ ਤਬਾਹ ਕੀਤਾ ਜਾ ਸਕਦਾ ਹੈ। ਸੰਸਥਾ ਵੱਲੋਂ ਵੀ ਹਥਿਆਰਾਂ ਦੀ ਬਜਾਏ ਗਰੀਬੀ ਅਤੇ ਬਿਮਾਰੀ ਦੇ ਖਾਤਮੇ ਲਈ ਵਿਸ਼ਵ ਪੱਧਰੀ ਤਾਕਤਾਂ ਨੂੰ ਸੁਚੇਤ ਕਰਨ ਦਾ ਕੰਮ ਕੀਤਾ ਜਾਂਦਾ ਹੈ।

1950 ਵਿੱਚ ਇਕ ਵਾਰੀ ਦੁਨੀਆ ਦੇ ਸੂਝਵਾਨ ਇਕੱਠੇ ਹੋਏ ਤੇ ਵਿਸ਼ਵ ਯੁੱਧ ਦੇ ਨਤੀਜਿਆਂ ਬਾਰੇ ਵਿਚਾਰਿਆ, ਕਿਉਂਕਿ ਉਦੋਂ ਤੱਕ ਦੁਨੀਆ ਨੇ ਦੋ ਭਾਗਾਂ ਨਾਲ ਹੋਣ ਵਾਲੀ ਬਰਬਾਦੀ ਦੇਖ ਲਈ ਸੀ। ਸਾਰਿਆਂ ਨੇ ਰਲ ਕੇ ਯੂ ਐੱਨ ਓ ਵਰਗੀ ਵਿਸ਼ਵ ਪੱਧਰੀ ਸੰਸਥਾ ਬਣਾਉਣ ਦਾ ਸੁਝਾਅ ਦਿੱਤਾ ਤੇ ਸਾਰੀ ਦੁਨੀਆ ਨੂੰ ਮਿਲ ਕੇ ਗਰੀਬੀ ਅਤੇ ਬਿਮਾਰੀ ਲਈ ਸਾਂਝੇ ਉਪਰਾਲੇ ਕਰਨ ਦੇ ਟੀਚੇ ਮਿੱਥੇ। ਦੁਨੀਆ ਭਰ ਵਿਚ ਪਰ ਛੇਤੀ ਹੀ ਕੁਝ ਆਲਮੀ ਦੇਸ਼ਾਂ ਨੇ, ਜਿਵੇਂ ਰੂਸ ਅਤੇ ਅਮਰੀਕਾ ਆਪਣੀ ਚੌਧਰ ਛੱਡਣ ਨੂੰ ਤਿਆਰ ਨਹੀਂ ਸਨ, ਕਹਿਣ ਦਾ ਮਤਲਬ ਆਪਣੇ ਹੰਕਾਰੀ ਰਵੱਈਏ ਕਰਕੇ ਤੇ ਵੱਧ ਸਾਧਨਾਂ ਦੀ ਬਦੌਲਤ ਆਪਣੇ ਹੱਕ ਵਿਚ ਮਨਮਰਜ਼ੀ ਦੇ ਫੈਸਲੇ ਕਰਨ ਦੀ ਤਾਕਤ ਆਪਣੇ ਕੋਲ ਰੱਖ ਲਈ।

ਇਕ ਸਮੇਂ ਇਹ ਸੋਚਣ ਲੱਗੇ ਸਨ ਕਿ ਹੁਣ ਦੁਨੀਆ ਸਬਕ ਸਿੱਖ ਗਈ ਹੈ ਤੇ ਸਾਰੇ ਮਿਲ-ਜੁਲ ਕੇ ਰਹਿਣਗੇ ਤੇ ਅੱਗੇ ਵਧਣਗੇ। ਇਸ ਨਾਲ ਗਰੀਬ ਦੇਸ਼ਾਂ ਅਤੇ ਲੋਕਾਂ ਦੇ ਸੁਪਨੇ ਪੂਰੇ ਹੋਣਗੇ। ਲੱਗਦਾ ਸੀ ਕਿ ਕੋਈ ਵੀ ਭੁੱਖੇ ਪੇਟ ਨਹੀਂ ਸੌਂਵੇਂਗਾ, ਕਿਉਂਕਿ ਭੁੱਖ ਇਕ ਅਜਿਹਾ ਮਨੁੱਖੀ ਸੰਤਾਪ ਹੈ, ਜੋ ਦੁਨੀਆ ਵਿਚ ਸ਼ਾਂਤੀ ਨਾ ਕਾਇਮ ਕਰਨ ਲਈ ਇਕ ਬਹੁਤ ਵੱਡਾ ਅੜਿੱਕਾ ਹੈ।

ਬਾਰਡਰ ਦੀ ਤਬਾਹੀ ਅਤੇ ਬਰਬਾਦੀ ਮੇਰੇ ਘਰਦਿਆਂ ਨੇ ਦੇਸ਼ ਦੀ ਵੰਡ ਵੇਲੇ ਦੇਖੀ, ਹੰਢਾਈ ਤੇ ਉਸ ਦੇ ਦਿਲ ਦਹਿਲਾਉਣ ਦੇ ਕਿੱਸੇ ਸਾਨੂੰ ਸੁਣਾਏ। ਭਾਵੇਂ ਮੈਂ ਵੰਡ ਤੋਂ ਸੱਤ ਸਾਲ ਬਾਅਦ ਪੈਦਾ ਹੋਇਆ, ਆਪਣਾ ਬਚਪਨ ਅਤੇ ਪਰਵਾਰ ਨੂੰ ਇਸ ਵੰਡ ਦੇ ਨਤੀਜਿਆਂ ਨਾਲ ਜੂਝਦੇ ਹੋਏ ਵੀ ਦੇਖਿਆ।

ਸਾਹਿਰ ਲੁਧਿਆਣਵੀ ਦੀ ਨਜ਼ਮ ਬਿਲਕੁਲ ਸਹੀ ਸ਼ਬਦਾਂ ਵਿਚ ਬਿਆਨ ਕਰਦੀ ਹੈ-

ਖ਼ੂਨ ਔਰ ਆਗ ਆਜ ਬਰਸੇਗੀ, ਭੁੱਖ ਔਰ ਹਿਤਿਆਜ਼ ਕੱਲ ਦੇਗੀ

ਇਸ ਦੇ ਨਾਲ ਹੀ ਸ਼ਾਇਰ ਜੰਗ ਦਾ ਦੂਜਾ ਪੱਖ ਸਾਹਮਣੇ ਲਿਆਉਂਦਾ ਹੈ, ਜੋ ਮਨੁੱਖ ਨੂੰ ਸੁਚੇਤ ਕਰਦੀ ਹੈ-

ਜੰਗ ਭਟਕੀ ਹੁਈ ਕਿਆਦਤ ਸੇ, ਅਮਨ ਬੇਵਸ ਅਵਾਜ਼ ਕੀ ਖਾਤਰ,

ਜੰਗ ਸਰਮਾਏ ਕੇ ਤਸੁਲਿਲਤ ਸੇ, ਜੰਗ ਜਮੂਰ ਕੀ ਖੁਸ਼ੀ ਕੇ ਲੀਏ,

ਜੰਗ ਜੰਗੋਂ ਕੇ ਫਲਸਫੇ ਕੇ ਖਿਲਾਫ਼, ਜੰਗ ਅਮਨ-ਪੁਰ-ਅਮਨ ਜ਼ਿੰਦਗੀ ਕੇ ਲੀਏ।

ਕਹਿਣ ਦਾ ਮਤਲਬ ਜੇ ਅਸੀਂ ਲੜਨਾ ਹੀ ਹੈ ਤਾਂ ਲੜਨ ਦੇ ਕਈ ਮੁਕਾਮ ਹਨ, ਜਿਵੇਂ ਗਰੀਬੀ, ਬਿਮਾਰੀ ਅਤੇ ਬਦਹਾਲੀ, ਪਰ ਮਨੁੱਖ ਦੀ ਹੜੱਪਣ ਦੀ, ਆਪਣੀ ਤਾਕਤ ਨੂੰ ਵਧਾਉਣ ਦੀ ਖਾਤਰ, ਗਰੀਬ ਨੂੰ ਦਬਾਉਣ ਦੀ ਖਾਤਰ, ਗਰੀਬ ਆਦਮੀ ਨੂੰ ਦੁਨੀਆ ਵਿਚ ਜ਼ਿੰਦਾ ਰਹਿਣ ਦੇ ਅਧਿਕਾਰ ਤੋਂ ਵਾਂਝਾ ਰੱਖਣ ਦੀ ਖਾਤਿਰ, ਇਹ ਜੰਗ ਯੂ ਐੱਨ ਓ ਦੇ ਬਾਵਜੂਦ ਕਿਸੇ ਨਾ ਕਿਸੇ ਰੂਪ ਵਿਚ ਚਲਦੀ ਰਹਿੰਦੀ ਹੈ। ਸਮਾਂ ਗਵਾਹ ਹੈ ਕਿ ਯੂਕਰੇਨ ਅਤੇ ਫਲਸਤੀਨ ਵਿਚ ਹੋਈਆਂ ਜੰਗਾਂ ਕਿਵੇਂ ਕੁਝ ਸਰਮਾਏਦਾਰਾਂ ਅਤੇ ਸਨਕੀ ਹੁਕਮਰਾਨਾਂ ਕਰਕੇ ਦੁਨੀਆ ਭਰ ਨੂੰ ਇਕ ਹੋਰ ਵਿਸ਼ਵ ਯੁੱਧ ਵੱਲ ਧੱਕਣ ਦੀ ਕੋਸ਼ਿਸ਼ ਵਿਚ ਰਹਿੰਦੀਆਂ ਹਨ।

ਠੀਕ ਹੈ ਦੁਨੀਆ ਦੀਆਂ ਵੱਡੀਆਂ ਤਾਕਤਾਂ ਅਮਰੀਕਾ, ਰੂਸ ਤੇ ਹੁਣ ਚੀਨ ਵੀ ਇਸ ਦਾ ਹਿੱਸਾ ਬਣ ਰਹੀਆਂ ਹਨ, ਇਨ੍ਹਾਂ ਵੱਡੀਆਂ ਤਾਕਤਾਂ ਦੇ ਸਾਹਮਣੇ ਬੁੱਧ, ਨਾਨਕ ਅਤੇ ਹੋਰ ਦਾਰਸ਼ਨਿਕਤਾ ਦਾ ਵਾਹ ਤਾਂ ਹੌਲੀ-ਹੌਲੀ ਮੱਠੀ ਪਿਆ ਹੈ, ਪਰ ਫਿਰ ਵੀ ਆਈ ਡੀ ਪੀ ਡੀ. ਵਰਗੀਆਂ ਸੰਸਥਾਵਾਂ ਆਪਣੇ ਪੱਧਰ 'ਤੇ ਜਿੰਨੀ ਵੀ ਆਵਾਜ਼ ਚੁੱਕ ਸਕਦੇ ਹਨ, ਇਸ ਵਿਚ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ।

ਦੇਸ਼ ਦੀ ਵੰਡ ਅਤੇ ਦੇਸ਼ ਅੰਦਰ ਵਾਪਰੀਆਂ ਤਿੰਨ ਜੰਗਾਂ ਦਾ ਗਵਾਹ ਹੋਣ ਕਰਕੇ ਮੇਰੇ ਵੀ ਮਨ ਵਿਚ ਜੰਗ ਖਿਲਾਫ ਲਿਖਣ ਜਾਂ ਬੋਲਣ ਦਾ ਜੋ ਵੀ ਮੌਕਾ ਮਿਲਦਾ ਹੈ, ਮੈਂ ਉਸ ਦਾ ਹਿੱਸਾ ਬਣਨ ਦੀ ਕੋਸ਼ਿਸ਼ ਕੀਤੀ ਹੈ। ਜਿਥੋਂ ਤੱਕ ਬਾਰਡਰਾਂ ਦੀ ਗੱਲ ਹੈ, ਇਹ ਸਿਰਫ ਜ਼ਮੀਨ 'ਤੇ ਵਾਹੀਆਂ ਲਕੀਰਾਂ ਹੀ ਨਹੀਂ ਹਨ, ਧਰਮ ਅਤੇ ਜਾਤ ਦੇ ਬਾਰਡਰ ਵੀ ਇਨ੍ਹਾਂ ਲਕੀਰਾਂ ਤੋਂ ਕਈ ਗੁਣਾਂ ਵੱਧ ਨੂੰ ਵੀ ਸਾਡੇ ਮਨਾਂ ਵਿਚ ਵੰਡੀਆਂ ਪਾ ਕੇ ਰੱਖਦੇ ਹਨ, ਉਹ ਜੰਗ ਭਾਵੇਂ ਰਵਾਇਤੀ ਹਥਿਆਰਾਂ ਨਾਲ ਨਾ ਹੋ ਕੇ ਆਪਸ ਵਿਚ ਨਫ਼ਰਤ ਨਾਲ ਸਾਹਮਣੇ ਆਉਂਦੀ ਹੈ।

*ਮੋਬਾਇਲ : 98158- 08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**


5-May-Sunday.qxd 5/4/2024 10:31 PM Page 4




# ਸਮਕਾਲ ਤੇ ਸੰਵੇਦਨਾ ਦਾ ਸੁਮੇਲ

## ਕੁਇਨਜ਼ ਲੈਂਡ

**ਆਗਾਜ਼ਬੀਰ**
**ਪੰਨੇ : 96, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



**ਫੋਕਸ**



**ਚਰਚਾ ਇਕ ਪੁਸਤਕ ਦੀ**

**ਡਾ. ਜਸਵਿੰਦਰ ਕੌਰ ਬਿੰਦਰਾ**

ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਕੁਇਨਜ਼ ਲੈਂਡ' ਦੇ ਆਉਣ ਤੋਂ ਪਹਿਲਾਂ ਹੀ ਸਾਹਿਤਕ ਪਰਚਿਆਂ ਵਿੱਚ ਛਪਦੀਆਂ ਆਪਣੀਆਂ ਕਹਾਣੀਆਂ ਨਾਲ ਆਗਾਜ਼ਬੀਰ ਨੇ ਪਾਠਕਾਂ ਦਾ ਧਿਆਨ ਖਿੱਚਣਾ ਸ਼ੁਰੂ ਕਰ ਦਿੱਤਾ ਸੀ। ਸੰਗ੍ਰਹਿ ਵਿੱਚ ਸ਼ਾਮਲ ਸਾਰੀਆਂ ਹੀ ਕਹਾਣੀਆਂ ਵੱਖ-ਵੱਖ ਵਿਸ਼ਿਆਂ ਨੂੰ ਲੈ ਕੇ ਰਚੀਆਂ ਗਈਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਤੇਈਆ' ਬਹੁਤ ਚਰਚਿਤ ਹੋਈ। ਦਲਿਤ ਪੱਖੋਂ ਲਿਖੀਆਂ ਚੰਗੀਆਂ ਕਹਾਣੀਆਂ ਵਿੱਚ ਉਹ ਸ਼ੁਮਾਰ ਹੋਣ ਯੋਗ ਹੈ। ਬਾਪੂ ਦੀ ਬਿਮਾਰੀ ਕਾਰਨ 'ਮੈਂ' ਪਾਤਰ ਨੂੰ ਉਸ ਦੀ ਥਾਂ ਉਤੇ ਘਰਾਂ ਦਾ ਕੂੜਾ ਢੋਣਾ ਪਿਆ। ਹਾਲਾਂਕਿ ਬਾਰ੍ਹਵੀਂ ਜਮਾਤ ਦੇ ਸਾਲਾਨਾ ਪੇਪਰ ਦੇਣ ਵਾਲੀ, ਜਵਾਨੀ ਦੀ ਮੁਹਾਣ ਉਤੇ ਪੈਰ ਧਰਦੀ ਉਮਰ ਵਿੱਚ, ਜਦੋਂ ਹਰ ਕੋਈ ਰੰਗੀਨ ਸੁਪਨਿਆਂ ਵਿੱਚ ਹੀ ਗਵਾਚਿਆ ਰਹਿੰਦਾ ਹੈ, ਉਦੋਂ ਘਰ-ਘਰ ਜਾ ਕੇ ਉਥੋਂ ਦਾ ਗੰਦ-ਕੂੜਾ ਢੋਣਾ ਜ਼ਹਿਰ ਬਰਾਬਰ ਮਹਿਸੂਸ ਹੋਇਆ। ਉਤੋਂ ਗੰਦ ਦੀ ਬੋ ਵੱਖ ਪਰੇਸ਼ਾਨ ਕਰਦੀ। ਡੇਢ ਸੌ ਘਰਾਂ ਦਾ ਗੰਦ-ਕੂੜਾ ਚੁੱਕਦਿਆਂ ਮੁੰਡੇ ਨੂੰ ਜਲਦੀ ਹੀ ਇਸ ਗੱਲ ਦੀ ਸਮਝ ਆ ਗਈ, ਅਖੌਤੀ ਅਮੀਰ, ਚਿੱਟਕੱਪੜੀਏ ਲੋਕਾਂ ਦੀਆਂ ਕਰਤੂਤਾਂ, ਸੁਭਾਅ ਤੇ ਕਾਰਨਾਮੇ ਉਸ ਦੇ ਕੰਮ ਨਾਲੋਂ ਵੱਧ ਬਦਬੂਦਾਰ ਹਨ। ਇਸ ਦੀ ਗਵਾਹੀ ਉਨ੍ਹਾਂ ਦੇ ਘਰਾਂ ਵਿੱਚੋਂ ਨਿਕਲੇ ਕੂੜੇ ਤੇ ਉਨ੍ਹਾਂ ਦੇ ਵਿਹਾਰ ਤੋਂ ਸਪੱਸ਼ਟਤਾ ਨਾਲ ਹੋਣ ਲੱਗੀ। ਅਜਿਹੇ ਵੇਲੇ ਡੌਲੀ ਵੱਲੋਂ ਦੁਪਹਿਰ ਵੇਲੇ ਉਸ ਦੇ ਘਰ ਆ ਕੇ ਮਿਲਣ ਦੇ ਸੁਨੇਹੇ ਨੇ ਭਾਵੇਂ ਉਸ ਨੂੰ ਦਿਲੋਂ ਬਾਗੋ-ਬਾਗ ਕਰ ਦਿੱਤਾ ਤੇ ਉਹ ਉਸ ਨੂੰ ਨਿਯਤ ਸਮੇਂ ਉਤੇ ਮਿਲਣ ਲਈ ਵੀ ਚਲਾ ਗਿਆ, ਪਰ ਉਸ ਅੰਦਰਲੀ ਸੱਚਾਈ ਨੇ ਉਸ ਨੂੰ ਸੁਚੇਤ ਕੀਤਾ ਤੇ ਉਹ 'ਐਨ ਮਿਲਨ ਦੀ ਘੜੀ' ਤੋਂ ਕਤਰਾ ਕੇ ਭੱਜ ਆਇਆ। ਭਾਵੇਂ ਉਸ ਦਾ ਕੰਮ ਕੂੜਾ ਢੋਣ ਦਾ ਸੀ, ਪਰ ਉਸ ਦਾ ਅੰਦਰਲਾ ਬੋ ਮਾਰਨ ਯੋਗ ਨਹੀਂ ਸੀ, ਉਹ ਬੰਦੇ ਦੀ ਅਸਲੀਅਤ ਨੂੰ ਕਦੇ ਵੀ ਮਰਨ ਨਹੀਂ ਦੇਣ ਪ੍ਰਤੀ ਜਾਗਰੂਕ ਸੀ।

ਪੰਜਾਬ ਵਿੱਚ ਬਾਹਰਲੇ ਸੂਬਿਆਂ ਯੂ.ਪੀ., ਬਿਹਾਰ, ਬੰਗਾਲ ਤੇ ਦੂਰ ਪ੍ਰਾਂਤਾਂ ਤੋਂ ਵਿਆਹੁਣ ਲਈ ਲਿਆਈਆਂ ਜਾਂਦੀਆਂ ਤੀਵੀਆਂ, ਇਸ ਖਿੱਤੇ ਦੇ ਕਈ ਕਾਰਨਾਂ ਉਤੇ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਹਨ, ਜਿਨ੍ਹਾਂ ਵਿੱਚੋਂ ਅਸੰਤੁਲਿਤ ਲਿੰਗ ਅਨੁਪਾਤ, ਜ਼ਮੀਨ ਦਾ ਛੋਟੇ-ਛੋਟੇ ਟੁਕੜਿਆਂ ਵਿੱਚ ਵੰਡਦੇ ਜਾਣਾ, ਨਸ਼ਿਆਂ ਕਾਰਨ ਆਪਣਾ ਆਪ ਸਾਂਭਣ ਤੋਂ ਅਸਮਰੱਥ ਮਰਦ ਤੇ ਹੋਰ ਕਈ ਕਾਰਨ ਹੋ ਸਕਦੇ ਹਨ। ਭਾਵੇਂ ਰਾਣੀ ਜਿਹੀਆਂ ਕਈ ਕੁੜੀਆਂ, ਔਰਤਾਂ ਕੰਮ ਦੇ ਨਾਂਅ ਉਤੇ ਵੱਡੇ ਸ਼ਹਿਰਾਂ ਵਿੱਚ ਲਿਆਈਆਂ ਜਾਂਦੀਆਂ ਹਨ, ਜਿੱਥੇ ਮਜ਼ਦੂਰੀ ਦੇ ਨਾਂਅ ਉਤੇ ਉਨ੍ਹਾਂ ਨੂੰ ਹੋਰ ਕਈ ਕੰਮ ਕਰਦੇ ਹੋਏ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ, ਪਰ ਕਈ ਵਾਰ ਇਨ੍ਹਾਂ ਤੀਵੀਆਂ ਨੂੰ 'ਛੜਿਆਂ' ਦੇ ਘਰ ਵਸਾਉਣ ਲਈ ਮੁੱਲ ਵੀ ਲਿਆਇਆ ਜਾਂਦਾ ਹੈ। ਬਾਰਾਂ ਸਾਲ ਬਾਅਦ ਸੱਸ ਤੇ ਪਤੀ ਜਿੰਦਰ ਨੂੰ ਮਨਾ ਕੇ ਰਾਣੀ ਆਪਣੇ ਪੁੱਤਰ ਸ਼ਿਵਾ ਨੂੰ ਨਾਲ ਲੈ ਕੇ ਪੰਜਾਬ ਤੋਂ ਆਪਣੇ ਪੇਕੇ ਚੰਪਾਤੌਲੀ (ਬੰਗਾਲ) ਜਾ ਪਹੁੰਚੀ। ਸ਼ਿਵੇ ਨੂੰ ਦੇਖ, ਉਸ ਦੀ ਦਾਦੀ ਖੁਸ਼ ਹੋਈ, ਰਾਣੀ ਨੇ ਸੇਠ ਦਾ ਕਰਜ਼ਾ ਚੁਕਤਾ ਕੀਤਾ। ਉਸ ਦੇ ਠਾਠ ਨੂੰ ਦੇਖ ਕੇ ਕਈ ਪਰਵਾਰਾਂ ਨੇ ਆਪਣੀਆਂ ਕੁੜੀਆਂ ਨੂੰ ਵੀ ਪੰਜਾਬ ਲਿਜਾਣ ਲਈ ਕਿਹਾ, ਪਰ ਪੰਜਾਬ ਵਾਪਸ ਪਹੁੰਚਣ 'ਤੇ ਵੀ ਰਾਣੀ ਨੂੰ ਲੱਗ ਰਿਹਾ ਸੀ, ਉਹ ਪਤਾ ਨਹੀਂ ਕੀ ਭੁੱਲ ਆਈ ਹੈ। ਹਾਲਾਂਕਿ ਕੋਲਕਾਤਾ ਵਿੱਚ ਅਨੀਮਾ ਤੋਂ ਰਾਣੀ ਬਣੀ ਦਾ ਬਚਪਨ ਤੇ ਜਵਾਨੀ ਭੁੱਖਮਰੀ ਤੇ ਤੰਗਹਾਲੀ ਵਿੱਚ ਹੀ ਬੀਤੇ। ਮਾਲਟ ਦਾਸ ਦੇ ਸ਼ੋਸ਼ਣ ਦਾ ਸ਼ਿਕਾਰ ਹੋਈ, ਸ਼ਰਾਬੀ ਪਤੀ ਤੇ ਸੱਸ ਨੇ ਵੀ ਕੋਈ ਸੁੱਖ ਨਹੀਂ ਦਿੱਤਾ, ਜਦਕਿ ਪੰਜਾਬ ਉਸ ਨੂੰ ਘਰ ਦੀ ਨੂੰਹ ਹੋਣ ਦਾ ਦਰਜਾ ਮਿਲਿਆ। ਕਈ ਬੁੱਢੀਆਂ ਤੇ ਸਹੇਲੀਆਂ ਨਾਲ ਦੁੱਖ-ਸੁੱਖ ਫਰੋਲਣ ਦਾ ਮੌਕਾ ਮਿਲਿਆ। ਅਸਲੀ ਕੁਇਨਜ਼ ਲੈਂਡ ਪੰਜਾਬ ਹੀ ਹੈ, ਜੋ ਕਿਸੇ ਨੂੰ ਭੁੱਖਾ ਨਹੀਂ ਮਰਨ ਦੇਂਦਾ, ਉਨ੍ਹਾਂ ਦੇ ਸੁੱਕੇ ਤੇ ਮੁਰਝਾਏ ਸਰੀਰਾਂ ਤੇ ਚਿਹਰਿਆਂ ਉਤੇ ਮਾਸ ਹੀ ਨਹੀਂ, ਰੌਣਕ ਵੀ ਲਿਆਉਂਦਾ ਹੈ। ਇਸੇ ਕਰਕੇ ਹੋਰ ਪਰਵਾਰ ਤੇ ਕੁੜੀਆਂ ਵੀ ਇਸ ਕੁਇਨਜ਼ ਲੈਂਡ ਆਉਣ ਲਈ ਤਰਸਦੀਆਂ ਹਨ ਤਾਂਕਿ ਕੰਮ ਕਰਕੇ ਸੱਚਮੁੱਚ ਰਾਜਕੁਮਾਰੀਆਂ ਬਣਨ ਤੇ ਸਮੇਂ ਦੀਆਂ 'ਰਾਣੀਆਂ' ਕਹਾਉਣ। ਪੰਜਾਬ ਦੇ ਖਿੱਤੇ ਨੂੰ ਕਈ ਨਾਵਾਂ ਤੋਂ ਪੁਕਾਰਿਆ ਜਾਂਦਾ ਰਿਹਾ, ਪਰ ਆਗਾਜ਼ਬੀਰ ਵੱਲੋਂ ਦਿੱਤਾ ਗਿਆ 'ਕੁਇਨਜ਼ ਲੈਂਡ' ਨਾਂਅ ਨਿਵੇਕਲਾ ਤੇ ਅਰਥਭਰਪੂਰ ਵੀ ਹੈ।

'ਬਲਿਊ ਪ੍ਰਿੰਟ' ਕਹਾਣੀ ਜਵਾਨ ਪੁੱਤਰ ਦੀ ਮੌਤ ਨਾਲ ਜੁੜੀ ਹੋਈ ਹੈ। ਪੰਜਾਬ ਵਿੱਚ ਗੈਂਗਵਾਰ ਕਾਰਨ ਮਾਰੇ ਗਏ ਪ੍ਰਸਿੱਧ ਗਾਇਕ ਮੂਸੇਵਾਲਾ ਨੂੰ ਅਧਾਰ ਬਣਾ ਕੇ ਇਸ ਮੁੱਦੇ ਨੂੰ ਚੁੱਕਣ ਦਾ ਯਤਨ ਕੀਤਾ ਹੈ ਕਿ ਜਵਾਨ ਪੁੱਤਰ ਦੀ ਮੌਤ ਮਾਂ-ਬਾਪ ਦੀ ਦੁਨੀਆ ਹਨੇਰੀ ਕਰ ਜਾਂਦੀ ਹੈ। ਜਦੋਂ ਪੁੱਤਰ ਕਿਸੇ ਗਲਤ ਰਾਹ ਨੂੰ ਅਖ਼ਤਿਆਰ ਕਰ ਲਵੇ ਤਾਂ ਮਾਪੇ ਜੀਉਂਦੇ-ਜੀਅ ਹੀ ਮਰ ਜਾਂਦੇ ਹਨ, ਪਰ ਭੂਆ ਦੇ ਲਾਇਕ ਮੁੰਡੇ ਅੰਮ੍ਰਿਤ ਦਾ ਕਾਲਜ ਪਹੁੰਚਦੇ ਹੀ 'ਗਲਤ ਰਾਹ ਵੱਲ ਮੁੜ' ਜਾਣ 'ਤੇ ਵੀ ਫੁੱਫੜ ਨੇ ਪਰਦਾ ਪਾਈ ਰੱਖਿਆ ਤੇ ਮੁੰਡੇ ਦੀ ਮੌਤ ਬਾਅਦ ਸਭ ਨਾਲੋਂ ਨਾਤਾ ਤੋੜ ਲਿਆ। ਅਜਿਹਾ ਮੁੜ੍ਹਪਨ ਫੁੱਫੜ ਦੀ ਲਿਆਕਤ ਨੂੰ ਨਹੀਂ, ਫੋਕੀ ਆਕੜ ਤੇ ਖੋਖਲੇਪਨ ਨੂੰ ਉਜਾਗਰ ਕਰਦਾ, ਜਦਕਿ ਅਜਿਹੇ ਇਕੱਲੇਪਨ ਵੇਲੇ ਜੇ ਦੋ-ਚਾਰ ਹਮਦਰਦ ਕੋਲ ਤਾਂ ਜ਼ਿੰਦਗੀ ਥੋੜ੍ਹੀ ਜਿਹੀ ਸੁਖਾਲੀ ਹੋ ਸਕਦੀ ਹੈ। ਕਹਾਣੀ ਸੋਚਣ 'ਤੇ ਲਾਉਂਦੀ ਹੈ।

ਕਹਾਣੀ 'ਲਾਜਵੰਤੀ ਦਾ ਬੂਟਾ' ਇਕ ਨਿਵੇਕਲੇ ਵਿਸ਼ੇ ਨੂੰ ਪੇਸ਼ ਕਰਦੀ ਹੈ, ਜਿਸ ਬਾਰੇ ਅਜੇ ਬਹੁਤਾ ਨਹੀਂ ਲਿਖਿਆ ਗਿਆ। ਇਹ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿਚਲੇ ਕੰਡਕਟਰਾਂ ਦੀਆਂ ਸਮੱਸਿਆਵਾਂ ਨੂੰ ਕਈ ਪੱਖਾਂ ਤੋਂ ਸਾਹਮਣੇ ਰੱਖਦੀ ਹੈ। ਕੰਡਕਟਰ ਦੀ ਨੌਕਰੀ ਲੈਣਾ, ਨੌਕਰੀ ਨਿਭਾਅ ਵੇਲੇ ਜ਼ੋਰ-ਜ਼ੋਰ ਦੀਆਂ ਆਵਾਜ਼ਾਂ ਲਗਾਉਣਾ, ਦੂਜੀਆਂ ਪ੍ਰਾਈਵੇਟ ਬੱਸਾਂ ਨਾਲ ਭਿੜਨਾ ਪੈਣਾ, ਸਹੀ ਰੂਟ ਲੈਣਾ, ਯੂਨੀਅਨ ਦੀ ਮੈਂਬਰਸ਼ਿਪ ਦੀ ਫੀਸ ਦੇਣਾ ਤੇ ਹੋਰ ਪਤਾ ਨਹੀਂ ਕਿੰਨੀਆਂ ਹੀ ਸਮੱਸਿਆਵਾਂ ਨਾਲ ਆਗਾਜ਼ਬੀਰ ਜਾਣੂ ਕਰਵਾਉਂਦਾ ਹੈ। ਇਸੇ ਦੌਰਾਨ ਸ਼ਹਿਰ ਵਿੱਚ ਹੋਏ ਇਕ ਦੰਗੇ ਵਿੱਚ ਕੰਡਕਟਰ ਕੁਲਦੀਪ ਨੂੰ ਫਸਾ ਦੇਣ ਦੀ ਸੋਚੀ-ਸਮਝੀ ਸਾਜ਼ਿਸ਼ ਤੋਂ ਉਸ ਨੂੰ ਕਿਸੇ ਤਰ੍ਹਾਂ ਯੂਨੀਅਨ ਨੇ ਬਚਾ ਲਿਆ, ਪਰ ਬਸ ਵਿੱਚ ਰੋਜ਼ ਮਿਲਦੀ ਰੂਬੀ ਇਸ ਦੰਗੇ ਦੀ ਭੇਟ ਚੜ੍ਹ ਗਈ, ਇਹ ਸੂਚਨਾ ਕੁਲਦੀਪ ਲਈ ਸਜ਼ਾ ਤੋਂ ਬਚ ਜਾਣ ਤੋਂ ਵੱਧ ਮਾਰੂ ਸੀ। ਕਹਾਣੀ ਦਾ ਨਾਂਅ 'ਲਾਜਵੰਤੀ ਦਾ ਬੂਟਾ' ਕਿਉਂ ਰੱਖਿਆ ਗਿਆ..., ਇਹ ਸਮਝ ਨਹੀਂ ਆਇਆ।

ਤਿੰਨ ਪੱਪਿਆਂ ਤੋਂ ਸਾਰੇ ਜਾਣੂ ਹਨ, ਪਰ 'ਬੰਦ ਦਰਵਾਜ਼ਾ' ਦੀ ਕੇਂਦਰੀ ਪਾਤਰ ਚੌਥੇ ਪੱਪੇ 'ਪੰਚਾਇਤ' ਤੋਂ ਦੁਖੀ ਹੈ, ਕਿਉਂਕਿ ਸਾਰਾ ਪਿੰਡ ਤੇ ਪੰਚਾਇਤ ਦੇ ਮੈਂਬਰ ਵਾਰ-ਵਾਰ ਉਸ ਉੱਤੇ ਇਸ ਗੱਲ ਲਈ ਜ਼ੋਰ ਪਾ ਰਹੇ ਸਨ ਕਿ ਉਹ ਤਾਏ ਦੇ ਨਾਲਾਇਕ ਪੁੱਤਰ ਗੇਜੇ ਨਾਲ ਵਿਆਹ ਕਰ ਲਵੇ, ਕਿਉਂਕਿ ਪਤੀ ਤੇ ਪੁੱਤਰ ਦੀ ਮੌਤ ਮਗਰੋਂ ਜ਼ਮੀਨ ਦੀ ਮਾਲਕ ਹੁਣ ਉਹ ਹੈ, ਪਰ ਕੇਂਦਰੀ ਪਾਤਰ ਨੇ ਆਪਣੀ ਸਮਝ ਅਨੁਸਾਰ ਆਪਣੀ ਕਿਸਮਤ ਦੇ ਬੰਦ ਦਰਵਾਜ਼ੇ ਨੂੰ ਖੋਲ੍ਹਣ ਦਾ ਮਨ ਬਣਾਇਆ ਕਿ ਉਸ ਨੇ ਚੁੱਪ-ਚੁਪੀਤੇ ਜਿੰਦਰ ਦੇ ਦੋਸਤ ਪਾਲੀ ਨੂੰ ਅਪਨਾਉਣ ਲਈ ਦ੍ਰਿੜ੍ਹ ਨਿਸ਼ਚਾ ਕਰ ਲਿਆ।

'ਮੁਕੱਦਸ ਖ਼ਾਸ' ਕਹਾਣੀ ਵਿਚਲਾ 'ਪਾਤਰ' ਪੰਜਾਬ ਤੋਂ ਦੂਰ ਬੀਕਾਨੇਰ ਵਿੱਚ ਬਥੇਰੀ ਜ਼ਮੀਨ ਖਰੀਦ ਬਣ 'ਸਰਦਾਰ' ਜ਼ਰੂਰ ਬਣ ਗਿਆ ਪਰ ਆਪਣੇ ਪਰਵਾਰ, ਮਾਂ ਤੇ ਭਰਾ ਤੇ ਹੋਰ ਰਿਸ਼ਤੇ-ਨਾਤਿਆਂ ਤੋਂ ਦੂਰ ਹੋ ਗਿਆ। ਜਦੋਂ ਆਪਣੇ ਪੁੱਤਰਾਂ ਨੂੰ ਵਿਆਹੁਣ ਦੀ ਵਾਰੀ ਆਈ ਤਾਂ ਪੰਜਾਬ ਤੋਂ ਇਲਾਵਾ ਕੁਝ ਹੋਰ ਨਜ਼ਰ ਨਾ ਆਇਆ। ਉਦੋਂ ਉਸ ਦੀ ਸਰਦਾਰੀ ਤੇ ਚਾਲੀ ਕਿਲੇ ਜ਼ਮੀਨ ਵੀ ਕੁਝ ਨਾ ਸੰਵਾਰ ਸਕੀ। ਬੜੀ ਮੁਸ਼ਕਲ ਨਾਲ ਵੱਡੇ ਤੋਂ ਪਹਿਲਾਂ ਛੋਟੇ ਪੁੱਤਰ ਦਾ ਵਿਆਹ ਹੋਇਆ ਤੇ ਵੱਡੇ ਪੁੱਤਰ ਜੰਗਵੀਰ ਨੇ 'ਲਵ ਮੈਰਿਜ' ਕਰਵਾ ਕੇ ਪੰਜਾਬ ਵਾਪਸ ਜਾਣ ਦਾ ਫੈਸਲਾ ਕਰ ਲਿਆ। ਉਦੋਂ ਰਿਸ਼ਤੇ-ਨਾਤੇ ਤੋਂ ਟੁੱਟੇ 'ਸਰਦਾਰ' ਨੂੰ ਆਪਣੀ ਗਲਤੀ ਸਮਝ ਵਿੱਚ ਆਉਣ ਲੱਗੀ। ਧਨ, ਜ਼ਮੀਨ ਤੇ ਭੌਤਿਕ ਸੁੱਖਾਂ ਦਾ ਆਪਣਾ ਮਹੱਤਵ ਹੈ, ਪਰ ਜਦੋਂ ਇਨ੍ਹਾਂ ਦੇ ਲਾਲਚ ਵਿੱਚ ਆਪਣੀਆਂ ਜੜ੍ਹਾਂ ਤੋਂ ਨਾਤਾ ਤੋੜ ਲਿਆ ਜਾਏ ਤਾਂ ਕਿੱਧਰੇ ਨਾ ਕਿੱਧਰੇ ਇਸ ਦੀ ਵੀ ਭਾਰੀ ਕੀਮਤ ਚੁਕਾਉਣੀ ਪੈ ਜਾਂਦੀ ਹੈ। ਇਨ੍ਹਾਂ ਨਾਲ ਸਿੱਧੇ-ਅਸਿੱਧੇ ਤੌਰ 'ਤੇ ਤੰਦਾਂ ਹਮੇਸ਼ਾ ਜੁੜੀਆਂ ਹੀ ਰਹਿੰਦੀਆਂ ਹਨ, ਕਿਉਂਕਿ ਦੂਜੇ ਲੋਕ ਇਨ੍ਹਾਂ ਜੜ੍ਹਾਂ ਤੋਂ ਹੀ ਕਿਸੇ ਬਾਰੇ ਪਛਾਣ ਬਣਾਉਂਦੇ ਹਨ।

'ਕਾਲੀ ਘੋੜੀ ਦਾ ਸਵਾਰ' ਵਿਚਲਾ ਪਾਤਰ ਰਵੀ ਆਪਣੀ ਹੁਸ਼ਿਆਰੀ ਤੇ ਚੁਸਤੀ ਕਾਰਨ ਬਿਜ਼ਨੈੱਸ ਵਿੱਚ ਸਫਲ ਹੁੰਦਾ ਰਿਹਾ। ਜਦੋਂ ਸਫਲਤਾ ਥੋੜ੍ਹੀ ਜਿਹੇ ਜੁਗਾੜ ਤੇ ਚਾਲਾਕੀ ਨਾਲ ਹਾਸਲ ਹੋ ਜਾਏ ਤਾਂ ਬੰਦਾ ਆਪਣੇ-ਆਪ ਨੂੰ ਹਰ ਥਾਂ ਸ਼ਾਹਸਵਾਰ ਸਮਝਣ ਲੱਗ ਪੈਂਦਾ ਹੈ। ਥੋੜ੍ਹੇ ਸਮੇਂ ਤੇ ਗਲਤ ਤਰੀਕਿਆਂ ਨਾਲ ਹਾਸਲ ਕੀਤੀ ਕਮਾਈ ਬੰਦੇ ਨੂੰ ਅਕਸਰ ਗਲਤ ਰਾਹ ਉਤੇ ਹੀ ਪਾਉਂਦੀ ਹੈ। ਸਫਲਤਾ ਦੇ ਨਸ਼ੇ ਵਿੱਚ ਚੂਰ ਰਵੀ ਦੀ ਨਸ਼ੇਖੋਰੀ ਤੇ ਖੁੱਲ੍ਹੀਆਂ ਖੇਡਾਂ ਕਾਰਨ ਏਡਜ਼ ਦਾ ਸ਼ਿਕਾਰ ਹੋ ਗਿਆ, ਪਰ ਇਸ ਦਾ ਹਰਜਾਨਾ ਉਸ ਉੱਤੇ ਯਕੀਨ ਕਰਨ ਵਾਲੀ ਬੀਵੀ ਨੂੰ ਭੁਗਤਣਾ ਪਿਆ, ਕਿਉਂਕਿ ਹੁਣ ਉਹ ਵੀ ਏਡਜ਼ ਦਾ ਸ਼ਿਕਾਰ ਹੋ ਚੁੱਕੀ ਸੀ। 'ਹੁਣ ਮੈਂ ਕੀ ਕਰਾਂ' ਆਰਕੈਸਟਰਾ ਵਿੱਚ ਕੰਮ ਕਰਨ ਵਾਲੀ ਕੁੜੀ ਦੀ ਕਹਾਣੀ, ਜਿਸ ਲਈ ਪੈਸੇ ਲਈ ਸਟੇਜ ਉਤੇ ਨੱਚਣਾ ਤਲਵਾਰ ਦੀ ਨੋਕ ਉਤੇ ਨੱਚਣ ਤੋਂ ਘੱਟ ਨਹੀਂ ਸੀ। ਕਈ ਘਟਨਾਵਾਂ, ਧੋਖੇ, ਲੋਕਾਂ ਦੀਆਂ ਭੈੜੀਆਂ ਨਜ਼ਰਾਂ ਤੇ ਦੁੱਖਾਂ ਦਾ ਸਾਹਮਣਾ ਕਰਦੇ ਹੋਏ ਵੀ ਉਸ ਕੁੜੀ ਨੇ ਆਪਣੇ ਅੰਤਰਮਨ ਨੂੰ ਮੈਲਾ ਨਹੀਂ ਹੋਣ ਦਿੱਤਾ। ਇਸੇ ਕਰਕੇ ਉਹ ਆਪਣੇ ਜਿਹੀ ਦੂਸਰੀ ਔਰਤ ਦੇ ਦਰਦ ਨੂੰ ਝੱਟ ਸਮਝ ਗਈ ਤੇ ਉਸ ਨਾਲ ਇਨਸਾਫ਼ ਕੀਤਾ। ਸੁੱਚੀ ਮੁਹੱਬਤ ਨੂੰ ਲਫ਼ਜ਼ਾਂ ਦੀ ਲੋੜ ਨਹੀਂ ਹੁੰਦੀ। ਦੂਰ ਰਹਿ ਕੇ ਵੀ ਪ੍ਰੇਮੀ ਆਪਸ ਵਿੱਚ ਇਕ-ਦੂਜੇ ਨਾਲ ਜੁੜੇ ਰਹਿੰਦੇ ਹਨ। ਅੱਜਕੱਲ੍ਹ ਫਿਲਮਾਂ ਤੇ ਸੀਰੀਅਲਾਂ ਵਿੱਚ ਜਿੱਥੇ ਸਰੀਰਕ ਮਿਲਨ ਨੂੰ ਹੀ 'ਪਿਆਰ' ਕਿਹਾ ਜਾਣ ਲੱਗ ਪਿਆ ਹੈ ਤੇ ਵਾਰ-ਵਾਰ ਇਕ-ਦੂਜੇ ਨੂੰ 'ਆਈ ਲਵ ਯੂ' ਕਹਿ ਕੇ ਪਿਆਰ ਦਾ ਇਜ਼ਹਾਰ ਕੀਤੇ ਜਾਣ ਦਾ ਚਲਨ ਵਧ ਗਿਆ ਹੈ, ਉੱਥੇ 'ਹਥੇਲੀ 'ਤੇ ਰੱਖਿਆ ਸੂਰਜ' ਵਿਚਲੇ ਦੋਵੇਂ ਪਾਤਰ ਲੰਮੇ ਸਮੇਂ ਤੋਂ ਨਾ ਮਿਲਣ ਦੇ ਬਾਵਜੂਦ, ਜਦੋਂ ਮਿਲੇ ਤਾਂ ਚੁੱਪਚਾਪ ਬੈਠਿਆਂ ਹੀ ਉਨ੍ਹਾਂ ਨੇ ਇਕ-ਦੂਜੇ ਨੂੰ ਬਹੁਤ ਕੁਝ ਕਹਿ-ਸੁਣ ਲਿਆ। ਅੱਜ ਦੀ ਤੇਜ਼ ਰਫ਼ਤਾਰ ਨਾਲ ਦੌੜਦੀ ਯੁਵਾ ਪੀੜ੍ਹੀ ਲਈ 'ਖਾਮੋਸ਼ੀ' ਨੂੰ ਸਮਝਣਾ ਬਹੁਤ ਹੀ ਕਠਿਨ ਹੈ, ਕਿਉਂਕਿ ਇੱਥੇ ਬੋਲਾਂ ਤੇ ਸਰੀਰਕ ਹਰਕਤਾਂ ਤੋਂ ਵੱਧ ਅਹਿਸਾਸ ਹੀ ਮਾਇਨੇ ਰੱਖਦੇ ਹਨ।

ਜ਼ਮਾਨੇ ਦੀ ਹਵਾ ਕਦੇ ਵੀ ਕੁੜੀਆਂ/ਔਰਤਾਂ ਪ੍ਰਤੀ ਸੁਖਾਵੀਂ ਨਹੀਂ ਰਹੀ, ਪਰ ਪਿਛਲੇ ਕੁਝ ਅਰਸੇ ਤੋਂ ਹਾਲਾਤ ਕੁਝ ਜ਼ਿਆਦਾ ਹੀ ਮਾੜੇ ਹੁੰਦੇ ਜਾਂਦੇ ਹਨ। ਖ਼ਤਰਾ ਉਦੋਂ ਬਹੁਤਾ ਵਧ ਜਾਂਦਾ ਹੈ, ਜਦੋਂ ਕੋਈ ਕੁੜੀ ਇਕੱਲੀ ਹੋਵੇ ਤੇ ਮੁੰਡੇ ਇਕੱਠੇ ਦੋ-ਚਾਰ ਹੋਣ। ਘਰ ਦੀ ਤੰਗੀ-ਤੁਰਸ਼ੀ ਕਾਰਨ ਘਰੋਂ ਬਾਹਰ ਨਿਕਲ ਕੇ ਕੰਮ ਕਰਨ ਵਾਲੀਆਂ ਕੁੜੀਆਂ ਨੂੰ ਅਕਸਰ ਹੀ ਅਜਿਹੇ ਡਰ ਦੇ ਮਾਹੌਲ ਵਿੱਚ ਜੀਉਣਾ ਪੈ ਰਿਹਾ ਹੈ, ਵਿਸ਼ੇਸ਼ ਕਰ ਰਾਤ ਵੇਲੇ ਇਕੱਲਿਆਂ ਵਾਪਸ ਜਾਣ 'ਤੇ। 'ਸੂਰਾ' ਕਹਾਣੀ ਅਜਿਹੀਆਂ ਕੁੜੀਆਂ/ਔਰਤਾਂ ਦੀ ਕਹਾਣੀ ਹੈ, ਜੋ ਅਜਿਹੇ ਹਾਲਾਤ ਨਾਲ ਰੋਜ਼ ਹੀ ਜੂਝਦੀਆਂ ਹਨ। 'ਜੀਤ' ਨਾਲ ਵੀ ਇਹੀ ਕੁਝ ਵਾਪਰਦਾ, ਪਰ ਇਕ ਰਾਤ ਜਦੋਂ ਇਕ ਗੱਡੀ ਵਿੱਚ ਬੈਠੇ ਚਾਰ-ਪੰਜ ਮੁੰਡਿਆਂ ਨੇ ਉਸ ਇਕੱਲੀ ਦਾ ਪਿੱਛਾ ਕੀਤਾ ਤਾਂ ਉਸ ਦੀ ਮਨੋਸਥਿਤੀ ਵਿੱਚ ਡਰ ਤੋਂ ਵੱਧ ਖ਼ੌਫ਼ ਸ਼ਾਮਲ ਹੋ ਗਿਆ। ਉਸ ਰਾਤ ਘਰ ਪਹੁੰਚ ਕੇ ਉਸ ਆਪਣੇ ਡਰ 'ਤੇ ਜਿੱਤ ਪ੍ਰਾਪਤ ਕੀਤੀ ਤੇ ਅਗਲੀ ਸਵੇਰ ਘਰੋਂ ਨਿਕਲਣ ਵੇਲੇ ਉਹ ਮਜ਼ਲੂਮ ਦੀ ਥਾਂ 'ਸੂਰਾ' ਬਣ, ਹੌਸਲੇ ਨਾਲ, ਹਾਲਾਤ ਦਾ ਸਾਹਮਣਾ ਕਰਨ ਦੇ ਦ੍ਰਿੜ੍ਹ ਨਿਸ਼ਚੇ ਨਾਲ ਤਿਆਰ ਹੋ ਕੇ ਨਿਕਲੀ।

ਆਗਾਜ਼ਬੀਰ ਦੀਆਂ ਸਾਰੀਆਂ ਹੀ ਕਹਾਣੀਆਂ ਵਿਸ਼ੇ ਪੱਖੋਂ ਨਿਵੇਕਲੀਆਂ ਜਾਪਦੀਆਂ ਹਨ। ਕਿਸੇ ਵੀ ਘਟਨਾ ਨੂੰ ਦੇਖਣ ਤੇ ਉਸ ਨੂੰ ਕਿਸ ਮੁੱਦੇ ਨਾਲ ਜੋੜ ਕੇ ਪ੍ਰਸਤੁਤ ਕਰਨ ਦਾ ਉਸ ਦਾ ਨਜ਼ਰੀਆ ਆਪਣਾ ਹੈ। ਬਹੁਤ ਚੰਗਾ ਹੈ ਕਿ ਉਸ ਨੇ ਹੁਣੇ ਤੋਂ ਸਾਹਿਤ ਰਚਨਾ ਨੂੰ ਇਕ ਗੰਭੀਰ ਕਾਰਜ ਸਮਝ ਕੇ ਅਪਨਾਇਆ ਤੇ ਨਿਭਾਉਣ ਦਾ ਯਤਨ ਕੀਤਾ। ਅਜੋਕੇ ਸਮੇਂ ਵਿੱਚ ਸਮਾਜਿਕ ਪੱਧਰ ਉਤੇ ਦਿਖਾਵਾ ਤੇ ਖੋਖਲਾਪਨ, ਪਰਵਾਰਕ ਤੇ ਨੇੜਲੇ ਰਿਸ਼ਤਿਆਂ ਵਿੱਚ ਆਉਂਦੀ ਦੂਰੀ, ਅਸੁਖਾਵੀਆਂ ਸਥਿਤੀਆਂ, ਮਾਨਸਿਕ ਉਲਝਣਾਂ ਦੀ ਭਰਮਾਰ, ਜਾਤੀਗਤ ਮੁੱਦੇ ਤੇ ਸਭ ਤੋਂ ਵੱਧ ਆਰਥਿਕ ਪੱਧਰ ਉਤੇ ਬਹੁਤ ਅਸੰਤੁਲਨ ਦੇਖਣ ਨੂੰ ਮਿਲ ਰਿਹਾ ਹੋਵੇ, ਉਥੇ ਸਾਹਿਤ ਰਚਨਾ, ਫਿਲਮਾਂ, ਸੋਸ਼ਲ ਮੀਡੀਆ ਤੇ ਮੀਡੀਆ ਮੁਕਾਬਲੇ ਵਧੇਰੇ ਗੰਭੀਰਤਾ ਦੀ ਮੰਗ ਕਰਦੀ ਹੈ। ਖੁਸ਼ੀ ਇਸ ਗੱਲ ਦੀ ਹੈ ਕਿ ਆਪਣੇ ਪਲੇਠੇ ਕਹਾਣੀ-ਸੰਗ੍ਰਹਿ ਵਿੱਚ ਹੀ ਆਗਾਜ਼ਬੀਰ ਇਕ ਜ਼ਿੰਮੇਵਾਰ ਵਿਅਕਤੀ ਤੇ ਲੇਖਕ ਦੇ ਤੌਰ 'ਤੇ ਸਾਹਮਣੇ ਆਇਆ। ਉਸ ਦੀਆਂ ਕਹਾਣੀਆਂ ਦੇ ਵਿਸ਼ਿਆਂ ਦੀ ਚੋਣ, ਇਸ ਗੱਲ ਨੂੰ ਦੱਸਦੀ ਹੈ ਕਿ ਉਹ ਸਮਾਜਿਕ ਸਰੋਕਾਰਾਂ ਤੇ ਮਾਨਵੀ ਰਿਸ਼ਤਿਆਂ ਦੀ ਸਮਝ ਰੱਖਦਾ ਹੈ। ਅਜਿਹੇ ਨੌਜਵਾਨ ਕਹਾਣੀਕਾਰਾਂ ਦੀ ਸੋਚ, ਜੋ ਆਪਣੇ ਸਮਕਾਲ ਨੂੰ ਰਚਨਾਵਾਂ ਰਾਹੀਂ ਬਿਆਨ ਕਰਨ ਤੇ ਮਾਨਵੀ ਸੰਵੇਦਨਾ ਪੱਖੋਂ ਕੋਰੇ ਨਾ ਹੋਣ ਪੰਜਾਬੀ ਕਹਾਣੀ ਵਿੱਚ ਹੋਰ ਵੀ ਵਾਧਾ ਕਰੇਗੀ। ਉਮੀਦ ਹੈ, ਦਿਨੋਂ-ਦਿਨ ਭਾਸ਼ਾ ਤੇ ਸੰਵਾਦ ਪੱਖੋਂ ਲੇਖਕ ਹੋਰ ਕਦਮ ਅਗਾਂਹ ਪੁੱਟੇਗਾ। ਖੁਸ਼ਾਮਦੀਦ!

*ਮੋਬਾਇਲ : 98681-82835*


---

# ਪਰਵਾਸ ਤੇ ਬੇਰੁਜ਼ਗਾਰੀ ਨੇ ਬਦਲੇ ਰਿਸ਼ਤਿਆਂ ਦੇ ਸਰੂਪ

## ਡੁੱਲ੍ਹੇ ਬੇਰ

**ਵਜ਼ੀਰ ਸਿੰਘ ਰੰਧਾਵਾ**
**ਪੰਨ-112, ਮੁੱਲ-240 ਰੁਪਏ**
**ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ**

**ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**



ਨਾਵਲ 'ਡੁੱਲ੍ਹੇ ਬੇਰ' ਤੋਂ ਪਹਿਲਾਂ ਲੇਖਕ ਵਜ਼ੀਰ ਸਿੰਘ ਰੰਧਾਵਾ ਨੇ ਦੋ ਕਿਤਾਬਾਂ ਸਾਹਿਤ ਨੂੰ ਦਿੱਤੀਆਂ ਹਨ । ਇਕ ਨਾਵਲ 'ਦੁੱਧ ਦੀ ਲਾਜ' ਤੇ ਮਿੰਨੀ ਕਹਾਣੀ ਸੰਗ੍ਰਹਿ 'ਹੋਕਾ' । ਲੇਖਕ ਮਿੰਨੀ ਕਹਾਣੀ ਤੋਂ ਨਾਵਲ ਵੱਲ ਆਇਆ ਹੈ । ਚਰਚਾ ਅਧੀਨ ਨਾਵਲ ਦੋ ਪਰਵਾਰਾਂ ਦੀ ਕਹਾਣੀ ਹੈ । ਇਕ ਪਰਵਾਰ ਸਾਧਾਰਨ ਕਿਸਾਨੀ ਪਰਵਾਰ ਹੈ । ਮਿਹਨਤਕਸ਼ ਹੈ। ਦੂਸਰਾ ਅਮੀਰ ਤੇ ਧਨਾਢ ਹੈ। ਪਰਵਾਰ ਦਾ ਮੁਖੀ ਪਿੰਡ ਦਾ ਸਰਕਰਦਾ ਵਿਅਕਤੀ ਹੈ। ਉਹ ਚੇਅਰਮੈਨ ਹੈ । ਚੇਅਰਮੈਨ ਦਾ ਇਕ ਪੁੱਤਰ ਹੈ ਰਮਨ। ਉਹ ਨਸ਼ੇ ਕਰਦਾ ਹੈ। ਉਸ ਦਾ ਮਿੱਤਰਤਾ ਵੀ ਲੋਫਰ ਕਿਸਮ ਦੇ ਮੁੰਡਿਆਂ ਨਾਲ ਹੈ । ਸਾਧਾਰਨ ਕਿਸਾਨੀ ਪਰਵਾਰ ਦਾ ਮੁੰਡਾ ਪਰਮਜੀਤ ਪੜ੍ਹਿਆ-ਲਿਖਿਆ ਹੈ। ਐੱਮ ਏ ਪਾਸ ਹੈ। ਨੌਕਰੀ ਦੀ ਤਲਾਸ਼ ਵਿਚ ਹੈ। ਘਰ ਦੀਆਂ ਬੀਬੀਆਂ ਰਲ ਕੇ ਪਰਮਜੀਤ ਦਾ ਰਿਸ਼ਤਾ ਬੀ ਐੱਡ ਕਰਦੀ ਲੜਕੀ ਕੰਵਲ ਨਾਲ ਕਰਨ ਲਈ ਵਿਚਾਰਾਂ ਕਰਦੀਆਂ ਹਨ। ਦੋਨੋਂ ਜਣੇ ਪਰਮਜੀਤ ਤੇ ਕੰਵਲ ਹਾਣੀ ਹਨ। ਉਹ ਇਕ-ਦੂਸਰੇ ਨੂੰ ਪਸੰਦ ਵੀ ਕਰਦੇ ਹਨ, ਪਰ ਕੁੜੀ ਕੰਵਲ ਦੇ ਮਾਪੇ ਚਾਹੁੰਦੇ ਹਨ ਕਿ ਪਰਮਜੀਤ ਨੌਕਰੀ ਲੱਗ ਜਾਵੇ। ਕੁਝ ਕਮਾਵੇ। ਫੇਰ ਰਿਸ਼ਤਾ ਵੀ ਪੱਕਾ ਕਰ ਲਵਾਂਗੇ। ਪੰਜਾਬ ਵਿਚ ਨੌਕਰੀ ਮਿਲਣੀ ਸੌਖੀ ਨਹੀਂ ਰਹਿ ਗਈ । ਪਰਮਜੀਤ ਬੇਰੁਜ਼ਗਾਰੀ ਦੀ ਹਾਲਤ ਵਿਚ ਕੈਨੇਡਾ ਚਲਾ ਜਾਂਦਾ ਹੈ। ਉਧਰ ਕੰਵਲ ਦੀ ਇਕ ਸਹੇਲੀ ਰਜਨੀ ਮਿਲ ਕੇ ਆਈਲੈਟ ਕਰਦੀਆਂ ਹਨ। ਕੰਵਲ ਚੰਗੇ ਬੈਂਡ ਲੈ ਜਾਂਦੀ ਹੈ। ਉਸ ਦੀ ਤਸਵੀਰ ਅਖ਼ਬਾਰਾਂ ਵਿਚ ਛਪਦੀ ਹੈ। ਤਸਵੀਰ ਵੇਖ ਕੇ ਇਕ ਵਿਚੋਲਾ ਜਗਦੀਸ਼ ਕੁਮਾਰ ਕੰਵਲ ਦਾ ਰਿਸ਼ਤਾ ਉਸ ਦੇ ਮਾਪਿਆਂ ਦੀ ਸਲਾਹ ਨਾਲ ਚੇਅਰਮੈਨ ਕੋਲ ਜਾਂਦਾ ਹੈ। ਰਮਨ ਦੇ ਨਸ਼ਈ ਹੋਣ ਦਾ ਪਤਾ ਸਾਰੇ ਪਿੰਡ ਨੂੰ ਹੈ। ਛੇਤੀ ਕਿਤੇ ਕੋਈ ਰਿਸ਼ਤਾ ਕਰਨ ਲਈ ਤਿਆਰ ਨਹੀਂ ਸੀ। ਕੌਣ ਇਹੋ ਜਿਹੇ ਮੁੰਡੇ ਨਾਲ ਰਿਸ਼ਤਾ ਕਰੇ । ਜਗਦੀਸ਼ ਕੁਮਾਰ ਪੂਰਾ ਚਲਾਕ ਤੇ ਸਬਜ਼ਬਾਜ਼ ਹੈ। ਉਹ ਕੰਵਲ ਦੀ ਤਸਵੀਰ ਵਿਖਾ ਕੇ ਬੀ ਐੱਡ ਪਾਸ ਕੁੜੀ ਵਿਦੇਸ਼ ਜਾਣ ਦੇ ਯੋਗ ਹੋਣ ਦਾ ਕਹਿ ਕੇ ਮਿੱਠਾ ਪਿਆਰਾ ਬਣ ਕੇ ਦੋਨਾਂ ਪਰਵਾਰਾਂ ਵਿਚ ਗੰਢ-ਤੁੱਪ ਕਰਵਾ ਦਿੰਦਾ ਹੈ। ਕੁੜੀ ਮੁੰਡੇ ਦੀ ਵੇਖਾ-ਵਿਖਾਈ ਵੀ ਨਹੀਂ ਹੋਣ ਦਿੰਦਾ । ਮੁੰਡੇ ਦੀ ਮਾਂ ਹੀ ਕੁੜੀ ਵਾਲਿਆਂ ਦੇ ਆਉਂਦੀ ਹੈ। ਤੇ ਗੱਲਾਂਬਾਤਾਂ ਮਾਰ, ਅਮੀਰਤ ਵਿਖਾ ਕੇ ਰਿਸ਼ਤਾ ਕਰ ਜਾਂਦੀ ਹੈ। ਮੁੰਡੇ ਦੀਆਂ ਆਦਤਾਂ ਬਾਰੇ ਕੁਝ ਨਹੀਂ ਦੱਸਦੀ। ਦੱਸਦੀ ਵੀ ਕਿਉਂ? ਉਤੋਂ ਵਿਚੋਲਾ ਵੀ ਚਾਲਬਾਜ਼ ।

ਵਿਚੋਲਾ ਹਰ ਗੱਲ ਵਿਚ ਕਾਹਲਾ ਹੈ। ਦੋਨਾਂ ਪਰਵਾਰਾਂ ਨੂੰ ਮਿਲਾਉਣ ਵਿਚ ਕੰਵਲ ਨੂੰ ਵਿਦੇਸ਼ ਭੇਜਣ ਲਈ ਵੀ ਵਿਚੋਲਾ ਅੱਗੇ ਲੱਗ ਕੇ ਏਜੰਟ ਪਾਸ ਲੈ ਕੇ ਜਾਂਦਾ ਹੈ। ਚੇਅਰਮੈਨ ਕੁੜੀ ਨੂੰ ਵਿਦੇਸ਼ ਭੇਜਣ ਲਈ ਸਾਰਾ ਖਰਚ ਵੀ ਕਰਨ ਲਈ ਮੰਨ ਜਾਂਦਾ ਹੈ। ਕੰਵਲ ਦੀ ਵਿਦੇਸ਼ ਉਡਾਰੀ ਤੋਂ ਪਹਿਲਾਂ ਵਿਆਹ ਦੀ ਤਰੀਕ ਵੀ ਤਹਿ ਹੋ ਜਾਂਦੀ ਹੈ। ਦੋਨਾਂ ਪਰਵਾਰਾਂ ਨੂੰ ਪੰਜ ਕੁ ਦਿਨ ਮਿਲਦੇ ਨੇ ਵਿਆਹ ਦੀ ਤਿਆਰੀ ਲਈ। ਉਧਰ ਮੁੰਡਾ ਰਮਨ ਵਿਆਹ ਤੋਂ ਨਾਂਹ ਨੁੱਕਰ ਕਰਦਾ ਹੈ, ਕਿਉਂਕਿ ਉਹ ਨਸ਼ਿਆਂ ਕਰਕੇ ਵਿਆਹ ਦੇ ਕਾਬਲ ਹੀ ਨਹੀਂ ਸੀ ਰਹਿ ਗਿਆ। ਉਸ ਦੀ ਮਾਂ ਲਾਵਾਂ ਵੇਲੇ ਵੀ ਮੁੰਡੇ ਦੇ ਬਿਮਾਰ ਹੋਣ ਦਾ ਬਹਾਨਾ ਲਾਉਂਦੀ ਹੈ। ਖੈਰ, ਜਿਵੇਂ ਕਿਵੇਂ ਲਾਵਾਂ ਹੋ ਜਾਂਦੀਆਂ ਹਨ। ਅਦਾਲਤੀ ਰਜਿਸਟਰੇਸ਼ਨ ਵੀ ਹੋ ਜਾਂਦੀ ਹੈ। ਇੱਥੇ ਕੁੜੀ ਵਾਲੇ ਅਵੇਸਲੇ ਜਿਹੇ ਲਗਦੇ ਹਨ। ਰਿਸ਼ਤਾ ਕਰਨ ਵੇਲੇ ਵੀ ਕੋਈ ਖਾਸ ਪੁੱਛ-ਗਿੱਛ ਨਹੀਂ ਕਰਦੇ। ਵਿਆਹ ਦੀ ਪਹਿਲੀ ਰਾਤ ਰਮਨ ਆਪਣੀ ਪਤਨੀ ਸੱਜ ਵਿਆਹੀ ਕੰਵਲ ਦੇ ਨੇੜੇ ਨਹੀਂ ਹੁੰਦਾ ਤੇ ਬਹਾਨਾ ਲਾ ਕੇ ਨਿਕਲ ਜਾਂਦਾ ਹੈ। ਰਮਨ ਦੀ ਮਾਂ ਪੂਰੀ ਤਰ੍ਹਾਂ ਕੰਨ ਲਾ ਕੇ ਰੱਖਦੀ ਹੈ, ਕਿਉਂਕਿ ਅਗਲੇ ਦਿਨ ਉਸ ਨੇ ਦਿੱਲੀ ਹਵਾਈ ਅੱਡੇ ਨੂੰ ਜਾਣਾ ਹੈ, ਨੂੰਹ ਨੂੰ ਕੈਨੇਡਾ ਭੇਜਣ ਲਈ। ਕੈਨੇਡਾ ਦੀ ਪੂਰੀ ਤਿਆਰੀ ਹੈ। ਚੇਅਰਮੈਨ ਉਸ ਦੀ ਪਤਨੀ ਨੂੰਹ ਨੂੰ ਛੱਡਣ ਜਾਂਦੇ ਹਨ। ਰਮਨ ਨਹੀਂ ਜਾਂਦਾ। ਉਹ ਜਾਣ ਦੇ ਯੋਗ ਹੀ ਨਹੀਂ ਸੀ, ਪਰ ਉਸ ਦੀ ਮਾਂ ਫਿਰ ਬਹਾਨਾ ਲਾਉਂਦੀ ਹੈ। ਰਮਨ ਦੇ ਬਿਮਾਰ ਹੋਣ ਦੀ ਸਾਰੀ ਗੱਲ ਕੰਵਲ ਚੰਗੀ ਤਰ੍ਹਾਂ ਜਾਣਦੀ ਹੈ, ਪਰ ਉਹ ਇਸ ਵੇਲੇ ਕਰ ਕੁਝ ਨਹੀਂ ਸੀ ਸਕਦੀ। ਉਹ ਮਾਪਿਆਂ ਨੂੰ ਬਹੁਤ ਯਾਦ ਕਰਦੀ ਹੈ। ਉਸ ਦੇ ਮਾਪੇ ਆਪਣੇ ਪਿੰਡੋਂ ਹੀ ਨਿਸ਼ਚਿਤ ਥਾਂ 'ਤੇ ਆ ਕੇ ਧੀ ਨੂੰ ਮਿਲ ਜਾਂਦੇ ਹਨ। ਕੰਵਲ ਬਹੁਤ ਪ੍ਰੇਸ਼ਾਨ ਹੈ। ਉਸ ਦੀਆਂ ਰੀਝਾਂ ਮਿੱਟੀ ਹੋ ਗਈਆਂ ਹਨ। ਕੰਵਲ ਨੂੰ ਦਿੱਲੀ ਛੱਡਣ ਗਏ ਪਿੱਛੋਂ ਰਮਨ ਆਪਣੇ ਮਿੱਤਰਾਂ ਨੂੰ ਵਿਆਹ ਦੀ ਪਾਰਟੀ ਲਈ ਬੁਲਾਉਂਦਾ ਹੈ। ਪਿੱਛੋਂ ਨਾਵਲ ਸਹਿਜੇ-ਸਹਿਜੇ ਆਪਣੀ ਮੰਜ਼ਲ ਵੱਲ ਤੁਰਦਾ ਹੈ। ਨਾਵਲ ਦੇ 31 ਕਾਂਡ ਹਨ। ਸੰਖੇਪ ਕਾਂਡ ਹਨ। ਬਿਰਤਾਂਤ ਸਹਿਜਮਈ ਤੇ ਰੌਚਿਕ ਹੈ। ਕੋਈ ਬੇਲੋੜਾ ਵਿਸਥਾਰ ਨਹੀਂ ਹੈ, ਨਾ ਹੀ ਨਾਵਲਕਾਰ ਕਿਸੇ ਥਾਂ ਭੂਮਿਕਾ ਜਿਹੇ ਸ਼ਬਦ ਲਿਖਦਾ ਹੈ। ਸਮਾਂ ਲੰਘਦਾ ਜਾਂਦਾ ਹੈ। ਹਵਾਈ ਜਹਾਜ਼ ਵਿਚ ਕੰਵਲ ਦਾ ਮੇਲ ਇਕ ਜੋੜੇ ਨਾਲ ਹੁੰਦਾ ਹੈ। ਉਹ ਉਸ ਜੋੜੇ ਦੇ ਨਜ਼ਦੀਕ ਹੁੰਦੀ ਹੈ। ਦੱਸਦੀ ਹੈ ਕਿ ਮੇਰੀ ਸਹਾਇਤਾ ਕਰੋ, ਮੇਰਾ ਵਿਦੇਸ਼ ਵਿਚ ਕੋਈ ਨਹੀਂ ਹੈ। ਉਹ ਜੋੜਾ ਉਸ ਨੂੰ ਆਪਣੇ ਘਰ ਲੈ ਜਾਂਦਾ ਹੈ। ਅਗਲੇ ਦਿਨ ਕੰਵਲ ਆਪਣੇ ਕਾਲਜ ਨੂੰ ਜਾਂਦੀ ਹੈ। ਉਸ ਦੇ ਰਹਿਣ ਦਾ ਪ੍ਰਬੰਧ ਵੀ ਹੋ ਜਾਂਦਾ ਹੈ।

ਇਕ ਦਿਨ ਕਿਤੇ ਉਸ ਦਾ ਮੇਲ ਪਰਮਜੀਤ ਨਾਲ ਹੁੰਦਾ ਹੈ। ਦੋਨੋਂ ਵਿੱਛੜੇ ਹੋਏ ਸੀ ਕਾਫੀ ਸਮੇਂ ਤੋਂ। ਇਕ-ਦੂਸਰੇ ਨਾਲ ਗੱਲਬਾਤ ਕਰਦੇ ਹਨ। ਪਛਾਣਦੇ ਹਨ। ਪਰਮਜੀਤ ਸਾਰੀ ਗੱਲ ਦੱਸਦਾ ਹੈ ਕਿ ਉਸ ਨੂੰ ਪੰਜਾਬ ਵਿਚ ਨੌਕਰੀ ਨਾ ਮਿਲਣ ਕਰਕੇ ਉਹ ਕੈਨੇਡਾ ਆਇਆ ਹੈ। ਅਜੇ ਵਿਆਹ ਨਹੀਂ ਸੀ ਕੀਤਾ। ਆਪਣੇ ਕਾਰੋਬਾਰ ਬਾਰੇ ਦੱਸਦਾ ਹੈ। ਫੇਰ ਕੰਵਲ ਸਾਰੀ ਗੱਲ ਦੱਸਦੀ ਹੈ ਕਿ ਉਸ ਦਾ ਵਿਆਹ ਮਾਪਿਆਂ ਨੇ ਚੇਅਰਮੈਨ ਦੇ ਮੁੰਡੇ ਰਮਨ ਨਾਲ ਕਰ ਦਿੱਤਾ ਸੀ, ਪਰ ਰਮਨ ਨਸ਼ੇ ਕਰਦਾ ਸੀ। ਉਹ ਵਿਆਹ ਦੇ ਕਾਬਲ ਹੀ ਨਹੀਂ ਸੀ। ਸ਼ਰਮਾਉਂਦੀ ਕੰਵਲ ਨੀਵੀਂ ਪਾਈ ਸਾਰੀ ਗੱਲ ਦੱਸਦੀ ਹੈ । ਨਾਲ ਹਉਕੇ ਭਰਦੀ ਹੈ। ਪਰਮਜੀਤ ਨੂੰ ਰਮਨ ਬਾਰੇ ਪਤਾ ਸੀ ਕਿ ਉਹ ਕਿਹੋ ਜਿਹਾ ਹੈ । ਇਲਾਕੇ ਵਿਚ ਸਾਰੇ ਲੋਕ ਰਮਨ ਨੂੰ ਜਾਣਦੇ ਸੀ, ਤਾਂ ਹੀ ਤਾਂ ਵਿਆਹ ਵੀ ਚੁੱਪ-ਚੁਪੀਤੇ ਕਰ ਦਿੱਤਾ ਸੀ। ਖੈਰ! ਰਮਨ ਦੇ ਮਾਪਿਆਂ ਨੇ ਰਮਨ ਨੂੰ ਨਸ਼ਾ ਛੁਡਾਊ ਕੇਂਦਰ ਵਿਚ ਦਾਖ਼ਲ ਕਰਾ ਦਿੱਤਾ। ਕੇਂਦਰ ਦੇ ਡਾਕਟਰ ਨਾਲ ਚੇਅਰਮੈਨ ਦੀ ਨੇੜਤਾ ਵੀ ਸੀ। ਛੱਡ ਕੇ ਆਉਣ ਤੋਂ ਅਗਲੇ ਦਿਨ ਰਮਨ ਕੰਧ ਟੱਪ ਕੇ ਕੇਂਦਰ ਵਿੱਚੋਂ ਭੱਜ ਗਿਆ। ਨਸ਼ੇ ਦੀ ਓਵਰਡੋਜ਼ ਲਈ ਤੇ ਮਰ ਗਿਆ । ਪਿੰਡ ਦੇ ਸਰਪੰਚ ਦਾ ਮੁੰਡਾ ਚੇਅਰਮੈਨ ਦੇ ਘਰ ਆਇਆ ਤੇ ਪੁਲਸ ਦੀ ਗੱਡੀ ਵਿਚ ਨਾਲ ਲੈ ਗਿਆ। ਜਾ ਕੇ ਚੇਅਰਮੈਨ ਨੇ ਪਛਾਣਿਆ । ਲਾਸ਼ ਰਮਨ ਦੀ ਸੀ। ਪਿੰਡ ਵਿਚ ਸਾਰੇ ਰੌਲਾ ਪੈ ਗਿਆ। ਮਾਂ ਨੂੰ ਗਸ਼ਾਂ ਪੈ ਗਈਆਂ। ਬੇਹੋਸ਼ੀ ਵਿਚ ਉਸ ਨੂੰ ਹਸਪਤਾਲ ਲੈ ਗਏ।

ਪਹਿਲਾਂ ਤਾਂ ਕੁਝ ਚਿਰ ਚੇਅਰਮੈਨ ਪਤਨੀ ਨੂੰ ਰਮਨ ਬਾਰੇ ਦੱਸਣ ਤੋਂ ਟਾਲਦਾ ਰਿਹਾ, ਪਰ ਕਿੰਨਾ ਕੁ ਚਿਰ ਰਮਨ ਦੀ ਮੌਤ ਛੁਪ ਸਕਦੀ ਸੀ। ਰਮਨ ਦੇ ਸਹੁਰਿਆਂ ਨੂੰ ਦੱਸਿਆ । ਕੰਵਲ ਨੂੰ ਵੀ ਪਤਾ ਲੱਗ ਗਿਆ । ਅਖੀਰ ਵਿਚ ਪਰਮਜੀਤ ਤੇ ਕੰਵਲ ਸਾਰੀ ਪਿਛਲੀ ਹੱਡਬੀਤੀ ਦੱਸ ਕੇ ਇਕ-ਦੂਸਰੇ ਦੇ ਹੋ ਗਏ। ਪਰਮਜੀਤ ਹਾਸੇ ਵਿਚ ਕਹਿੰਦਾ ਹੈ, ਮਿਲ ਤਾਂ ਪਏ ਆਂ ਹੁਣ ਤਾਂ ਨਹੀਂ ਕੋਈ ਪਹਿਲਾਂ ਵਾਲੀ ਸ਼ਰਤ——। ਤੇ ਕੰਵਲ ਨੇ ਚਿਹਰੇ 'ਤੇ ਮੁਸਕਰਾਹਟ ਲਿਆਉਂਦਿਆਂ ਆਪਣਾ ਹੱਥ ਪਰਮਜੀਤ ਦੇ ਹੱਥ ਉਪਰ ਰੱਖ ਦਿੱਤਾ ਤੇ ਕਾਫੀ ਚਿਰ ਆਪਸ ਵਿਚ ਗੱਲਾਂਬਾਤਾਂ ਕਰਦੇ ਕੰਵਲ ਦਾ ਸਾਮਾਨ ਪਰਮਜੀਤ ਦੇ ਕਮਰੇ ਵਿਚ ਲਿਆਉਣ ਵਾਸਤੇ ਚਲੇ ਗਏ। ਵਿਦੇਸ਼ ਦੀ ਧਰਤੀ 'ਤੇ ਦੋ ਦਿਲਾਂ ਦਾ ਮਿਲਣ ਹੋ ਗਿਆ। ਗੱਲਾਂਬਾਤਾਂ ਵਿਚ ਪਰਮਜੀਤ ਕਹਿੰਦਾ ਹੈ-ਡਾਲਰਾਂ ਦੀ ਚਮਕ-ਦਮਕ ਨੇ ਆਪਣੇ ਦੋਵਾਂ ਦੀ ਚਕਰੀ ਭੁਆਉਣ ਵਿਚ ਕੋਈ ਕਸਰ ਨਹੀਂ ਛੱਡੀ। ਪਤਾ ਹੀ ਨਹੀਂ ਲੱਗਾ ਕਿ ਆਪਾਂ ਨੂੰ ਵੀ ਅਣਭੋਲੇਪਣ ਵਿਚ ਡੁੱਲ੍ਹੇ ਬੇਰ ਬਣਾ ਕੇ ਰੱਖ ਦਿੱਤਾ। ਨਾਵਲਕਾਰ ਨੇ ਬਹੁਤ ਰੌਚਿਕ ਸ਼ੈਲੀ ਵਿਚ ਸਮੇਂ ਦਾ ਯਥਾਰਥ ਪੇਸ਼ ਕੀਤਾ ਹੈ। ਕਥਾਕਾਰ ਦੀਪ ਦਵਿੰਦਰ ਸਿੰਘ ਨੇ ਲਿਖਿਆ ਹੈ ਕਿ ਡੁੱਲ੍ਹੇ ਬੇਰ ਬਿਰਤਾਂਤਕਾਰੀ ਦਾ ਸਿਖਰ ਸਿਰਜਦੀ ਹੈ। ਨਾਵਲਕਾਰ ਗਲਪੀ ਜੁਗਤਾਂ ਰਾਹੀਂ ਆਪਣੇ ਪਾਤਰਾਂ ਨੂੰ ਸਾਊਪੁਣੇ ਦੀ ਵਲਗਣ ਨਹੀਂ ਟੱਪਣ ਦਿੰਦਾ। ਸਮੇਂ ਦਾ ਸੱਚ ਪੇਸ਼ ਕਰਦੇ ਸੁਹਜਮਈ ਨਾਵਲ ਦਾ ਸਵਾਗਤ ਹੈ।

**ਸੰਪਰਕ-98148-56160**

---

# ਪੁਸਤਕ ਰੀਵਿਊ

## ਉੱਘੇ ਗ਼ਦਰੀ ਸੂਰਬੀਰ

ਦਲਜੀਤ ਰਾਏ ਕਾਲੀਆ
**ਮੁੱਲ : 300 ਰੁਪਏ, ਪੇਪਰ ਬੈਕ ਪੰਨੇ : 168**
**ਤਰਕ ਭਾਰਤੀ, ਪ੍ਰਕਾਸ਼ਨ**

ਲੇਖਕ ਇਸ ਪ੍ਰਕਾਸ਼ਨਾ ਤੋਂ ਪਹਿਲਾਂ ਪੰਡਤ ਰਾਮ ਚੰਦ ਪੰਡੋਰੀ ਦੀ ਕਵੀਸ਼ਰੀ ਅਤੇ ਮਹਿਕ ਸ਼ਬਦਾਂ ਦੀ ਦੋ ਪੁਸਤਕਾਂ ਦਾ ਪ੍ਰਕਾਸ਼ਨ ਕਰਵਾ ਚੁੱਕਾ ਹੈ। ਉੱਘੇ ਗਦਰੀ ਸੂਰਬੀਰ ਪੁਸਤਕ ਵਿਚ 20 ਉੱਘੇ ਸੂਰਬੀਰ ਗਦਰੀ ਬਾਬਿਆਂ ਦੀਆਂ ਜੀਵਨ ਗਾਥਾਵਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਹਾਲ ਦਰਜ ਹੈ। ਜਿਨ੍ਹਾਂ ਦੇ ਨਾਂਅ ਹਨ, ਬਾਬਾ ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ ਕਿਰਤੀ, ਲਾਲਾ ਹਰਦਿਆਲ, ਬਾਬਾ ਹਰਨਾਮ ਸਿੰਘ ਕਸੇਲ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ, ਬਾਬਾ ਕੇਸਰ ਸਿੰਘ ਠੱਠਗੜ੍ਹ, ਕਰਤਾਰ ਸਿੰਘ ਨਵਾਂ ਚੰਦ, ਬਾਬਾ ਗੁਰਮੁੱਖ ਸਿੰਘ ਲਲਤੋਂ, ਗਦਰੀ ਗੁਲਾਬ ਕੌਰ, ਬਾਬਾ ਜਵਾਲਾ ਸਿੰਘ ਠੱਠੀਆਂ, ਪੰ: ਜਗਤ ਰਾਮ ਹਰਿਆਣਾ, ਲਾਲਾ ਠਾਕਰ ਦਾਸ ਧੂਰੀ, ਬਾਬਾ ਨਿਧਾਨ ਸਿੰਘ ਚੁੱਘਾ, ਪੰ: ਪਰਮਾ ਨੰਦ ਝਾਂਸੀ, ਮਨਸ਼ਾ ਸਿੰਘ ਦੁਖੀ, ਭਾਈ ਰਣਧੀਰ ਸਿੰਘ ਦੁਖੀ, ਭਾਈ ਰਣਧੀਰ ਸਿੰਘ ਨਾਰੰਗਵਾਲ, ਬਾਬਾ ਰੂੜ ਸਿੰਘ ਚੂਹੜ ਚੱਕ, ਬਾਬਾ ਵਿਸਾਖਾ ਸਿੰਘ ਦਦੇਹਰ।

ਇਨ੍ਹਾਂ ਉੱਪਰ ਲਿਖੇ ਦੇਸ਼ ਸੇਵਕ ਗਦਰੀ ਸੂਰਬੀਰਾਂ ਦੀਆਂ ਪ੍ਰਾਪਤੀਆਂ, ਕੁਰਬਾਨੀਆਂ ਦਾ ਵੇਰਵੇ ਸਹਿਤ ਹਾਲ ਲਿਖ ਕੇ ਪੰਜਾਬੀ ਪਾਠਕਾਂ ਨੂੰ ਮੁੜ ਜਾਣੂ ਕਰਵਾਇਆ ਹੈ, ਜਿਵੇਂ ਬਾਬਾ ਸੋਹਣ ਸਿੰਘ ਭਕਨਾ, ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ ਕਿ ਉਸ ਨੇ ਬੁਰੀ ਸੰਗਤ ਵਿਚ, ਆਪਣੀ ਉਮਰ ਦੇ 10 ਸਾਲ ਭੈੜੀ ਸੰਗਤ ਵਿਚ ਲੰਘਾਏ, ਪਰ ਹੋਰਨਾਂ ਪੰਜਾਬੀਆਂ ਵਾਂਗ 1909 ਈ: ਨੂੰ ਆਪ ਨੂੰ ਅਮਰੀਕਾ ਵਿਖੇ ਦਾਖਲ ਹੋਣ ਦੀ ਆਗਿਆ ਪ੍ਰਾਪਤ ਹੋ ਗਈ। ਇਥੇ ਹੀ ਪੈਰ ਅਜ਼ਮਾਉਣ ਲਈ ਪੋਰਟਲੈਂਡ ਕਸਬੇ ਦੀ ਮੋਨਾਰਕ ਨਾਂਅ ਦੀ ਲੱਕੜ ਮਿੱਲ ਵਿਚ ਮਜ਼ਦੂਰ ਵਜੋਂ ਆਪਣਾ ਜੀਵਨ ਪੰਧ ਆਰੰਭ ਕੀਤਾ। ਲਾਲਾ ਹਰਦਿਆਲ ਦੇ ਸਮਰਥਨ ਨਾਲ, ਇਨਕਲਾਬੀ ਲੀਹਾਂ 'ਤੇ ਕੰਮ ਕਰਨਾ ਆਰੰਭ ਕੀਤਾ। ਨਵੇਂ ਨਾਂਅ ਅਧੀਨ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਰੱਖਿਆ, ਪਾਰਟੀ ਦਾ ਉਦੇਸ਼ ਹਥਿਆਰਬੰਦ ਇਨਕਲਾਬ ਰਾਹੀਂ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਤੇ ਆਜ਼ਾਦੀ ਪਿੱਛੋਂ, ਆਜ਼ਾਦੀ ਤੇ ਬਰਾਬਰੀ ਆਧਾਰਤ 'ਤੇ ਲੋਕ ਰਾਜ ਸਥਾਪਤ ਕਰਨਾ ਹੋਵੇਗਾ ਅਤੇ 1857 ਈ: ਦੇ ਗਦਰ ਦੀ ਯਾਦ ਵਿਚ 'ਗਦਰ' ਨਾਂਅ ਦਾ ਅਖਬਾਰ ਆਰੰਭ ਕਰਨਾ ਹੋਵੇਗਾ, ਜਿਸ ਦਾ ਦਫ਼ਤਰ ਸਾਨ ਫਰਾਂਸਿਸਕੋ (ਕੈਲੇਫੋਰਨੀਆ) ਵਿਚ ਹੋਵੇਗਾ। ਬਾਬਾ ਸੋਹਨ ਸਿੰਘ ਭਕਨਾ ਪ੍ਰਧਾਨ ਚੁਣੇ ਗਏ। ਭਾਈ ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ ਤੇ ਹੋਰ ਪਤਵੰਤੇ ਅਹੁਦੇਦਾਰ ਚੁਣੇ ਗਏ। ਪਾਰਟੀ ਦਾ ਕੇਂਦਰੀ ਦਫ਼ਤਰ 5 ਵੁੱਡ ਸਟਰੀਟ ਵਿਚ ਤਬਦੀਲ ਹੋਇਆ। ਪਹਿਲੀ ਤਾਰੀਖ 1913 ਨੂੰ ਗਦਰ ਨਾਂਅ ਦਾ ਪਰਚਾ ਉਰਦੂ ਵਿਚ ਆਰੰਭ ਕੀਤਾ ਗਿਆ। ਸੋਹਣ ਸਿੰਘ ਭਕਨਾ ਨੇ ਆਪਣੀ ਨੌਕਰੀ ਛੱਡ ਕੇ ਆਪਣਾ ਆਪ, ਆਪਣਾ ਸਮਾਂ ਗਦਰ ਪਾਰਟੀ ਲਈ ਸਮਰਪਿਤ ਕਰ ਦਿੱਤਾ।

'ਇਹ ਇਕ ਪ੍ਰਸੰਗ ਹੈ। ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਪ੍ਰਵਾਸੀ ਭਾਰਤੀਆਂ ਨੇ ਬਰਤਾਨੀਆ ਦੇ ਨਿਰੰਕੁਸ਼ ਬਸਤੀਵਾਦੀ ਰਾਜ ਤੋਂ ਹਿੰਦੁਸਤਾਨ ਦੀ ਮੁਕਤੀ ਲਈ ਉੱਤਰੀ ਅਮਰੀਕਾ ਦੀ ਧਰਤੀ 'ਤੇ ਗਦਰ ਪਾਰਟੀ ਦੀ ਸਥਾਪਨਾ ਕੀਤੀ। 8 ਹਜ਼ਾਰ ਤੋਂ ਵਧੇਰੇ ਗਦਰੀ ਸ਼ਕਤੀਸ਼ਾਲੀ, ਸਾਮਰਾਜ ਦਾ ਟਾਕਰਾ ਕਰਨ ਲਈ ਵਿਦੇਸ਼ਾਂ ਤੋਂ ਪਰਤੇ। ਗਦਰ ਪਾਰਟੀ ਵੱਲੋਂ ਆਰੰਭੇ ਸੰਘਰਸ਼ ਦੌਰਾਨ ਸੈਂਕੜੇ ਗਦਰੀ ਫਾਂਸੀ ਚੜ੍ਹ ਕੇ ਸ਼ਹੀਦ ਹੋਏ। ਸੈਂਕੜੇ ਹੀ ਗਦਰੀਆਂ ਨੇ ਉਮਰ ਕੈਦ ਕਾਲੇਪਾਣੀਆਂ ਅਤੇ ਵੱਖ-ਵੱਖ ਮਿਆਦ ਦੀਆਂ ਸਜ਼ਾਵਾਂ ਭੁਗਤੀਆਂ। ਗਦਰ ਲਹਿਰ ਦੇ ਇਨਕਲਾਬੀ ਯੋਧੇ, ਹਿੰਦੋਸਤਾਨ ਦੇ ਇਤਿਹਾਸ ਅੰਦਰ ਅਥਾਹ ਸਤਿਕਾਰ ਅਤੇ ਆਦਰਯੋਗ ਰੁਤਬੇ ਦੇ ਹੱਕਦਾਰ ਹਨ।

ਸਮੂਹਿਕ ਰੂਪ ਵਿਚ ਪੰਜਾਬੀ ਪਾਠਕ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਦਾ ਹਾਲ ਵੇਰਵੇ ਸਹਿਤ ਇਸ ਪੁਸਤਕ ਵਿਚ ਪੜ੍ਹ ਸਕਦੇ ਹਨ। ਭਾਰਤੀ ਸਦੀਆਂ ਤੋਂ ਅਮਰੀਕਾ, ਯੂਰਪ ਅਤੇ ਏਸ਼ੀਅਨ ਦੇਸ਼ਾਂ ਵਿਚ ਜਾਂਦੇ ਰਹੇ ਹਨ, ਜਿੱਥੇ ਜਾ ਕੇ ਉਨ੍ਹਾਂ ਦੇ ਮਨਾਂ ਅੰਦਰ ਆਪਣੇ ਦੇਸ਼ ਲਈ ਆਜ਼ਾਦੀ ਦੀ ਪ੍ਰਾਪਤੀ ਕਰਨ ਦੇ ਸੁਪਨੇ ਪਨਪਦੇ ਸਨ। ਇਹ ਪੁਸਤਕ ਇਨ੍ਹਾਂ ਸੁਪਨਿਆਂ ਦੀ ਪੂਰਤੀ ਲਈ, ਉਨ੍ਹਾਂ ਵੱਲੋਂ ਕੀਤੀਆਂ ਸਰਗਰਮੀਆਂ ਦਾ ਇਤਿਹਾਸ ਹੈ। ਜਿਨ੍ਹਾਂ ਵਿਦਵਾਨਾਂ, ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਯੋਗਦਾਨ ਪਾਇਆ ਹੈ, ਉਨ੍ਹਾਂ ਵੱਲੋਂ ਪਾਇਆ ਯੋਗਦਾਨ ਅਤਿ ਕੀਮਤੀ ਹੈ।

ਇਸ ਪੁਸਤਕ ਦਾ ਲੇਖਕ ਸੰਪਾਦਕ ਦਲਜੀਤ ਰਾਏ ਕਾਲੀਆ ਵਿਸ਼ੇਸ਼ ਤੌਰ 'ਤੇ ਗਦਰੀ ਬਾਬਿਆਂ ਦੀਆਂ ਜੀਵਨੀਆਂ, ਪ੍ਰਾਪਤੀਆਂ, ਸਰਗਰਮੀਆਂ ਨੂੰ ਜਿਸ ਰੂਪ ਵਿਚ, ਵਧੇਰੇ ਨਵੀਆਂ ਸੂਚਨਾਵਾਂ ਨਾਲ ਪੁਨਰ ਪੇਸ਼ ਕੀਤੀਆਂ ਹਨ। ਉਹ ਵਧਾਈ ਦਾ ਹੱਕਦਾਰ ਹੈ। ਪਾਠਕਾਂ ਲਈ ਇਹ ਅਦੁੱਤੀ ਸੌਗਾਤ ਹੈ। ਮੈਂ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਬੇਨਤੀ ਕਰਦਾ ਹਾਂ।

**- ਡਾ: ਅਮਰ ਕੋਮਲ**

## ਸ਼ਹੀਦ ਚੰਦਰਸ਼ੇਖਰ ਆਜ਼ਾਦ ਦੀ ਮਾਤਾ ਜਗਰਾਨੀ ਦੇਵੀ

**ਅਨਿਲ ਵਰਮਾ, ਅਨੁ. : ਬਲਵੀਰ ਲੌਂਗੋਵਾਲ**
**ਸਫ਼ੇ : 64, ਕੀਮਤ: 100 ਰੁਪਏ**

'ਸ਼ਹੀਦ ਚੰਦਰਸ਼ੇਖਰ ਆਜ਼ਾਦ ਦੀ ਮਾਤਾ ਜਗਰਾਨੀ ਦੇਵੀ' ਪੁਸਤਕ ਅਨਿਲ ਵਰਮਾ ਦੁਆਰਾ ਲਿਖੀ ਹੋਈ ਹੈ। ਅਨਿਲ ਵਰਮਾ ਭਾਰਤੀ ਸਾਹਿਤ ਜਗਤ ਵਿੱਚ ਇੱਕ ਜਾਣਿਆ-ਪਛਾਣਿਆ ਹਸਤਾਖ਼ਰ ਹੈ। ਉਸ ਦੇ ਬਾਬਾ ਦੇਸ਼ ਭਗਤ ਅਤੇ ਆਜ਼ਾਦੀ ਸੰਗਰਾਮੀ ਸਨ, ਜਿਨ੍ਹਾਂ ਅਮਰ ਸ਼ਹੀਦ ਚੰਦਰਸ਼ੇਖਰ ਆਜ਼ਾਦ ਨਾਲ ਕੰਮ ਕੀਤਾ ਸੀ। ਉਥੋਂ ਹੀ ਪ੍ਰੇਰਿਤ ਹੋ ਕੇ ਇਹ ਪੁਸਤਕ ਲਿਖੀ ਗਈ ਹੈ। ਬਲਬੀਰ ਲੌਂਗੋਂਵਾਲ ਨੇ ਇਸ ਪੁਸਤਕ ਨੂੰ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਪੁਸਤਕ ਅਨਿਲ ਵਰਮਾ ਨੇ ਆਪਣੀ ਮਰਹੂਮ ਮਾਤਾ ਲਕਸ਼ਮੀ ਦੇਵੀ ਵਰਮਾ ਨੂੰ ਅਤੇ ਆਪਣੇ ਬਾਬਾ ਆਜ਼ਾਦੀ ਸੰਗਰਾਮ ਮੋਤੀਲਾਲ ਮਹਿਰਾ ਨੂੰ ਅਤੇ ਮਾਤ ਭੂਮੀ ਲਈ ਜਾਨ ਵਾਰਨ ਵਾਲੇ ਹਜ਼ਾਰਾਂ ਗੁੰਮਨਾਮ ਸ਼ਹੀਦਾਂ ਨੂੰ ਸਮਰਪਿਤ ਕੀਤੀ ਹੈ। ਪੁਸਤਕ ਦੇ ਆਰੰਭ ਵਿੱਚ ਕੁਝ ਗੱਲਾਂ ਲੇਖਕ ਅਨਿਲ ਵਰਮਾ ਵੱਲੋਂ ਕੀਤੀਆਂ ਹਨ, ਜਿਸ ਵਿੱਚ ਉਹਨਾ ਇਸ ਪੁਸਤਕ ਨੂੰ ਲਿਖਣ ਦੇ ਕਾਰਨ ਵੱਲ ਸੰਕੇਤ ਕਰਦਿਆਂ ਆਪਣੇ ਅਨੁਭਵ ਨੂੰ ਸਾਂਝੇ ਕੀਤੇ ਹਨ। ਪੁਸਤਕ ਵਿੱਚ ਕੁੱਲ 12 ਲੇਖ ਹਨ, ਜਿਨ੍ਹਾਂ ਵਿੱਚ ਚੰਦਰਸ਼ੇਖਰ ਆਜ਼ਾਦ ਦੇ ਪੁਰਖਿਆਂ ਦੀ ਗੱਲ ਕਰਦਿਆਂ ਹੋਇਆਂ ਉਸ ਦੇ ਜਨਮ ਤੇ ਜਨਮ ਸਥਾਨ ਬਾਰੇ ਜਾਣਕਾਰੀ ਦਿੱਤੀ ਹੈ। ਮਾਤਾ ਦੇ ਪਿਆਰ ਕਾਰਨ ਹੀ ਆਜ਼ਾਦ ਦੀ ਸ਼ਖਸੀਅਤ ਅੰਦਰ ਸਪੱਸ਼ਟਤਾ, ਨਿਡਰਤਾ, ਸੱਚਾਈ ਤੇ ਇਮਾਨਦਾਰੀ ਵਰਗੇ ਗੁਣ ਸਨ, ਜਦੋਂ ਉਹਨਾ ਦੇ ਪਿਤਾ ਗੁੱਸਾ ਕਰਦੇ ਸਨ ਤੇ ਮਾਂ ਦੀ ਮਮਤਾ ਹੀ ਉਹਨਾ ਦੀ ਰਾਖੀ ਕਰਦੀ ਸੀ। ਅਗਲੇ ਲੇਖ ਵਿੱਚ ਆਜ਼ਾਦ ਦੇ ਕ੍ਰਾਂਤੀਕਾਰੀ ਰਸਤੇ ਵਿੱਚ ਆਈਆਂ ਮੁਸ਼ਕਲਾਂ ਦੀ ਗੱਲ ਕੀਤੀ ਹੈ । ਆਜ਼ਾਦ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੇ ਸਨ, ਪਰ ਮਾਤ ਭੂਮੀ ਦੀ ਆਜ਼ਾਦੀ ਲਈ ਆਜ਼ਾਦ ਨੇ ਸੁੱਖਾਂ ਨੂੰ ਤਿਲਾਂਜਲੀ ਦੇ ਕੇ ਦੁੱਖਾਂ ਨੂੰ ਗਲੇ ਲਗਾ ਲਿਆ। ਜਦੋਂ ਵੀ ਕੋਈ ਉਹਨਾ ਨੂੰ ਪੁੱਛਦਾ ਕਿ ਮਾਂ ਦੀ ਯਾਦ ਨਹੀਂ ਆਉਂਦੀ? ਤਾਂ ਹਮੇਸ਼ਾ ਉਹਨਾ ਦੀਆਂ ਅੱਖਾਂ ਛਲਕ ਪੈਂਦੀਆਂ, ਉਹ ਕਹਿੰਦੇ ਸਨ ਕਿ ਮੇਰੀ ਸਭ ਤੋਂ ਵੱਡੀ ਕਮਜ਼ੋਰੀ ਮੇਰੀ ਮਾਂ ਹੈ।

ਅਗਲਾ ਲੇਖ ਆਜ਼ਾਦ ਦੀ ਮਾਤਾ ਨਾਲ ਆਖਰੀ ਮੁਲਾਕਾਤ ਬਾਰੇ ਹੈ। ਬੇਟੇ ਦੀ ਸ਼ਹਾਦਤ ਤੋਂ ਬਾਅਦ ਮਾਂ ਦਾ ਜੀਵਨ ਕਿਸ ਪ੍ਰਕਾਰ ਸੰਘਰਸ਼ਾਂ ਵਿੱਚ ਬੀਤਿਆ। ਆਜ਼ਾਦ ਦੇ ਦੋਸਤ ਸਦਾਸ਼ਿਵ ਤੇ ਮੋਹਰੀ ਨੇ ਆਜ਼ਾਦ ਤੋਂ ਬਾਅਦ ਮਾਂ ਨੂੰ ਆਪਣੀ ਮਾਂ ਦੀ ਤਰ੍ਹਾਂ ਸਾਂਭਿਆ। ਬੇਟੇ ਦੀ ਸ਼ਹਾਦਤ ਤੋਂ ਬਾਅਦ ਸਤਾਰ ਤੱਟ ਤੇ ਮਾਤਾ ਦਾ ਰੁਦਨ ਕਿਸ ਪ੍ਰਕਾਰ ਗੂੰਜਿਆ, ਇਹ ਅਗਲੇ ਲੇਖ ਵਿੱਚ ਦੱਸਿਆ ਗਿਆ ਹੈ। ਚਤੁਰਵੇਦੀ ਪਰਵਾਰ ਵਿੱਚ ਮਾਤਾ ਜੀ ਗਏ, ਉਹਨਾਂ ਦਾ ਤੀਰਥ ਯਾਤਰਾ ਦਾ ਸੁਪਨਾ ਆਜ਼ਾਦ ਦੇ ਦੋਸਤਾਂ ਨੇ ਪੂਰਾ ਕੀਤਾ। ਅਫਸੋਸ ਇਸ ਗੱਲ ਦਾ ਹੈ ਤੀਰਥ ਯਾਤਰਾ ਦਾ ਪ੍ਰਬੰਧ ਅਜੇ ਹੋ ਹੀ ਰਿਹਾ ਸੀ ਕਿ ਮਾਤਾ ਜੀ ਬਿਮਾਰ ਹੋ ਗਏ ਤੇ ਆਜ਼ਾਦ ਦੇ ਦੋਸਤ ਸਦਾਸ਼ਿਵ ਦੀ ਗੋਦ ਵਿੱਚ ਹੀ ਉਹਨਾ ਪ੍ਰਾਣ ਤਿਆਗ ਦਿੱਤੇ । ਝਾਂਸੀ ਵਿੱਚ ਉਹਨਾ ਦਾ ਸਸਕਾਰ ਹੋਇਆ ਤੇ ਅਸਥੀਆਂ ਗੰਗਾ ਵਿੱਚ ਪ੍ਰਵਾਹਿਤ ਕੀਤੀਆਂ ਗਈਆਂ। ਪੁਸਤਕ ਇਹ ਵੀ ਦੱਸਦੀ ਹੈ ਕਿ ਸ਼ਾਸਨ ਵੱਲੋਂ ਮਾਤਾ ਜਗਰਾਨੀ ਦੇਵੀ ਦਾ ਸਮਾਰਕ ਅਣਗੌਲਿਆ ਪਿਆ ਹੈ, ਉਨ੍ਹਾ ਦੀ ਭਾਵਰਾ ਪਿੰਡ ਵਿੱਚ ਝੌਂਪੜੀ ਢੱਠੀ ਪਈ ਹੈ। ਪੁਸਤਕ ਦੱਸਦੀ ਹੈ ਕਿ ਚੰਦਰਸ਼ੇਖਰ ਆਜ਼ਾਦ ਦੀ ਸ਼ਹਾਦਤ ਤੋਂ ਬਾਅਦ ਉਹਨਾ ਦੇ ਵੰਸ਼ ਦਾ ਅੰਤ ਨਹੀਂ ਹੋਇਆ, ਅਸੀਂ ਹੀ ਉਨ੍ਹਾਂ ਦੇ ਵੰਸ਼ਜ ਹਾਂ ਤੇ ਮਾਤਾ ਜਗਰਾਨੀ ਦੇਵੀ ਸਿਰਫ ਆਜ਼ਾਦ ਦੀ ਮਾਤਾ ਨਹੀਂ, ਬਲਕਿ ਸਾਡੀ ਵੀ ਮਾਤਾ ਹੈ। ਪੁਸਤਕ ਵਿੱਚ ਸਾਨੂੰ ਕ੍ਰਾਂਤੀਕਾਰੀ ਚੰਦਰਸ਼ੇਖਰ ਆਜ਼ਾਦ ਬਾਰੇ ਭਰਪੂਰ ਜਾਣਕਾਰੀ ਦੇ ਨਾਲ-ਨਾਲ ਮਾਤਾ ਦੇ ਤਿਆਗ ਤੇ ਪਿਆਰ ਦਾ ਵੀ ਪਤਾ ਲਗਦਾ ਹੈ। ਲੇਖਕ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਾਤਾ ਜਗਰਾਨੀ ਦੇਵੀ ਬਾਰੇ ਜਾਣਕਾਰੀ ਦਿੱਤੀ ਹੈ। ਬਲਬੀਰ ਚੰਦ ਲੌਂਗੋਵਾਲ ਨੇ ਅਨੁਵਾਦ ਰਾਹੀਂ ਪੰਜਾਬੀ ਪਾਠਕਾਂ ਨੂੰ ਵੀ ਇਨ੍ਹਾਂ ਅਣਗੌਲੇ ਪਾਤਰਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸ ਪ੍ਰਕਾਰ ਦੀਆਂ ਪੁਸਤਕਾਂ ਚੰਦਰਸ਼ੇਖਰ ਆਜ਼ਾਦ ਵਰਗੇ ਅਣਗੌਲੇ ਪਾਤਰਾਂ ਪ੍ਰਤੀ ਇੱਕ ਸ਼ਰਧਾ ਦੀ ਭਾਵਨਾ ਪੈਦਾ ਕਰਦੀਆਂ ਹਨ, ਸੋ ਇਸ ਅਨੁਵਾਦਿਤ ਪੁਸਤਕ ਨੂੰ ਪੰਜਾਬੀ ਸਾਹਿਤ ਵਿੱਚ ਜੀ ਆਇਆਂ।

**—ਡਾਕਟਰ ਭੁਪਿੰਦਰ ਕੌਰ**

---

# ਸੱਜਰਾ ਸਾਹਿਤ

## ਗੁੰਗਾ ਸਾਜ਼

**(ਨਿਬੰਧ)**
**ਅਮਰੀਕ ਹਮਰਾਜ**
**ਪੰਨੇ : 96, ਮੁੱਲ : 230 ਰੁਪਏ**
**ਬੀ ਆਰ ਐੱਸ ਪਬਲੀਕੇਸ਼ਨਜ਼, ਹੁਸ਼ਿਆਰਪੁਰ**



ਇਸ ਕਿਤਾਬ ਰਾਹੀਂ ਅਮਰੀਕ ਹਮਰਾਜ ਪੰਜਾਬੀ ਸੱਭਿਆਚਾਰ ਦੇ ਅਨਿੱਖੜਵੇਂ ਅੰਗ 'ਚਰਖੇ' ਦੀ ਗੱਲ ਕਰਦਾ ਹੋਇਆ ਸਾਡੇ ਅਵਚੇਤਨ ਵਿੱਚ ਵੱਸਦੇ ਚਰਖੇ ਦੇ ਲੋਕ ਬਿੰਬ ਨੂੰ ਉਘਾੜ ਕੇ ਪੇਸ਼ ਕਰਦਾ ਹੈ ਅਤੇ 'ਚੱਕ' ਦੇ ਬਾਰੇ ਖੋਜ ਭਰਪੂਰ ਜਾਣਕਾਰੀ ਨਾਲ ਬਾਵਾਸਤਾ ਕਰਵਾਉਂਦਾ ਹੈ। ਪ੍ਰਵਾਸ ਦੀ ਵੇਦਨਾ ਜੋ ਕਿ ਅੱਜ ਪੂਰੇ ਪੰਜਾਬੀਆਂ ਦੀ ਸਾਂਝੀ ਹੂਕ ਬਣ ਗਈ ਹੈ, ਨੂੰ ਆਪਣੇ ਲੇਖਾਂ 'ਘਰ ਉਜਾੜਨ ਦੀ ਅਰਦਾਸ' ਅਤੇ 'ਮੇਰੇ ਬਾਪੂ ਜੀ' ਰਾਹੀਂ ਭਾਰਤੀ ਅਤੇ ਵਿਦੇਸ਼ੀ ਸੰਦਰਭ ਦੋਵਾਂ ਪੱਖਾਂ ਦੇ ਦਰਦ ਨੂੰ ਪੇਸ਼ ਕੀਤਾ ਹੈ। 'ਗੁੰਗਾ ਸਾਜ਼' ਅਤੇ 'ਭਟਕਣਾ' ਲੇਖਾਂ ਵਿੱਚ ਲੇਖਕ ਦਾ ਫਲਸਫਾ ਨਿੱਖਰ ਕੇ ਸਾਹਮਣੇ ਆਉਂਦਾ ਹੈ ਅਤੇ 'ਲੜਕਪਨ' ਲੇਖ ਰਾਹੀਂ ਉਹ ਵਿਗਿਆਨਕ ਅਤੇ ਮਨੋਵਿਗਿਆਨਕ ਤੱਥਾਂ ਨੂੰ ਅਧਾਰ ਬਣਾ ਕੇ ਕਿਸ਼ੋਰ ਉਮਰ ਦੇ ਬੱਚਿਆਂ ਅਤੇ ਉਹਨਾਂ ਦੇ ਵਾਰਸਾਂ ਨੂੰ ਮਾਨਸਿਕ ਉਲਾਰਾਂ ਨੂੰ ਸੰਭਾਲਣ ਲਈ ਸੰਦੇਸ਼ ਵੀ ਦਿੰਦਾ ਹੈ। । ਉਸ ਦਾ ਲੇਖ 'ਕਸਰਤ ਵਾਲਾ ਗਹਿਣਾ' ਅਮਰੀਕ ਹਮਰਾਜ ਦੇ ਭਾਵਨਾਤਮਿਕ ਪੱਧਰ ਨੂੰ ਸਿਖਰ 'ਤੇ ਲੈ ਜਾਂਦਾ ਹੈ।

**-ਮੁੱਖ ਬੰਦ 'ਚੋਂ**

## ਪੰਖ ਵਿਹੂਣੀ ਉਡਾਨ

**(ਕਵੀ ਸੁਭਾਸ਼ ਪਾਰਸ : ਇੱਕ ਦਾਸਤਾਨ)**
**ਡਾ. ਧਰਮਪਾਲ ਸਾਹਿਲ**
**ਪ੍ਰਿੰਸੀਪਲ ਪ੍ਰੋਮਿਲਾ ਅਰੋੜਾ**
**ਪੰਨੇ : 96, ਮੁੱਲ : 120 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**

"ਮੰਜ਼ਿਲ ਮਿਲਤੀ ਹੈ ਉਨਹੇਂ, ਜਿਨਕੇ ਇਰਾਦੋ ਮੇਂ ਜਾਨ ਹੋਤੀ ਹੈ,
ਪੰਖੋਂ ਸੇ ਕੁਛ ਨਹੀਂ ਹੋਤਾ, ਹੌਸਲੋਂ ਸੇ ਉੜਾਨ ਹੋਤੀ ਹੈ।"



ਸੁਭਾਸ਼ ਪਾਰਸ ਨੇ "ਫਰਿਸ਼ਤੇ" (ਹਿੰਦੀ) ਅਤੇ "ਸਰੋਜ : ਇੱਕ ਦਾਸਤਾਨ" ਪੰਜਾਬੀ ਵਿੱਚ ਮਿਆਰੀ ਕਵਿਤਾਵਾਂ/ ਗੀਤਾਂ/ ਗ਼ਜ਼ਲਾਂ ਦੀਆਂ ਪੁਸਤਕਾਂ ਸਿਰਜ ਕੇ ਆਪਣੀ ਕਾਵਿ ਪ੍ਰਤਿਭਾ ਦਾ ਲੋਹਾ ਮੰਨਵਾਇਆ ਹੈ। ਪੁਸਤਕਾਂ ਨੂੰ ਆਪਣਾ ਹਮਸਫਰ ਬਣਾਉਣ ਮਗਰੋਂ ਸ਼ਾਇਰੀ ਰਾਹੀਂ ਘਰ ਬੈਠੇ ਹੀ ਸੁਭਾਸ਼ ਪਾਰਸ ਦੇ ਦੇਸ਼-ਵਿਦੇਸ਼ 'ਚ ਅਣਗਿਣਤ ਦੋਸਤ ਤੇ ਚਾਹੁਣ ਵਾਲੇ ਵੀ ਜੁੜ ਗਏ। ਸੁਭਾਸ਼ ਪਾਰਸ ਉਨ੍ਹਾਂ ਕਰਮਹੀਣ ਲੋਕਾਂ ਲਈ ਇੱਕ ਜਿਉਂਦੀ-ਜਾਗਦੀ ਮਿਸਾਲ ਹੈ। ਸਾਨੂੰ ਮਹਿਸੂਸ ਹੋਇਆ ਕਿ ਸੁਭਾਸ਼ ਪਾਰਸ ਦੇ ਜੀਵਨ ਸੰਘਰਸ਼ ਦੀ ਅਨੂਠੀ ਦਾਸਤਾਨ ਲਿਖਤੀ ਰੂਪ ਵਿੱਚ ਪਾਠਕਾਂ ਸਾਹਮਣੇ ਲਿਆਉਣੀ ਚਾਹੀਦੀ ਹੈ ਤਾਂ ਜੁ ਸੁਭਾਸ਼ ਪਾਰਸ ਤੋਂ ਹੋਰ ਬਹੁਤ ਸਾਰੇ ਲੋਕ ਪ੍ਰੇਰਣਾ ਲੈ ਸਕਣ ਤੇ ਜਿਉਣ ਦਾ ਸ਼ਊਰ ਸਿੱਖ ਸਕਣ।

**-ਚੰਦ ਸ਼ਬਦਾਂ 'ਚੋਂ**

## ਸੁਪਨਿਆਂ ਦੀ ਧਰਤੀ

**ਕੈਨੇਡਾ**
**(ਸਫਰਨਾਮਾ)**
**ਡਾ. ਸੰਦੀਪ ਘੰਡ**
**ਪੰਨੇ : 116, ਮੁੱਲ-250 ਰੁਪਏ**
**ਸੁਮਿਤ ਪ੍ਰਕਾਸ਼ਨ, ਲੁਧਿਆਣਾ**



ਯਾਤਰਾਵਾਂ ਜਿੱਥੇ ਵਿਅਕਤੀ ਦਾ ਮਨੋਰੰਜਨ ਕਰਦੀਆਂ ਹਨ, ਉੱਥੇ ਜਾਣਕਾਰੀ ਦਾ ਘੇਰਾ ਵੀ ਵਿਸ਼ਾਲ ਬਣਾਉਂਦੀਆਂ ਹਨ। ਯਾਤਰਾ ਨਾਲ ਉਸ ਖੇਤਰ ਦੇ ਲੋਕਾਂ ਦੇ ਇਤਿਹਾਸ, ਪਹਿਰਾਵੇ, ਭਾਸ਼ਾ, ਸੱਭਿਆਚਾਰ, ਰਹਿਣ-ਸਹਿਣ ਅਤੇ ਖਾਧ ਖੁਰਾਕ ਦੀ ਜਾਣਕਾਰੀ ਮਿਲਦੀ ਹੈ।

ਅਸਲ ਵਿੱਚ ਬਹੁਤੇ ਲੋਕਾਂ ਦੀ ਜ਼ਿੰਦਗੀ ਪਹੀਏ ਨਾਲ ਜੁੜੀ ਹੋਈ ਹੈ। ਦੇਖਿਆ ਜਾਵੇ ਜ਼ਿੰਦਗੀ ਇੱਕ ਪਹੀਆ ਹੈ। ਕਈਆਂ ਦਾ ਪਹੀਆ ਬਹੁਤ ਤੇਜ਼ ਭੱਜਦਾ ਹੈ ਵੱਡੇ ਗੇਅਰ ਵਿੱਚ ਤੇ ਕਈਆਂ ਦਾ ਲੋਅਰ ਗੇਅਰ 'ਚ ਹੀ ਤੁਰਦਾ ਹੈ। ਇਨਸਾਨ ਜ਼ਿੰਦਗੀ ਲਈ ਖੁਸ਼ੀਆਂ ਬੀਜਦਾ ਹੈ। ਸੋਚਦਾ ਹੈ ਕਿ ਹਾਸੇ ਉੱਗਣਗੇ, ਪਰ ਕਿੰਨਾ ਔਖਾ ਹੁੰਦਾ ਹੈ ਜਦ ਉਸ ਨੂੰ ਗਮੀ ਅਤੇ ਉਦਾਸੀ ਦੀ ਫਸਲ ਵੱਢਣੀ ਪੈਂਦੀ ਹੈ।

**-ਦੋ ਸ਼ਬਦ 'ਚੋਂ**

5-May-Sunday.qxd 5/4/2024 10:33 PM Page 6



# ਪੰਜਾਬੀ ਸਾਹਿਤ ਸਭਾ ਵੱਲੋਂ ਸ਼ਾਇਰ ਮੋਹਨਜੀਤ ਦੇ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਹੁਸ਼ਿਆਰਪੁਰ :** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਮੀਟਿੰਗ ਸਭਾ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਭਾ ਦੇ ਸਾਰੇ ਅਹੁਦੇਦਾਰ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਜਸਬੀਰ ਧੀਮਾਨ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਕਿਹਾ ਕਿ ਪੰਜਾਬੀ ਸਾਹਿਤਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁੱਖ ਨਾਲ ਪੜ੍ਹੀ ਜਾ ਰਹੀ ਹੈ ਕਿ ਸਾਡੇ ਵਿਚਕਾਰ ਪੰਜਾਬੀ ਦੇ ਉਮਦਾ ਅਤੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸ਼ਾਇਰ ਡਾ. ਮੋਹਨਜੀਤ ਨਹੀਂ ਰਹੇ। ਡਾ. ਮੋਹਨਜੀਤ ਦਾ ਜਨਮ 7 ਮਈ, 1938 ਈਸਵੀ ਨੂੰ ਪਿੰਡ ਅਦਲੀਵਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਦਿੱਲੀ ਯੂਨੀਵਰਸਿਟੀ ਤੋਂ ਪੀ ਐੱਚ ਡੀ. ਡਾ. ਮੋਹਨਜੀਤ ਨੇ ਲੰਬਾ ਸਮਾਂ ਦੇਸ਼ ਬੰਧੂ ਕਾਲਜ ਦਿੱਲੀ ਵਿਖੇ ਪੰਜਾਬੀ ਦਾ ਵਿਸ਼ਾ ਪੜ੍ਹਾਇਆ। ਡਾਟਾਂ ਵਾਲੇ, ਸਹਿਕਦਾ ਸ਼ਹਿਰ, ਤੁਰਦੇ ਫਿਰਦੇ ਮਸਖ਼ਰੇ, ਬੂੰਦ ਤੇ ਸਮੁੰਦਰ, ਕੀ ਨਾਰੀ ਕੀ ਨਦੀ, ਹਵਾ ਪਿਆਜ਼ੀ, ਓਹਲੇ ਵਿੱਚ ਉਜਿਆਰਾ, ਗੂਹੜੀ ਲਿਖਤ ਵਾਲਾ ਵਰਕਾ ਉਨ੍ਹਾਂ ਦੀਆ ਪ੍ਰਸਿੱਧ ਪੁਸਤਕਾਂ ਹਨ। ਉਨ੍ਹਾਂ ਦੀ 'ਕੋਣੇ ਦਾ ਸੂਰਜ' ਪੁਸਤਕ ਨੂੰ 2018 ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ। ਇਸ ਮੌਕੇ ਪੰਜਾਬੀ ਦੇ ਪ੍ਰਬੁੱਧ ਲੇਖਕ ਹਰਬੰਸ ਹੀਉਂ ਸ਼ਹੀਦ ਭਗਤ ਸਿੰਘ ਨਗਰ ਦੇ ਚਲਾਣੇ 'ਤੇ ਵੀ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਵਿੱਛੜੇ ਦੋਵਾਂ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

# ਯੁਵਾ ਕਲਮਕਾਰਾਂ 'ਚ ਅਸੀਮ ਸਿਰਜਣਾ ਦੀਆਂ ਸੰਭਾਵਨਾਵਾਂ ਮੌਜੂਦ : ਡਾ. ਆਸ਼ਟ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਉੱਘੇ ਲੇਖਕ ਪ੍ਰੋ. ਨਵਸੰਗੀਤ ਸਿੰਘ, ਦਵਿੰਦਰਪਾਲ ਸਿੰਘ, ਉੱਘੀ ਯੁਵਾ ਕਵਿੱਤਰੀ ਰੂਹੀ ਸਿੰਘ ਅਤੇ ਪ੍ਰੀਤਿਕਾ ਸ਼ਰਮਾ (ਗੀਤਿਕਾ) ਆਦਿ ਸ਼ਾਮਲ ਹੋਏ। ਇਸ ਮੌਕੇ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਵਰਤਮਾਨ ਦੌਰ ਵਿਚ ਯੁਵਾ ਕਲਮਕਾਰਾਂ ਵਿਚ ਅਸੀਮ ਸਿਰਜਣਾ ਦੀਆਂ ਸੰਭਾਵਨਾਵਾਂ ਮੌਜੂਦ ਹਨ ਅਤੇ ਉਹਨਾਂ ਦਾ ਸਮਾਜ ਨੂੰ ਦੇਖਣ ਅਤੇ ਮਹਿਸੂਸ ਕਰਨ ਦਾ ਅਨੋਖਾ ਨਜ਼ਰੀਆ ਹੈ, ਜਿਸ ਨੂੰ ਉਹ ਬੋਲੀ ਅਤੇ ਸਾਹਿਤ ਦੇ ਵਿਕਾਸ ਲਈ ਇਸਤੇਮਾਲ ਕਰ ਰਹੇ ਹਨ। ਪ੍ਰੋ. ਨਵਸੰਗੀਤ ਸਿੰਘ ਨੇ ਕਿਹਾ ਕਿ ਪੰਜਾਬ ਦੀਆਂ ਸਿਰਕੱਢ ਸਾਹਿਤ ਸਭਾਵਾਂ ਵਿੱਚੋਂ ਪੰਜਾਬੀ ਸਾਹਿਤ ਸਭਾ ਪਟਿਆਲਾ ਨਵੀਂ ਪੀੜ੍ਹੀ ਦੇ ਲਿਖਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਕੇ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ।ਸਭਾ ਦੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਦੇ ਪਰਵਾਰ ਦੇ ਸਹਿਯੋਗ ਨਾਲ ਚੌਥਾ ਪ੍ਰੀਤਿਕਾ ਸ਼ਰਮਾ ਜਨਮ ਦਿਨ ਸਾਹਿਤਕ ਪੁਰਸਕਾਰ ਵਰਤਮਾਨ ਦੌਰ ਦੀ ਉੱਘੀ ਯੁਵਾ ਕਵਿੱਤਰੀ ਰੂਹੀ ਸਿੰਘ ਨੂੰ ਪ੍ਰਦਾਨ ਕੀਤਾ ਗਿਆ, ਜਿਸ ਵਿਚ ਉਹਨਾਂ ਨੂੰ ਨਗਦ ਰਾਸ਼ੀ, ਫੁਲਕਾਰੀ ਅਤੇ ਸਨਮਾਨ ਪੱਤਰ ਭੇਟ ਕੀਤੇ ਗਏ। ਉਹਨਾਂ ਬਾਰੇ ਸਨਮਾਨ ਪੱਤਰ ਉੱਘੀ ਕਵਿੱਤਰੀ ਸਤਨਾਮ ਕੌਰ ਚੌਹਾਨ ਨੇ ਪੜ੍ਹਿਆ।

# ਪੰਜਾਬੀ ਸਾਹਿਤ ਅਕਾਦਮੀ ਦੀ ਨਵੀਂ ਚੁਣੀ ਟੀਮ ਦਾ ਸਨਮਾਨ



**ਬਾਲਿਆਂਵਾਲੀ**-ਸਾਹਿਤ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ ਨਿਰੰਤਰ ਕਰਵਾਏ ਜਾਂਦੇ ਪ੍ਰੋਗਰਾਮਾਂ ਦੀ ਲਗਾਤਾਰਤਾ ਨੂੰ ਕਾਇਮ ਰੱਖਦਿਆਂ ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂਵਾਲੀ ਵੱਲੋਂ ਸੁਰਜੀਤ ਸਿੰਘ ਮਾਧੋਪੁਰੀ (ਕੈਨੇਡਾ ਸਰਕਾਰ ਪਾਸੋਂ ਸਰਵਸ੍ਰੇਸ਼ਟ ਪੁਰਸਕਾਰ ਵਿਜੇਤਾ) ਅਤੇ 'ਸਾਈ ਲੋਨਜ਼ ਮੈਲਬੋਰਨ' ਦੇ ਸਹਿਯੋਗ ਨਾਲ 'ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ, ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਅਤੇ ਕੰਪਿਊਟਰ ਸੈਂਟਰ' ਬਾਲਿਆਂਵਾਲੀ ਵਿਖੇ ਸੈਮੀਨਾਰ ਤੇ ਸਨਮਾਨ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸਟੇਟ ਐਵਾਰਡੀ ਅਮਰਜੀਤ ਸਿੰਘ ਪੇਂਟਰ ਵੱਲੋਂ ਗੁਰਬਾਣੀ ਨਾਲ ਸੰਬੰਧਤ ਬਣਾਏ ਚਿੱਤਰਾਂ ਦੀ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਸੀ। ਸਭਾ ਦੇ ਜਨਰਲ ਸਕੱਤਰ ਮਾਸਟਰ ਜਗਨਨਾਥ ਨੇ ਸਮਾਗਮ ਦਾ ਆਰੰਭ ਕਰਦਿਆਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪੰਜਾਬੀ ਸਾਹਿਤ ਅਕਾਦਮੀ ਪੰਜਾਬ ਦੇ ਅਹੁਦੇਦਾਰਾਂ ਡਾ. ਸਰਬਜੀਤ ਸਿੰਘ ਪ੍ਰਧਾਨ, ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ, ਡਾ. ਅਰਵਿੰਦਰ ਕੌਰ ਕਾਕੜਾ ਮੀਤ ਪ੍ਰਧਾਨ ਤੋਂ ਇਲਾਵਾ ਜੀਤ ਸਿੰਘ ਚਹਿਲ (ਸਭਾ ਦੇ ਸਾਬਕਾ ਪ੍ਰਧਾਨ) ਅਤੇ ਪੇਂਡੂ ਸਾਹਿਤ ਸਭਾ ਬਾਲਿਆਂਵਾਲੀ ਦੇ ਪ੍ਰਧਾਨ ਸੁਖਦਰਸ਼ਨ ਗਰਗ ਬਿਰਾਜਮਾਨ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਫ਼ੋਟੋ ਤੋਂ ਪਰਦਾ ਡਾ. ਗੁਲਜ਼ਾਰ ਸਿੰਘ ਪੰਧੇਰ, ਅਜਮੇਰ ਔਲਖ ਦੀ ਫ਼ੋਟੋ ਤੋਂ ਪਰਦਾ ਡਾ. ਅਰਵਿੰਦਰ ਕੌਰ ਕਾਕੜਾ ਅਤੇ ਬਾਬਾ ਨਜ਼ਮੀ ਦੇ ਚਿੱਤਰ ਤੋਂ ਪਰਦਾ ਸੁਰਿੰਦਰ ਕੈਲੇ ਵੱਲੋਂ ਹਟਾ ਕੇ ਇਹਨਾਂ ਨੂੰ ਲੋਕ-ਅਰਪਣ ਕੀਤਾ ਗਿਆ। ਸੁਖਦਰਸ਼ਨ ਗਰਗ ਨੇ ਸਭਾ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸਾਲ 2008 ਤੋਂ ਬਠਿੰਡਾ ਤੋਂ ਲਗਾਤਾਰ ਛਾਪੇ ਜਾ ਰਹੇ ਹਾਸ ਵਿਅੰਗ ਦੇ ਮੈਗਜ਼ੀਨ 'ਸ਼ਬਦ ਤ੍ਰਿੰਜਣ' (ਤਿਮਾਹੀ) ਦੇ ਨਵੇਂ ਅੰਕ ਨੂੰ ਪ੍ਰਧਾਨਗੀ ਮੰਡਲ ਵੱਲੋਂ ਰਿਲੀਜ਼ ਕੀਤਾ ਗਿਆ। ਸਭਾ ਵੱਲੋਂ ਪਿੱਛੇ ਜਿਹੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਨਵੀਂ ਚੁਣੀ ਗਈ ਸਮੁੱਚੀ ਟੀਮ ਉਪਰ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਸੱਭਿਆਚਾਰ ਦੇ ਸਮੁੱਚੇ ਵਿਕਾਸ ਦਾ ਬੋਝ ਪਾਉਂਦਿਆਂ ਉਹਨਾਂ ਸਭ ਦਾ ਸਨਮਾਨ ਕੀਤਾ ਗਿਆ। ਪ੍ਰਭਾਵਸ਼ਾਲੀ ਅਤੇ ਕਾਵਿਕ ਸ਼ਬਦਾਂ ਨਾਲ ਸਟੇਜ ਦਾ ਸੰਚਾਲਨ ਕਰਦਿਆਂ ਮਾਸਟਰ ਜਗਨ ਨਾਥ ਨੇ ਪ੍ਰੋਗਰਾਮ ਦੀ ਰੌਚਕਤਾ ਬਣਾਈ ਰੱਖੀ।

# ਤ੍ਰੈ-ਮਾਸਿਕ ਪੱਤ੍ਰਿਕਾ 'ਪਰਵਾਸ' ਦਾ 37ਵਾਂ ਅੰਕ ਲੋਕ ਅਰਪਣ

**ਲੁਧਿਆਣਾ :** ਪਰਵਾਸੀ ਸਾਹਿਤ ਅਧਿਐਨ ਕੇਂਦਰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਵੱਲੋਂ ਤ੍ਰੈ ਮਾਸਿਕ ਪੱਤ੍ਰਿਕਾ 'ਪਰਵਾਸ' ਦਾ 37ਵਾਂ ਅੰਕ ਲੋਕ ਅਰਪਨ ਕੀਤਾ ਗਿਆ। ਇਸ ਲੋਕ ਅਰਪਨ ਪ੍ਰੋਗਰਾਮ ਵਿਚ ਇੰਜ. ਤੇ ਲੇਖਕ ਗੁਰਬਚਨ ਸਿੰਘ ਜਗਪਾਲ ਆਸਟਰੇਲੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ. ਸ. ਪ. ਸਿੰਘ ਪ੍ਰਧਾਨ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਤੇ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ 'ਪਰਵਾਸ' ਮੈਗਜ਼ੀਨ ਦਾ ਸਥਾਪਤੀ ਤੋਂ ਲੈ ਕੇ ਇਹ ਉਦੇਸ਼ ਰਿਹਾ ਹੈ ਕਿ ਵਿਦੇਸ਼ਾਂ ਵਿਚ ਵੱਸਦੇ ਉਹ ਕਲਮਕਾਰ ਜਿਨ੍ਹਾਂ ਨੇ ਉਸਾਰੂ ਸਾਹਿਤ ਸਿਰਜਿਆ ਹੈ, ਪਰ ਉਹ ਹੁਣ ਤੱਕ ਅਣਗੌਲੇ ਰਹੇ ਹਨ, ਉਨ੍ਹਾਂ ਦੀਆਂ ਲਿਖਤਾਂ ਨੂੰ ਪਾਠਕਾਂ ਤੱਕ ਪਹੁੰਚਾਉਣਾ ਅਤੇ ਸੰਤੁਲਿਤ ਸਾਹਿਤ ਆਲੋਚਨਾ ਰਾਹੀਂ ਉਨ੍ਹਾਂ ਦੀਆਂ ਰਚਨਾਵਾਂ ਦੀ ਨਿਰਖ-ਪਰਖ ਕਰਨਾ ਹੈ। ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਦੱਸਿਆ ਕਿ ਪਰਵਾਸ ਦੇ ਹੱਥਲੇ ਅੰਕ ਵਿਚ ਅਮਰੀਕਾ ਵੱਸਦੇ ਪ੍ਰਸਿੱਧ ਲੇਖਕ ਗ.ਸ. ਨਕਸ਼ਦੀਪ ਪੰਜਕੋਹਾ ਨੂੰ ਵਿਸ਼ੇਸ਼ ਲੇਖਕ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਸਰੀ ਵੱਸਦੀ ਸ਼ਾਇਰਾ ਅਤੇ ਚਿੱਤਰਕਾਰ ਬਿੰਦੂ ਦਲਵੀਰ ਕੌਰ ਦੇ ਬਣਾਏ ਚਿੱਤਰ ਨਾਲ 'ਪਰਵਾਸ' ਮੈਗਜ਼ੀਨ ਦੇ ਟਾਈਟਲ ਨੂੰ ਸ਼ਿੰਗਾਰਿਆ ਗਿਆ ਹੈ। ਇਸ ਮੌਕੇ ਗੁਰਬਚਨ ਸਿੰਘ ਜਗਪਾਲ ਨੇ ਆਸਟਰੇਲੀਆ ਵਿਚ ਬਿਤਾਈ ਆਪਣੀ ਜ਼ਿੰਦਗੀ ਦੇ ਅਨੁਭਵ ਸਾਂਝੇ ਕੀਤੇ ਅਤੇ ਸਿਡਨੀ ਵਿਚ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਸਥਿਤੀ ਅਤੇ ਉਨ੍ਹਾਂ ਵੱਲੋਂ ਨਿੱਜੀ ਤੌਰ 'ਤੇ ਕੀਤੇ ਗਏ ਉਪਰਾਲਿਆਂ ਬਾਰੇ ਦੱਸਿਆ।



# 'ਪੰਖ ਵਿਹੂਣੀ ਉਡਾਨ' 'ਤੇ ਵਿਚਾਰ-ਗੋਸ਼ਟੀ

**ਹੁਸ਼ਿਆਰਪੁਰ**-ਸੱਭਿਆਚਾਰ ਸੰਭਾਲ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਪੁਸਤਕ 'ਪੰਖ ਵਿਹੂਣੀ ਉਡਾਨ' 'ਤੇ ਭਖਵੀਂ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ। ਡਾ. ਧਰਮਪਾਲ ਸਾਹਿਲ ਅਤੇ ਪ੍ਰਿੰ. ਪ੍ਰੋਮਿਲਾ ਅਰੋੜਾ ਵੱਲੋਂ ਲਿਖੀ ਗਈ ਦਿਵਿਆਂਗ ਕਵੀ ਸੁਭਾਸ਼ ਪਾਰਸ ਦੇ ਜੀਵਨ 'ਤੇ ਅਧਾਰਤ ਇਸ ਪੁਸਤਕ 'ਤੇ ਡਾ. ਭੁਪਿੰਦਰ ਸਿੰਘ, ਡਾ. ਕੁਲਦੀਪ ਸਿੰਘ, ਕਥਾਕਾਰਾ ਤ੍ਰਿਪਤਾ ਕੇ ਸਿੰਘ, ਬਾਲ ਸਾਹਿਤ ਸ਼ਿਰੋਮਣੀ ਬਲਜਿੰਦਰ ਮਾਨ, ਐਡਵੋਕੇਟ ਰਘੁਵੀਰ ਸਿੰਘ ਟੇਰਕੀਆਣਾ, ਪ੍ਰਿੰਸੀਪਲ ਰਾਕੇਸ਼ ਕੁਮਾਰ, ਪ੍ਰਧਾਨ ਮਾ. ਕੁਲਵਿੰਦਾਰ ਸਿੰਘ ਜੰਡਾ, ਪ੍ਰਿੰ. ਪ੍ਰੋਮਿਲਾ ਅਰੋੜਾ ਅਤੇ ਡਾ. ਸਾਹਿਲ ਆਦਿ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।ਉਪਰੋਕਤ ਵਿਦਵਾਨਾਂ ਨੇ ਬੀਤੇ 34 ਸਾਲਾਂ ਤੋਂ ਬਿਸਤਰ 'ਤੇ ਪਏ ਲੱਗਭੱਗ ਸੌ ਫੀਸਦੀ ਦਿਵਿਆਂਗ ਸੁਭਾਸ਼ ਪਾਰਸ ਵੱਲੋਂ ਉੱਚ ਪੱਧਰੀ ਸਾਹਿਤ ਸਿਰਜਣਾ ਕਰਕੇ ਸਾਹਿਤ ਜਗਤ ਵਿੱਚ ਆਪਣਾ ਹੀ ਨਹੀਂ, ਸਗੋਂ ਆਪਣੇ ਪਿੰਡ ਸਲੋਹ ਦਾ ਨਾਂਅ ਰੌਸ਼ਨ ਕੀਤਾ ਹੈ। ਪਾਰਸ ਨੇ ਵਿਪਰੀਤ ਹਾਲਤਾਂ ਵਿੱਚ ਆਪਣੀ ਹਿੰਮਤ ਅਤੇ ਆਤਮ-ਵਿਸ਼ਵਾਸ ਸਦਕਾ ਤਿੰਨ ਪੁਸਤਕਾਂ (ਫਰਿਸ਼ਤੇ, ਸਰੋਜ ਇੱਕ ਦਾਸਤਾਨ ਅਤੇ ਐ ਜ਼ਮਾਨੇ ਬਤਾ) ਲਿਖ ਕੇ ਆਪਣੇ ਜਿਹੇ ਅਣਗਿਣਤ ਲੋਕਾਂ ਲਈ ਪ੍ਰੇਰਣਾ-ਸਰੋਤ ਅਤੇ ਰਾਹ-ਦਸੇਰਾ ਬਣਿਆ ਹੈ ਅਤੇ ਪੁਸਤਕ ਲੇਖਕਾਂ ਨੇ 'ਪੰਖ ਵਿਹੂਣੀ ਉਡਾਨ' ਰਾਹੀਂ ਸਮਾਜ ਨੂੰ ਬਹੁਤ ਹੀ ਸਾਰਥਿਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਉੱਘੇ ਸਮਾਜ ਸੇਵਕ ਸੰਜੀਵ ਤਲਵਾੜ ਨੇ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਪਾਰਸ ਜਿਹੇ ਅਨੇਕਾਂ ਵਿਅਕਤੀਆਂ ਦੀ ਮਦਦ ਲਈ ਕਈ ਸਰਕਾਰੀ ਤੇ ਐੱਨ ਜੀ ਓ ਵੱਲੋਂ ਚਲਾਈਆਂ ਜਾਂਦੀਆਂ ਯੋਜਨਾਵਾਂ ਦੀ ਜਾਣਕਾਰੀ ਦਿੱਤੀ।ਇਸ ਮੌਕੇ ਪ੍ਰਿੰ. ਰਾਕੇਸ਼ ਕੁਮਾਰ ਨੇ ਲੋਕ ਸਭਾ ਚੋਣਾਂ ਵਿੱਚ ਭਾਗ ਲੈਣ ਲਈ ਸਹੁੰ ਵੀ ਚੁਕਾਈ।ਇਸ ਵਿਚਾਰ ਚਰਚਾ ਵਿੱਚ ਉਪਰੋਕਤ ਤੋਂ ਇਲਾਵਾ ਸੁਰਜੀਤ ਸਾਜਨ, ਰੂਪ ਦਬੁਰਜੀ, ਮੀਨਾਕਸ਼ੀ ਸ਼ਰਮਾ, ਹਰਬੰਸ ਕਮਲ, ਜੀਵਨ ਕੁਮਾਰ, ਰੰਜੀਵ ਤਲਵਾੜ, ਰਾਜੇਸ਼ ਕੁਮਾਰ, ਮੋਹਨ ਲਾਲ ਕਲਸੀ, ਪ੍ਰੋ. ਗੁਰਚਰਨ ਸਿੰਘ, ਪ੍ਰੋ. ਪੰਕਜ ਸ਼ਰਮਾ, ਕਥਾਕਾਰ ਰਜਿੰਦਰ ਸਿੰਘ ਢੱਡਾ, ਸੁਖਜੀਤ ਅਭੋਵਾਲ, ਤੀਰਥ ਚੰਦ ਸਰੋਆ ਆਦਿ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।




# 'ਸ਼ਬਦਾਂ ਦੇ ਸੂਰਜ' ਰਿਲੀਜ਼



ਲੁਧਿਆਣਾ : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਡਾ. ਸਰਬਜੀਤ ਸਿੰਘ ਹੁਰਾਂ ਦੀ ਪ੍ਰਧਾਨਗੀ ਹੇਠ ਹੋਈ ਪੰਜਾਬੀ ਭਾਸ਼ਾ ਕਾਨਫਰੰਸ ਵਿੱਚ ਬੀਤੀ 27 ਅਪ੍ਰੈਲ ਨੂੰ ਸੁਰਿੰਦਰ ਮਕਸੂਦਪੁਰੀ ਦੀ ਨਵਪ੍ਰਕਾਸ਼ਿਤ ਕਾਵਿ-ਪੁਸਤਕ ਦੂਜਾ ਐਡੀਸ਼ਨ 'ਸ਼ਬਦਾਂ ਦੇ ਸੂਰਜ' ਨੂੰ ਰਿਲੀਜ਼ ਕਰਦੇ ਹੋਏ ਡਾ. ਸੁਖਦੇਵ ਸਿੰਘ ਸਿਰਸਾ, ਡਾ. ਕੁਲਦੀਪ ਸਿੰਘ ਦੀਪ, ਡਾ. ਅਮਰਜੀਤ ਗਰੇਵਾਲ, ਡਾ. ਅਰਵਿੰਦ, ਡਾ. ਸੁਖਵਿੰਦਰ ਸੰਘਾ, ਡਾ. ਧਰਮਵੀਰ ਸ਼ਰਮਾ, ਡਾ. ਸੀ ਪੀ ਕੰਬੋਜ ਅਤੇ ਡਾ. ਹਰਵਿੰਦਰ ਸਿੰਘ ਸਿਰਸਾ।

# ਲੇਖਕ-ਪਾਠਕ ਸਾਹਿਤ ਸਭਾ ਨੇ ਯਾਦਗਾਰੀ ਸਮਾਗਮ ਕਰਵਾਇਆ


**ਬਰਨਾਲਾ-(ਚੰਡਿਹੋਕ)** ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਯਾਦਗਾਰੀ ਸਨਮਾਨ ਸਮਾਗਮ ਕਰਵਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਮਾਲਵਿੰਦਰ ਸ਼ਾਇਰ ਨੇ ਪ੍ਰੈੱਸ ਨੂੰ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ ਨੇ ਕੀਤੀ। ਇਸ ਸਮਾਗਮ ਦੌਰਾਨ ਚੰਡਿਹੋਕ ਪਰਵਾਰ ਵੱਲੋਂ ਆਪਣੇ ਬਜ਼ੁਰਗਾਂ ਮਾਤਾ ਸਰਦਾਰਨੀ ਮਨਜੀਤ ਕੌਰ ਅਤੇ ਪਿਤਾ ਸਰਦਾਰ ਤ੍ਰਿਲੋਚਨ ਸਿੰਘ ਦੀ ਯਾਦ ਨੂੰ ਤਾਜ਼ਾ ਰੱਖਣ ਦੇ ਮਕਸਦ ਨਾਲ ਇਸ ਸਾਹਿਤਕ ਸਮਾਗਮ ਵਿੱਚ ਕੁਲਵੀਰ ਕੌਰ ਜੋਤੀ ਕੋਠਾ ਗੁਰੂ ਜ਼ਿਲ੍ਹਾ ਬਠਿੰਡਾ ਦਾ ਫੁਲਕਾਰੀ, ਸਨਮਾਨ ਚਿੰਨ੍ਹ, ਪੁਸਤਕਾਂ ਅਤੇ ਨਗਦ ਰਾਸ਼ੀ ਦੇ ਕੇ ਸਨਮਾਨ ਕੀਤਾ ਗਿਆ। ਜੋਤੀ ਬਾਰੇ ਜਾਣਕਾਰੀ ਦਿੰਦਿਆਂ ਸਿਰਜਣਾ ਤੇ ਸੰਵਾਦ ਸਾਹਿਤ ਸਭਾ ਰਜਿ. ਬਰਨਾਲਾ ਦੀ ਪ੍ਰਧਾਨ ਅੰਜਨਾ ਮੈਨਨ ਨੇ ਕਿਹਾ ਕਿ ਜੋਤੀ ਦੀ ਚੋਣ ਇਸ ਸਨਮਾਨ ਲਈ ਬਹੁਤ ਵਧੀਆ ਹੈ। ਉਹ ਆਰਥਿਕ ਤੌਰ 'ਤੇ ਵੀ ਇਸ ਦੇ ਯੋਗ ਹੈ। ਸਮਾਗਮ ਦੇ ਦੂਜੇ ਭਾਗ ਵਿਚ ਸਭਾ ਵੱਲੋਂ ਕਰਮਜੀਤ ਸਿੰਘ ਜੱਗੀ ਭੋਤਨਾ ਦੀ ਪਲੇਠੀ ਕਾਵਿ ਪੁਸਤਕ 'ਬਹੁਰੂਪੀਆ' ਦਾ ਲੋਕ ਅਰਪਣ ਕੀਤਾ ਗਿਆ, ਜਿਸ ਸੰਬੰਧੀ ਡਾ. ਗੁਰਸੇਵਕ ਲੰਬੀ, ਡਾ. ਭੁਪਿੰਦਰ ਸਿੰਘ ਬੇਦੀ, ਡਾ. ਸੰਪੂਰਨ ਸਿੰਘ ਟੱਲੇਵਾਲੀਆ ਆਦਿ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਜੱਗੀ ਭੋਤਨਾ ਦਾ ਸਭਾ ਵੱਲੋਂ ਸਨਮਾਨ ਚਿੰਨ੍ਹ, ਲੋਈ ਅਤੇ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨ ਕੀਤਾ ਗਿਆ।

# 'ਕਾਵਿਕ ਲਕੀਰਾਂ' ਲੋਕ ਅਰਪਣ

**ਚੰਡੀਗੜ੍ਹ**-ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਦੇ ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਲਈ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਸਾਹਿਤ ਸਭਾ ਦੇ ਪ੍ਰਧਾਨ ਮਲਕੀਤ ਸਿੰਘ ਔਜਲਾ ਵੱਲੋਂ ਪੰਜਾਬੀ ਸਾਹਿਤ ਵਿੱਚ ਵਡਮੁੱਲਾ ਸਥਾਨ ਰੱਖਣ ਵਾਲੇ 52 ਲੇਖਕਾਂ ਦੁਆਰਾਂ ਲਿਖੀਆਂ ਵੰਨ-ਸੁਵੰਨੀਆਂ ਰਚਨਾਵਾਂ ਦੀ ਸਾਂਝੀ ਪੁਸਤਕ 'ਕਾਵਿਕ ਲਕੀਰਾਂ' ਦੀ ਸੰਪਾਦਨਾ ਕੀਤੀ ਗਈ, ਜਿਸ ਦਾ ਲੋਕ ਅਰਪਣ ਸਮਾਗਮ ਪੰਜਾਬ ਭਵਨ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਰਿਟਾ. ਆਈ.ਏ.ਐੱਸ. ਅਧਿਕਾਰੀ ਸ੍ਰ. ਮਨਜੀਤ ਸਿੰਘ ਨਾਰੰਗ ਵੱਲੋਂ ਕੀਤਾ ਗਿਆ। ਸ਼੍ਰੋਮਣੀ ਬਾਲ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਮੋਹਾਲੀ ਤੋਂ ਜ਼ਿਲ੍ਹਾ ਭਾਸ਼ਾ ਅਫਸਰ ਦਵਿੰਦਰ ਬੋਹਾ ਵੱਲੋਂ ਸਮਾਗਮ ਦੀ ਪ੍ਰਧਾਨਗੀ ਕੀਤੀ ਗਈ ਅਤੇ ਉੱਘੇ ਸ਼ਾਇਰ ਪ੍ਰੋ. ਕੁਲਵੰਤ ਸਿੰਘ ਔਜਲਾ ਵੱਲੋਂ ਪੁਸਤਕ ਦੀ ਬਾਰੀਕੀ ਨਾਲ ਪੜਚੋਲ ਕਰਕੇ ਕਿਤਾਬ ਬਾਰੇ ਪਰਚਾ ਪੜ੍ਹਿਆ ਗਿਆ। ਇਸ ਮੌਕੇ ਸਕੱਤਰੇਤ ਸਾਹਿਤ ਸਭਾ ਦੇ ਪ੍ਰਧਾਨ ਮਲਕੀਤ ਸਿੰਘ ਔਜਲਾ ਨੇ ਦੱਸਿਆ ਕਿ ਉਹਨਾਂ ਵੱਲੋਂ ਸਕੱਤਰੇਤ ਦੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਸੀ ਕਿ ਜਿਹੜੇ ਮੁਲਾਜ਼ਮ ਪੰਜਾਬੀ ਸਾਹਿਤਕਾਰੀ ਨਾਲ ਜੁੜੇ ਹੋਏ ਹਨ ਅਤੇ ਗੀਤ, ਕਵਿਤਾਵਾਂ ਅਤੇ ਗਜ਼ਲਾਂ ਲਿਖਣ ਦਾ ਸ਼ੌਕ ਰੱਖਦੇ ਹਨ, ਉਹ ਆਪਣੀਆਂ ਰਚਨਾਵਾਂ ਪੁਸਤਕ ਵਿੱਚ ਛਪਵਾਉਣ ਲਈ ਸਾਹਿਤ ਸਭਾ ਨੂੰ ਭੇਜਣ। ਉਸ ਤੋਂ ਬਾਅਦ ਸਕੱਤਰੇਤ ਦੇ ਬਹੁਤ ਸਾਰੇ ਪੁਰਾਣੇ ਸਾਹਿਤਕਾਰਾਂ ਅਤੇ ਨਵੇਂ ਭਰਤੀ ਹੋਏ ਮੁਲਾਜ਼ਮਾਂ ਵੱਲੋਂ ਆਪਣੀਆਂ ਰਚਨਾਵਾਂ ਭੇਜੀਆਂ ਗਈਆਂ, ਜਿਹਨਾਂ ਵਿੱਚ ਸਕੱਤਰੇਤ ਦੇ ਮੁਲਾਜ਼ਮਾਂ ਤੋਂ ਇਲਾਵਾ ਕਈ ਹੋਰ ਦਫਤਰਾਂ ਵਿੱਚੋਂ ਵੀ ਮੁਲਾਜ਼ਮਾਂ ਨੇ ਰਚਨਾਵਾਂ ਭੇਜੀਆਂ। ਇਹਨਾਂ ਲੇਖਕਾਂ ਦੀ ਕਲਮ ਨੂੰ ਹੋਰ ਹੱਲਾਸ਼ੇਰੀ ਦੇਣ ਲਈ ਕਈ ਨਾਮਵਰ ਸਾਹਿਤਕਾਰਾਂ ਦੀਆਂ ਰਚਨਾਵਾਂ ਵੀ ਇਸ ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ। ਸ਼੍ਰੋਮਣੀ ਬਾਲ ਲੇਖਕ ਮਨਮੋਹਨ ਸਿੰਘ ਦਾਊਂ ਨੇ ਕਿਹਾ ਕਿ ਕਿਤਾਬ ਵਿਚਲੇ ਲੇਖਕਾਂ ਵੱਲੋਂ ਆਪਣੀਆਂ ਭਾਵਨਾਵਾਂ ਨੂੰ ਬੜੇ ਸੋਹਣੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ ਅਤੇ ਕਿਤਾਬ ਵਿਚਲੀਆਂ ਸਾਰੀਆਂ ਰਚਨਾਵਾਂ ਪੜ੍ਹਨ ਅਤੇ ਸਲਾਹੁਣਯੋਗ ਹਨ।

# ਸਮਕਾਲ

## ਪ੍ਰਵਚਨ-95




ਤ੍ਰੈ-ਮਾਸਿਕ 'ਪ੍ਰਵਚਨ' ਦਾ ਅਪ੍ਰੈਲ-ਜੂਨ, 2024 ਅੰਕ ਛਪ ਗਿਆ ਹੈ। ਚਿੰਤਨ ਦੇ ਖੇਤਰ ਵਿੱਚ ਪਤ੍ਰਿਕਾ ਦੀ ਖਾਸ ਪਹਿਚਾਣ ਹੈ। ਨਵੇਂ ਅੰਕ ਦੀ ਸੰਪਾਦਕੀ 'ਅਜੋਕੇ ਸਮਿਆਂ ਵਿੱਚ ਸਾਹਿਤ ਅਧਿਐਨ ਦਾ ਮਸਲਾ' ਅਧੀਨ ਅਧਿਐਨ ਦੇ ਦਿਨੋ ਦਿਨ ਵਧ ਰਹੇ ਸੰਕਟ ਦੀ ਗੱਲ ਕੀਤੀ ਹੈ। ਮਨਮੋਹਨ ਦਾ ਚਿੰਤਨੀ ਸੁਰ ਵਾਲਾ ਲੇਖ 'ਪ੍ਰਾਚੀਨ ਭਾਰਤ 'ਚ ਰਾਜਨੀਤਕ ਹਿੰਸਾ : ਇਕ ਪਰਿਪੇਖ' ਚਿੰਤਨ-ਮੰਥਨ ਕਰਨ ਵਾਲਾ ਹੈ। ਡਾ. ਨਵਜੋਤ ਕੌਰ ਨੇ 'ਸਮਕਾਲੀ ਪੰਜਾਬੀ ਕਹਾਣੀ : ਮੂਲ ਵਿਸ਼ਾ ਰੁਝਾਨ ਅਤੇ ਵਿਧਾਨ' ਤਹਿਤ ਨਵੀਂ ਪੰਜਾਬੀ ਕਹਾਣੀ ਦਾ ਕਹਾਣੀਆਂ ਦੇ ਹਵਾਲੇ ਨਾਲ ਮੁਲੰਕਣ ਕੀਤਾ ਹੈ। ਵਰਿਆਮ ਸਿੰਘ ਸੰਧੂ ਦੀ ਲਿਖਤ 'ਮੇਰਾ ਗੁਰੂ, ਮੇਰਾ ਮੁਰਸ਼ਦ ਗਿਆਨੀ ਨਿਰੰਜਨ ਸਿੰਘ' ਕਥਾ ਰਸ ਨਾਲ ਭਰਪੂਰ ਹੈ। ਕਹਾਣੀ ਭਾਗ ਵਿੱਚ 'ਆਓਗੇ ਜਬ ਤੁਮ (ਰੇਮਨ), ਖ਼ੱਲਾਸੀ (ਸਵਾਮੀ ਸਰਬਜੀਤ), 'ਕਬੂਲ ਹੈ!' (ਜਸਪਾਲ ਕੌਰ) ਸਮੇਤ ਕੇਸਰਾ ਰਾਮ ਵੱਲੋਂ ਅਮਰੀਕ ਸਿੰਘ ਦੀਪ ਦੀ ਕਹਾਣੀ 'ਨੱਚੋ ਜੀ. ਆਰ. ਯਾਰ' ਚਾਰ ਕਹਾਣੀਆਂ ਛਾਪੀਆਂ ਗਈਆਂ ਹਨ। ਬੀਬਾ ਬਲਵੰਤ, ਡਾ. ਜਨਮੀਤ ਸਿੰਘ, ਨਵਤੇਜ ਗੜ੍ਹਦੀਵਾਲਾ, ਸੰਨੀ ਧਾਲੀਵਾਲ ਤੇ ਹਰਦਿਆਲ ਹੁਸ਼ਿਆਰਪੁਰੀ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਪਰਚੇ ਦੇ ਸ਼ੁਰੂ ਵਿੱਚ ਛਪੀਆਂ ਹਨ। ਕੁਲਵੰਤ ਸੰਧੂ ਤੇ ਹਰਵਿੰਦਰ ਭੰਡਾਲ ਨੇ ਸਮਕਾਲੀ ਸਾਹਿਤ ਦੀਆਂ ਪੁਸਤਕਾਂ ਨਾਲ ਜਾਣ ਪਛਾਣ ਕਰਵਾਈ ਹੈ। ਪਰਚੇ ਦੇ ਪੰਨੇ : 112, ਮੁੱਲ : 75 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਡਾ. ਕੁਲਵੰਤ ਸਿੰਘ, 124, ਛੋਟੀ ਬਰਾਂਦਰੀ-2,ਜਲੰਧਰ, ਮੁਬਾਇਲ : 98722-44885

## ਕਾਵਿਲੋਕ : ਅਪ੍ਰੈਲ-ਜੂਨ,2024

ਤ੍ਰੈ-ਮਾਸਿਕ 'ਕਾਵਿਲੋਕ' ਖੋਜ ਜਰਨਲ (ਕਵਿਤਾ ਵਿਧਾ) ਦੇ ਰੂਪ ਵਿੱਚ ਆਪਣੀ ਪਛਾਣ ਬਣਾ ਰਿਹਾ ਹੈ।




ਸੰਪਾਦਕੀ 'ਕਵਿਤਾ ਦਾ ਸੁਹਜ' ਦੀ ਗੱਲ ਕਰਦੀ ਹੋਈ ਪ੍ਰਗੀਤਕ ਕਵਿਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਲੈਂਦੀ ਹੈ। ਸਰਬਜੀਤ ਸੋਹੀ ਦੀ ਕਿਤਾਬ 'ਤਰਕਸ਼ ਵਿਚਲੇ ਹਰਫ਼' ਦਾ ਮੁਲੰਕਣ ਡਾ. ਜੇ. ਬੀ. ਸੇਖੋਂ ਨੇ ਕੀਤਾ ਹੈ। 'ਸਤੀ ਕੁਮਾਰ ਦੀ ਵਿਲੱਖਤਾ' ਬਾਰੇ ਡਾ. ਲਖਵਿੰਦਰ ਸਿੰਘ ਜੌਹਲ ਦਾ ਅਲੇਖ ਹੈ। ਅਸਲੋਂ ਨਵੀਂ ਕਵਿਤਰੀ ਕਿਰਨ ਕੌਰ ਨੇ 'ਕਵਿਤਾ ਦੀ ਕਹਾਣੀ' ਦੀ ਗੱਲ ਆਪਣੀ ਕਿਤਾਬ 'ਕੁਦਰਤ ਕਾਰੀਗਰ ਹੈ' ਦੇ ਸੰਦਰਭ ਵਿੱਚ ਕੀਤੀ ਹੈ। ਡਾ. ਪਰਮਜੀਤ ਢੀਂਗਰਾ ਨੇ ਕਿੱਸਾਕਾਰ ਦਮੋਦਰ ਦਾ ਪੁਨਰ ਮੁਲੰਕਣ ਕੀਤਾ ਹੈ। ਡਾ. ਹਰਜਿੰਦਰ ਸਿੰਘ ਤੇ ਡਾ. ਗੁਰਪ੍ਰੀਤ ਕੌਰ ਨੇ ਸਾਂਝੇ ਤੌਰ ਤੇ ਇੱਛੂਪਾਲ ਦੀ ਕਵਿਤਾ ਦਾ ਵਿਹਾਰਕ ਅਧਿਐਨ ਕੀਤਾ ਹੈ। ਹਿੰਦੀ ਕਵਿਤਰੀ 'ਮਹਾਂਦੇਵੀ ਵਰਮਾ' ਦੀ ਕਵਿਤਾ ਵਿੱਚ ਪ੍ਰੇਮ ਦੇ ਅਨੁਭਵ, ਡਾ. ਹੈਪੀ ਨੇ ਕੀਤਾ ਹੈ। ਸਾਹਿਤ ਅਕੈਡਮੀ ਐਵਾਰਡ ਜੇਤੂ ਸਵਰਨਜੀਤ ਸਵੀ ਦੀ ਪੁਸਤਕ 'ਮਨ ਦੀ ਚਿੱਪ' ਵਿਚਲੀ ਸੰਵੇਦਨਾ ਦੀ ਗੱਲ ਡਾ. ਯੋਗ ਰਾਜ ਨੇ ਕੀਤੀ ਹੈ। ਦਾਦਰ ਪੰਡੋਰਵੀ ਦੇ ਗ਼ਜ਼ਲ ਸੰਗ੍ਰਹਿ 'ਪਾਣੀ ਉੱਤੇ ਤਰਦੀ ਅੱਗ' ਨੂੰ ਨੀਲੂ ਜਰਮਨੀ ਨੇ ਵਿਸਥਾਰ ਨਾਲ ਸਮਝਿਆ ਹੈ। ਅੰਤ ਵਿੱਚ ਸੰਘਣੇ ਅੰਬਰ, ਤਾਬੀਰ ਤੇ ਪਿਆਸ ਪੁਸਤਕ ਦੀ ਸਮੀਖਿਆ ਅਵਤਾਰ ਸਿੰਘ ਤੇ ਪ੍ਰੋਮਿਲਾ ਅਰੋੜਾ ਤੇ ਡਾ. ਯੋਗਰਾਜ ਨੇ ਕੀਤੀ ਹੈ। ਟਾਇਟਲ ਤੇ ਕਿਰਨ ਕੌਰ ਦੀ ਕਵਿਤਾ ਨਾਰੀ ਦੇ ਅਹਿਸਾਸ ਦੀ ਗੱਲ ਕਰਦੀ ਹੈ। ਪਰਚੇ ਦੇ ਪੰਨੇ : 52, ਮੁੱਲ : 50 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਡਾ. ਲਖਵਿੰਦਰ ਸਿੰਘ ਜੌਹਲ, 20, ਪ੍ਰੋਫੈਸਰ ਕਲੋਨੀ, ਵਡਾਲਾ ਚੌਂਕ,ਜਲੰਧਰ, ਮੁਬਾਇਲ : 94171-94812

## ਪ੍ਰੀਤ ਲੜੀ : ਅਪ੍ਰੈਲ, 2024

ਸੰਪਾਦਕੀ ਪੰਨੇ ਉੱਤੇ 'ਗੁਰਬਾਣੀ ਮੁਤਾਬਕ ਤਾਂ ਕ੍ਰਿਸ਼ਣ ਰੱਬ ਤੱਕ ਪੁੱਜਣ ਦਾ ਰਾਹ ਹੋ ਸਕਦਾ ਹੈ' ਤਹਿਤ ਪੂਨਮ ਨੇ ਲਿਖਿਆ ਹੈ।




ਚਿਨੂਆ ਅਚੇਬੇ ਦੀ ਪੂਨਮ ਸਿੰਘ ਵੱਲੋਂ ਅਨੁਵਾਦ 'ਬਦਲੇਖੋਰ ਲੈਣਦਾਰ', ਰਾਜੇਂਦਰ ਸ੍ਰੀਵਾਸਤਵ ਦੀ ਰਾਜਿੰਦਰ ਬਿਮਲ ਵੱਲੋਂ ਅਨੁਵਾਦ 'ਸਾਰੀ ਦੁਨੀਆ ਦੀ ਮਾਲਕੀ' ਮਨਮੋਹਨ ਕੌਰ ਦੀ 'ਜਤ ਸਤ ਭੰਗ' ਅਤੇ ਅਮਿਤੋਜ ਸਿੰਘ ਰਿਆੜ ' ਮੈਂ ਤੇ ਮੇਰਾ ਰੱਬ' ਕਹਾਣੀਆਂ ਛਪੀਆਂ ਹਨ। ਭਾਰਤ ਦੀਆਂ ਧੀਆਂ ਰੌਚਿਕ ਲਿਖਤ ਹੈ। ਰੇਡੀਓ ਦੀਆਂ ਯਾਦਾਂ 'ਚ ਦੇਵਿੰਦਰ ਮਹਿੰਦਰੂ ਨੇ ਪ੍ਰੇਮ ਪ੍ਰਕਾਸ਼ ਬਾਰੇ ਲਿਖਿਆ ਹੈ। ਡਾ. ਉਮਾ ਤ੍ਰਿਲੋਕ ਨੇ ਅੰਮ੍ਰਿਤਾ-ਇਮਰੋਜ਼ ਨੂੰ 'ਉਹ ਜਿਉਂਦੀ ਹੈ' ਸਿਰਲੇਖ ਹੇਠ ਲਿਖਿਆ ਹੈ। ਗੁਰਬਖ਼ਸ਼ ਸਿੰਘ ਦੀ ਲਿਖਤ 'ਸੱਭਿਅਤਾ ਦੇ ਦੋ ਪੱਧਰ' ਅਤੇ ਯੌਸਤੀਨ ਗਾਰਦਰ ਦੀ ਲਿਖਤ 'ਸੋਫ਼ੀ ਦਾ ਸੰਸਾਰ' ਵੀ ਛਪੀਆਂ ਹਨ। ਬਾਲਾਂ ਲਈ ਪੰਨਿਆ ਉੱਤੇ ਸ਼ੁਭਕਰਨ ਅਨੰਤਜੀਤ ਦੀ ਕਹਾਣੀ 'ਬਹਾਦਰ ਲਾਲੜੀ' ਛਾਪੀ ਗਈ ਹੈ। ਕੁਝ ਪੰਨਿਆ ਉੱਤੇ ਅੰਗਰੇਜ਼ੀ ਵਿੱਚ ਮੈਟਰ ਦਿੱਤਾ ਗਿਆ ਹੈ। ਹੱਡਬੀਤੀ ਬਲਰਾਜ ਸਿੱਧੂ ਨੇ ਲਿਖੀ ਹੈ। ਸੰਪਾਦਕ ਨੂੰ ਛਪਿਆ ਹੋਇਆ ਮੈਟਰ ਛਾਪਣ ਤੋਂ ਗੁਰੇਜ਼ ਕਰਨੀ ਚਾਹੀਦੀ ਹੈ। ਪਰਚੇ ਦੇ ਪੰਨੇ : 50, ਮੁੱਲ : 50 ਰੁਪਏ ਹੈ। ਸੰਪਰਕ ਪਤਾ : ਸੰਪਾਦਕਾ: ਪੂਨਮ ਸਿੰਘ, ਪਿੰਡ. ਪ੍ਰੀਤ ਨਗਰ, ਜਿਲ੍ਹਾ ਅੰਮ੍ਰਿਤਸਰ, ਮੁਬਾਇਲ : 73476-42206

*- ਭਗਵੰਤ ਰਸੂਲਪੁਰੀ*

# ਪਾਠਕਾਂ ਦੇ ਝਰੋਖੇ 'ਚੋਂ

## ਤਰਤੀਬ ਅਹਿਮ ਜਾਂ ਬੇਲਗਾਮੀ

21 ਅਪ੍ਰੈਲ ਦੇ ਨਵਾਂ ਜ਼ਮਾਨਾ ਵਿਚ ਫੋਕਸ ਤਹਿਤ ਵਡਮੁੱਲੀ ਪੁਸਤਕ ਸੂਝ ਸੰਚਾਰ ਦੇ ਪੁਨਰ ਛਪਣ ਦੀ ਜਾਣਕਾਰੀ ਮਿਲੀ।ਪੰਜਾਬੀ ਪੱਤਰਕਾਰੀ ਦੇ ਮਹਾਰਥੀ ਜਗਜੀਤ ਸਿੰਘ ਆਨੰਦ ਦੀ ਇਸ ਪੁਸਤਕ ਵਿਚ ਮਹਾਨ ਦਾਰਸ਼ਨਿਕ ਲੈਨਿਨ ਦੀ ਜੀਵਨੀ ਤੇ ਸਿਧਾਂਤਾਂ ਬਾਰੇ ਵਡਮੁੱਲੀ ਜਾਣਕਾਰੀ ਹੈ । ਨਵਯੁਗ ਪਬਲਿਸ਼ਰਜ਼ ਨਵੀਂ ਦਿੱਲੀ ਨੇ ਇਹ ਪੁਸਤਕ ਨਵੇਂ ਐਡੀਸ਼ਨ ਵਿਚ ਛਾਪ ਕੇ ਪਾਠਕਾਂ ਦੀ ਰੀਝ ਪੂਰੀ ਕੀਤੀ ਹੈ। ਜਗਜੀਤ ਸਿੰਘ ਆਨੰਦ ਨੇ ਬਹੁਤ ਮਿਹਨਤ ਨਾਲ ਪੁਸਤਕ ਵਿਚ ਖੋਜਮਈ ਜਾਣਕਾਰੀ ਦਿੱਤੀ ਹੈ।ਲੈਨਿਨ ਜਿਹੇ ਦਾਰਸ਼ਨਿਕ ਧਰਤੀ 'ਤੇ ਕਦੇ ਜਨਮ ਲਿਆ ਕਰਦੇ ਹਨ ।ਜੋ ਆਪਣੀ ਸੂਝ ਨਾਲ ਦੁਨੀਆ ਨੂੰ ਸਹੀ ਮਾਰਗ ਵਿਖਾਉਂਦੇ ਹਨ।ਨਛੱਤਰ ਸਿੰਘ ਗਿੱਲ ਦੇ ਨਾਵਲ 'ਲਾਜੋ' ਦਾ ਵਿਸ਼ਲੇਸ਼ਣ ਜਸਬੀਰ ਕਲਸੀ ਨੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਕੀਤਾ ਹੈ।ਇਹ ਨਾਵਲ ਮੱਧ ਵਰਗੀ ਕਿਸਾਨ ਦੀਆਂ ਆਰਥਿਕ ਤੇ ਸੱਭਿਆਚਾਰਕ ਮੁਸ਼ਕਲਾਂ ਦੀ ਤਸਵੀਰ ਪੇਸ਼ ਕਰਦਾ ਹੈ ।ਪੰਜਾਬੀ ਗਲਪ ਵਿਚ ਪਿਛਲੇ ਕੁਝ ਸਮੇਂ ਤੋਂ ਕਿਸਾਨੀ ਮੁੱਦੇ ਲਿਖੇ ਜਾ ਰਹੇ ਹਨ, ਕਿਉਂਕਿ ਕਿਸਾਨ ਪਿਛਲੇ ਕੁਝ ਸਮੇਂ ਤੋਂ ਆਪਣੇ ਮਸਲਿਆਂ ਦੇ ਹੱਲ ਵਾਸਤੇ ਲੰਮੀ ਜੱਦੋ-ਜਹਿਦ ਕਰਦੇ ਆ ਰਹੇ ਹਨ ।ਹੁਣ ਚੋਣਾਂ ਮੌਕੇ ਵੀ ਕਿਸਾਨ ਸਿਆਸਤਦਾਨਾਂ ਦਾ ਰੱਜਵਾਂ ਵਿਰੋਧ ਕਰ ਰਹੇ ਹਨ। ਪੰਜਾਬੀ ਸਾਹਿਤ ਵਿਚ ਕਿਸਾਨ ਦੀ ਗੱਲ ਹੁਣ ਭਖਵੇਂ ਰੂਪ ਵਿਚ ਹੋ ਰਹੀ ਹੈ।ਕਿਸਾਨੀ ਨੇ ਦੇਸ਼ ਦੀ ਰਾਜਨੀਤੀ ਨੂੰ ਤਿੱਖਾ ਮੋੜ ਦਿੱਤਾ ਹੈ।ਲੋਕ ਸਭਾ ਨਤੀਜੇ ਵੀ ਇਸ ਮਸਲੇ ਕਾਰਨ ਪ੍ਰਭਾਵਿਤ ਹੋਣਗੇ, ਇੰਜ ਉਮੀਦ ਹੈ । ਇਸ ਪੰਨੇ 'ਤੇ ਡਾ. ਅਮਰ ਕੋਮਲ ਨੇ ਨਾਵਲ 'ਸਿਵਿਆਂ ਦੇ ਰਾਹੀ' ਦੀ ਪਰਖ ਪੜਚੋਲ ਕੀਤੀ ਹੈ ।ਨਾਵਲ ਬੇਰੁਜ਼ਗਾਰੀ ਦੇ ਵਿਰਾਟ ਮਸਲੇ 'ਤੇ ਅਧਾਰਿਤ ਹੈ ।ਬੇਰੁਜ਼ਗਾਰੀ ਕਾਰਨ ਹੀ ਪਰਵਾਸ ਹੋ ਰਿਹਾ ਹੈ। ਦੇਸ਼ ਦੀਆਂ ਹੋਰ ਕੁਰੀਤੀਆਂ ਦਾ ਵੀ ਨਾਵਲ ਜ਼ਿਕਰ ਕਰਦਾ ਹੈ । ਸਰਗਰਮੀਆਂ ਵਿਚ ਜਰਨੈਲ ਸਿੰਘ ਸੇਖਾ ਦੇ ਨਾਵਲ ਨਾਬਰ ਤੇ ਮੋਗੇ ਹੋਈ ਗੋਸ਼ਟੀ ਬਾਰੇ ਵਿਦਵਾਨਾਂ ਦੇ ਵਿਚਾਰ ਪੜ੍ਹੇ ।ਇਹ ਨਾਵਲ ਵੀ ਇਸ ਵੇਲੇ ਚਰਚਾ ਵਿਚ ਹੈ ।ਜਰਨੈਲ ਸਿੰਘ ਸੇਖਾ ਦੇ ਇਸ ਨਾਵਲ ਨੇ ਉਸ ਦੀ ਪਛਾਣ ਨੂੰ ਹੋਰ ਵੀ ਗੂੜ੍ਹਾ ਕੀਤਾ ਹੈ । ਨਾਵਲਕਾਰ ਓਮ ਪ੍ਰਕਾਸ਼ ਗਾਸੋ ਨੂੰ 92ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ ਦੀ ਮੁਬਾਰਕ। ਗਾਸੋ ਸਾਹਿਬ ਨੇ ਪੰਜਾਬੀ ਨਾਵਲ ਵਿਚ ਵਡਮੁੱਲਾ ਯੋਗਦਾਨ ਪਾਇਆ ਹੈ। ਮੈਂ ਦੁਆ ਕਰਦਾ ਹਾਂ ਕਿ ਉਹ ਆਪਣੀ ਕਲਮ ਤੋਂ ਹੋਰ ਵੀ ਸਾਹਿਤਕ ਸੇਵਾ ਕਰਨ ਤੇ ਤੰਦਰੁਸਤੀ ਭਰਿਆ ਜੀਵਨ ਜਿਉਣ। ਮੁੱਖ ਪੰਨੇ 'ਤੇ ਪ੍ਰੋ. ਕੁਲਵੰਤ ਔਜਲਾ ਨੇ ਆਪਣੇ ਸੰਗੀ ਸਾਥੀਆਂ ਨੂੰ ਬਹੁਤ ਸ਼ਿੱਦਤ ਨਾਲ ਯਾਦ ਕੀਤਾ ਹੈ ।ਖਾਸ ਕਰਕੇ ਜੋ ਸਾਥੀ ਵਿਛੋੜਾ ਦੇ ਗਏ ਹਨ। ਇਹ ਦੁਨੀਆ ਬ੍ਰਿਖ ਦੀ ਛਾਂ ਵਾਂਗ ਹੈ । ਔਜਲਾ ਨੇ ਆਪਣੇ ਲੇਖਾਂ ਵਿਚ ਮਨੁੱਖੀ ਕਦਰਾਂ-ਕੀਮਤਾਂ ਦੀ ਗੱਲ ਕੀਤੀ ਹੈ। ਗਦਰ ਪਾਰਟੀ ਦਾ ਇਤਿਹਾਸ ਪੜ੍ਹ ਕੇ ਦੇਸ਼ ਦੀ ਆਜ਼ਾਦੀ ਲਈ ਗਦਰੀ ਬਾਬਿਆਂ ਦੇ ਯੋਗਦਾਨ ਦੀ ਜਾਣਕਾਰੀ ਮਿਲੀ। ਡਾ. ਦੀਪਤੀ ਦੇ ਕਾਲਮ ਵਿੱਚ ਤਰਤੀਬ ਅਹਿਮ ਜਾਂ ਬੇਲਗਾਮੀ ਵਿਚ ਜ਼ਿੰਦਗੀ ਦੀ ਦਿਸ਼ਾ ਦੇ ਵਹਿਣ ਦੀ ਚਰਚਾ ਪੜ੍ਹੀ ।ਇਹ ਜ਼ਿੰਦਗੀ ਉਸੇ ਤਰ੍ਹਾਂ ਚੱਲਦੀ ਹੈ, ਜਿਸ ਦਿਸ਼ਾ ਵਿਚ ਕੋਈ ਵਿਅਕਤੀ ਤੁਰਦਾ ਹੈ। ਅਜੋਕੇ ਸਮੇਂ ਵਿਚ ਜ਼ਿੰਦਗੀ ਨੂੰ ਤਰਤੀਬ ਦੇਣ ਜਾਂ ਤਰਤੀਬ ਤੋੜਨ ਲਈ ਬਹੁਤ ਤੱਤ ਅਸਰ ਪਾ ਰਹੇ ਹਨ। ਡਾ. ਦੀਪਤੀ ਵੇਲੇ ਜ਼ਿੰਦਗੀ ਦੇ ਅਰਥ ਹੁਣ ਨਾਲੋਂ ਬਦਲ ਗਏ ਹਨ, ਪਰ ਮਿਹਨਤ ਵਾਲਾ ਤੱਤ ਅੱਜ ਵੀ ਓਨਾ ਹੀ ਕਾਰਗਰ ਹੈ, ਜਿੰਨਾ ਹੁਣ ਤੋਂ 50-60 ਸਾਲ ਪਹਿਲਾਂ ਸੀ। ਹੁਣ ਦੀਆਂ ਸਰਕਾਰਾਂ ਤੇ ਉਸ ਸਮੇਂ ਦੀਆਂ ਸਰਕਾਰਾਂ ਦੀ ਕਾਰਜਸ਼ੈਲੀ ਵਿਚ ਵੱਡਾ ਅੰਤਰ ਪੈਦਾ ਹੋ ਗਿਆ ਹੈ, ਜਿਸ ਕਰਕੇ ਹੁਣ ਦੀ ਜ਼ਿੰਦਗੀ ਡਗਮਗਾ ਗਈ ਹੈ।ਹਰਜਿੰਦਰ ਸਿੰਘ ਅਟਵਾਲ ਨੇ ਕਾਲਮ ਵਿਚ ਚੋਣ ਲਾਰਿਆਂ ਵਿਚ ਉਲਝੇ ਲੋਕਾਂ ਦੀ ਮਾਨਸਿਕਤਾ ਦੀ ਗੱਲ ਕੀਤੀ ਹੈ। ਲੋਕ ਚੋਣਾਂ ਵੇਲੇ ਲੀਡਰਾਂ ਦੇ ਫੋਕੇ ਲਾਰਿਆਂ ਦਾ ਸ਼ਿਕਾਰ ਹੋ ਜਾਂਦੇ ਹਨ।ਇਸ ਵਾਰ ਲੋਕ ਦਲਬਦਲੀਆਂ ਦੇ ਚੱਕਰ ਵਿਚ ਹਨ। ਲੋਕ ਕੀਹਦਾ ਇਤਬਾਰ ਕਰਨ? ਨੇਤਾਵਾਂ ਨੇ ਦਲਬਦਲੀ ਵਿਚ ਤਾਂ ਗਿਰਗਿਟ ਨੂੰ ਵੀ ਸ਼ਰਮਸਾਰ ਕਰ ਦਿੱਤਾ ਹੈ। ਰੱਬ ਖ਼ੈਰ ਕਰੇ।

**28 ਅਪਰੈਲ** ਦੇ ਨਵਾਂ ਜ਼ਮਾਨਾ ਵਿਚ ਬੰਤ ਸਿੰਘ ਬਰਾੜ ਦਾ ਲੇਖ ਸਮਕਾਲੀ ਦੌਰ ਸਮੇਂ ਮਈ ਦੀ ਮਹੱਤਤਾ ਵਿਚ ਦੇਸ਼ ਦੀ ਮਜ਼ਦੂਰ ਤੇ ਮਿਹਨਤਕਸ਼ ਜਮਾਤ ਦੇ ਹੱਕਾਂ ਦੀ ਗੱਲ ਕੀਤੀ ਹੈ।ਇਹ ਵੇਖ ਕੇ ਦੁੱਖ ਹੁੰਦਾ ਹੈ ਕਿ ਦੇਸ਼ ਕਾਰਪੋਰੇਟ ਘਰਾਣਿਆਂ ਦੀ ਜਗੀਰ ਬਣਦਾ ਜਾ ਰਿਹਾ ਹੈ ।ਫਿਰਕੂ ਤਾਕਤਾਂ ਸਿਰ ਚੁੱਕ ਰਹੀਆਂ ਹਨ ।ਮੁਲਾਜ਼ਮ, ਮਜ਼ਦੂਰ ਤੇ ਖੇਤ ਮਜ਼ਦੂਰ ਸਭ ਔਖੇ ਹਨ, ਕਿਉਂਕਿ ਮਹਿੰਗਾਈ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਕਾਰਨ ਇਹੋ ਹੈ ਕਿ ਪੂੰਜੀਪਤੀ ਲੋਕ ਗਰੀਬ ਦਾ ਦੁੱਖ ਨਹੀਂ ਸਮਝਦੇ। ਮੁਲਾਜ਼ਮਾਂ ਦੇ ਮਹਿੰਗਾਈ ਭੱਤਿਆਂ ਨੂੰ ਸਰਕਾਰਾਂ ਨੇ ਜਾਮ ਕਰਕੇ ਰੱਖ ਦਿੱਤਾ ਹੈ। ਮੋਦੀ ਸਰਕਾਰ ਨੇ ਗੈਸ ਸਿਲੰਡਰ ਦੀ ਕੀਮਤ 400 ਤੋਂ ਵਧਾ ਕੇ ਹਜ਼ਾਰ ਰੁਪਏ ਤੱਕ ਕਰ ਦਿੱਤੀ ਹੈ, ਕਿਉਂ ਨਹੀਂ ਨਿੱਜੀ ਅਦਾਰਿਆਂ ਦੀਆਂ ਉਜਰਤਾਂ ਨਿਸ਼ਚਿਤ ਕੀਤੀਆਂ ਜਾ ਰਹੀਆਂ? ਨਿੱਜੀ ਅਦਾਰਿਆਂ ਵਿਚ ਕੰਮ ਦੇ ਘੰਟੇ ਵੀ ਵਧੇਰੇ ਹਨ, ਪਰ ਤਨਖਾਹਾਂ ਮਾਮੂਲੀ ਹਨ। ਐਨੀਆਂ ਘੱਟ ਤਨਖਾਹਾਂ ਵਿਚ ਮੱਧ ਵਰਗੀ ਪਰਵਾਰਾਂ ਦਾ ਗੁਜ਼ਾਰਾ ਨਹੀਂ ਹੁੰਦਾ । ਉੱਚ ਸਿੱਖਿਆ ਹਾਸਲ ਕਰਕੇ ਵੀ ਸਾਡੇ ਨੌਜਵਾਨ ਬੱਚੇ ਪੰਜ-ਸੱਤ ਹਜ਼ਾਰ ਵਿਚ ਰਗੜੇ ਜਾ ਰਹੇ ਹਨ। ਸਰਕਾਰਾਂ ਜੇਕਰ ਲੋਕ ਹਿਤੈਸ਼ੀ ਹਨ ਤਾਂ ਹਰੇਕ ਨਿੱਜੀ ਅਦਾਰੇ ਵਿਚ ਕੰਮ ਦੇ ਘੰਟੇ ਤੇ ਤਨਖਾਹਾਂ ਘੱਟੋ-ਘੱਟ ਕੈਲੋਰੀ ਦੇ ਅਨੁਸਾਰ ਨਿਸਚਿਤ ਕਰ ਦੇਣੀਆਂ ਚਾਹੀਦੀਆਂ ਹਨ ।ਇਸ ਨਾਲ ਸ਼ੋਸ਼ਣ ਰੁਕੇਗਾ। ਸਾਡਾ ਨੌਜਵਾਨ ਵਿਦੇਸ਼ ਜਾਣ ਦੀ ਝਾਕ ਨਹੀਂ ਰੱਖੇਗਾ ।

ਪਰਵਾਸੀ ਹੋਣਾ ਕੋਈ ਸ਼ੌਕ ਨਹੀਂ ਹੈ ।ਕੇਵਲ ਸ਼ੋਸ਼ਣ ਹੋਣ ਕਰਕੇ ਉਹ ਬਾਹਰ ਜਾ ਰਿਹਾ ਹੈ। ਮਈ ਦਿਵਸ ਵੀ ਇਸੇ ਸਿਧਾਂਤ ਦੀ ਪੂਰਤੀ ਕਰਦਾ ਹੈ । ਐਵੇਂ ਗੱਲਾਂ ਕਰਕੇ ਸਰਕਾਰਾਂ ਵਕਤੀ ਲਾਲਚ ਦੇ ਕੇ ਆਪਣਾ ਫਰਜ਼ ਪੂਰਾ ਹੋਇਆ ਸਮਝਦੀਆਂ ਹਨ। ਨੌਕਰੀ ਟੈਸਟ ਖਤਮ ਕਰਕੇ ਹਰੇਕ ਪੜ੍ਹੇ-ਲਿਖੇ ਬੇਰੁਜ਼ਗਾਰ ਨੂੰ ਨੌਕਰੀ ਦੇਣੀ ਬਣਦੀ ਹੈ, ਫੇਰ ਹੀ ਮਈ ਦਿਵਸ ਦੀ ਸਾਰਥਿਕਤਾ ਹੈ । ਦੇਵ ਕੁਰਾਈ ਵਾਲਾ ਦਾ ਯਾਤਰਾ ਬਿਰਤਾਂਤ ਬਹੁਤ ਲੰਮਾ ਪ੍ਰਸੰਗ ਹੈ ।ਲੇਖਕ ਨੇ ਨਿੱਕੇ-ਨਿੱਕੇ ਪਲਾਂ ਨੂੰ ਲਿਖ ਕੇ ਲਿਖਤ ਜ਼ਿਆਦਾ ਵੱਡੀ ਕਰ ਲਈ ਹੈ। ਇਹੋ ਜਿਹੀ ਲਿਖਤ ਦੋ ਕਿਸ਼ਤਾਂ ਵਿਚ ਛਾਪਿਆ ਕਰੋ। ਲੰਮੀ ਲਿਖਤ ਦਾ ਰਸ ਨਹੀਂ ਰਹਿੰਦਾ ।ਡਾ. ਸ਼ਿਆਮ ਸੁੰਦਰ ਦੀਪਤੀ ਨੇ ਪਿੰਗਲਵਾੜਾ ਸੰਸਥਾ ਦਾ ਜ਼ਿਕਰ ਕੀਤਾ ਹੈ । ਪਿੰਗਲਵਾੜਾ ਬਹੁਤ ਲੰਮੇ ਸਮੇਂ ਤੋਂ ਨੇਕੀ ਤੇ ਦਇਆ ਦਾ ਕੰਮ ਕਰਦਾ ਆ ਰਿਹਾ ਹੈ ।ਮੈਂ ਜਦੋਂ ਵੀ ਦਰਬਾਰ ਸਾਹਿਬ ਗਿਆ ਹਾਂ, ਭਗਤ ਪੂਰਨ ਸਿੰਘ ਜੀ ਦਾ ਲਿਖਿਆ ਤੇ ਛਾਪਿਆ ਸਾਹਿਤ ਲਿਆ ਕੇ ਚਿੰਤਨ ਕਰਦਾ ਰਿਹਾ ਹਾਂ । ਪਿੰਗਲਵਾੜਾ ਸੰਸਥਾ ਨੇ ਡਾ. ਦੀਪਤੀ ਦੀਆਂ ਲਿਖਤਾਂ ਛਾਪ ਕੇ ਲੋਕਾਂ ਤੱਕ ਪੁਚਾਈਆਂ ਹਨ । ਪਿੰਗਲਵਾੜਾ ਨੇ ਸਮਾਜ ਸੁਧਾਰ ਦਾ ਕੰਮ ਵੱਡੀ ਪੱਧਰ 'ਤੇ ਕੀਤਾ ਹੈ, ਜੋ ਅਜੇ ਵੀ ਜਾਰੀ ਹੈ।ਇਸ ਵੇਲੇ ਦੇ ਪ੍ਰਬੰਧਕਾਂ ਦੀ ਲੰਮੀ ਤੇ ਉਸਾਰੀ ਸੋਚ ਦਾ ਮੈਂ ਕਾਇਲ ਹਾਂ। ਰੱਬ ਪਿੰਗਲਵਾੜਾ ਸੰਸਥਾ ਦੇ ਪ੍ਰਬੰਧਕਾਂ ਨੂੰ ਹੋਰ ਵੀ ਨੇਕੀ ਦਾ ਬਲ ਬਖਸ਼ੇ, ਚੋਣ ਦੰਗਲ ਬਾਰੇ ਡਾ. ਅਟਵਾਲ ਨੇ ਦਿਲਚਸਪ ਲਿਖਿਆ ਹੈ। ਮੰਗਤ ਕੁਲਜਿੰਦ ਦੀਆਂ ਮਿੰਨੀ ਕਹਾਣੀਆਂ ਵਿਚ ਵਿਦੇਸ਼ੀ ਲੋਕਾਂ ਦੀ ਗੱਲ ਹੈ। ਮਿੰਨੀ ਕਹਾਣੀ ਵਿਚ ਇਹ ਨਵਾਂ ਝੁਕਾਅ ਹੈ। ਬਿਕਰਮਜੀਤ ਨੂਰ ਵੀ ਅਕਸਰ ਮਿੰਨੀ ਕਹਾਣੀ ਵਿਚ ਕੈਨੇਡਾ ਦੀ ਗੱਲ ਕਰਦਾ ਹੈ ।ਖੁਸ਼ੀ ਹੈ ਕਿ ਸਾਡੇ ਸਾਹਿਤਕਾਰ ਵਿਦੇਸ਼ਾਂ ਵਿਚ ਜਾ ਕੇ ਪ੍ਰਾਪਤ ਅਨੁਭਵਾਂ ਨੂੰ ਸਾਹਿਤ ਵਿਚ ਲਿਆ ਰਹੇ ਹਨ। ਇਸ ਨਾਲ ਪੰਜਾਬੀ ਦਾ ਮਾਣ ਦੁਨੀਆ ਭਰ ਵਿੱਚ ਵਧਦਾ ਹੈ ।ਸਵਰਾਜਬੀਰ ਨੇ ਬਹੁਤ ਵਧੀਆ ਸ਼ਬਦਾਂ ਵਿਚ ਮੋਹਨਜੀਤ ਨੂੰ ਯਾਦ ਕੀਤਾ ਹੈ।ਗਾਇਕ ਚਮਕੀਲਾ ਦੀ ਗਾਇਕੀ ਦੇ ਦੋਨੋਂ ਪੱਖ ਸ਼ਬਦੀਸ਼ ਨੇ ਲਿਖੇ ਹਨ ।ਚਾਹੇ ਉਹ ਜਿਹੋ ਜਿਹਾ ਵੀ ਸੀ, ਕਤਲ ਕਰਨਾ ਗਲਤ ਸੀ ।ਲੇਖਕ ਨੇ ਹੋਰ ਗਾਇਕਾਂ ਦੇ ਗੀਤਾਂ ਦੇ ਅਸ਼ਲੀਲ ਹੋਣ ਦੀਆਂ ਮਿਸਾਲਾਂ ਦਿੱਤੀਆਂ ਹਨ ।ਨਾਵਲ 'ਸੁਰਖ ਸਾਜ਼' ਬਾਰੇ ਲੰਮਾ ਸਮੀਖਿਆ ਲੇਖ (ਡਾ. ਹਰਜਿੰਦਰ ਸਿੰਘ ਅਟਵਾਲ) ਪੜ੍ਹ ਕੇ ਨਾਵਲ ਦੀ ਚੰਗੀ ਜਾਣਕਾਰੀ ਮਿਲੀ। 'ਸਮਕਾਲ' ਵਿਚ ਮੈਗਜ਼ੀਨਾਂ ਦੀ ਜਾਣ-ਪਛਾਣ ਲੰਮੀ ਹੁੰਦੀ ਹੈ।ਸਾਹਿਤਕ ਸਰਗਰਮੀਆਂ ਘੱਟ ਛਪੀਆਂ ਹਨ। ਅਖਬਾਰ ਦੇ ਸਾਹਿਤਕ ਪੰਨਿਆਂ ਦੇ ਸ਼ਬਦਾਂ ਦਾ ਸਾਈਜ਼ ਛੋਟਾ ਨਾ ਕਰੋ, ਸ਼ਬਦਾਂ ਦਾ ਅਕਾਰ ਵੱਡਾ ਰੱਖੋ ।ਪੜ੍ਹਨ ਵਿਚ ਦਿੱਕਤ ਨ੍ਹੀਂ ਹੁੰਦੀ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਸਮਕਾਲੀ ਦੌਰ ਸਮੇਂ ਮਈ ਦਿਵਸ ...

28 ਅਪ੍ਰੈਲ ਦੇ 'ਐਤਵਾਰਤਾ' ਦੇ ਪਹਿਲੇ ਪੰਨੇ 'ਤੇ ਬੰਤ ਸਿੰਘ ਬਰਾੜ ਨੇ ਮਈ ਦਿਵਸ ਦੀ ਮਹੱਤਤਾ ਬਾਰੇ ਲੇਖ ਚਾਹੇ ਸੰਖੇਪ ਵਿਚ ਹੀ ਸੀ, ਪਰ ਕਾਫੀ ਜਾਣਕਾਰੀ ਭਰਪੂਰ ਸੀ ਕਿ ਕਿਸ ਤਰ੍ਹਾਂ 1886 ਵਿਚ ਮਜ਼ਦੂਰ ਆਗੂਆਂ ਨੂੰ ਆਪਣੇ ਮਜ਼ਦੂਰ ਸਾਥੀਆਂ ਲਈ ਇਕ ਦਿਨ ਵਿਚ ਮਜ਼ਦੂਰੀ ਦੇ 8 ਘੰਟੇ ਨਿਸ਼ਚਤ ਕਰਨ ਲਈ ਸਾਮਰਾਜੀ ਸਰਕਾਰ ਖਿਲਾਫ ਰੋਹ ਭਰਪੂਰ ਮੁਜ਼ਾਹਰੇ ਤੇ ਹੜਤਾਲਾਂ ਕਰਕੇ ਉਹਨਾ ਦੇ ਹੱਕਾਂ ਦੀ ਰਾਖੀ ਕਰਦੇ ਹੋਏ ਆਪਣੀ ਜਾਨ ਤੱਕ ਕੁਰਬਾਨ ਕਰਨੀ ਪਈ ਸੀ, ਪਰ ਅਫਸੋਸ ਅੱਜ ਦੀ ਮਜ਼ਦੂਰ ਜਮਾਤ ਦੀ ਬਹੁਗਿਣਤੀ ਆਪਣੇ ਗੌਰਵਮਈ ਇਤਿਹਾਸ ਤੋਂ ਨਾਵਾਕਿਫ ਹੈ ਤੇ ਇਸੇ ਕਰਕੇ ਫਾਸ਼ੀਵਾਦੀ ਵਿਚਾਰਧਾਰਾ ਵਾਲ਼ੀਆਂ ਪਾਰਟੀਆਂ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਮਜ਼ਦੂਰ ਵਿਰੋਧੀ ਕਾਨੂੰਨੀ ਧਾਰਾਵਾਂ ਬਣਾ ਕੇ ਪੂੰਜੀਪਤੀਆਂ ਦੇ ਹੱਕ ਵਿਚ ਭੁਗਤ ਰਹੀਆਂ ਹਨ, ਜੋ ਕਿ ਅੱਛੇ ਦਿਨ ਆਉਣ ਦੀਆਂ ਨਈਂ, ਬਹੁਤ ਮਾੜੇ ਦਿਨ ਆਉਣ ਦੀਆਂ ਨਿਸ਼ਾਨੀਆਂ ਹਨ।

ਜਤਿੰਦਰ ਪਨੂੰ ਨੇ ਭਾਰਤ ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਚੋਣ ਕਮਿਸ਼ਨ ਵੱਲੋਂ ਨਿਭਾਏ ਜਾ ਰਹੇ ਇਕਤਰਫਾ ਰੋਲ ਬਾਰੇ ਚਿੰਤਾ ਦਾ ਸਹੀ ਪ੍ਰਗਟਾਵਾ ਕੀਤਾ ਹੈ। ਜਦੋਂ ਚੋਣਾਂ ਦਾ ਐਲਾਨ ਹੋ ਜਾਂਦਾ ਹੈ, ਚੋਣ ਜ਼ਾਬਤਾ ਲਾਗੂ ਹੋ ਜਾਂਦਾ ਹੈ ਤਾਂ ਸਰਕਾਰ ਦੀਆਂ ਸ਼ਕਤੀਆਂ ਨਾ ਦੇ ਬਰਾਬਰ ਹੁੰਦੀਆਂ ਹਨ, ਫੇਰ ਤਾਂ ਚੋਣ ਕਮਿਸ਼ਨ ਹੀ ਸਭ ਕੁਝ ਹੁੰਦਾ, ਓਸੇ ਦੇ ਹੀ ਫੈਸਲੇ ਚੱਲਦੇ ਹਨ, ਪਰ ਲੱਗ ਇਸ ਤਰ੍ਹਾਂ ਰਿਹਾ ਹੈ ਜਿਵੇਂ ਸਰਕਾਰ ਪਹਿਲਾਂ ਵਾਂਗ ਹੀ ਆਪਣਾ ਕੰਮ ਕਰ ਰਹੀ ਹੈ ਤੇ ਚੋਣ ਕਮਿਸ਼ਨ ਸਿਰਫ ਖਾਨਾਪੂਰਤੀ ਲਈ ਬਣਾਇਆ ਗਿਆ ਹੈ ਚੁੱਪਚਾਪ ਬੈਠ ਕੇ ਤਮਾਸ਼ਾ ਵੇਖਣ ਤੇ ਮੌਜੂਦਾ ਸਰਕਾਰ ਦੇ ਪੱਖ ਵਿਚ ਭੁਗਤਣ ਲਈ। ਇਸ ਦੀਆਂ ਉਦਾਹਰਣਾਂ ਹਰ ਰੋਜ਼ ਵੇਖਣ ਨੂੰ ਮਿਲ ਰਹੀਆਂ ਹਨ। ਭਾਜਪਾ ਦੇ ਸਾਰੇ ਲੀਡਰ ਸਮੇਤ ਪ੍ਰਧਾਨ ਮੰਤਰੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਭੰਡਣ ਲਈ ਜਿਹੋ ਜਿਹੀ ਮਰਜ਼ੀ ਨੀਵੇਂ ਪੱਧਰ ਦੀ ਭਾਸ਼ਾ ਬੋਲਣ, ਝੂਠ ਬੋਲਣ, ਮੁਸਲਮਾਨਾਂ ਖਿਲਾਫ ਨਫਰਤ ਫੈਲਾਉਣ ਵਾਲੀ ਬਿਆਨਬਾਜ਼ੀ ਕਰਨ, ਧਾਰਮਿਕ ਤੇ ਹਿੰਸਕ ਘਟਨਾਵਾਂ ਭੜਕਾਉਣ ਵਾਲੀਆਂ ਟਿੱਪਣੀਆਂ ਕਰਨ, ਚੋਣ ਕਮਿਸ਼ਨ ਕੋਈ ਧਿਆਨ ਨਹੀਂ ਦੇਂਦਾ, ਪਰ ਜਿਵੇਂ ਹੀ ਕੋਈ ਵਿਰੋਧੀ ਪਾਰਟੀਆਂ ਦਾ ਲੀਡਰ ਬੀ ਜੇ ਪੀ ਜਾਂ ਪ੍ਰਧਾਨ ਮੰਤਰੀ 'ਤੇ ਕੋਈ ਟੀਕਾ-ਟਿੱਪਣੀ, ਕਿੰਤੂ-ਪ੍ਰੰਤੂ ਕਰਦਾ ਹੈ ਤਾਂ ਚੋਣ ਕਮਿਸ਼ਨ ਦੀ ਝੱਟ ਅੱਖ ਖੁੱਲ੍ਹ ਜਾਂਦੀ ਹੈ ਤੇ ਉਸੇ ਵੇਲੇ ਉਸ ਦੇ ਖਿਲਾਫ ਨੋਟਿਸ ਜਾਰੀ ਹੋ ਜਾਂਦਾ ਹੈ ਜਾਂ ਸੰਮਨ ਭੇਜ ਕੇ ਪੇਸ਼ ਹੋਣ ਲਈ ਕਿਹਾ ਜਾਂਦਾ ਹੈ, ਜਿਸ ਤੋਂ ਸਾਫ ਜ਼ਾਹਰ ਹੈ ਕਿ ਚੋਣ ਕਮਿਸ਼ਨ ਇਸ ਵਕਤ ਬੀ ਜੇ ਪੀ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਨੱਚ ਰਿਹਾ ਹੈ।

ਪਨੂੰ ਸਾਹਿਬ ਦਾ ਕਹਿਣਾ ਬਿਲਕੁਲ ਦਰੁਸਤ ਹੈ ਕਿ ਕੇਂਦਰੀ ਏਜੰਸੀਆਂ ਈ.ਡੀ., ਸੀ ਬੀ ਆਈ, ਇਨਕਮ ਟੈਕਸ ਪਹਿਲਾਂ ਵੀ ਹੁੰਦੀਆਂ ਸਨ, ਪਰ ਵਿਰੋਧੀ ਪਾਰਟੀਆਂ ਨੂੰ ਤੰਗ-ਪਰੇਸ਼ਾਨ ਕਰਨ ਲਈ ਜਿੰਨੀ ਦੁਰਵਰਤੋਂ ਮੋਦੀ ਸਰਕਾਰ ਵੇਲੇ ਹੋਈ ਹੈ, ਇਸ ਤੋਂ ਪਹਿਲਾਂ ਕਦੇ ਨਹੀਂ ਸੀ ਹੋਈ। ਸੱਤਾ ਦਾ ਹੰਕਾਰ ਭਾਜਪਾ ਦੇ ਸਿਰ ਨੂੰ ਚੜ੍ਹ ਗਿਆ ਹੈ ਤੇ ਹੰਕਾਰ ਦਾ ਭਰਿਆ ਬੰਦਾ ਹਮੇਸ਼ਾ ਨੁਕਸਾਨ ਉਠਾਉਂਦਾ ਹੈ। 'ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ' ਵਿਚ ਡਾਕਟਰ ਦੀਪਤੀ ਨੇ ਇਸ ਵਾਰ ਅੰਮ੍ਰਿਤਸਰ ਵਿਚ ਗਰੀਬ, ਬੇਸਹਾਰਾ, ਮਜ਼ਲੂਮਾਂ ਦਾ ਸਹਾਰਾ ਬਣੀ ਸੰਸਥਾ ਪਿੰਗਲਵਾੜਾ ਦੀ ਕਾਰਜਸ਼ੈਲੀ ਬਾਰੇ ਕਾਫੀ ਜਾਣਕਾਰੀ ਦਿੱਤੀ ਹੈ। ਭਗਤ ਪੂਰਨ ਸਿੰਘ ਅੱਜ ਤੋਂ 40-50 ਸਾਲ ਪਹਿਲਾਂ ਹੀ ਫੈਕਟਰੀਆਂ 'ਚੋਂ ਨਿਕਲਦੇ ਧੂੰਏਂ ਕਾਰਨ ਗੰਧਲਾ ਹੋ ਰਹੇ ਵਾਤਾਵਰਨ ਤੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਤੇ ਘਟਦੇ ਜਾ ਰਹੇ ਜੰਗਲੀ ਖੇਤਰ ਬਾਰੇ ਪੈਂਫਲੈਟ ਵੰਡ ਕੇ ਜਾਗਰੂਕ ਕਰਨ ਲੱਗ ਪਏ ਸਨ, ਪਰ ਉਸ ਵੇਲੇ ਉਨ੍ਹਾਂ ਦੀਆਂ ਇਹ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ ਦੇਂਦਾ ਤੇ ਅੱਜ ਉਹੀ ਮੁਸੀਬਤਾਂ ਮੂੰਹ ਅੱਡੀ ਸਾਡੇ ਸਿਰ 'ਤੇ ਖੜ੍ਹੀਆਂ ਹਨ। ਭਗਤ ਪੂਰਨ ਸਿੰਘ ਦੇ ਇਹ ਸ਼ਬਦ ਵੀ ਬਹੁਤ ਹੀ ਅਰਥਭਰਪੂਰ ਹਨ ਕਿ 'ਮੈਂ ਗਰੀਬਾਂ, ਲਾਵਾਰਸਾਂ, ਲਾਚਾਰਾਂ ਦੇ ਵਿਚ ਰਹਿੰਦਾ ਹਾਂ ਤੇ ਮੈਨੂੰ ਉਹਨਾ ਵਰਗਾ ਬਣ ਕੇ ਰਹਿਣਾ ਚਾਹੀਦਾ ਹੈ ਤਾਂ ਜੋ ਉਹ ਮੇਰੇ ਨੇੜੇ ਆਉਣ ਤੋਂ ਬਿਲਕੁਲ ਨਾ ਝਿਜਕਣ 'ਧੰਨ ਹਨ ਇਹੋ ਜਿਹੇ ਮਹਾਨ ਲੋਕ।'

**—ਬੀ.ਡੀ ਭਗਤ,**
**ਮਜੀਠਾ ਰੋਡ ਬਾਈਪਾਸ, ਅੰਮ੍ਰਿਤਸਰ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਹਿਦੂਤਵੀ ਭਵ-ਸੰਸਾਰ ਅੰਦਰ ਡੁਬਕੀ : ਨਿਰਵੈਰ

ਬਲਜਿੰਦਰ ਮਾਨ ਨਾਲ ਮੁਲਾਕਾਤ : ਜਸਵੀਰ ਸਿੰਘ ਭਲੂਰੀਆ

'ਕੂੰਜਾਂ' : ਜਸਵਿੰਦਰ ਰੱਤੀਆ, (ਫੋਕਸ) : ਡਾ. ਚੰਦਰ ਪ੍ਰਕਾਸ਼

ਬਲਵਿੰਦਰ ਸਿੰਘ ਭੁੱਲਰ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਹੀਰਾ ਸਿੰਘ ਤੂਤ ਦੀਆਂ ਕਵਿਤਾਵਾਂ

## ਕਾਣੀ-ਵੰਡ

ਜਿੱਥੇ ਭੁੱਖੇ
ਰੋਣ ਨਿਆਣੇ
ਓਸ ਘਰ ਨੂੰ
ਵੰਡੋ ਦਾਣੇ
ਓਸ ਘਰ ਜਾ ਕੇ
ਕਿਉਂ ਸੁੱਟਦੇ ਓ
ਜੀਹਦੀ ਕੋਠੀ
ਪਹਿਲਾਂ ਹੀ ਦਾਣੇ
ਜਿੱਥੇ ਕਮਲੇ ਵੀ
ਨਿੱਤ ਸਿਆਣੇ!

## ਕੁੰਭਕਰਨੀ ਨੀਂਦ

ਅੱਜ ਹਰ ਪਾਸੇ
ਮਣੀਪੁਰ ਮਣੀਪੁਰ ਹੈ
ਕੀ ਤੁਹਾਨੂੰ
ਹੋਰ ਕੁਝ ਵੀ ਯਾਦ ਹੈ!
ਆਸਿਫਾ !
ਕਿਸੇ ਨੂੰ ਯਾਦ ਹੈ!
ਤੇ ਦਿੱਲੀ ਦੀ ਟੈਕਸੀ ਵਿੱਚ
ਹੋਇਆ ਬਲਾਤਕਾਰ?
ਇੱਕ ਓਹ
ਐਕਟਿਵਾ ਵਾਲੀ ਕੁੜੀ
ਜੋ ਪੱਤ ਲੁੱਟਣ ਤੋਂ ਬਾਅਦ
ਕਿਸੇ ਰੋਸਟਡ
ਚਿਕਨ ਵਾਂਗ
ਭੁੰਨ ਦਿੱਤੀ ਗਈ ਸੀ।
ਤੇ ਕਿੰਨੀਆਂ ਹੀ
ਅੱਲੜ੍ਹਾਂ ਦੇ ਓਹ ਚਿਹਰੇ
ਜੋ ਤੇਜ਼ਾਬ ਨਾਲ਼ ਸਾੜ ਦਿੱਤੇ ਗਏ!
ਤੁਹਾਨੂੰ ਯਾਦ ਹੈ!
ਨਿੱਤ ਡੀਜ਼ਲ ਪੈਟਰੋਲ ਦੇ
ਸੈਂਕੜੇ ਨੂੰ ਪਾਰ ਕਰਦੇ ਰੇਟ
ਤੇ ਅਸੀਂ ਬੜੇ ਹੀ
ਖ਼ੁਸ਼ ਹੁੰਦੇ ਹਾਂ
ਜਦ ਪਤਾ ਲੱਗਦਾ ਹੈ ਕਿ
ਅੱਸੀ ਪੈਸੇ
ਸਸਤਾ ਹੋਇਆ ਰੇਟ।
ਤੁਹਾਨੂੰ ਯਾਦ ਹੈ!
ਸੜਕਾਂ ਉੱਤੇ ਰੁਲਦੀਆਂ
ਤੇ ਖਿੱਲਰੀਆਂ ਫ਼ਸਲਾਂ।
ਤੁਹਾਨੂੰ ਯਾਦ ਹੈ!
ਇੱਕ ਸਾਲ ਫ਼ਸਲ ਦੇ

ਚੜ੍ਹਦੇ ਭਾਅ
ਤੇ ਅਗਲੇ ਸਾਲ ਕਿਉਂ
ਬਿਲਕੁਲ ਘਟ ਕੇ
ਲੈਂਦੇ ਨੇ ਸਾਹ
ਕਿੰਨੇ ਜ਼ਿਮੀਂਦਾਰਾਂ
ਤੇ ਕਾਮਿਆਂ ਨੂੰ
ਕਰਦੇ ਨੇ ਫਨਾਹ।
ਪਹਿਲਾਂ ਮੈਂ
ਡਾਰਵਿਨ ਦੀ ਥਿਊਰੀ ਨੂੰ
ਬਕਵਾਸ ਹੀ ਮੰਨਦਾ ਸੀ
ਪਰ
ਹੁਣ ਲੱਗਦਾ ਹੈ ਕਿ ਉਹ
ਸੱਚ ਹੀ ਆਖਦਾ ਸੀ
ਤੇ ਮੈਂ ਬੇਇਤਬਾਰਾ ਸੀ
ਲੱਗਦਾ ਹੈ ਜਿਵੇਂ ਮਨੁੱਖ
ਹੁਣ ਫੇਰ
ਇੱਕ ਨਾ ਇੱਕ ਦਿਨ
ਬਾਂਦਰ ਬਣ ਕੇ ਹੀ ਸਾਹ ਲਵੇਗਾ।
ਇਹ ਭੀੜਾਂ
ਕਿੱਥੋਂ ਆ ਕੇ ਜੁੜਦੀਆਂ
ਕਿੱਥੋਂ ਹੋ ਕੇ ਤੁਰਦੀਆਂ
ਓਦਾਂ ਤਾਂ ਇਹਨਾਂ ਨੂੰ
ਨੀਚਾਂ ਤੋਂ ਭਿੱਟ ਚੜ੍ਹਦੀ
ਜਿਸ ਥਾਂ ਤੋਂ
ਚੜ੍ਹਨੀ ਚਾਹੀਦੀ ਹੈ
ਓਸ ਥਾਂ ਤੋਂ ਭਲਾ
ਕਿਉਂ ਨਹੀਂ ਚੜ੍ਹਦੀ।
ਸਭ ਕੁਝ
ਹਰ ਇੱਕ ਰੋਜ਼
ਨਵਾਂ ਵਾਪਰਦਾ
ਤੇ ਪੁਰਾਣੇ ਹਾਦਸੇ
ਜਾ ਕੇ ਕਿਧਰੇ
ਕਬਰਾਂ ਵਿੱਚ ਸੌਂ ਜਾਂਦੇ ਨੇ।
ਤੇ ਅਸੀਂ ਕੀ ਕਰਦੇ ਹਾਂ?
ਤੇ ਅਸੀਂ
ਕਰ ਵੀ ਕੀ ਸਕਦੇ ਹਾਂ!
ਅਸੀਂ ਤਾਂ
ਕਾਲ਼ੇ ਬਿੱਲੇ ਲਗਾ ਕੇ
ਜਾਂ ਮੋਮਬੱਤੀਆਂ ਜਗਾ ਕੇ
ਬੱਸ!
ਰੋਸ ਹੀ ਪ੍ਰਗਟ ਕਰਦੇ ਹਾਂ।
ਅਸੀਂ ਕਰੋੜਾਂ ਲੋਕ
ਹਾਏ-ਬੂਏ ਕਰਦੇ ਹਾਂ
ਜਿਹਨਾਂ ਨੂੰ ਕੁਝ
ਸੋਚਣਾ ਚਾਹੀਦਾ ਹੈ
ਉਹ ਸੱਭੇ ਹੀ
ਸੌਂ ਜਾਂਦੇ ਨੇ ਕੁੰਭਕਰਨੀ ਨੀਂਦ।

## ਬਦਲਾਅ

ਓਹ ਆਖਦਾ ਹੈ
ਮੈਂ ਬੜਾ ਹੀ
ਸਿਧ-ਪੱਧਰਾ ਹਾਂ
ਤੇ ਇੱਕ ਕਮਲਾ-ਝੱਲਾ
ਜੇਹਾ ਆਦਮੀ
ਮੈਂ ਇੱਕ
ਮਜ਼ਾਕ ਕੀ ਕੀਤਾ!
ਕਿ
ਉਹ ਗੁੱਸੇ ਹੋ ਗਿਆ
ਤੇ ਸਿਆਣਾ ਵੀ।

## ਜੇ ਤੂੰ ਸ਼ਿਵ

ਬਟਾਲਵੀ ਪੜ੍ਹਦਾ ਏਂ,
ਅਵਤਾਰ ਪਾਸ਼ ਵੀ
ਪੜ੍ਹਿਆ ਕਰ।
ਤੇ ਲੋਕ-ਜੋਕ ਨੂੰ
ਸਮਝਣ ਲਈ,
ਮਾਰਕਸਵਾਦ ਵੀ
ਪੜ੍ਹਿਆ ਕਰ।
ਜੇ ਹੱਕਾਂ ਖਾਤਰ
ਲੜਣਾ ਹੈ,
ਤੇ ਅੰਬੇਡਕਰ ਨਾਲ਼
ਖੜਿਆ ਕਰ।

## ਕਬਾੜ

ਹੁਣ ਜਦ ਕਦੇ
ਗਲ਼ੀ ਵਿੱਚੋਂ ਕੋਈ
ਲੰਘਦਾ ਕਬਾੜੀਆ
ਅਵਾਜ਼ ਦਿੰਦਾ ਹੈ ਕਿ
'ਟੁੱਟਾ-ਭੱਜਾ ਲੋਹਾ ਵੇਚ ਲਓ!'
ਤੇ ਅਸੀਂ ਦੋਵੇਂ ਹੀ
ਇੱਕ ਦੂਜੇ ਵੱਲ ਨੂੰ
ਵੇਖਣ ਲੱਗਦੇ ਹਾਂ।

## ਗ਼ੁਰਬਤ

ਇਹ ਬੜੀ
ਕੁਲਹਿਣੀ ਹੈ!
ਇਹ ਬੜੀ
ਅਮਰ ਹੈ!
ਹਰ ਪੰਜ ਸਾਲ ਬਾਅਦ
ਇਸ ਨੂੰ
ਖ਼ਤਮ ਕਰਨ ਦੀ
ਕੋਸ਼ਿਸ਼ ਅਤੇ ਗੱਲ ਤੁਰਦੀ ਹੈ
ਪਰ ਇਹ ਮਰਦੀ ਹੀ ਨਹੀਂ!
ਤੇ ਗਰੀਬ ਮਰ ਜਾਂਦਾ ਹੈ।

## ਭੋਲੂ ਕਾਕਾ

ਤੂੰ ਜਨਤਾ ਦੇ ਵਿੱਚ,
ਦੋਸ਼ੀ ਆਣ ਖਲੋਇਆ ਏਂ।
ਸਭ ਜਾਣਦਿਆਂ ਵੀ,
ਭੋਲੂ ਕਾਕਾ ਹੋਇਆ ਏਂ!
ਉਂਜ ਤਾਂ ਤੈਨੂੰ
ਦੂਰ-ਦੁਰਾਡੇ ਦਿਸਦਾ ਏ
ਸਾਡੀ ਵਾਰੀ ਸੱਜਣਾ!
ਕਿਉਂ ਤੂੰ ਅੰਨ੍ਹਾ ਹੋਇਆ ਏਂ।

## ਸਾਡੇ ਸਮੇਂ

ਸਾਡੇ ਸਮਕਾਲ ਵਿੱਚ
ਨਿੱਤ ਹੀ ਵਾਪਰਦਾ
ਬਹੁਤ ਕੁਝ ਘਿਨੌਣਾ
ਬਹੁਤ ਕੁਝ ਨਿੰਦਣਯੋਗ
ਤੇ ਫਟਕਾਰਨਯੋਗ
ਮੇਰੇ ਵਰਗੇ ਕਈ
ਕਲਮ ਚੁਕਦੇ ਨੇ
ਲਿਖਦੇ ਨੇ ਕੋਈ ਨਜ਼ਮ
ਤੁਸੀਂ ਆਖਦੇ ਹੋ 'ਵਾਹ!'

ਮੈਂ ਲਿਖਦਾ ਹਾਂ
ਸ਼ੁਕਰੀਆ ਜੀ!
ਅੱਜਕੱਲ੍ਹ ਬੱਸ!
ਮੈਂ, ਅਸੀਂ, ਤੁਸੀਂ ਤੇ ਸਾਰੇ
ਏਨਾ ਕੁ ਹੀ ਕਰਦੇ ਹਾਂ,

ਤੇ ਹੋਰ ਅਸੀਂ
ਕਰ ਵੀ ਕੀ ਸਕਦੇ ਆਂ!
ਕਲਮ ਚੁੱਕਣ ਵਾਲੇ,
ਕਦੇ ਤਲਵਾਰ ਨਹੀਂ ਚੁੱਕਦੇ।

## ਕਾਮਾ ਬੰਦਾ

ਇੱਕ ਕਾਮੇ ਨਾਲ
ਕਿਸੇ ਮੁਟਿਆਰ ਨੂੰ
ਹੋ ਗਿਆ ਹੈ ਪਿਆਰ
ਓਹ ਆਖਦੀ ਹੈ
ਸੱਚੋ ਸੱਚ ਦੱਸ ਭਲਾਂ!
ਮੈਨੂੰ ਕਿੰਨੀ ਮੁਹੱਬਤ ਕਰਦੈਂ!
ਓਹ ਆਖਦਾ ਹੈ
ਸੱਚ ਦੱਸਾਂ ਤਾਂ!
ਏਨੀ ਕੁ ਮੁਹੱਬਤ ਹੈ
ਜਿੰਨਾ ਕੋਈ ਭੁੱਖਾ ਮਨੁੱਖ
ਚਾਰ ਰੋਟੀਆਂ
ਤੇ ਇੱਕ ਦਾਲ ਦੇ
ਕੌਲੇ ਨੂੰ ਕਰਦਾ ਹੈ।

*ਫ਼ੋਨ 98724-55994*

# ਟੈਲੀਵਿਜ਼ਨ ਤੇ ਸਾਹਿਤ ਦਾ ਰਿਸ਼ਤਾ

ਟੈਲੀਵਿਜ਼ਨ ਅਤੇ ਸਾਹਿਤ ਇਕ-ਦੂਸਰੇ ਦੇ ਪੂਰਕ ਹਨ, ਵਿਰੋਧੀ ਨਹੀਂ, ਪਰ ਟੈਲੀਵਿਜ਼ਨ ਦੇ ਅਧਿਕਾਰੀਆਂ, ਕਰਮਚਾਰੀਆਂ ਦੀ ਹਉਮੈ ਅਤੇ ਲੇਖਕਾਂ, ਸਾਹਿਤਕਾਰਾਂ ਦੀ ਮੈਂ ਨੇ ਇਕ-ਦੂਸਰੇ ਦਾ ਨੁਕਸਾਨ ਕੀਤਾ ਹੈ। ਆਦਾਨ-ਪ੍ਰਦਾਨ ਰਾਹੀਂ ਦੋਹਾਂ ਦਾ ਦਾਇਰਾ ਮੋਕਲਾ ਹੁੰਦਾ, ਕੱਦ ਵਧਦਾ, ਪਰ ਤਾਲਮੇਲ ਅਤੇ ਪ੍ਰਸਪਰ ਸਮਝ ਦੀ ਘਾਟ ਕਾਰਨ ਸਮੇਂ ਨਾਲ ਟਕਰਾ ਅਤੇ ਵਿਰੋਧ ਵਧਦਾ ਗਿਆ। ਇਕ ਵਿਸ਼ੇਸ਼ ਵਰਗ ਦੇ ਲੇਖਕਾਂ, ਸਾਹਿਤਕਾਰਾਂ, ਸ਼ਾਇਰਾਂ ਦਾ ਟੈਲੀਵਿਜ਼ਨ 'ਤੇ ਗਲਬਾ ਰਿਹਾ। ਨਤੀਜੇ ਵਜੋਂ ਵਧੇਰੇ ਕਰਕੇ ਚੰਗਾ, ਮਿਆਰੀ ਤੇ ਸਮਾਜਕ ਮਾਨਵੀ ਸਰੋਕਾਰਾਂ ਵਾਲਾ ਸਾਹਿਤ ਟੈਲੀਵਿਜ਼ਨ ਪਰਦੇ ਤੱਕ ਨਹੀਂ ਪਹੁੰਚ ਸਕਿਆ। ਜਦੋਂ-ਜਦੋਂ ਅਜਿਹੀਆਂ ਸਾਹਿਤਕ ਕਿਰਤਾਂ ਨੂੰ ਮੌਕਾ ਮਿਲਿਆ, ਉਦੋਂ-ਉਦੋਂ ਦਰਸ਼ਕਾਂ ਨੇ ਭਰਪੂਰ ਹੁੰਗਾਰਾ ਭਰਿਆ ਅਤੇ ਟੈਲੀਵਿਜ਼ਨ ਦੀ ਵਾਹਵਾ ਭੱਲ ਬਣੀ। ਟੈਲੀਵਿਜ਼ਨ ਪ੍ਰੋਗਰਾਮਾਂ ਦੀ ਸਾਰਥਿਕਤਾ ਵਧੀ ਅਤੇ ਕਾਰਗੁਜ਼ਾਰੀ ਬਿਹਤਰ ਹੋਈ। ਦੂਰਦਰਸ਼ਨ ਦੇ ਕੌਮੀ ਚੈਨਲ ਦੀਆਂ ਕੁਝ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਕੁਝ ਦੂਰਦਰਸ਼ਨ ਦੇ ਖੇਤਰੀ ਚੈਨਲਾਂ ਦੀਆਂ।



ਸਾਹਿਤਕਾਰ ਖ਼ੁਦ ਨੂੰ ਸਮਾਜ ਨਾਲ ਨੇੜਲਾ ਸੰਬੰਧ ਰੱਖਣ ਵਾਲਾ ਮੰਨਦਾ ਹੈ, ਪਰੰਤੂ ਉਸ ਦੀ ਲੋਕਾਂ ਤੱਕ ਵਾਸਤਵਿਕ ਪਹੁੰਚ ਮੀਡੀਆ ਦੁਆਰਾ ਹੁੰਦੀ ਹੈ। ਬਿਨਾਂ ਸ਼ੱਕ ਪ੍ਰਿੰਟ ਮੀਡੀਆ ਦਾ ਸਾਹਿਤ ਨੂੰ ਵਡਮੁੱਲਾ ਯੋਗਦਾਨ ਹੈ, ਪਰੰਤੂ ਟੈਲੀਵਿਜ਼ਨ ਦੇ ਪ੍ਰਸੰਗ ਵਿਚ ਅਜਿਹਾ ਨਹੀਂ ਕਿਹਾ ਜਾ ਸਕਦਾ। ਲੋਕਾਂ ਲਈ ਲਿਖਣ ਵਾਲੇ ਬਹੁਗਿਣਤੀ ਲੇਖਕ ਇਸ ਤੋਂ ਕੰਨੀਂ ਕਤਰਾਉਂਦੇ ਰਹੇ ਹਨ। ਟੈਲੀਵਿਜ਼ਨ ਨੇ ਅਖ਼ਬਾਰਾਂ ਅਤੇ ਅਕਾਸ਼ਵਾਣੀ ਦੇ ਮੁਕਾਬਲੇ ਸਾਹਿਤਕਾਰਾਂ ਨੂੰ ਬਣਦਾ ਆਦਰ-ਮਾਣ ਨਹੀਂ ਦਿੱਤਾ। ਸਾਹਿਤ ਅਤੇ ਮੀਡੀਆ ਇਕ ਵਿਸ਼ਾਲ ਕੈਨਵਸ ਹੈ, ਦੋਵਾਂ ਨੂੰ ਚਾਹੀਦਾ ਹੈ ਕਿ ਮਿਲ ਕੇ ਲੋਕ ਕਲਿਆਣ ਦੀ ਭਾਵਨਾ ਨਾਲ ਕੰਮ ਕਰਨ।

ਇਸ ਦੇ ਉਲਟ ਟੈਲੀਵਿਜ਼ਨ ਨੇ ਸਾਹਿਤ ਅਤੇ ਕਲਾ ਨੂੰ ਮੂਲੋਂ ਵਿਸਾਰ ਦਿੱਤਾ ਹੈ। ਸਾਹਿਤ ਅਤੇ ਕਲਾ ਨਾਲ ਸੰਬੰਧਤ ਲੜੀਵਾਰ ਪ੍ਰੋਗਰਾਮ ਲੱਭਿਆਂ ਵੀ ਨਹੀਂ ਲੱਭਦੇ। ਪੰਜਾਬੀ ਕਹਾਣੀ, ਪੰਜਾਬੀ ਨਾਵਲ, ਪੰਜਾਬੀ ਨਾਟਕ, ਪੰਜਾਬੀ ਕਵਿਤਾ ਤੇ ਕਦੇ ਵੀ ਕੋਈ ਪ੍ਰੋਗਰਾਮ ਵੇਖਣ ਨੂੰ ਨਹੀਂ ਮਿਲਦਾ। ਅੱਜਕੱਲ੍ਹ ਚੈਨਲਾਂ ਦੀਆਂ ਤਰਜੀਹਾਂ ਹੋਰ ਹਨ, ਟੀ ਆਰ ਪੀ ਹੈ। ਇਸ਼ਤਿਹਾਰਬਾਜ਼ੀ ਹੈ, ਕਾਹਲ ਹੈ, ਸ਼ੋਰ-ਸ਼ਰਾਬਾ ਹੈ, ਤੂੰ-ਤੂੰ, ਮੈਂ-ਮੈਂ ਹੈ। ਗ਼ੈਰ-ਮਿਆਰੀ ਮਨੋਰੰਜਨ ਹੈ ਅਤੇ ਅਜਿਹਾ ਬੜਾ ਕੁਝ ਹੋਰ। ਖ਼ਬਰ ਦੀ ਪਰਿਭਾਸ਼ਾ ਬਦਲ ਗਈ ਹੈ।

ਇਕ ਵਾਰ ਮੈਂ ਪ੍ਰੋਗਰਾਮ ਕਰਨ ਲਈ ਦੂਰਦਰਸ਼ਨ ਗਿਆ। ਪ੍ਰੋਗਰਾਮ ਦਾ ਪ੍ਰੋਡਿਊਸਰ ਛੁੱਟੀ 'ਤੇ ਸੀ। ਉਸ ਦੀ ਜਗ੍ਹਾ ਅਸਿਸਟੈਂਟ ਪ੍ਰੋਡਿਊਸਰ ਡਿਊਟੀ 'ਤੇ ਸੀ। ਮੈਂ ਸਹੀ ਸਮੇਂ 'ਤੇ ਪਹੁੰਚ ਗਿਆ। ਅਸਿਸਟੈਂਟ ਪ੍ਰੋਡਿਊਸਰ ਨੂੰ ਇਧਰ-ਉਧਰ ਵੇਖਿਆ, ਕਿਧਰੇ ਨਜ਼ਰ ਨਾ ਆਇਆ। ਮੈਂ ਪ੍ਰੋਗਰਾਮ ਲਈ ਲੋੜੀਂਦੀ ਕਾਰਵਾਈ ਪੂਰੀ ਕੀਤੀ ਅਤੇ 10 ਕੁ ਮਿੰਟ ਪਹਿਲਾਂ ਮੇਕਅਪ ਰੂਮ ਵਿਚ ਪਹੁੰਚ ਕੇ ਮੇਕਅਪ ਕਰਵਾਉਣ ਲੱਗਾ ਤਾਂ ਉਹ ਉਥੇ ਆ ਕੇ ਗੁੱਸੇ ਵਿਚ ਉੱਚੀ ਆਵਾਜ਼ ਵਿਚ ਬੋਲਣ ਲੱਗਾ ਮੈਨੂੰ ਵੀ ਅਤੇ ਮਾਹਰ ਨੂੰ ਵੀ। ਕਹਿੰਦਾ, 'ਤੁਸੀਂ ਇੱਥੇ ਗੈੱਸਟ ਹੋ, ਦੂਰਦਰਸ਼ਨ ਦੀ ਪ੍ਰਤੀਨਿਧਤਾ ਮੈਂ ਕਰਦਾ ਹਾਂ। ਤੁਹਾਨੂੰ ਮੇਰੇ ਕੋਲ ਆਉਣਾ ਚਾਹੀਦਾ ਸੀ, ਮੈਨੂੰ ਲੱਭਣਾ ਚਾਹੀਦਾ ਸੀ।' ਮੈਂ ਉਸ ਨੂੰ ਬਥੇਰਾ ਕਿਹਾ, 'ਤੁਹਾਨੂੰ ਬਹੁਤ ਲੱਭਿਆ, ਤੁਸੀਂ ਨਹੀਂ ਲੱਭੇ।' ਕਹਿਣ ਲੱਗਾ, 'ਮੈਂ ਫਲਾਣੀ ਫਲੋਰ 'ਤੇ ਫਲਾਣੇ ਕਮਰੇ ਵਿਚ ਬੈਠਾ ਸਾਂ।' ਮੈਂ ਕਿਹਾ, 'ਮੈਨੰ ਨਹੀਂ ਪਤਾ ਕਿ ਤੁਸੀਂ ਉੱਥੇ ਬੈਠਦੇ ਹੋ। ਏਨਾ ਵਕਤ ਵੀ ਨਹੀਂ ਸੀ ਕਿ ਤੁਹਾਨੂੰ ਲਗਾਤਾਰ ਲੱਭੀ ਜਾਂਦਾ। ਜਦੋਂ ਤੁਹਾਨੂੰ ਪਤਾ ਹੈ ਕਿ ਮਾਹਰ ਅਤੇ ਐਂਕਰ ਫਲਾਣੇ ਕਮਰੇ ਵਿਚ ਆ ਕੇ ਬੈਠਦੇ ਹਨ ਤਾਂ ਤੁਹਾਨੂੰ ਉਥੇ ਮੌਜੂਦ ਹੋਣਾ ਚਾਹੀਦਾ ਸੀ ਜਾਂ ਆ ਕੇ ਮਿਲਣਾ ਚਾਹੀਦਾ ਸੀ।' ਇਸ 'ਤੇ ਉਹ ਹੋਰ ਖਿਝ ਗਿਆ ਅਤੇ ਪ੍ਰੋਗਰਾਮ ਪੇਸ਼ ਕਰਨ ਤੋਂ ਐਨ ਪਹਿਲਾਂ ਸਾਡਾ ਮੂਡ ਖ਼ਰਾਬ ਕਰਕੇ ਚਲਾ ਗਿਆ। ਉਸ ਤੋਂ ਬਾਅਦ ਕਦੇ ਵੀ ਮੈਂ ਉਸ ਦੀ ਨਿਗਰਾਨੀ ਹੇਠ ਪ੍ਰੋਗਰਾਮ ਕਰਨ ਨਹੀਂ ਗਿਆ।

ਇਕ ਵਾਰ ਫਿਰ ਅਜਿਹਾ ਵਾਪਰਿਆ। ਸਵੇਰ ਦੇ ਬੜੇ ਮਹੱਤਵਪੂਰਨ ਪ੍ਰੋਗਰਾਮ ਵਿਚ ਮੈਂ ਮਾਹਰ ਵਜੋਂ ਬੈਠਾ ਸਾਂ। ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸ ਕਰਵਾਉਣੀ ਸੀ। ਉਸ ਸੰਬੰਧ ਵਿਚ ਮੇਰੇ ਨਾਲ ਇੰਟਰਵਿਊ ਸੀ। ਐਂਕਰ ਵਜੋਂ ਇਕ ਆਕੜਖਾਨ ਪ੍ਰੋਡਿਊਸਰ ਖ਼ੁਦ ਬੈਠ ਗਿਆ। ਪਹਿਲਾਂ ਤਾਂ ਉਹ ਉਸ ਜਗ੍ਹਾ ਨਹੀਂ ਪਹੁੰਚਿਆ, ਜਿੱਥੇ ਪ੍ਰੋਗਰਾਮ ਤੋਂ ਪਹਿਲਾਂ ਮਾਹਰ, ਐਂਕਰ ਤੇ ਪ੍ਰੋਡਿਊਸਰ ਮਿਲ ਬੈਠਦੇ ਹਨ ਅਤੇ ਇੰਟਰਵਿਊ ਦੀ ਰੂਪ-ਰੇਖਾ, ਸਵਾਲ-ਜਵਾਬ ਬਾਰੇ ਵਿਚਾਰ ਕਰਦੇ ਹਨ। ਉਹ ਸਿੱਧਾ ਸੈੱਟ 'ਤੇ ਪਹੁੰਚਿਆ ਅਤੇ ਪ੍ਰੋਗਰਾਮ ਆਰੰਭ ਹੁੰਦਿਆਂ ਹੀ ਪੁੱਠੇ-ਸਿੱਧੇ ਸਵਾਲ ਕਰਨ ਲੱਗਾ। ਮੈਂ ਆਪਣੇ ਹਫ਼ਤਾਵਾਰ ਕਾਲਮ ਵਿਚ ਇਸ ਸਭ ਕੁਝ ਦਾ ਜ਼ਿਕਰ ਕੀਤਾ ਤਾਂ ਬਹੁਤ ਸਾਰੇ ਫੋਨ ਆਏ ਕਿ ਤੁਸੀਂ ਬਿਲਕੁਲ ਸਹੀ ਲਿਖਿਆ ਹੈ। ਲੁਧਿਆਣੇ ਤੋਂ ਉੱਘੇ ਸਾਹਿਤਕਾਰ ਗੁਰਭਜਨ ਸਿੰਘ ਗਿੱਲ ਹੁਰਾਂ ਦਾ ਲੰਮਾ ਫੋਨ ਆਇਆ ਕਿ ਤੁਸੀਂ ਜੁਰਅਤ ਨਾਲ ਲਿਖਿਆ ਹੈ। ਇਹ ਪ੍ਰੋਡਿਊਸਰ ਇਕ ਪ੍ਰੋਗਰਾਮ ਵਿਚ ਮੇਰੇ ਨਾਲ ਵੀ ਅਜਿਹਾ ਕਰ ਚੁੱਕਾ ਹੈ। ਉਸ ਨੂੰ ਨਾ ਦੂਰਦਰਸ਼ਨ ਦੇ ਵਿਹੜੇ ਆਏ ਮਹਿਮਾਨ ਦੀ ਕਦਰ ਹੈ, ਨਾ ਲੇਖਕ ਦੀ।

ਇਹ ਹਉਮੈ, ਇਹ ਵਿਰੋਧ, ਇਹ ਟਕਰਾਅ ਬੰਦ ਹੋਣੇ ਚਾਹੀਦੇ ਹਨ। ਦੂਰਦਰਸ਼ਨ ਕਿਸੇ ਦਾ ਨਿੱਜੀ ਅਦਾਰਾ ਨਹੀਂ। ਉਹ ਉਥੇ ਕੇਵਲ ਕਰਮਚਾਰੀ, ਅਧਿਕਾਰੀ ਵਜੋਂ ਸੇਵਾਵਾਂ ਨਿਭਾ ਰਹੇ ਹਨ।

**—ਪ੍ਰੋ. ਕੁਲਬੀਰ ਸਿੰਘ**

# ਜਦ ਬੰਦ ਦਰਵਾਜ਼ੇ ਖੁੱਲ੍ਹਣਗੇ

ਕਈ ਵਾਰ ਕੋਈ ਤਬਦੀਲੀ, ਤਬਦੀਲ ਹੋਣ ਦੀ ਹਾਕ ਬਣ ਜਾਂਦੀ ਹੈ..!

ਬੋਧ ਰਾਜ ਨੇ ਅਚਾਨਕ ਕਿਹਾ ਤੇ ਸਾਹਮਣੇ ਬਹਿ ਗਿਆ। ਉਹਦਾ ਮੇਰੀ ਚੁੱਪ ਨੂੰ ਸਵਾਲ ਸੀ, ਪਤਾ ਨਾ ਤੈਨੂੰ, ਤੂੰ ਇਹ ਹਾਕ ਸਾਲਾਂ ਤੋਂ ਨਜ਼ਰ ਅੰਦਾਜ਼ ਕਰਦਾ ਆ ਰਿਹਾਂ..? ਹਰ ਹਾਕ ਦਾ ਚਿਹਰਾ ਹੁੰਦਾ।

ਹਾਂ ਹੁੰਦਾ; ਹਾਕ ਤੋਂ ਅਗਾਂਹ ਦਾ ਸਫ਼ਰ ਵੀ ਹੁੰਦਾ। ਉਹਦੇ ਨੈਣ-ਨਕਸ਼ ਵੀ ਤਾਂ ਵਿਖਾ।

ਜਦ ਤਸਵੀਰ 'ਚ ਰੰਗ ਭਰੇਂਗਾ; ਸਮਝ ਜਾਏਂਗਾ। ਜਿਹਦੇ ਕੋਲ ਰੰਗ ਹੋਣ, ਉਹ ਕਾਲਖ਼ ਤਾਂ ਛਿੜਕ ਨਹੀਂ ਸਕਦਾ।

ਮੈਂ ਕਿਹੜਾ ਇਮਰੋਜ਼ ਜਾਂ ਸਵਰਨਜੀਤ ਸਵੀ ਆਂ।

ਹਰਫ਼ਾਂ ਦੇ ਰੰਗ ਤਾਂ ਹੈਨ ਨਾ ਤੇਰੇ ਕੋਲ..? ਮੇਰੇ ਕੋਲ ਚੁੱਪ ਹੀ ਚਾਰਾ ਸੀ।

ਉਹਦੀ ਆਮਦ ਦਾ ਰੰਗ ਗੂੜ੍ਹਾ ਹੋ ਗਿਆ ਸੀ, ਖਲੋਤੇ ਵਕਤਾਂ 'ਚ ਤੁਰੀ ਜਾਣਾ ਹੀ ਸਫ਼ਰ ਨਹੀਂ ਹੁੰਦਾ। ਸੱਚੀ ਕਲਾ ਸੋਚ-ਸਮਝ ਕੇ ਤੁਰਦੇ ਲੋਕਾਂ ਦੀ ਹਮਸਫ਼ਰ ਹੁੰਦੀ ਹੈ। ਉਹ ਉਨ੍ਹਾਂ ਤੋਂ ਰਾਹ ਲੈਂਦੀ ਹੈ ਤੇ ਖਲੋਤੇ ਲੋਕਾਂ ਨੂੰ ਮੰਜ਼ਲ ਦਾ ਥਹੁ-ਪਤਾ ਦਿੰਦੀ ਹੈ। ਤੂੰ ਦੱਸ; ਸਾਡੀ ਕਵਿਤਾ ਤੁਰ ਰਹੀ ਹੈ?

ਤੂੰ ਦੱਸ ਬੋਧਰਾਜ; ਨਾਵਲ ਤੇ ਕਹਾਣੀ ਤੁਰ ਰਹੇ ਆ?

ਮੈਂ ਵੀ ਪੁੱਛ ਲੈਨਾ, ਸਮੀਖਿਆ ਕਿੰਨਾ ਕੁ ਦੌੜ ਰਹੀ ਐ?

ਮੈਂ ਉਸ ਦੀ ਹਾਕ ਸੁਣ ਲਈ ਸੀ; ਉਹਦੇ ਅਰਥ ਵੀ ਸਮਝ ਗਿਆ ਸਾਂ। ਉਹ ਮੇਰੀ ਜਾਗਦੀ ਰੂਹ ਹੈ; ਅਕਸਰ ਆਉਂਦੀ ਹੈ, ਨੀਂਦਾਂ ਚੁਰਾਉਂਦੀ ਹੈ। ਉਹਦੇ ਸਵਾਲਾਂ 'ਚ ਸੰਵਾਦ ਵੱਸਦਾ ਹੈ। ਉਹ ਸੋਚਣ ਦੇ ਰਾਹ ਤੋਰਦਾ ਹੈ। ਇਸ ਤੋਂ ਪਹਿਲਾਂ ਸੋਚਾਂ 'ਚ ਗਵਾਚ ਜਾਵਾਂ; ਉਹ ਸਵਾਲ ਦਾਗ ਦਿੰਦਾ ਹੈ। ਇਸ ਵਾਰ ਉਸ ਨੇ ਗੁਰਸ਼ਰਨ ਸਿੰਘ ਦੇ ਚਰਚਿਤ ਬੋਲ ਦੁਹਰਾਅ ਦਿੱਤੇ, ਜੇ ਸਵਾਲ ਹੀ ਨਹੀਂ ਕਰਨਾ, ਨਾਟਕ ਕਰਨਾ ਹੀ ਕਿਉਂ ਏਂ?

ਇਹ ਸੌ ਵਾਰ ਪੜ੍ਹੀਆਂ-ਸੁਣੀਆਂ ਗੱਲਾਂ ਕਿਉਂ ਦੁਹਰਾਅ ਰਿਹਾਂ? ਉਹ ਸੌਂ ਗਿਆ ਏਂ। ਹੁਣ ਤਾਂ ਸੌਂ ਲੈਣ ਦੇ ਵਿਚਾਰੇ ਨੂੰ।

ਕਈ ਜਾਗਦੇ ਰਹਿਣ ਲਈ, ਸੌਂ ਗਿਆਂ ਨੂੰ ਵੀ ਜਗਾ ਕੇ ਰੱਖਣਾ ਪੈਂਦਾ ਏ। ਇਹ ਗੱਲਾਂ ਦੁਹਰਾਅ ਕੇ ਹੀ ਹੋ ਸਕਦਾ ਹੈ। ਅਮਲ ਦੁਹਰਾਏ ਜਾਣ ਦਾ ਸਬਕ ਗੱਲਾਂ ਦੁਹਰਾਅ ਕੇ ਮਿਲਦਾ ਏ। ਉਹਦੀ ਗੱਲ 'ਚ ਦਮ ਸੀ, ਗੁਰਸ਼ਰਨ ਸਿੰਘ ਨੂੰ ਤਾਂ ਬਹੁਤੇ ਪੜ੍ਹੇ-ਲਿਖੇ ਵੀ ਅਨਪੜ੍ਹਾਂ ਵਾਂਗ ਸਮਝਦੇ ਹਨ। ਉਹਦੀ ਮੁਸਕਾਨ ਸ਼ਬਦਾਂ ਤੋਂ ਵੱਧ ਬੋਲ ਰਹੀ ਸੀ।

ਰੰਗਮੰਚ ਜਨਤਕ ਸਰਗਰਮੀ ਹੈ, ਸਿੱਧੀ ਜਵਾਬਦੇਹੀ ਦਾ ਮਰਕਜ਼ ਹੈ। ਇਹ ਸਿਆਸੀ-ਸਮਾਜੀ ਤਬਦੀਲੀ ਦੀ ਤਾਂਘ ਦਾ ਸਾਹਿਤਕ ਤੇ ਸੱਭਿਆਚਾਰਕ ਮੋਰਚਾ ਹੈ। ਇਸੇ ਲਈ ਸੱਤਾ ਨੂੰ ਚੁਭਦਾ ਹੈ। ਇਹ ਤਬਦੀਲੀ ਦੇ ਮਹਾਂ-ਦੰਗਲ ਨੂੰ ਹੁੰਗਾਰਾ ਹੈ; ਉਹਦੀ ਪਰਖ਼-ਪੜਚੋਲ ਵੀ ਹੈ। ਇਹ ਗੁਸਤਾਖ ਮਿੱਤਰ ਆਪਣੀ ਸਿਆਸਤ ਦੇ ਰਹਿਬਰਾਂ ਦੀ ਸੱਤਾ ਨੂੰ ਵੀ ਚੁਭਦਾ ਹੈ, ਜਿਨ੍ਹਾਂ ਦੀਆਂ ਚਲਾਈਆਂ ਤਲਵਾਰਾਂ ਆਪਣੇ ਹੀ ਗੋਡੇ-ਗਿੱਟੇ ਛਿੱਲ ਸੁੱਟਦੀਆਂ ਨੇ। ਰੰਗਮੰਚ ਅਟਕ ਗਏ ਲੋਕਾਂ ਲਈ ਮੁਕਤੀ ਮਾਰਗ ਹੈ।

ਬੋਧਰਾਜ ਦੀ ਮੁਸਕਾਨ ਕ੍ਰਾਂਤੀਕਾਰੀ ਸਿਆਸਤ ਦੀ ਸਿਆਣਪ 'ਤੇ ਹੱਸ ਰਹੀ ਹੈ।

ਗੁਰਸ਼ਰਨ ਸਿੰਘ ਆਖਦੇ ਹੁੰਦੇ ਸਨ, ਇਹ ਸਿਆਸਤ

### ਮਨ-ਮੰਚਨ

### ਸ਼ਬਦੀਸ਼

ਬੇਈਮਾਨ ਨਹੀਂ ਹੋਈ, ਥੋੜ੍ਹਾ ਥੱਕ ਗਈ ਏ। ਇਸੇ ਲਈ ਉਤਸ਼ਾਹ ਨਾਲ ਆਖਦੇ ਸਨ, ਜਿਹੜੇ ਲੋਕ ਨਾਟਕ ਤੱਕ ਆ ਨਹੀਂ ਸਕਦੇ, ਨਾਟਕ ਨੂੰ ਉਨ੍ਹਾਂ ਕੋਲ ਚਲੇ ਜਾਣਾ ਚਾਹੀਦਾ ਹੈ।

ਇਸ ਸੋਚ ਨੇ ਗੁਰਸ਼ਰਨ ਸਿੰਘ ਦੀ ਥੜ੍ਹਾ ਥੀਏਟਰ ਨੂੰ ਜਨਮ ਦਿੱਤਾ ਹੈ। ਲੋਕਾਂ ਕੋਲ ਜਾਣ ਵਾਲੇ ਨਾਟ-ਮੰਚ ਦਾ ਸੌਂਦਰਯ ਸ਼ਾਸਤਰ ਕੀ ਸੀ; ਗਧੀ-ਗੇੜ 'ਚ ਫਸੀ ਸਮੀਖਿਆ ਸਮਝ ਨਹੀਂ ਸਕੀ; ਸਮਝਾ ਨਹੀਂ ਸਕੀ। ਨਵੀਂ ਸ਼ੈਲੀ ਲਈ ਪੁਰਾਣਾ ਸੌਂਦਰਯ ਸ਼ਾਸਤਰ ਕੰਮ ਨਹੀਂ ਆ ਸਕਦਾ। ਉਹ ਸਵੈ-ਸਿਰਜਤ ਸ਼ੈਲੀ ਨਾਲ ਉਮਰ ਭਰ ਨਿਭੇ ਸਨ। ਅਸੀਂ ਸਦੀਆਂ ਸੰਗ ਨਿਭਣ ਵਾਲੀ ਸਮੀਖਿਆ ਦਾ ਇੰਤਜ਼ਾਰ ਕਰ ਰਹੇ ਹਾਂ। ਗੁਰਸ਼ਰਨ ਸਿੰਘ ਦੀ ਸਵੈ-ਸਿਰਜਤ ਥੜ੍ਹਾ ਥੀਏਟਰ ਸ਼ੈਲੀ ਦਾ ਸੌਂਦਰਯ ਸ਼ਾਸਤਰ ਕੀ ਹੋਵੇ; ਇਹ ਕਨਸੋਅ ਸਭ ਤੋਂ ਪਹਿਲਾਂ ਸ਼ਰਧਾਵਾਨ ਸਿਆਣਪ ਨੂੰ ਸੁਣਨੀ ਚਾਹੀਦੀ ਹੈ।

ਗੁਰਸ਼ਰਨ ਸਿੰਘ ਦਾ ਨਾਟ-ਮੰਚ ਇਪਟਾ ਦੇ ਸਰੋਕਾਰਾਂ 'ਚੋਂ ਊਰਜਾ ਗ੍ਰਹਿਣ ਕਰਦਾ ਹੈ। ਇਸ ਦਾ ਅਗਲਾ ਪੜਾਅ ਪਲਸ ਮੰਚ ਹੈ। ਇਹ ਖਾਲਿਸਤਾਨੀ ਫਾਸ਼ੀਵਾਦ ਤੇ ਸੱਤਾ ਦੇ ਪੁਲਸੀਆ ਤੰਤਰ ਦੀ ਦੁਵੱਲੀ ਦਹਿਸ਼ਤਗਰਦੀ ਦੇ ਪੁੜਾਂ ਵਿਚਾਲੇ ਪਿੱਸਦੇ ਪੰਜਾਬ ਦੀ ਆਵਾਜ਼ ਸੀ। ਇਹ ਉਸ ਵਕਤ ਦੀ ਕਲਾ ਦਾ ਸਿਆਸੀ ਮੋਰਚਾ ਸੀ। ਇਸ ਨੇ ਬਦਲੇ ਹਾਲਾਤ ਵਿੱਚ ਕਿਵੇਂ ਮੋਰਚਾ ਬਣਨਾ ਹੈ; ਇਸ ਸੂਝ ਦਾ ਇਜ਼ਹਾਰ ਹਾਲੇ ਹੋਣਾ ਹੈ।

ਇੱਕ ਵੇਲਾ ਸੀ, ਜਦੋਂ ਗੁਰਸ਼ਰਨ ਸਿੰਘ ਦੇ ਰੰਗਮੰਚ ਦੀ ਕਰਮ-ਭੂਮੀ ਸ਼ਹਿਰ ਸੀ। ਉਹ ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਜਿਨ ਸਚ ਪਲੈ ਹੋਇ' (1969) ਖੇਡਣ ਲਈ ਪਿੰਡਾਂ ਵਿੱਚ ਗਏ ਤਾਂ ਨਵੇਂ ਦਰਸ਼ਕ ਵਰਗ ਦੀ ਪਛਾਣ ਹੋ ਗਈ। ਇਸ ਦਰਸ਼ਕ ਨਾਲ ਥੜ੍ਹਾ ਥੀਏਟਰ ਸ਼ੈਲੀ ਹੀ ਨਿਭ ਸਕਦੀ ਸੀ, ਜਿਸ ਨੇ ਟੋਟਲ ਥੀਏਟਰ ਦੀਆਂ ਤਕਨੀਕਾਂ ਦਾ ਤਿਆਗ ਕਰਨਾ ਸੀ। ਅਸੀਂ ਓਸੇ ਨਾਟ-ਮੁਹਾਂਦਰੇ ਵਾਲੇ ਰੰਗਮੰਚ ਲਈ ਸੰਭਵ ਤਕਨੀਕਾਂ ਦੀ ਵਾਪਸੀ ਦਾ ਰਾਹ ਰੌਸ਼ਨ ਕਰਨਾ ਹੈ। ਉਨ੍ਹਾਂ ਵੱਲ ਵੀ ਤੁਰਨਾ ਏਂ; ਉਸ ਤੋਂ ਅਗਾਂਹ ਵੀ ਜਾਣਾ ਹੈ।

ਗੁਰਸ਼ਰਨ ਸਿੰਘ ਧਾਰਮਿਕ ਮੁਹਾਂਦਰੇ ਵਾਲੇ ਸਿਆਸੀ-ਸਮਾਜੀ ਨਾਟਕ ਦੇ ਸਿਖ਼ਰ-ਪੁਰਸ਼ ਸਨ। ਪੰਜਾਬ ਦੇ ਕਾਲੇ ਦਿਨੀਂ ਧਾਰਮਿਕ ਮੁਹਾਂਦਰੇ ਵਾਲੇ ਨਾਟਕਾਂ ਨੂੰ ਤਿਲਾਂਜਲੀ ਦੇ ਦਿੱਤੀ ਗਈ ਸੀ। ਉਸ ਵੇਲੇ 'ਇਹ ਲਹੂ ਕਿਸਦਾ ਹੈ?' ਨਾਟਕ ਹੀ ਸੀ, ਜਿਸ ਦਾ ਮੰਚਨ ਜਾਰੀ ਰਿਹਾ ਸੀ। ਇਸ ਵਿੱਚ ਐਮਰਜੈਂਸੀ ਖ਼ਿਲਾਫ਼ ਸਸ਼ਕਤ ਆਵਾਜ਼ ਬਣਨ ਵਾਲਾ 'ਕਿਵ ਕੂੜੇ ਤੁਟੈ ਪਾਲਿ' ਵੀ ਸ਼ਾਮਲ ਸੀ। ਇਹ ਧਰਮ 'ਤੇ ਕ੍ਰਾਂਤੀਕਾਰੀ ਟੇਕ ਰੱਖਣ ਦੀ ਸਿਆਣਪ ਲਈ ਮਹਾਨ ਸਬਕ ਹੈ; ਇਸ ਰਾਹ 'ਤੇ ਭਟਕਦੀ ਸਿਆਸਤ ਲਈ ਚੇਤਾਵਨੀ ਹੈ।

ਨਾਟਕ ਮੂਲ ਰੂਪ ਵਿੱਚ ਧਰਮ ਨਿਰਲੇਪ ਕਲਾ ਹੈ ਤੇ ਧਰਮ ਨਿਰਪੱਖਤਾ ਦੀ ਕਦਰ ਕਰਦੀ ਹੈ।

ਗੁਰਸ਼ਰਨ ਸਿੰਘ ਦੇ ਨਾਟ-ਮੰਚ ਲਈ ਸੱਤਾ ਵੱਲੋਂ ਮੜ੍ਹੀ ਐਮਰਜੈਂਸੀ ਤਿੱਖੇ ਮੋੜ ਦੀ ਵਜ੍ਹਾ ਬਣੀ ਸੀ। ਇਸ ਵੇਲ਼ੇ ਦੇਸ਼ ਅਣ-ਐਲਾਨੀ ਐਮਰਜੈਂਸੀ ਭੁਗਤ ਰਿਹਾ ਹੈ। ਇਹਦੇ ਲੱਗਣ ਤੇ ਹਟਣ ਦੇ ਦਸਤਾਵੇਜ਼ੀ ਸਬੂਤ ਕਦੇ ਨਹੀਂ ਮਿਲਣੇ। ਇਸ ਦੇ ਨਕਸ਼ ਕਲਾਤਮਿਕ ਰਚਨਾਵਾਂ 'ਚ ਹੀ ਸੁਰੱਖਿਅਤ ਹੋਣੇ ਹਨ। ਸਿਆਸਤ ਬਦਲਦੇ ਵਕਤਾਂ 'ਚ ਬਦਲ ਸਕਦੀ ਹੈ, ਕਲਾ ਦੀ ਸਿਆਸਤ ਜੀਵੰਤ ਰਹਿੰਦੀ ਹੈ। ਗੁਰਸ਼ਰਨ ਸਿੰਘ ਦਾ 'ਬੰਦ ਕਮਰੇ' ਆਕਾਰ ਵਿੱਚ ਛੋਟਾ ਜਿਹਾ, ਪਰ ਪ੍ਰਸੰਗਤਾ ਪੱਖੋਂ ਬਹੁਤ ਵੱਡਾ ਨਾਟਕ ਹੈ। ਇਸ ਦਾ ਬੁੱਧੀਜੀਵੀ ਵੀਲ੍ਹ ਚੇਅਰ 'ਤੇ ਹੈ। ਇਹ ਸਹਿਜ ਭਾਅ ਹੀ ਡੀਕੋਡ ਹੋਣ ਵਾਲਾ ਸੰਕੇਤ ਹੈ।

ਇੱਕ ਸਿਆਸੀ ਚੁਟਕਲਾ ਸੁਣੇਗਾ..? ਬੋਧਰਾਜ ਨੇ ਸਵਾਲ ਕੀਤਾ ਸੀ। ਉਹਦਾ ਸਿਆਸੀ ਚੁਟਕਲਾ ਆਪਣੇ ਸ਼ਬਦਾਂ ਵਿੱਚ ਸੁਣਾ ਦਿੰਦਾ ਹਾਂ।

ਇੱਕ ਕ੍ਰਾਂਤੀਕਾਰੀ ਪਾਰਟੀ ਦੀ ਸਿਧਾਂਤਕ ਵੰਡ ਹੋ ਗਈ। ਉਨ੍ਹਾਂ ਨੂੰ ਆਪੋ-ਆਪਣੇ ਸਿਧਾਂਤ ਪਿਆਰੇ ਸਨ, ਕਿਉਂਕਿ ਉਹੀ ਤਾਂ ਅਸਲ ਸਿਧਾਂਤ ਸਨ। ਇੱਕ ਪਾਰਟੀ ਦਾ ਨੇਤਾ ਥਥਲਾ ਕੇ ਬੋਲਦਾ ਸੀ। ਉਸ ਦੇ ਵਿਰੋਧੀਆਂ ਨੇ ਮਜ਼ਾਕੀਆ ਅੰਦਾਜ਼ 'ਚ ਕਿਹਾ, ਇਨ੍ਹਾਂ ਦੇ ਸਿਧਾਂਤਕ ਪੱਖੋਂ ਸਹੀ ਹੋਣ ਦਾ ਅੰਦਾਜ਼ਾ ਇੱਥੋਂ ਹੀ ਲੱਗ ਜਾਂਦਾ; ਕਿ ਇਸ ਦਾ ਤਾਂ ਨੇਤਾ ਵੀ ਥਥਲਾ ਕੇ ਬੋਲਦਾ ਹੈ।

ਅੱਗੋਂ ਜਵਾਬ ਸੀ, ਮੇਰੀ ਜ਼ੁਬਾਨ ਥਥਲਾਉਂਦੀ ਐ, ਤੁਹਾਡੀ ਤਾਂ ਸਿਆਸਤ ਹੀ ਥਥਲਾ ਰਹੀ ਐ।

ਗੁਰਸ਼ਰਨ ਸਿੰਘ ਦੀ ਰੰਗਮੰਚੀ ਸਿਆਸਤ ਕਦੇ ਵੀ ਥਥਲਾਈ ਨਹੀਂ ਸੀ। ਇਹ ਕਲਾ ਦਾ ਕਰਮ ਹੈ ਤੇ ਕਲਾ ਦੀ ਸਿਆਸਤ ਕੁਝ ਜ਼ਿਆਦਾ ਹੀ ਥਥਲਾ ਰਹੀ ਹੈ। ਇਹ ਕ੍ਰਾਂਤੀਕਾਰੀ ਦਾ ਸਿਆਸਤ ਦਾ ਵੀ ਦੁਖਾਂਤ ਹੈ, ਜਿਸ ਨੇ ਸੱਤਾ ਦੀ ਥਥਲਾਉਂਦੀ ਸਿਆਸਤ ਦਾ ਬਦਲ ਬਣਨਾ ਹੈ।

ਬੋਧਰਾਜ ਬੰਦ ਕਮਰੇ ਦਾ ਦਰਵਾਜ਼ਾ ਖੋਲ੍ਹ ਕੇ ਬਾਹਰ ਹੋ ਗਿਆ ਹੈ। ਉਹਦੀ ਆਮਦ ਤੇ ਅਲਵਿਦਾ ਅਚਨਚੇਤੀ ਹੀ ਹੁੰਦੀ ਹੈ।

ਮੈਂ ਉਸ ਦੀ ਉਡੀਕ ਵਿੱਚ, ਬੰਦ ਦਰਵਾਜ਼ੇ ਖੋਲ੍ਹਦੀ ਕਲਾ ਦਾ ਇੰਤਜ਼ਾਰ ਕਰ ਰਿਹਾ ਹਾਂ।

## ਸਫ਼ਾ 1 ਦੀ ਬਾਕੀ

### ਕਾਰਲ ਮਾਰਕਸ ਅਦਭੁੱਤ ਗਾਥਾ...

ਗਿਆ ਹੈ।'

(ਮਾਰਕਸ ਦੇ ਬੱਚੇ ਉਸ ਨੂੰ ਕੁਝ ਲਾਡ ਨਾਲ ਤੇ ਕੁਝ ਛੇੜ ਨਾਲ 'ਮੂਰ' ਅਰਥਾਤ 'ਹਬਸ਼ੀ' ਆਖਦੇ ਸਨ, ਕਿਉਂਕਿ ਮਾਰਕਸ ਦਾ ਰੰਗ ਕੁਝ ਗਹਿਰਾ ਸੀ)

ਜੇ ਮਾਰਕਸ ਨੂੰ ਲੱਗਾ ਜਿਵੇਂ ਜੈਨੀ ਦੇ ਮਰਨ ਨਾਲ ਉਹ ਵੀ ਮਰ ਗਿਆ ਹੋਵੇ, ਤਾਂ ਉਸ ਨੂੰ ਠੀਕ ਹੀ ਲੱਗਾ। ਇਹ ਜੈਨੀ ਦਾ ਸਿਦਕ ਭਰਿਆ ਤੇ ਦਰਦਮੰਦ ਸਾਥ ਹੀ ਸੀ, ਜਿਸ ਨੇ ਮਾਰਕਸ ਨੂੰ ਜ਼ਿੰਦਗੀ ਦੇ ਕਠੋਰ ਪੜਾਵਾਂ ਵਿੱਚੋਂ ਲੰਘਣ ਵਿਚ ਮਦਦ ਕੀਤੀ।

ਮਾਰਕਸ ਤੇ ਜੈਨੀ ਦੀ ਸ਼ਾਦੀ 1843 ਵਿਚ ਹੋਈ। ਉਹ ਦੋਵੇਂ ਇਕੋ ਸ਼ਹਿਰ ਦੇ ਸਨ। ਵਾਸਤਵ ਵਿਚ ਇਹਨਾਂ ਦੋਵਾਂ ਦੇ ਪਰਵਾਰ ਆਪਸ ਵਿਚ ਗੁਆਂਢੀ ਸਨ। ਇਹਨਾਂ ਦੀ ਬਚਪਨ ਦੀ ਦੋਸਤੀ ਨੇ ਅੰਤ ਨੂੰ ਜੀਵਨ ਸਾਥ ਦੀ ਸ਼ਕਲ ਅਖ਼ਤਿਆਰ ਕਰ ਲਈ।

ਜੈਨੀ ਦੇ ਪਿਤਾ ਬੈਰਨ ਵੋਨ ਵੈਸਟਫ਼ਾਲਨ ਅਰਿਸਟੋਕਰੈਟ ਤੇ ਪ੍ਰਿਵੀ ਕੌਂਸਲਰ ਸਨ, ਪਰ ਅਜਿਹਾ ਹੁੰਦਿਆਂ ਹੋਇਆਂ ਵੀ ਰੌਸ਼ਨ ਖ਼ਿਆਲ ਤੇ ਮਾਨਵੀ ਵਿਚਾਰਾਂ ਦੇ ਅਨੁਆਈ ਸਨ।

ਜੈਨੀ ਸ਼ਹਿਰ ਦੀ ਕਿੰਨੀ ਸੁਨੱਖੀ ਕੁੜੀ ਸੀ, ਇਸ ਦਾ ਜ਼ਿਕਰ ਮਾਰਕਸ ਨੇ ਆਪਣੀ ਇੱਕ ਚਿੱਠੀ ਵਿਚ ਆਪਣੇ ਹੀ ਅੰਦਾਜ਼ ਨਾਲ ਕੀਤਾ।

ਵਿਆਹ ਤੋਂ ਚੋਖੇ ਸਾਲਾਂ ਪਿੱਛੋਂ ਉਸ ਨੇ ਆਪਣੇ ਸ਼ਹਿਰ ਦੀ ਫੇਰੀ ਪਿੱਛੋਂ ਆਪਣੇ ਇਕੋ ਦੋਸਤ ਨੂੰ ਲਿਖੀ ਚਿੱਠੀ ਵਿਚ ਕਿਹਾ ਸੀ ਕਿ ਮੈਨੂੰ ਆਪਣੇ ਸ਼ਹਿਰ ਵਿਚ ਅਜੇ ਵੀ ਇਸ ਗੱਲੋਂ ਯਾਦ ਕੀਤਾ ਜਾਂਦਾ ਹੈ ਕਿ ਮੈਂ ਇੱਥੋਂ ਦੀ ਸਭ ਤੋਂ ਸੋਹਣੀ ਕੁੜੀ ਵਿਆਹੀ ਸੀ। ਮੈਨੂੰ ਇਸ ਗੱਲ ਨੇ ਕਿੰਨਾ ਹੁਲਾਰਾ ਦਿੱਤਾ, ਇਸ ਦਾ ਅੰਦਾਜ਼ਾ ਤੂੰ ਸਹਿਜੇ ਹੀ ਲਾ ਸਕਦੈਂ।

ਜੈਨੀ ਜ਼ਿੰਦਗੀ ਦੀਆਂ ਔਖੀਆਂ ਘਾਟੀਆਂ ਵਿਚ ਲੰਘੀ ਤਾਂ ਇਹ ਭੁਲਾ ਕੇ ਕਿ ਉਹ ਕਿੰਨੇ ਵੱਡੇ ਘਰ ਦੀ ਧੀ ਸੀ ਜਾਂ ਉਸ ਨੂੰ ਉਥੇ ਕਿੰਨੀਆਂ ਸੁੱਖ ਸਹੂਲਤਾਂ ਪ੍ਰਾਪਤ ਸਨ ਅਤੇ ਅਜਿਹੀਆਂ ਕਿਹੜੀਆਂ ਔਕੜਾਂ ਸਨ ਜਿਨ੍ਹਾਂ ਦਾ ਟਾਕਰਾ ਉਸ ਨੇ ਆਪਣੇ ਪ੍ਰਤਿਭਾਸ਼ਾਲੀ ਫ਼ਕੀਰ ਪਤੀ ਨਾਲ ਮਿਲ ਕੇ ਨਹੀਂ ਸੀ ਕੀਤਾ। ਜਦੋਂ ਇਕ ਵਾਰ ਉਸ ਦੇ ਇਕ ਬੱਚੇ ਦੀ ਮੌਤ ਹੋਈ ਤਾਂ ਉਸ ਦੇ ਕੱਫ਼ਣ ਲਈ ਉਸ ਨੂੰ ਆਪਣੀ ਕਿਸੇ ਗੁਆਂਢਣ ਤੋਂ ਪੈਸੇ ਮੰਗਣੇ ਪਏ ਸਨ।

ਮਾਰਕਸ ਤੇ ਜੈਨੀ ਦਾ ਸਾਥ ਇਕ-ਦੂਸਰੇ ਲਈ ਡੂੰਘੇ ਸਮਰਪਣ ਉਤੇ ਆਧਾਰਤ ਸੀ। ਇਸ ਦਾ ਜ਼ਿਕਰ ਇਕ ਥਾਂ ਉਹਨਾਂ ਦੀ ਬੇਟੀ ਨੇ ਵੀ ਕੀਤਾ ਹੈ। ਇਹ ਉਸ ਪਲ ਦੀ ਵਾਰਤਾ ਹੈ, ਜਦੋਂ ਜੈਨੀ ਮੌਤ ਦੀਆਂ ਘੜੀਆਂ ਗਿਣ ਰਹੀ ਸੀ ਤੇ ਮਾਰਕਸ ਸਖ਼ਤ ਬੀਮਾਰ ਸੀ। ਉਹਨਾਂ ਦੀ ਬੇਟੀ ਲਿਖਦੀ ਹੈ :

'ਸਾਡੀ ਪਿਆਰੀ ਅੰਮੀਂ ਅਗਲੇ ਵੱਡੇ ਕਮਰੇ ਵਿਚ ਪਈ ਸੀ ਤੇ ਮੂਰ ਨਾਲ ਲੱਗਦੇ ਛੋਟੇ ਕਮਰੇ ਵਿਚ ਲੇਟਿਆ ਹੋਇਆ ਸੀ। ਮੈਨੂੰ ਉਹ ਸਵੇਰ ਨਹੀਂ ਭੁੱਲਦੀ ਜਦੋਂ ਮੂਰ ਵਿਚ ਐਨੀ ਕੁ ਹਿੰਮਤ ਆਈ ਕਿ ਉਹ ਉੱਠ ਕੇ ਮੇਰੀ ਮਾਂ ਦੇ ਕਮਰੇ ਵਿਚ ਜਾ ਸਕੇ। ਜਦੋਂ ਉਹ ਇਕ ਦੂਸਰੇ ਦੇ ਕੋਲ ਸਨ ਤਾਂ ਉਹ ਮੁੜ ਤੋਂ ਜਵਾਨ ਹੋ ਗਏ ਜਾਪਦੇ ਸਨ। ਉਹ ਇਕ ਨੱਢੀ ਮੁਟਿਆਰ ਤੇ ਉਹ ਨਿਛਾਵਰ ਹੋਣ ਲਈ ਤਿਆਰ ਇਕ ਬਾਂਕਾ ਨੌਜਵਾਨ ਇੰਝ ਜਿਵੇਂ ਉਹਨਾਂ ਜ਼ਿੰਦਗੀ ਦੀ ਦਹਿਲੀਜ਼ ਉੱਤੇ ਕਦਮ ਰੱਖਿਆ ਹੀ ਹੋਵੇ।ਉਦੋਂ ਨਾ ਮੂਰ ਬਿਮਾਰੀਆਂ ਤੇ ਬੁਢਾਪੇ ਦਾ ਮਧੋਲਿਆ ਲੱਗਦਾ ਸੀ ਤੇ ਨਾ ਮਾਂ ਮਰਨ ਕੰਢੇ ਪੁੱਜੀ ਹੋਈ ਜਾਪਦੀ ਸੀ, ਨਾ ਹੀ ਇੰਝ ਨਜ਼ਰ ਆਉਂਦਾ ਸੀ, ਜਿਵੇਂ ਉਹ ਇੱਕ-ਦੂਸਰੇ ਨਾਲੋਂ ਸਦਾ ਲਈ ਵਿਛੜਨ ਵਾਲੇ ਹੋਣ।'

ਜਦੋਂ ਜੈਨੀ ਦੀ ਮੌਤ ਹੋਈ ਤਾਂ ਉਹ ਆਪਣੇ ਪੰਜ ਬੱਚਿਆਂ ਵਿੱਚੋਂ ਦੋ ਨੂੰ ਦਫ਼ਨਾ ਚੁੱਕੀ ਸੀ ਅਤੇ ਬੁਰੀ ਤਰ੍ਹਾਂ ਹੰਭ ਚੁੱਕੀ ਸੀ।

ਜੈਨੀ ਦੀ ਮੌਤ ਪਿੱਛੋਂ ਮਾਰਕਸ ਵਿਚ ਪਹਿਲਾਂ ਵਾਲੀ ਚੰਗਿਆੜੀ ਤਾਂ ਨਹੀਂ ਸੀ ਰਹੀ, ਪਰ ਉਸ ਦੀ ਸੋਚ ਦੀ ਆਬੋਤਾਬ ਅਖੀਰਲੇ ਪਲ ਤੱਕ ਕਾਇਮ ਰਹੀ। ਆਪਣੀ ਜੀਵਨ ਸਾਥਣ ਦੇ ਤੁਰ ਜਾਣ ਤੋਂ ਬਾਅਦ 1883 ਦੇ ਮਾਰਚ ਦੇ ਇਕ ਦਿਨ ਤੀਜੇ ਪਹਿਰ ਉਹ ਚੁੱਪ ਚੁਪੀਤਿਆਂ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ, ਪਰ ਜਾਂਦਿਆਂ ਹੋਇਆਂ ਉਹ ਮਨੁੱਖਤਾ ਲਈ ਬਹੁਤ ਕੁਝ ਸੋਚਣ, ਵਿਚਾਰਨ ਤੇ ਕਰਨ ਲਈ ਛੱਡ ਗਿਆ।

'ਮਾਰਕਸ ਦੇ ਵਿਚਾਰਾਂ ਦੀ ਮੌਤ' ਦੇ ਐਲਾਨ ਉਸ ਦੇ ਅੱਖਾਂ ਮੀਟਦਿਆਂ ਹੀ ਸ਼ੁਰੂ ਹੋ ਗਏ ਸਨ ਅਤੇ ਅੱਜ ਤੱਕ ਜਾਰੀ ਹਨ। ਪੰਜਾਬੀ ਪਰਚੇ 'ਹੁਣ' ਵਿਚ ਛਪੇ ਇਕ ਲੇਖ ਵਿਚ ਪੰਜਾਬੀ ਪਾਠਕਾਂ ਤੱਕ ਇਹ ਖ਼ਬਰ ਪਹੁੰਚਾਈ ਗਈ ਹੈ ਕਿ ਭਲੇ ਲੋਕੋ ਤੁਸੀਂ ਕਿੱਥੇ ਭੁੱਲੇ ਫਿਰਦੇ ਹੋ, ਕੁਝ ਜਗਤ ਪ੍ਰਸਿੱਧ ਮਾਰਕਸਵਾਦੀਆਂ ਸਮੇਤ ਬਹੁਤ ਸਾਰੇ ਨਵੇਂ ਫ਼ਿਲਾਸਫ਼ਰਾਂ ਨੇ ਬਹੁਤ ਚਿਰ ਪਹਿਲਾਂ, 1977 ਵਿਚ ਇਕੱਠੇ ਹੋ ਕੇ ਇਹ ਐਲਾਨ ਕਰ ਦਿੱਤਾ ਸੀ ਕਿ 'ਮਾਰਕਸ ਮਰ ਚੁੱਕਾ ਹੈ।'

ਸੋਵੀਅਤ ਯੂਨੀਅਨ ਦੇ ਖ਼ਾਤਮੇ ਤੋਂ ਬਾਅਦ ਤਾਂ ਇਹ ਕਿਹਾ ਜਾਣ ਲੱਗਾ ਕਿ 'ਮਾਰਕਸ ਦੇ ਮਰਨ' ਦੀ ਖ਼ਬਰ ਦੀ ਕਿਸੇ ਹੋਰ ਤਸਦੀਕ ਦੀ ਲੋੜ ਰਹਿ ਹੀ ਨਹੀਂ ਗਈ, ਪਰ ਫੇਰ ਵੀ ਮਾਰਕਸ ਦੇ ਮਰਨ ਦੀ ਖ਼ਬਰ ਵਾਰ-ਵਾਰ ਦੁਹਰਾਉਣੀ ਜ਼ਰੂਰੀ ਸਮਝੀ ਜਾ ਰਹੀ ਹੈ। ਇਸ ਦਾ ਕਾਰਨ ਸਿਵਾਏ ਇਸ ਦੇ ਹੋਰ ਕੀ ਹੋ ਸਕਦਾ ਹੈ ਕਿ ਮਾਰਕਸ ਦੇ ਮਰਨ ਦੀਆਂ ਖ਼ਬਰਾਂ ਦੇਣ ਵਾਲਿਆਂ ਨੂੰ ਅੰਦਰੋਂ ਇਹ ਯਕੀਨ ਨਹੀਂ ਸੀ ਕਿ ਮਾਰਕਸ ਮਰ ਗਿਆ ਹੈ। ਇਹ ਠੀਕ ਹੈ ਕਿ ਰੂਸੀ ਇਨਕਲਾਬ ਮਾਰਕਸ ਦੇ ਵਿਚਾਰਾਂ ਦੀ ਜਿੱਤ ਦਾ ਪ੍ਰਤੀਕ ਸੀ ਅਤੇ ਸੋਵੀਅਤ ਯੂਨੀਅਨ ਦੇ ਖ਼ਾਤਮੇ ਨੇ ਮਾਰਕਸਵਾਦੀਆਂ ਲਈ ਕਈ ਬੁਨਿਆਦੀ ਸਵਾਲ ਖੜ੍ਹੇ ਕਰ ਦਿੱਤੇ ਹਨ। ਤਾਂ ਵੀ ਰੂਸੀ ਇਨਕਲਾਬ ਮਾਰਕਸੀ ਵਿਚਾਰਾਂ ਦੇ ਪ੍ਰਭਾਵ ਹੇਠ ਆਈਆਂ ਵਿਸ਼ਵ ਤਬਦੀਲੀਆਂ ਦਾ ਇਕੋ-ਇਕ ਪ੍ਰਗਟਾਵਾ ਨਹੀਂ ਸੀ, ਭਾਵੇਂ ਇਹ ਪ੍ਰਤੀਤੀਯੋਗ ਪ੍ਰਗਟਾਵਾ ਜ਼ਰੂਰ ਸੀ। ਇਹਨਾਂ ਤਬਦੀਲੀਆਂ ਦੇ ਕਈ ਹੋਰ ਰੂਪ ਹਨ। ਇਹ ਰੂਪ ਏਨੇ ਪ੍ਰਤੱਖ ਨਾ ਵੀ ਹੋਣ, ਪਰ ਇਹਨਾਂ ਦੀ ਮੌਜੂਦਗੀ ਤੋਂ ਇਨਕਾਰ ਨਹੀਂ ਹੋ ਸਕਦਾ।

ਇਹ ਮਾਰਕਸ ਦੇ ਵਿਚਾਰਾਂ ਦਾ ਹੀ ਸਿੱਟਾ ਹੈ ਕਿ ਰਾਜ, ਸਰਕਾਰ, ਧਨ, ਸੰਪਤੀ, ਮਿਹਨਤ, ਸਮਾਜੀ ਪ੍ਰਬੰਧ, ਆਰਥਿਕ ਵਿਵਸਥਾ ਤੇ ਸਦਾਚਾਰਕ ਮਾਪਦੰਡ ਬਾਰੇ ਲੋਕ ਉਂਝ ਨਹੀਂ ਸੋਚਦੇ, ਜਿਵੇਂ ਮਾਰਕਸ ਤੋਂ ਪਹਿਲਾਂ ਸੋਚਦੇ ਸਨ।ਉਹ ਆਰਥਿਕ ਤੇ ਸਮਾਜੀ ਨਾਬਰਾਬਰੀਆਂ 'ਤੇ ਨਾ ਸਿਰਫ਼ ਕਿੰਤੂ ਕਰਦੇ ਹਨ, ਸਗੋਂ ਇਹਨਾਂ ਦੇ ਖ਼ਿਲਾਫ਼ ਰੋਸ ਤੇ ਐਥੋਂ ਤੱਕ ਕਿ ਵਿਦਰੋਹ ਵੀ ਕਰਦੇ ਹਨ ਅਤੇ ਇਸ ਵਿਦਰੋਹ ਪਿੱਛੇ ਹੱਕ ਅਤੇ ਨਿਆਂ ਦੀ ਉਸ ਸੂਝ ਵਿੱਚੋਂ ਪੈਦਾ ਹੋਣ ਵਾਲੀ ਚੇਤਨਾ ਕੰਮ ਕਰ ਰਹੀ ਹੁੰਦੀ ਹੈ ਜਿਹੜੀ ਬਹੁਤ ਹੱਦ ਤੱਕ ਮਾਰਕਸਵਾਦ ਦੀ ਦੇਣ ਹੈ। ਹੁਣ ਸਾਧਾਰਨ ਲੋਕ ਪ੍ਰਸਥਿਤੀਆਂ ਨੂੰ ਭਾਣਾ ਸਮਝ ਕੇ ਪਰਵਾਨ ਨਹੀਂ ਕਰਦੇ, ਸਗੋਂ ਇਹਨਾਂ ਨੂੰ ਵੰਗਾਰਦੇ ਹਨ। ਉਹ ਹਕੂਮਤਾਂ, ਅਧਿਕਾਰਤ ਸ਼੍ਰੇਣੀਆਂ, ਵਿਸ਼ੇਸ਼ ਹਿੱਤਾਂ ਤੇ ਕਾਰੋਬਾਰਾਂ ਤੇ ਸੰਸਥਾਵਾਂ ਦੀਆਂ ਕਾਰਵਾਈਆਂ ਲਈ ਉਹਨਾਂ ਤੋਂ ਜਵਾਬ ਮੰਗਦੇ ਹਨ, ਜਿਵੇਂ ਉਹਨਾਂ ਮਾਰਕਸ ਨੂੰ ਪੜ੍ਹਿਆ ਹੋਵੇ।

'ਇਹ ਮਾਰਕਸ ਦੀ ਦੇਣ ਹੈ ਕਿ ਅੱਜ ਦਾ ਚੇਤੰਨ ਮਨੁੱਖ ਇਤਿਹਾਸ ਉੱਤੇ ਨਜ਼ਰ ਨਹੀਂ ਮਾਰਦਾ, ਸਗੋਂ ਇਤਿਹਾਸ ਰਾਹੀਂ ਨਜ਼ਰ ਮਾਰਦਾ ਹੈ।' ਉਹ ਇਹ ਦੇਖਣ ਦੀ ਕੋਸ਼ਿਸ਼ ਕਰਦਾ ਹੈ, ਇਸ ਜਾਂ ਉਸ ਆਗੂ, ਰਹਿਬਰ ਜਾਂ ਸਰਬਰਾਹ ਦੇ ਬੋਲਾਂ ਤੇ ਕਾਰਜਾਂ ਪਿੱਛੇ ਕਿਹੜੀਆਂ ਸਮਾਜੀ ਸ਼ਕਤੀਆਂ ਕਿਨ੍ਹਾਂ ਮੰਤਵਾਂ ਨਾਲ ਕੰਮ ਕਰ ਰਹੀਆਂ ਸਨ ਜਾਂ ਕਰ ਰਹੀਆਂ ਹਨ। ਮਾਰਕਸ ਵਿਚਾਰਾਂ ਦੀ ਮਹੱਤਤਾ ਤੋਂ ਇਨਕਾਰ ਨਹੀਂ ਸੀ ਕਰਦਾ, ਪਰ ਉਸ ਦਾ ਇਹ ਮੱਤ ਪੈਰ-ਪੈਰ ਉੱਤੇ ਸਹੀ ਸਾਬਤ ਹੋ ਰਿਹਾ ਹੈ ਕਿ ਕਿਸੇ ਵੀ ਦੌਰ ਦੇ ਪਰਵਾਨਤ ਵਿਚਾਰ ਉਸ ਵੇਲੇ ਦੇ ਭਾਰੂ ਹਿੱਤਾਂ ਦੀ ਹੀ ਸੇਵਾ ਕਰਦੇ ਹਨ।

*(ਸੁਰਜਨ ਜ਼ੀਰਵੀ ਦੇ ਲੇਖ ਸੰਗ੍ਰਹਿ 'ਆਓ ਸੱਚ ਜਾਣੀਏ' ਵਿੱਚੋਂ)*

## ਆਖਰੀ ਸਫ਼ਾ ਦੀ ਬਾਕੀ

### ਵਿਸ਼ਨਸਰ ਤੇ ਕਿਸ਼ਨਸਰ ਝੀਲਾਂ ...

ਸਾਨੂੰ ਦੂਰ ਤੋਂ ਇੱਕ ਉਨਾਭੀ ਰੰਗ ਦਾ ਪਹਾੜ ਦਿਸਿਆ ।ਇਸ ਪਹਾੜ ਦਾ ਰੰਗ ਉਨਾਭੀ ਨਹੀਂ ਸੀ, ਪਰ ਇਸ 'ਤੇ ਉੱਗੇ ਘਾਹ ਦਾ ਰੰਗ ਉਨਾਭੀ ਸੀ, ਜਿਸ ਨਾਲ ਇਹ ਪੂਰਾ ਪਹਾੜ ਹੀ ਉਨਾਭੀ ਦਿਸ ਰਿਹਾ ਸੀ।

ਇਸ ਟਰੈਕ 'ਤੇ ਸਾਨੂੰ ਦੂਰ ਤੋਂ ਪਾਕਿਸਤਾਨ 'ਚ ਪੈਂਦਾ 'ਨੰਗਾ ਪਰਬਤ' ਵੀ ਦੇਖਣ ਨੂੰ ਮਿਲਿਆ। ਗਾਡਸਰ ਪਾਸ ਤੋਂ ਉੱਤਰਦਿਆਂ ਹੀ ਇੱਕ ਹੋਰ ਝੀਲ ਨੇ ਸਾਡਾ ਸਵਾਗਤ ਕੀਤਾ ।

ਕੁਝ ਸਮਾਂ ਪੱਧਰੇ ਰਾਹਾਂ ਦਾ ਸਫ਼ਰ ਨਬੇੜਨ ਤੋਂ ਬਾਅਦ ਅਸੀਂ ਜਜ ਪਾਸ ਦੀ ਖ਼ਤਰਨਾਕ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿੱਤੀ। ਜਜ ਪਾਸ ਦਾ ਇਹ ਰਸਤਾ ਵੱਡੇ-ਛੋਟੇ ਪੱਥਰਾਂ ਦਾ ਕਈ ਕਿਲੋਮੀਟਰ ਲੰਮਾ-ਚੌੜਾ ਢੇਰ ਸੀ ।ਅਜਿਹੇ ਰਸਤੇ 'ਤੇ ਗਵਾਚ ਜਾਣ ਦਾ ਡਰ ਆਮ ਨਾਲੋਂ ਜ਼ਿਆਦਾ ਹੁੰਦਾ ਹੈ।ਸਾਨੂੰ ਆਸੇ-ਪਾਸੇ ਦੇ ਸਾਰੇ ਪੱਥਰ ਇੱਕੋ ਜਿਹੇ ਲੱਗ ਰਹੇ ਸਨ, ਨਾ ਕੋਈ ਪਗਡੰਡੀ, ਨਾ ਕੋਈ ਨਿਸ਼ਾਨੀ, ਬਸ ਸਾਰੇ ਪੱਥਰ ਹੀ ਪੱਥਰ। ਅਸੀਂ ਇਹਨਾਂ ਪੱਥਰਾਂ 'ਤੇ ਲਗਾਤਾਰ ਤੁਰ ਰਹੇ ਸੀ। ਹੌਲੀ-ਹੌਲੀ ਅਸੀਂ ਏਨੇ ਉੱਪਰ ਆ ਗਏ ਕਿ ਜਿਨ੍ਹਾਂ ਰਾਹਾਂ ਤੋਂ ਅਸੀਂ ਲੰਘ ਕੇ ਆਏ ਸੀ, ਉਹ ਰਾਹ ਸਾਡੇ ਤੋਂ ਬਹੁਤ ਦੂਰ ਰਹਿ ਗਏ ਸਨ।

ਕਈ ਥਾਵਾਂ 'ਤੇ ਏਨੀਆਂ ਡੂੰਘੀਆਂ ਖੱਡਾਂ ਸਨ ਕਿ ਉਹਨਾਂ 'ਚ ਬਹੁਤ ਆਸਾਨੀ ਨਾਲ ਬੰਦਾ ਥੱਲੇ ਡਿੱਗ ਸਕਦਾ ਸੀ ।ਕਈ ਪੱਥਰਾਂ ਦੀਆਂ ਨੁੱਕਰਾਂ ਏਨੀਆਂ ਤਿੱਖੀਆਂ ਸਨ ਕਿ ਥੋੜ੍ਹਾ ਜਿਹਾ ਪੈਰ ਤਿਲਕਣ 'ਤੇ ਇਹ ਪੱਥਰ ਸਰੀਰ ਦੇ ਆਰ-ਪਾਰ ਹੋ ਸਕਦੇ ਸਨ।ਅਸੀਂ ਇੱਕ-ਇੱਕ ਪੈਰ ਬਹੁਤ ਸੋਚ ਸਮਝ ਕਿ ਰੱਖ ਰਹੇ ਸਾਂ।ਲਗਭਗ ਢਾਈ-ਤਿੰਨ ਘੰਟਿਆਂ ਦੇ ਸਫ਼ਰ ਤੋਂ ਬਾਅਦ ਅਸੀਂ ਜਜ ਪਾਸ ਦੇ ਸਿਖਰ 'ਤੇ ਪਹੁੰਚ ਕਿ ਦਮ ਲਿਆ। ਉੱਪਰ ਪਹੁੰਚਣ 'ਤੇ ਸਾਨੂੰ ਸਾਹਮਣੇ ਝੀਲਾਂ ਹੀ ਝੀਲਾਂ ਦਿਸ ਰਹੀਆਂ ਸਨ, ਜਿਨ੍ਹਾਂ 'ਚ ਚਾਰ ਝੀਲਾਂ ਬਲੇਕਸਰ, ਗੰਗਬਲ, ਨੰਦਕੁਲ, ਕੋਲਸਰ ਦੇ ਨਾਂਅ ਮੇਰੇ ਯਾਦ ਹਨ।ਅਸੀਂ ਅੱਜ ਗੰਗਬਲ ਝੀਲ ਦੇ ਕੋਲ ਰੁਕਣਾ ਸੀ। ਗੰਗਬਲ ਝੀਲ ਤੱਕ ਪਹੰਚਣ ਲਈ ਅਜੇ ਦੋ ਘੰਟੇ ਹੋਰ ਲੱਗਣੇ ਸਨ। ਅਸੀਂ ਪਾਸ ਤੋਂ ਥੱਲੇ ਉੱਤਰਨਾ ਸ਼ੁਰੂ ਕੀਤਾ। ਕਿਸੇ ਪਹਾੜ 'ਤੇ ਚੜ੍ਹਨਾ ਜਿੰਨਾ ਮੁਸ਼ਕਲ ਹੁੰਦਾ ਹੈ, ਓਨਾ ਉਤਰਨਾ ਉਸ ਤੋਂ ਵੀ ਜ਼ਿਆਦਾ ਔਖਾ ਹੁੰਦਾ ਹੈ। ਪਹਾੜੀ ਰਾਹਾਂ 'ਤੇ ਥੱਲੇ ਉਤਰਨ ਵੇਲੇ ਬਹੁਤ ਧਿਆਨ ਨਾਲ ਪੈਰ ਟਿਕਾਉਣੇ ਪੈਂਦੇ ਹਨ ਅਤੇ ਸਰੀਰ 'ਤੇ ਪੂਰਨ ਨਿਯੰਤਰਨ ਰੱਖਣਾ ਪੈਂਦਾ ਹੈ। ਜੇ ਥੱਲੇ ਉਤਰਨ ਵੇਲੇ ਇੱਕ ਵਾਰ ਚਾਲ ਤੇਜ਼ ਹੋ ਜਾਵੇ ਤਾਂ ਖ਼ੁਦ ਨੂੰ ਕਾਬੂ ਕਰਨਾ ਹੀ ਬਹੁਤ ਔਖਾ ਹੋ ਜਾਂਦਾ ਹੈ।ਅਸੀਂ ਅੱਜ ਇੱਕ ਦਿਨ ਵਿੱਚ ਹੀ ਦੋ ਦਿਨਾਂ ਦਾ ਸਫ਼ਰ ਤੈਅ ਕੀਤਾ ਸੀ, ਇਸ ਲਈ ਸਾਨੂੰ ਗੰਗਬਲ ਪਹੁੰਚਣ ਤੋਂ ਪਹਿਲਾਂ ਹੀ ਹਨੇਰਾ ਹੋ ਗਿਆ। ਸੰਘਣੇ ਹਨੇਰੇ 'ਚ ਅਸੀਂ ਇੱਕ ਨਾਲੇ ਦੇ ਨਾਲ-ਨਾਲ ਤੁਰ ਰਹੇ ਸੀ। ਰਾਤ ਨੂੰ ਜਦ ਸਭ ਪਾਸੇ ਸ਼ਾਂਤੀ ਹੋ ਜਾਂਦੀ ਹੈ ਤਾਂ ਵਗਦੇ ਪਾਣੀ ਦੀ ਆਵਾਜ਼ ਹੋਰ ਸੋਹਣੀ ਹੋ ਜਾਂਦੀ ਹੈ। ਰਾਤ ਨੂੰ ਸੱਤ ਵਜੇ ਦੇ ਕਰੀਬ ਅਸੀਂ ਗੰਗਬਲ ਪਹੁੰਚ ਗਏ। ਇਹ ਰਾਤ ਸਾਡੇ ਇਸ ਟਰੈਕ ਦੀ ਅਖ਼ੀਰਲੀ ਰਾਤ ਸੀ।

ਸਾਡੇ ਜਾਣ ਤੋਂ ਪਹਿਲਾਂ ਘੋੜਿਆਂ ਵਾਲੇ ਸੱਜਣ ਪਹੁੰਚ ਚੁੱਕੇ ਸਨ। ਇਹਨਾਂ ਪੰਜ ਦਿਨਾਂ 'ਚ ਸਾਡੀ ਸਾਰੇ ਗਰੁੱਪ ਦੀ ਸੋਹਣੀ ਸਾਂਝ ਬਣ ਗਈ ਸੀ। ਸਾਡੇ ਆਉਣ ਤੱਕ ਘੋੜਿਆਂ ਵਾਲੇ ਸਾਰਿਆਂ ਦੇ ਟੈਂਟ ਲਾ ਕੇ ਸਾਡੇ ਲਈ ਚਾਹ ਬਣਾ ਰਹੇ ਸਨ। ਲੰਮੇ ਸਫ਼ਰ ਕਾਰਨ ਸਾਰਿਆਂ ਦੇ ਸਰੀਰ ਥੱਕੇ ਹੋਏ ਸਨ। ਦੂਜੇ ਗਰੁੱਪ ਵਾਲਿਆਂ ਕੋਲ ਖਾਣ ਦਾ ਸਮਾਨ ਘਟ ਗਿਆ ਸੀ ਤਾਂ ਅਸੀਂ ਆਪਣੇ ਵਾਲੇ ਸਮਾਨ 'ਚ ਜ਼ਰੂਰਤ ਜੋਗਾ ਸਮਾਨ ਉਹਨਾਂ ਨੂੰ ਦੇ ਦਿੱਤਾ ।ਹੁਣ ਸਾਰੇ ਜਣੇ ਸੌਣ ਲਈ ਤਿਆਰ ਸਨ।

ਅਗਲੇ ਦਿਨ ਰਸਤਾ ਜ਼ਿਆਦਾ ਲੰਮਾ ਨਹੀਂ ਸੀ। ਚਾਰ-ਪੰਜ ਘੰਟਿਆਂ ਦੇ ਪੈਦਲ ਸਫ਼ਰ ਨਾਲ ਅਸੀਂ ਨਾਰਾਨਾਗ ਪਹੁੰਚ ਜਾਣਾ ਸੀ, ਜਿੱਥੇ ਇਹ ਟਰੈਕ ਖ਼ਤਮ ਹੋਣਾ ਸੀ। ਸਾਰੇ ਜਣੇ ਖ਼ੁਸ਼ ਸਨ, ਪਰ ਇਮਤਿਆਜ਼ ਉਦਾਸ ਸੀ। ਇਮਤਿਆਜ਼ ਨੂੰ ਉਹੀ ਡਰ ਉਦਾਸ ਕਰ ਰਿਹਾ ਸੀ, ਜੋ ਉਸ ਨੇ ਪਹਿਲਾਂ ਵੀ ਸਾਡੇ ਨਾਲ ਸਾਂਝਾ ਕੀਤਾ ਸੀ।ਅੱਗੇ ਫੌਜ ਦੀ ਚੈੱਕ ਪੋਸਟ ਸੀ, ਜਿਸ ਨੇ ਸਾਡੇ ਕਾਗਜ਼ ਚੈੱਕ ਕਰਨੇ ਸਨ।ਇਹ ਚੈੱਕ ਪੋਸਟ ਟਰੈਕ ਦੇ ਬਿਲਕੁਲ ਖ਼ਤਮ ਹੋਣ ਵੇਲੇ ਸੀ ।ਇਮਤਿਆਜ਼ ਨੇ ਸਾਨੂੰ ਫਿਰ ਕਿਹਾ ਕਿ ਬੱਕਰੀ ਤੁਸੀਂ ਫੜ ਲਵੋ, ਨਹੀਂ ਤਾਂ ਫੌਜ ਉਸ ਤੋਂ ਖੋਹ ਲਵੇਗੀ। ਅਸੀਂ ਗੰਗਬਲ ਤੋਂ ਤੁਰ ਕੇ ਤਿੰਨ ਕੁ ਘੰਟਿਆਂ ਤੱਕ ਇਸ ਟਰੈਕ ਤੋਂ ਬਾਹਰ ਆ ਗਏ ਸਾਂ।ਟਰੈਕ ਦੇ ਸ਼ੁਰੂ ਵੇਲੇ ਜਿਵੇਂ ਹਰਿਆਲੀ ਖ਼ਤਮ ਹੋਈ ਸੀ, ਹੁਣ ਓਸੇ ਤਰ੍ਹਾਂ ਵਾਪਸ ਆ ਰਹੀ ਸੀ। ਸੁੱਕੇ ਪਹਾੜਾਂ ਤੋਂ ਅਸੀਂ ਹਰੇ ਘਾਹ ਦੇ ਮੈਦਾਨਾਂ ਵਿੱਚ ਆਏ ਅਤੇ ਫਿਰ ਹਰੇ ਰੁੱਖਾਂ ਵਿੱਚ। ਫੌਜ ਦੀ ਉਹ ਚੈੱਕ ਪੋਸਟ ਵੀ ਆ ਗਈ, ਜਿਸ ਦਾ ਜ਼ਿਕਰ ਇਮਤਿਆਜ਼ ਨੇ ਕੁਝ ਸਮਾਂ ਪਹਿਲਾਂ ਕੀਤਾ ਸੀ। ਬੱਕਰੀ ਦਾ ਮੇਮਣਾ ਮੇਰੇ ਨਾਲ ਨਾਲ ਚੱਲ ਰਿਹਾ ਸੀ। ਇਮਤਿਆਜ਼ ਨੇ ਸਾਨੂੰ ਥੋੜ੍ਹੀ ਦੂਰ ਖੜ੍ਹਾ ਕੀਤਾ ਅਤੇ ਫੌਜ ਦੇ ਇੱਕ ਜਵਾਨ ਨੂੰ ਕਾਗਜ਼ ਦਿਖਾਉਣ ਲੱਗਾ ।ਡਿਊਟੀ 'ਤੇ ਖੜ੍ਹੇ ਜਵਾਨ ਨੇ ਸਾਰੀ ਜਾਣਕਾਰੀ ਆਪਣੇ ਰਜਿਸਟਰ ਵਿੱਚ ਦਰਜ ਕੀਤੀ ਅਤੇ ਇਮਤਿਆਜ਼ ਨੂੰ ਅੱਗੇ ਜਾਣ ਲਈ ਕਿਹਾ ।ਜਦ ਅਸੀਂ ਫੌਜ ਦੇ ਉਸ ਜਵਾਨ ਦੇ ਬਰਾਬਰ ਆਏ ਤਾਂ ਸਾਡੇ ਨਾਲ ਉਹੀ ਵਿਹਾਰ ਹੋਇਆ, ਜੋ ਪਹਿਲਾਂ ਹੋ ਚੁੱਕਾ ਸੀ। ਅਸੀਂ ਫੌਜ ਤੋਂ ਆਪਣੀ ਜਾਨ ਛੁਡਵਾਈ ਅਤੇ ਅੱਗੇ ਤੁਰਨਾ ਸ਼ੁਰੂ ਕਰ ਦਿੱਤਾ। ਥੋੜ੍ਹਾ ਅੱਗੇ ਗਏ ਤਾਂ ਸਾਨੂੰ ਗਸ਼ਤ ਕਰਦੇ ਹੋਏ ਫੌਜ ਦੇ ਤਿੰਨ ਜਵਾਨ ਮਿਲੇ, ਸਾਡੇ ਬਰਾਬਰ ਆ ਕੇ ਉਹਨਾਂ ਸਾਨੂੰ ਫਿਰ ਉਹੀ ਸਵਾਲ ਕੀਤਾ, 'ਬੱਕਰੀ ਕਹਾਂ ਸੇ ਲੇਕੇ ਆਏ ਹੋ..।'

ਅਸੀਂ ਫਿਰ ਉਹੀ ਝੂਠ ਬੋਲਿਆ ਕਿ ਅਸੀਂ ਖ਼ਰੀਦੀ ਹੈ। ਫੌਜ ਤੋਂ ਬਚਦੇ-ਬਚਾਉਂਦੇ ਅਸੀਂ, ਇਮਤਿਆਜ਼ ਤੇ ਬੱਕਰੀ ਦਾ ਮੇਮਣਾ ਨਾਰਾਨਾਗ ਪਹੁੰਚ ਗਏ। ਇਜ਼ਰਾਇਲ ਵਾਲੇ ਗਰੁੱਪ ਲਈ ਪਹਿਲ੍ਹਾਂ ਤੋਂ ਹੀ ਟੈਕਸੀਆਂ ਪਹੁੰਚੀਆਂ ਹੋਈਆਂ ਸਨ, ਅਸੀਂ ਵੀ ਆਪਣੇ ਲਈ ਟੈਕਸੀ ਕਰਵਾਈ ਅਤੇ ਸਭ ਤੋਂ ਪਿਆਰ ਭਰੀ ਵਿਦਾਈ ਲੈ ਕੇ ਸ੍ਰੀਨਗਰ ਪਹੁੰਚ ਗਏ। ਸ੍ਰੀਨਗਰ ਤੋਂ ਅਸੀਂ ਪਹਿਲਗਾਮ ਵੱਲ ਨੂੰ ਚਾਲੇ ਪਾ ਦਿੱਤੇ। ਪਹਿਲਗਾਮ ਪਹੁੰਚ ਕੇ ਅਗਲੇ ਟਰੈਕ 'ਤੁਲੀਅਨ ਝੀਲ' ਦੀ ਤਿਆਰੀ ਕਰਨ ਲੱਗੇ।

**(ਸਮਾਪਤ)**

***ਸੰਪਰਕ 94134-00053***

ਯਾਤਰਾ ਬਿਰਤਾਂਤ-2

# ਵਿਸ਼ਨਸਰ ਤੇ ਕਿਸ਼ਨਸਰ ਝੀਲਾਂ ਦਾ ਖ਼ੂਬਸੂਰਤ ਦ੍ਰਿਸ਼

## ਦੇਵ ਕੁਰਾਈਵਾਲਾ

ਪਾਸ ਤੋਂ ਮਿਲਿਆ ਸਾਨੂੰ ਸਾਡਾ ਨਵਾਂ ਦੋਸਤ ਬੱਕਰੀ ਦਾ ਮੇਮਣਾ ਵੀ ਸਾਡੇ ਨਾਲ ਨਾਲ ਚੱਲ ਰਿਹਾ ਸੀ।ਇਜ਼ਰਾਇਲ ਵਾਲੀਆਂ ਕੁੜੀਆਂ ਨੇ ਇਹਦੇ ਨਾਲ ਖ਼ੂਬ ਦੋਸਤੀ ਕਰ ਲਈ ਸੀ।

ਲਗਾਤਾਰ ਇੱਕ ਡੇਢ ਘੰਟਾ ਤੁਰ ਕਿ ਅਸੀਂ ਉਸ ਜਗ੍ਹਾ ਪਹੁੰਚ ਚੁੱਕੇ ਸੀ, ਜਿੱਥੇ ਅੱਜ ਦੀ ਰਾਤ ਗੁਜ਼ਾਰਨੀ ਸੀ। ਇਹ ਬਿਲਕੁਲ ਪੱਧਰਾਂ ਗਰਾਉਂਡ ਸੀ। ਇਸ ਦੇ ਇੱਕ ਪਾਸੇ ਪਾਣੀ ਦਾ ਚਸ਼ਮਾ ਵਗ ਰਿਹਾ ਸੀ।ਕਈ ਥਾਵਾਂ 'ਤੇ ਪੱਥਰ ਚਿਣ ਕਿ ਚਾਰਦੀਵਾਰੀ ਕੀਤੀ ਹੋਈ ਸੀ ।ਇਥੇ ਦੇਖਣ ਤੋਂ ਪਤਾ ਲਗਦਾ ਸੀ ਕਿ ਇਥੇ ਬੱਕਰਵਾਲ ਲੰਮਾ ਸਮਾਂ ਤੱਕ ਰਹੇ ਹਨ। ਇੱਕ ਕਾਫ਼ੀ ਵੱਡੀ ਵਾੜੀ ਬਣੀ ਹੋਈ ਸੀ, ਜਿਸ ਵਿੱਚ ਫੁੱਟ-ਫੁੱਟ ਦੇ ਕਰੀਬ ਬੱਕਰੀ ਦੀਆਂ ਮੇਂਗਣਾਂ ਦਾ ਢੇਰ ਸੀ।


ਵਿਸ਼ਨਸਰ ਝੀਲ ਸਾਡੇ ਕੈਂਪ ਤੋਂ ਥੋੜ੍ਹੇ ਪਾਸੇ 'ਤੇ ਸੀ, ਜਿੱਥੇ ਜਾਣ ਲਈ ਦਸ-ਪੰਦਰਾਂ ਮਿੰਟ ਦਾ ਸਮਾਂ ਲੱਗਣਾ ਸੀ।ਅਜੇ ਦਿਨ ਕਾਫੀ ਖੜ੍ਹਾ ਸੀ, ਅਸੀਂ ਆਪਣਾ ਸਮਾਨ ਚੁੱਕਿਆ ਅਤੇ ਆਪਣਾ ਟੈਂਟ ਲਾ ਕੇ ਚਾਹ ਬਣਾ ਲਈ। ਚਾਹ ਪੀਣ ਤੋਂ ਬਾਅਦ ਅਸੀਂ ਵਿਸ਼ਨਸਰ ਝੀਲ ਵੱਲ ਜਾਣ ਦਾ ਮਨ ਬਣਾਇਆ। ਇਮਤਿਆਜ਼ ਨੇ ਸਾਡੇ ਨਾਲ ਜਾਣ ਤੋਂ ਮਨ੍ਹਾ ਕਰ ਦਿੱਤਾ, ਕਿਉਂਕਿ ਉਹਨੇ ਦੂਜੇ ਗਾਈਡ ਨਾਲ ਕੁਝ ਕੰਮ ਕਰਵਾਉਣੇ ਸਨ।ਅਸੀਂ ਇਮਤਿਆਜ਼ ਨੂੰ ਚਾਹ ਪੀਣ ਲਈ ਦਿੱਤੀ ਅਤੇ ਝੀਲ ਵੱਲ ਤੁਰ ਪਏ। ਥੋੜ੍ਹੇ ਹੀ ਸਮੇਂ 'ਚ ਅਸੀਂ ਝੀਲ ਦੇ ਪੱਤਣ 'ਤੇ ਪਹੁੰਚ ਗਏ. ਇਹ ਝੀਲ ਵੀ ਬਹੁਤ ਖ਼ੂਬਸੂਰਤ ਸੀ, ਪਰ ਨਿਚਨੇ ਝੀਲ ਤੋਂ ਛੋਟੀ ਸੀ।ਅਸੀਂ ਕੁਝ ਸਮਾਂ ਝੀਲ ਦੇ ਪੱਤਣ 'ਤੇ ਬੈਠੇ ਅਤੇ ਕੁਝ ਸਮਾਂ ਪੱਤਣ ਨਾਲ-ਨਾਲ ਤੁਰ ਕੇ ਸੈਰ ਕੀਤੀ।ਕੁਦਰਤ ਦੀ ਇਸ ਖ਼ੂਬਸੂਰਤੀ ਨੂੰ ਜਿੰਨਾ ਕੋਲ ਖੜ੍ਹ ਕਿ ਮਹਿਸੂਸ ਕੀਤਾ ਜਾ ਸਕਦਾ ਹੈ, ਲਿਖਣ ਵੇਲੇ ਅਸੀਂ ਉਹਦਾ ਦਸਵਾਂ ਹਿੱਸਾ ਵੀ ਨਹੀਂ ਲਿਖ ਸਕਦੇ। ਇਹਨਾਂ ਸਫ਼ਰਾਂ ਦਾ ਆਨੰਦ ਤਾਂ ਸਫ਼ਰ ਕਰਕੇ ਹੀ ਮਾਣਿਆ ਜਾ ਸਕਦਾ ਹੈ।ਨੀਲੇ ਰੰਗ ਦਾ ਸਾਫ ਪਾਣੀ ਜਦ ਪੱਥਰਾਂ ਨਾਲ ਅਠਖੇਲੀਆਂ ਕਰਦਾ ਹੈ ਤਾਂ ਇਹ ਨਜ਼ਾਰਾ ਸਾਡੇ ਧੁਰ ਅੰਦਰ ਤੱਕ ਉੱਤਰ ਜਾਂਦਾ ਹੈ। ਪਾਣੀ ਦੀ ਕਲ-ਕਲ ਦੀ ਆਵਾਜ਼ ਮਧੁਰ ਸੰਗੀਤ ਛੇੜਦੀ ਹੈ। ਅਸੀਂ ਅੱਧਾ-ਪੌਣਾ ਘੰਟਾ ਇਸ ਝੀਲ 'ਤੇ ਬਿਤਾਉਣ ਤੋਂ ਬਾਅਦ ਵਾਪਸ ਆਪਣੇ ਟੈਂਟ ਵਿੱਚ ਆ ਗਏ ਅਤੇ ਰਾਤ ਦੇ ਖਾਣੇ ਲਈ ਮੈਗੀ, ਸੂਪ ਅਤੇ ਸਵੀਟ ਕਾਰਨ ਬਣਾਉਣ ਲੱਗੇ। ਅੱਜ ਦਾ ਦਿਨ ਸੋਹਣਾ ਗੁਜ਼ਰਿਆ ਸੀ, ਸਫ਼ਰ ਦਾ ਆਨੰਦ ਆਇਆ ਸੀ। ਅਸੀਂ ਆਪਣਾ ਟੈਂਟ ਬੰਦ ਕੀਤਾ ਅਤੇ ਸੌਣ ਦੀ ਅਵਸਥਾ 'ਚ ਪਹੁੰਚਣ ਦੀ ਕੋਸ਼ਿਸ਼ ਕਰਨ ਲੱਗੇ, ਪਰ ਅਚਾਨਕ ਤਾਪਮਾਨ ਬਹੁਤ ਥੱਲੇ ਆ ਗਿਆ।ਸਾਨੂੰ ਕੱਲ੍ਹ ਵਾਲੀ ਰਾਤ ਤੋਂ ਜ਼ਿਆਦਾ ਠੰਢ ਮਹਿਸੂਸ ਹੋ ਰਹੀ ਸੀ। ਪੈਰ ਠੰਢੇ ਹੋ ਰਹੇ ਸਨ। ਅਸੀਂ ਇਹ ਸਾਰੀ ਰਾਤ ਜਾਗੋ-ਮੀਟੀ 'ਚ ਠੰਢ ਮਨਾਉਂਦਿਆਂ ਕੱਢੀ। ਸਵੇਰੇ ਉੱਠ ਕਿ ਵੇਖਿਆ ਤਾਂ ਸਾਰੇ ਗਰਾਉਂਡ ਵਿੱਚ ਕੋਰਾ ਜੰਮਿਆ ਹੋਇਆ ਸੀ ।ਟੈਂਟ ਦੀ ਬਾਹਰਲੀ ਪਰਤ ਕੋਰਾ ਜੰਮਣ ਕਰਕੇ ਆਕੜੀ ਹੋਈ ਸੀ। ਰਾਤ ਨੂੰ ਪੀਣ ਲਈ ਅਸੀਂ ਜੋ ਪਾਣੀ ਬੋਤਲਾਂ 'ਚ ਭਰਿਆ ਸੀ, ਉਹ ਬੋਤਲਾਂ ਦੇ ਵਿੱਚ ਹੀ ਪੂਰੀ ਤਰ੍ਹਾਂ ਜੰਮ ਚੁੱਕਾ ਸੀ।

ਸਵੇਰੇ ਚਾਹ ਤਿਆਰ ਕਰਨ ਲਈ ਨਾਲ ਵਗਦੇ ਨਾਲੇ 'ਚੋਂ ਕੁਝ ਪਾਣੀ ਭਰਿਆ, ਉਹਨੂੰ ਗਰਮ ਕੀਤਾ ਅਤੇ ਬੋਤਲਾਂ ਵਿੱਚ ਪਾ ਕੇ ਬੋਤਲਾਂ 'ਚ ਜੰਮੀ ਬਰਫ਼ ਖੋਰਨ ਲੱਗੇ। ਹੌਲੀ-ਹੌਲੀ ਦਿਨ ਪੂਰੀ ਤਰ੍ਹਾਂ ਚੜ੍ਹ ਚੁੱਕਾ ਸੀ। ਠੰਢ ਵੀ ਘਟਣੀ ਸ਼ੁਰੂ ਹੋ ਰਹੀ ਸੀ ।ਇਜ਼ਰਾਇਲ ਵਾਲੇ ਸੱਜਣ ਰਾਤ ਨੂੰ ਸੌਣ ਲੱਗੇ ਬਹੁਤ ਲੇਟ ਹੋ ਜਾਂਦੇ ਸੀ ਤੇ ਸਵੇਰੇ ਵੀ ਸਾਡੇ ਤੋਂ ਬਹੁਤ ਲੇਟ ਉੱਠਦੇ ਸਨ।

ਥੋੜ੍ਹਾ ਜਿਹਾ ਟਹਿਲਣ ਤੋਂ ਬਾਅਦ ਅਸੀਂ ਚਾਹ ਬਣਾ ਕੇ ਪੀਤੀ, ਜੋ ਸਾਡੇ ਕੋਲ ਖਾਣ ਦਾ ਸਮਾਨ ਸੀ, ਉਹ ਖਾਧਾ ਅਤੇ ਆਪਣਾ ਸਮਾਨ ਬੰਨ੍ਹ ਕੇ ਅਗਲੇ ਸਫ਼ਰ ਲਈ ਤਿਆਰ ਹੋ ਗਏ।

ਸਾਡਾ ਅੱਜ ਦਾ ਸਫ਼ਰ ਪੰਦਰਾਂ ਤੋਂ ਅਠਾਰਾਂ ਕਿਲੋਮੀਟਰ ਲੰਮਾ ਸੀ। ਅੱਜ ਅਸੀਂ ਵਿਸ਼ਨਸਰ ਝੀਲ ਜਿੱਥੇ ਅਸੀਂ ਰੁਕੇ ਹੋਏ ਸੀ, ਤੋਂ ਹੁੰਦੇ ਹੋਏ ਕਿਸ਼ਨਸਰ ਝੀਲ ਅਤੇ ਫਿਰ ਕਿਸ਼ਨਸਰ ਪਾਸ ਪਾਰ ਕਰਨ ਤੋਂ ਬਾਅਦ ਗਾਡਸਰ ਰੁਕਣਾ ਸੀ। ਅਸੀਂ ਦੋਨੋਂ ਜਣੇ ਤਿਆਰ ਹੋ ਕੇ ਵਿਸ਼ਨਸਰ ਝੀਲ ਦੇ ਪੱਤਣ 'ਤੇ ਆਪਣੇ ਗਾਈਡ ਅਤੇ ਨਾਲ ਦੇ ਸਾਥੀਆਂ ਦਾ ਇੰਤਜ਼ਾਰ ਕਰਨ ਲੱਗੇ।ਅਸੀਂ ਦੇਖਿਆ ਕਿ ਇਜ਼ਰਾਇਲ ਵਾਲੀ ਇਕ ਕੁੜੀ ਜੂਲੀਆ ਸਾਡੇ ਤੋਂ ਪਹਿਲਾਂ ਹੀ ਵਿਸ਼ਨਸਰ ਝੀਲ 'ਤੇ ਪਹੁੰਚੀ ਹੋਈ ਸੀ। ਇਸ ਕੁੜੀ ਨਾਲ ਗੱਲ ਕਰਨ 'ਤੇ ਪਤਾ ਲੱਗਾ ਕਿ ਇਹ ਕੁਝ ਸਾਲ ਇਜ਼ਰਾਇਲ ਦੀ ਫੌਜ ਵਿੱਚ ਨੌਕਰੀ ਕਰ ਚੁੱਕੀ ਹੈ। ਥੋੜ੍ਹੇ ਸਮੇਂ ਬਾਅਦ ਸਾਡੇ ਸਾਥੀ ਸਾਡੇ ਕੋਲ ਪਹੁੰਚ ਗਏ। ਇਹਨਾਂ 'ਚ ਕੁਝ ਰਾਤ ਇਹ ਝੀਲ ਦੇਖਣ ਲਈ ਨਹੀਂ ਆਏ ਸਨ, ਜੋ ਹੁਣ ਦੇਖ ਰਹੇ ਸਨ। ਜਮੀਲਾ ਨੇ ਆਉਂਦਿਆਂ ਸਾਰ ਹੀ ਝੀਲ ਦੇ ਠੰਢੇ ਪਾਣੀ ਵਿੱਚ ਆਪਣਾ ਸਿਰ ਡੁਬੋ ਲਿਆ, ਜਿਸ ਕਾਰਨ ਉਸ ਨੂੰ ਅਗਲੇਰੇ ਸਫ਼ਰ ਵਿੱਚ ਕਾਫੀ ਸਮੱਸਿਆ ਵੀ ਆਈ। ਸਾਡੇ ਗਾਈਡ ਨੇ ਦੱਸਿਆ ਕਿ ਰਾਤ ਆਕਸੀਜਨ ਦੀ ਕਮੀ ਕਾਰਨ ਔਲਾ ਦੇ ਸਿਰ ਦਰਦ ਹੁੰਦਾ ਰਿਹਾ। ਅਸੀਂ ਸਾਰੇ ਜਣੇ ਇਕੱਠੇ ਹੋ ਕੇ ਤੁਰਨਾ ਸ਼ੁਰੂ ਕਰ ਦਿੰਦੇ ਹਾਂ। ਠੰਢੇ ਪਾਣੀ 'ਚ ਸਿਰ ਡਬੋਣ ਕਾਰਨ ਜਮੀਲਾ ਦਾ ਸਿਰ ਦਰਦ ਸ਼ੁਰੂ ਹੋ ਗਿਆ ।ਔਲਾ ਰਾਤ ਤੋਂ ਹੀ altitude sickness ਤੋਂ ਪੀੜਤ ਸੀ ।ਅੱਜ ਸਾਡੇ ਟਰੈਕ 'ਤੇ ਦੋ ਇਨਸਾਨ ਸਰੀਰਕ ਤੌਰ 'ਤੇ ਪਰੇਸ਼ਾਨ ਸਨ। ਅਸੀਂ-ਹੌਲੀ ਹੌਲੀ ਤੁਰਨਾ ਜਾਰੀ ਰੱਖਿਆ ।ਗਾਈਡ ਕੋਲ ਮੁੱਢਲੀ ਸਹਾਇਤਾ ਲਈ ਦਵਾਈ ਸੀ, ਉਸ ਨੇ ਦੋਨਾਂ ਕੁੜੀਆਂ ਨੂੰ ਦੇ ਦਿੱਤੀ। ਉਹ ਸਾਡੇ ਨਾਲ ਤੁਰ ਰਹੀਆਂ ਸਨ, ਪਰ ਕਮਜ਼ੋਰ ਸਨ। ਵਿਸ਼ਨਸਰ ਝੀਲ ਦੇ ਨਾਲ ਹੀ ਕਿਸ਼ਨਸਰ ਝੀਲ ਸੀ, ਜੋ ਜ਼ਮੀਨ ਤੋਂ ਪੂਰੀ ਨਹੀਂ ਦਿਸਦੀ ਸੀ।ਜਦ ਅਸੀਂ ਹੌਲੀ-ਹੌਲੀ ਕਿਸ਼ਨਸਰ ਪਾਸ 'ਤੇ ਚੜ੍ਹਨ ਲੱਗੇ ਤਾਂ ਇੱਕ ਕਿਸ਼ਨਸਰ ਝੀਲ ਦਾ ਖ਼ੂਬਸੂਰਤ ਨਜ਼ਾਰਾ ਦਿਸਿਆ।ਕਿਸ਼ਨਸਰ ਝੀਲ ਵਿਸ਼ਨਸਰ ਝੀਲ ਤੋਂ ਥੋੜ੍ਹੀ ਉਚਾਈ 'ਤੇ ਸੀ, ਜਿਸ ਕਾਰਨ ਕਿਸ਼ਨਸਰ ਝੀਲ ਦਾ ਪਾਣੀ ਵਿਸ਼ਨਸਰ ਝੀਲ ਵਿੱਚ ਪੈਂਦਾ ਸੀ ਅਤੇ ਵਿਸ਼ਨਸਰ ਝੀਲ ਵਿੱਚੋਂ ਉਹ ਨਾਲਾ ਜਾਂ ਚਸ਼ਮਾ ਨਿਕਲਦਾ ਸੀ, ਜੋ ਸਾਡੇ ਟੈਂਟਾਂ ਕੋਲ ਦੀ ਵਗਦਾ ਸੀ।





ਕਈ ਝੀਲਾਂ ਤਾਂ ਪਹਾੜ ਤੋਂ ਡਿੱਗਦੇ ਪਾਣੀ ਨਾਲ ਬਣਦੀਆਂ ਹਨ, ਪਰ ਕੁਝ ਝੀਲਾਂ ਅਜਿਹੀਆਂ ਵੀ ਹੁੰਦੀਆਂ ਹਨ, ਜਿਨ੍ਹਾਂ ਦਾ ਪਾਣੀ ਪਹਾੜਾਂ ਤੋਂ ਆਉਣ ਦੀ ਬਜਾਏ ਥੱਲੇ ਜ਼ਮੀਨ 'ਚੋਂ ਨਿਕਲਦਾ ਹੈ।ਕਿਸ਼ਨਸਰ ਝੀਲ ਦਾ ਪਾਣੀ ਜ਼ਮੀਨ ਦੇ ਥੱਲਿਉਂ ਨਿਕਲਦਾ ਸੀ। ਅਸੀਂ ਵਿਸ਼ਨਸਰ ਅਤੇ ਕਿਸ਼ਨਸਰ ਝੀਲਾਂ ਦੇ ਸੰਗਮ ਨੂੰ ਉੱਚੀ ਪਹਾੜੀ ਤੋਂ ਖੜ੍ਹ ਕੇ ਤੱਕਿਆ ।ਇਹ ਸਾਡੀ ਜ਼ਿੰਦਗੀ ਦਾ ਸੋਹਣਾ ਤਜਰਬਾ ਸੀ ਕਿ ਦੋ ਦਰਿਆਵਾਂ ਜਾਂ ਨਦੀਆਂ ਦੇ ਸੰਗਮ ਤੋਂ ਬਾਅਦ ਅਸੀਂ ਦੋ ਝੀਲਾਂ ਦਾ ਸੰਗਮ ਦੇਖ ਰਹੇ ਸਾਂ। ਮੈਂ ਅਤੇ ਮੇਰਾ ਦੋਸਤ ਘੁੱਦਾ ਸਭ ਤੋਂ ਅੱਗੇ ਤੁਰ ਰਹੇ ਸੀ।ਸਾਡੇ ਨਾਲ ਸਾਡਾ ਗਾਈਡ ਇਮਤਿਆਜ਼ ਸੀ। ਉਚਾਈ ਤੋਂ ਥੱਲੇ ਨਿਗ੍ਹਾ ਮਾਰੀ ਤਾਂ ਇਜ਼ਰਾਇਲ ਵਾਲਾ ਗਰੁੱਪ ਸਾਡੇ ਤੋਂ ਕਾਫ਼ੀ ਪਿੱਛੇ ਸੀ। ਜਮੀਲਾ ਨੂੰ ਉਹਦਾ ਦੋਸਤ ਆਪਣੀ ਬਾਂਹ ਦਾ ਸਹਾਰਾ ਦੇ ਕੇ ਤੋਰ ਰਿਹਾ ਸੀ ਅਤੇ ਔਲਾ ਨੂੰ ਘੋੜੇ ਉੱਪਰ ਬਿਠਾਇਆ ਹੋਇਆ ਸੀ ।ਉਹਨਾਂ ਦੀ ਹਾਲਤ ਕਾਫ਼ੀ ਗੰਭੀਰ ਬਣੀ ਹੋਈ ਸੀ ਅਤੇ ਕਿਸ਼ਨਸਰ ਪਾਸ ਦੀ ਤਿੱਖੀ ਚੜ੍ਹਾਈ ਉਹਨਾਂ ਦੀ ਹਿੰਮਤ ਦਾ ਇਮਤਿਹਾਨ ਲੈਣ ਲਈ ਤਿਆਰ ਖੜ੍ਹੀ ਸੀ।

ਪਹਾੜਾਂ ਦੀਆਂ ਖੁੰਦਰਾਂ ਵਿੱਚ ਬਰਫ਼ ਦੇ ਗਲੇਸ਼ੀਅਰ ਏਦਾਂ ਝਾਕ ਰਹੇ ਸਨ, ਜਿਵੇਂ ਨਰਮੇ ਦੇ ਛੌਰਾਂ ਵਿੱਚੋਂ ਖਿੜੇ ਹੋਏ ਨਰਮੇ ਦੇ ਗੁੱਲ ਝਾਕਦੇ ਹਨ।

ਅਸੀਂ ਹੋਰ ਉਚਾਈ 'ਤੇ ਹੋ ਕੇ ਪਹਾੜਾਂ ਵੱਲ ਨਜ਼ਰ ਘੁੰਮਾਈ, ਕਾਲੇ ਰੰਗ ਤੇ ਪਹਾੜਾਂ ਤੋਂ ਚਿੱਟੀ ਬਰਫ਼ ਥੱਲੇ ਨੂੰ ਕਿਰ ਰਹੀ ਸੀ ।ਇਹ ਨਜ਼ਾਰਾ ਦੇਖਣ ਤੋਂ ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਕਿਸੇ ਕਾਲੀ ਅਫਰੀਕਨ ਔਰਤ ਨੇ ਚਿੱਟੇ ਵਾਲਾਂ ਦੀਆਂ ਮੀਢੀਆਂ ਗੁੰਦ ਆਪਣੇ ਮੂੰਹ 'ਤੇ ਲਮਕਾ ਲਈਆਂ ਹੋਣ।

ਅੱਜ ਕਿਸ਼ਨਸਰ ਪਾਸ 'ਤੇ ਸਾਨੂੰ ਵੀ ਆਕਸੀਜਨ ਦੀ ਕਮੀ ਮਹਿਸੂਸ ਹੋ ਰਹੀ ਸੀ ।ਸਾਡੇ ਸਾਹ ਫੁੱਲ ਰਹੇ ਸਨ ਅਤੇ ਸਰੀਰ ਵੀ ਕਮਜ਼ੋਰ ਮਹਿਸੂਸ ਹੋ ਰਿਹਾ ਸੀ। ਪਹਾੜਾਂ 'ਤੇ ਤੁਰਨ ਦਾ ਇੱਕ ਤਰੀਕਾ ਹੈ, ਤੁਸੀਂ ਇੱਕ ਸਾਹ ਨਾਲ ਇੱਕ ਪੈਰ ਪੱਟਣਾ ਹੈ। ਇੱਕ ਪੁਲਾਂਘ ਸਾਹ ਅੰਦਰ ਲੈ ਕੇ ਜਾਣ ਵੇਲੇ ਅਤੇ ਅਗਲੀ ਪੁਲਾਂਘ ਸਾਹ ਬਾਹਰ ਕੱਢਣ ਵੇਲੇ। ਸਾਹ ਅਤੇ ਪੁਲਾਂਘ ਦਾ ਤਾਲਮੇਲ ਤੁਰਨ ਵਿੱਚ ਬਹੁਤ ਸਹਾਇਕ ਹੁੰਦਾ ਹੈ। ਇੱਕ ਹੋਰ ਧਿਆਨ ਦੇਣ ਯੋਗ ਗੱਲ ਹੈ ਕਿ ਪਹਾੜ ਦੀ ਚੜ੍ਹਾਈ ਚੜ੍ਹਨ ਵੇਲੇ ਹਮੇਸ਼ਾ ਪੁਲਾਂਘ ਛੋਟੀ ਰੱਖੋ।

ਅਸੀਂ ਹੌਲੀ-ਹੌਲੀ ਕਿਸ਼ਨਸਰ ਪਾਸ 'ਤੇ ਪਹੁੰਚ ਗਏ। ਇਹ ਸੱਚਮੁੱਚ ਬਹੁਤ ਉੱਚੀ ਜਗ੍ਹਾ ਮਹਿਸੂਸ ਹੋ ਰਹੀ ਸੀ ।ਪਾਸ ਦੇ ਦੋਨੋਂ ਪਾਸੇ ਬਹੁਤ ਨੀਵੇਂ ਦਿਸ ਰਹੇ ਸਨ। ਸਾਨੂੰ ਪਾਸ ਦੇ ਅਗਲੇ ਪਾਸੇ ਦੋ ਥਾਵਾਂ 'ਤੇ ਪਾਣੀ ਚਮਕਦਾ ਦਿਸਿਆ, ਜਿਸ ਤੋਂ ਸਾਨੂੰ ਪਤਾ ਲੱਗਾ ਕਿ ਅੱਗੇ ਦੋ ਝੀਲ੍ਹਾਂ ਹੋਰ ਹਨ।ਅਸੀਂ ਪਾਸ 'ਤੇ ਰੁਕ ਕਿ ਅਰਾਮ ਕਰਨ ਲੱਗੇ ਤਾਂ ਮਗਰਲੇ ਦੋਸਤ ਵੀ ਸਾਡੇ ਨਾਲ ਰਲ ਗਏ। ਪਾਸ 'ਤੇ ਬੈਠ ਕਿ ਉਹ ਆਪਣਾ ਦੁਪਹਿਰ ਦਾ ਖਾਣਾ ਖਾਣ ਲੱਗੇ। ਉਹਨਾਂ ਦਾ ਗਾਈਡ ਉਹਨਾਂ ਲਈ ਸਵੇਰੇ ਹੀ ਕਦੇ ਚੌਲ-ਦਾਲ, ਕਦੇ ਆਂਡਿਆਂ ਦੀ ਭੁਰਜੀ ਅਤੇ ਕਦੇ ਰੋਟੀ ਬਣਾ ਕੇ ਨਾਲ ਬੰਨ੍ਹ ਲੈਂਦਾ, ਜੋ ਉਹ ਦੁਪਹਿਰ ਵੇਲੇ ਖਾਂਦੇ ਸਨ। ਸਾਡੇ ਮਾਹਤੜਾਂ ਕੋਲ ਖਾਣ ਲਈ ਉਹੀ ਪਿੰਨੀਆਂ ਸਨ, ਜੋ ਅਸੀਂ ਘਰੋਂ ਬਣਾ ਕਿ ਲੈ ਕੇ ਗਏ ਸੀ ।ਅਸੀਂ ਸਵੇਰੇ ਅਤੇ ਰਾਤੀਂ ਮੈਗੀ ਖਾਂਦੇ ਅਤੇ ਸਫ਼ਰ ਕਰਦੇ ਸਮੇਂ ਰਸਤੇ 'ਚ ਭੁੱਖ ਲਗਦੀ ਤਾਂ ਸਾਡੇ ਕੋਲ ਪਿੰਨੀਆਂ ਅਤੇ ਰਸ ਹੁੰਦੇ ਸਨ।ਦੂਜੇ ਸੱਜਣ ਜਿੱਥੇ ਕੁਝ ਖਾਣ ਬੈਠਦੇ, ਅਸੀਂ ਆਪਣੀਆਂ ਪਿੰਨੀਆਂ ਖੋਲ੍ਹ ਲੈਂਦੇ ।ਪਾਸ 'ਤੇ ਖਾਣਾ ਖਾਣ ਤੋਂ ਬਾਅਦ ਅਸੀਂ ਥੱਲੇ ਉੱਤਰਨਾ ਸ਼ੁਰੂ ਕਰ ਦਿੱਤਾ।ਕੁਝ ਕੁ ਸਮਾਂ ਤਿੱਖੀ ਢਲਾਨ ਉਤਰਨ ਤੋਂ ਬਾਅਦ ਅਸੀਂ ਪੱਧਰੇ ਰਾਹ 'ਤੇ ਤੁਰਨ ਲੱਗੇ ।ਲਗਭਗ ਦੁਪਹਿਰ ਦੇ ਦੋ ਵਜੇ ਤੱਕ ਅਸੀਂ ਉਹਨਾਂ ਦੋ ਝੀਲਾਂ ਤੱਕ ਪਹੁੰਚ ਗਏ ਸੀ, ਜੋ ਪਾਸ ਤੋਂ ਦਿਸ ਰਹੀਆਂ ਸਨ। ਅਸਲ 'ਚ ਇਹ ਝੀਲਾਂ ਨਹੀਂ ਸਨ, ਪਹਾੜ ਦੇ ਨਾਲ-ਨਾਲ ਇਕ ਪਾਣੀ ਦਾ ਨਾਲਾ ਵਗ ਰਿਹਾ ਸੀ ਤੇ ਇਸ ਜਗ੍ਹਾ 'ਤੇ ਆ ਕੇ ਉਹ ਪਾਣੀ ਕਾਫੀ ਇਲਾਕੇ 'ਚ ਫੈਲਿਆ ਹੋਇਆ ਸੀ, ਜੋ ਉੱਪਰ ਤੋਂ ਚਮਕਦਾ ਦਿਸਦਾ ਸੀ। ਅਸੀਂ ਆਪਣੇ ਪੀਣ ਲਈ ਇੱਥੋਂ ਪਾਣੀ ਭਰਿਆ ਅਤੇ ਅੱਗੇ ਤੁਰਨ ਲੱਗੇ ।ਪਹਾੜਾਂ ਦੇ ਵਗਦੇ ਝਰਨਿਆਂ ਤੋਂ ਪਾਣੀ ਭਰਨ ਵੇਲੇ ਇਹ ਖਿਆਲ ਰੱਖਣਾ ਪੈਂਦਾ ਹੈ ਕਿ ਇਹ ਵਗਦਾ ਪਾਣੀ ਕਿਸੇ ਵਸੋਂ ਵਾਲੇ ਇਲਾਕੇ ਵਿਚਦੀ ਨਾ ਆਉਂਦਾ ਹੋਵੇ, ਕਿਉਂਕਿ ਜਿਹੜਾ ਪਾਣੀ ਕਿਸੇ ਪਿੰਡ ਜਾਂ ਘਰਾਂ ਦੇ ਕੋਲ ਦੀ ਵਗਦਾ ਹੈ, ਉਹ ਪੀਣ ਯੋਗ ਨਹੀਂ ਰਹਿੰਦਾ। ਉਹਦੇ 'ਚ ਕਈ ਤਰ੍ਹਾਂ ਦੇ ਸਰਫ਼, ਸਾਬਣ ਅਤੇ ਮਲ ਪਦਾਰਥ ਘੁਲੇ ਹੁੰਦੇ ਹਨ, ਪਰ ਸੱਤ-ਅੱਠ ਹਜ਼ਾਰ ਫੁੱਟ ਤੋਂ ਉੱਪਰ ਵਸੋਂ ਬਹੁਤ ਵਿਰਲੀ ਮਿਲਦੀ ਹੈ ਤੇ ਏਨੀ ਉਚਾਈ 'ਤੇ ਮਿਲਣ ਵਾਲਾ ਪਾਣੀ ਪੀਣਯੋਗ ਹੀ ਹੁੰਦਾ ਹੈ।

ਅਸੀਂ ਹੁਣ ਬਿਲਕੁਲ ਪੱਧਰੇ ਰਾਹ 'ਤੇ ਤੁਰ ਰਹੇ ਸੀ।ਸਾਡੇ ਦੋਨੋਂ ਪਾਸੇ ਪਿੱਛੇ ਹਟਵੀਆਂ ਪਹਾੜਾਂ ਦੀਆਂ ਚੋਟੀਆਂ ਸਨ। ਅਸੀਂ ਦੋ ਪਹਾੜਾਂ ਵਿਚਕਾਰ ਤੁਰ ਰਹੇ ਸਾਂ। ਲਗਭਗ ਇੱਕ ਘੰਟਾ ਤੁਰਨ ਤੋਂ ਬਾਅਦ ਅਸੀਂ ਗਾਡਸਰ ਝੀਲ 'ਤੇ ਪਹੁੰਚ ਗਏ ।ਇਹ ਝੀਲ ਕਿਸੇ ਗੁੰਦਵੇਂ ਸਰੀਰ ਵਾਲੀ ਮੁਟਿਆਰ ਵਾਂਗ ਚਾਰਾਂ ਕੰਨੀਆਂ ਤੋਂ ਬਰਾਬਰ ਸੀ । ਝੀਲ ਦੀ ਵੱਖੀ 'ਤੇ ਖੜ੍ਹਾ ਬਰਫ਼ ਦਾ ਗਲੇਸ਼ੀਅਰ ਇਹਦੀ ਖ਼ੂਬਸੂਰਤੀ ਹੋਰ ਵਧਾ ਰਿਹਾ ਸੀ ।ਨੀਲੇ ਰੰਗ ਦਾ ਗਹਿਰਾ ਪਾਣੀ ਇਹਦੀ ਡੂੰਘਾਈ ਦੱਸ ਰਿਹਾ ਸੀ । ਇਹ ਝੀਲ ਬਿਲਕੁਲ ਚੌਰਸ ਸੀ ।ਸਾਡਾ ਰਸਤਾ ਬਿਲਕੁਲ ਇਹਦੇ ਨਾਲ ਦੀ ਲੰਘਦਾ ਸੀ ।ਇਮਤਿਆਜ਼ ਨੇ ਦੱਸਿਆ ਕਿ ਕਸ਼ਮੀਰੀ ਭਾਸ਼ਾ ਵਿੱਚ ਮੱਛੀ ਨੂੰ ਗਾਡ ਕਿਹਾ ਜਾਂਦਾ ਹੈ ਅਤੇ ਝੀਲ ਨੂੰ ਸਰ। ਇਸ ਝੀਲ ਵਿੱਚ ਬਹੁਤ ਜ਼ਿਆਦਾ ਮੱਛੀਆਂ ਸਨ, ਇਸ ਲਈ ਇਸ ਦਾ ਨਾਂ ਗਾਡਸਰ (ਮੱਛੀਆਂ ਦੀ ਝੀਲ) ਪੈ ਗਿਆ।ਇਮਤਿਆਜ਼ ਨੇ ਦੱਸਿਆ ਕਿ ਇਹ ਝੀਲ ਬਹੁਤ ਡੂੰਘੀ ਹੈ, ਇਸ ਲਈ ਉਸ ਨੇ ਸਾਨੂੰ ਇਸ ਦੇ ਨਜ਼ਦੀਕ ਜਾਣ ਤੋਂ ਰੋਕ ਦਿੱਤਾ ।ਅੱਜ ਸਾਰੇ ਜਣਿਆਂ ਦੀ ਰੋਟੀ ਇਮਤਿਆਜ਼ ਕੋਲ ਸੀ, ਪਰ ਇਜ਼ਰਾਇਲ ਵਾਲਾ ਗਰੁੱਪ ਸਾਡੇ ਤੋਂ ਕਾਫ਼ੀ ਪਿੱਛੇ ਰਹਿ ਗਿਆ ਸੀ। ਇਮਤਿਆਜ ਨੇ ਉਹਨਾਂ ਦੀ ਰੋਟੀ ਇੱਕ ਝੋਲੇ ਵਿੱਚ ਪਾ ਕੇ ਰਸਤੇ 'ਚ ਪਏ ਇੱਕ ਪੱਥਰ 'ਤੇ ਰੱਖ ਦਿੱਤੀ। ਇਮਤਿਆਜ਼ ਨੇ ਅੱਜ ਇੱਕ-ਇੱਕ ਰੋਟੀ ਅਤੇ ਇੱਕ-ਇੱਕ ਉਬਲਿਆ ਆਂਡਾ ਸਾਡੇ ਲਈ ਵੀ ਪੈਕ ਕਰ ਲਿਆ ਸੀ, ਜੋ ਉਸ ਨੇ ਸਾਨੂੰ ਖਾਣ ਲਈ ਦਿੱਤਾ। ਹਰ ਰੋਜ਼ ਪਿੰਨੀਆਂ ਖਾਂਦੇ ਦੇਖ ਇਮਤਿਆਜ ਨੂੰ ਵੀ ਸਾਡੇ ਨਾਲ ਹਮਦਰਦੀ ਹੋ ਗਈ ਸੀ।

ਗਾਡਸਰ ਤੋਂ ਲੰਘਦਿਆਂ ਅਸੀਂ ਘਾਹ ਦੇ ਖੁੱਲ੍ਹੇ ਮੈਦਾਨ ਵਿੱਚ ਪਹੁੰਚ ਗਏ।

ਸਾਨੂੰ ਇਮਤਿਆਜ਼ ਨੇ ਸਾਵਧਾਨ ਕਰਦੇ ਕਿਹਾ— ਆਗੇ ਫੌਜੀ ਹੈ, ਵੋਹ ਹਮਸੇ ਬੱਕਰੀ ਛੀਨ ਲੇਂਗੇ, ਆਪ ਕਹਿ ਦੇਨਾ ਆਪ ਨੇ ਖ਼ਰੀਦੀ ਹੈ...ਪਾਲਤੂ ਹੈ..!

ਬਚ ਜਾਏਗੀ

ਜੋ ਇਮਤਿਆਜ਼ ਨੇ ਕਿਹਾ, ਉਹੀ ਹੋਇਆ।ਅੱਗੇ ਫੌਜ ਦੀ ਚੈੱਕ ਪੋਸਟ ਸੀ। ਜਦ ਅਸੀਂ ਚੈੱਕ ਪੋਸਟ 'ਤੇ ਪਹੁੰਚੇ ਤਾਂ ਆਵਦੇ ਕਾਗਜ਼ ਚੈੱਕ ਕਰਵਾਏ।ਫੌਜੀਆਂ ਨੇ ਸਾਡੇ ਸਭ ਦੇ ਕਾਗਜ਼ ਚੈੱਕ ਕਰਕੇ ਸਾਨੂੰ ਜਾਣ ਦੀ ਇਜਾਜ਼ਤ ਦਿੱਤੀ, ਪਰ ਇਮਤਿਆਜ਼ ਨੂੰ ਰੋਕ ਲਿਆ। ਉਹ ਇਮਤਿਆਜ਼ ਤੋਂ ਬੱਕਰੀ ਮੰਗ ਰਹੇ ਸਨ, ਪਰ ਇਮਤਿਆਜ਼ ਨੇ ਸਾਡੇ ਵੱਲ ਇਸ਼ਾਰਾ ਕਰਦੇ ਕਿਹਾ ਕਿ ਇਹ ਉਹਨਾਂ ਦੀ ਬੱਕਰੀ ਹੈ। ਫੌਜੀਆਂ ਤੇ ਇਮਤਿਆਜ਼ ਵਿਚਾਲੇ ਹੁੰਦੀ ਗੱਲਬਾਤ ਸੁਣ ਕਿ ਅਸੀਂ ਫੌਜੀਆਂ ਵੱਲ ਵਾਪਸ ਗਏ ਅਤੇ ਉਹਨਾਂ ਨੂੰ ਕਿਹਾ ਕਿ ਇਹ ਬੱਕਰੀ ਸਾਡੀ ਹੈ, ਅਸੀਂ ਖ਼ਰੀਦ ਕਿ ਲੈ ਕੇ ਆਏ ਹਾਂ। ਕੁਝ ਗੱਲਬਾਤ ਤੋਂ ਬਾਅਦ ਸਾਨੂੰ ਫੌਜੀਆਂ ਨੇ ਲੰਘਣ ਦਿੱਤਾ।



ਇਜ਼ਰਾਇਲੀ ਦੋਸਤ ਜ਼ਮੀਲਾ ਨਾਲ ਲੇਖਕ

ਸਾਡੇ ਟਰੈਕ ਦੇ ਨਾਲ ਸਾਨੂੰ ਇੱਕ ਬਿਜਲੀ ਵਾਲੀ ਤਾਰ ਵਿੱਛੀ ਦਿਖਾਈ ਦਿੱਤੀ।ਅਸੀਂ ਧਿਆਨ ਨਾਲ ਦੇਖਿਆ ਤਾਂ ਸਾਨੂੰ ਉੱਪਰ ਪਹਾੜਾਂ 'ਤੇ ਫੌਜ ਦੇ ਬੰਕਰ ਬਣੇ ਵੀ ਦਿਖਾਈ ਦਿੱਤੇ ।ਅਸੀਂ ਪਾਕਿਸਤਾਨ ਬਾਰਡਰ ਤੋਂ ਪੱਚੀ-ਤੀਹ ਕਿਲੋਮੀਟਰ ਹੀ ਪਿੱਛੇ ਸਾਂ, ਇਸ ਲਈ ਇਥੇ ਫੌਜ ਦੇ ਬੰਕਰ ਅਤੇ ਪੋਸਟਾਂ ਸਨ। ਗਾਡਸਰ ਦਾ ਇਲਾਕਾ ਗੁਰੇਜ਼ ਵੈਲੀ ਦਾ ਇਲਾਕਾ ਸੀ।

ਅਸੀਂ ਤੁਰਦਿਆਂ ਗਾਡਸਰ ਮੈਦਾਨ ਵਿੱਚ ਪਹੁੰਚ ਗਏ । ਇੱਥੋਂ ਦੀ ਹਾਲਤ ਤੇ ਖਿਲਰਿਆ ਕੂੜਾ ਦੇਖ ਕਿ ਸਾਡਾ ਮਨ ਬਹੁਤ ਖ਼ਰਾਬ ਹੋਇਆ। ਸਾਰੇ ਗਰਾਊਂਡ ਵਿੱਚ ਪਲਾਸਟਿਕ ਦੀਆਂ ਬੋਤਲਾਂ, ਡਿਸਪੋਜ਼ਲ ਗਲਾਸ, ਨੈਪਕਿਨ, ਸੈਨੇਟਰੀ ਪੈਡਸ ਤੇ ਹੋਰ ਪਤਾ ਨਹੀਂ ਕੀ-ਕੀ ਖਿੱਲਰਿਆ ਪਿਆ ਸੀ। ਇਹ ਹਾਲਾਤ ਦੇਖ ਕੇ ਮੈਨੂੰ ਮਨਮੋਹਨ ਬਾਵਾ ਦਾ ਇੱਕ ਕਥਨ ਯਾਦ ਆ ਗਿਆ, ਜਿਸ 'ਚ ਉਹ ਕਹਿ ਰਹੇ ਸਨ ਕਿ 'ਹਿਮਾਲਿਆ ਦਾ ਸਫ਼ਰ ਕਰਦਿਆਂ ਜੇਕਰ ਉਹਨਾਂ ਨੂੰ ਕੋਈ ਸ਼ਾਂਤ ਤੇ ਖ਼ੂਬਸੂਰਤ ਜਗ੍ਹਾ ਮਿਲ ਜਾਵੇ ਤਾਂ ਉਹ ਉਸ ਜਗ੍ਹਾ ਦਾ ਜ਼ਿਕਰ ਕਿਸੇ ਵੀ ਭਾਸ਼ਨ ਜਾਂ ਕਿਤਾਬ ਵਿੱਚ ਨਹੀਂ ਕਰਦੇ, ਜਿੱਥੇ ਜ਼ਿਆਦਾ ਲੋਕ ਜਾਣ ਲੱਗ ਜਾਣ, ਉਹ ਥਾਵਾਂ ਦੀ ਖ਼ੂਬਸੂਰਤੀ ਖੋਹ ਲੈਂਦੇ ਹਨ। ਗਾਡਸਰ ਨਾਲ ਇਹੀ ਹੋਇਆ ਪ੍ਰਤੀਕ ਹੋ ਰਿਹਾ ਸੀ।

ਗਾਡਸਰ ਦਾ ਇਹ ਵੱਡਾ ਗਰਾਊਂਡ ਸੀ ਤੇ ਪਰਬਤੀ ਯਾਤਰੀਆਂ ਲਈ ਵੱਡਾ ਰੈਣ ਬਸੇਰਾ। ਇਮਤਿਆਜ਼ ਨੇ ਦੱਸਿਆ ਕਿ ਹੁਣ ਸੀਜ਼ਨ ਖ਼ਤਮ ਹੋ ਚੁੱਕਾ ਹੈ, ਪਰ ਸੀਜ਼ਨ ਵੇਲੇ ਇਥੇ ਟੈਂਟ ਲਾਉਣ ਲਈ ਜਗ੍ਹਾ ਨਹੀਂ ਮਿਲਦੀ, ਹਰ ਰੋਜ਼ ਦੋ-ਢਾਈ ਸੌ ਪਰਬਤ ਯਾਤਰੀਆਂ ਦਾ ਇਕੱਠ ਏਥੇ ਰੁਕਦਾ ਹੈ।ਜਦੋਂ ਤੋਂ ਟਰੈਕਿੰਗ ਵਿੱਚ ਵੱਡੀਆਂ ਕੰਪਨੀਆਂ ਦਾਖ਼ਲ ਹੋਈਆਂ ਹਨ, ਇਸ ਨੂੰ ਸ਼ੌਕ ਤੋਂ ਬਜ਼ਾਰ ਨਾਲ ਜੋੜ ਦਿੱਤਾ ਗਿਆ ਹੈ।ਸੋਸ਼ਲ ਮੀਡੀਆ ਰਾਹੀਂ ਹੁੰਦੇ ਜ਼ੋਰਾਂ-ਸ਼ੋਰਾਂ ਦੇ ਪ੍ਰਚਾਰ ਨੇ ਪਹਾੜਾਂ ਵਿੱਚ ਇਕੱਠ ਵਧਾ ਦਿੱਤਾ ਹੈ। ਵੱਡੀਆਂ ਕੰਪਨੀਆਂ, ਜੋ ਸਹੂਲਤਾਂ ਪਰਬਤੀ ਯਾਤਰੀਆਂ ਨੂੰ ਦਿੰਦੀਆਂ ਹਨ, ਉਸ ਨਾਲ ਐਡਵੈਂਚਰ ਵੀ ਖ਼ਤਮ ਹੋ ਚੁੱਕਾ ਹੈ। ਹੁਣ ਪਰਬਤ ਯਾਤਰੀ ਆਪਣੇ ਨਾਲ ਪੂਰਾ ਘਰ ਲੈ ਕੇ ਤੁਰਦੇ ਹਨ।ਕੰਪਨੀਆਂ ਇਹਨਾਂ ਯਾਤਰੀਆਂ ਨੂੰ ਖਾਣ-ਪੀਣ, ਰਹਿਣ, ਤੁਰਨ ਦੀ ਹਰ ਸਹੂਲਤ ਘਰ ਵਾਂਗ ਦਿੰਦੀਆਂ ਹਨ, ਜਿਸ ਕਾਰਨ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਾ-ਕਾਬਲ ਲੋਕ ਵੀ ਇਹਨਾਂ ਪਹਾੜਾਂ ਤੱਕ ਪਹੁੰਚ ਜਾਂਦੇ ਹਨ।

ਗਾਡਸਰ ਦੇ ਮੈਦਾਨ 'ਚ ਅਸੀਂ ਵੀ ਆਪਣਾ ਟੈਂਟ ਗੱਡ ਲਿਆ ਅਤੇ ਸਭ ਤੋਂ ਪਹਿਲਾਂ ਪੀਣ ਲਈ ਗ਼ਰਮ ਸੂਪ ਬਣਾਇਆ ।ਸਾਨੂੰ ਥੋੜ੍ਹੀ ਦੂਰ ਬੱਕਰਵਾਲਾਂ ਦੀ ਠਹਿਰ ਦਿਖਾਈ ਦਿੱਤੀ ।ਅਸੀਂ ਉਹਨਾਂ ਦੀ ਠਹਿਰ ਵਿੱਚ ਰੁਕਣ ਦਾ ਮਨ ਬਣਾਇਆ, ਪਰ ਜਦ ਜਾ ਕੇ ਦੇਖਿਆ ਤਾਂ ਉਸ ਵਿੱਚ ਮੀਂਗਣਾਂ ਅਤੇ ਕੂੜਾ ਬਹੁਤ ਜ਼ਿਆਦਾ ਸੀ, ਜਿਸ ਕਾਰਨ ਅਸੀਂ ਉੱਥੋਂ ਵਾਪਸ ਆਪਣੇ ਟੈਂਟ ਵਿੱਚ ਹੀ ਆ ਗਏ ।ਅਸੀਂ ਚੈੱਕ ਪੋਸਟ ਤੋਂ ਥੋੜ੍ਹਾ ਹੀ ਦੂਰ ਸੀ।ਥੋੜ੍ਹੇ ਸਮੇਂ ਬਾਅਦ ਇੱਕ ਫੌਜੀ ਸਾਡੇ ਟੈਂਟਾਂ ਵੱਲ ਆਇਆ ਤੇ ਬੱਕਰੀ ਦੇ ਮੇਮਣੇ ਬਾਰੇ ਪੁੱਛਣ ਲੱਗਾ ।ਅਸੀਂ ਫਿਰ ਉਸ ਨੂੰ ਇਹ ਕਹਿ ਕਿ ਮਨ੍ਹਾ ਕਰ ਦਿੱਤਾ ਕਿ ਅਸੀਂ ਪਹਾੜੀ ਨਸਲ ਦੀ ਬੱਕਰੀ ਪੰਜਾਬ ਲੈ ਕੇ ਜਾਣ ਲਈ ਖ਼ਰੀਦੀ ਹੈ, ਕਿਉਂਕਿ ਸਾਡੇ ਵੱਲ ਇਹ ਨਸਲ ਮਿਲਦੀ ਨਹੀਂ।

ਇਹ ਫੌਜੀ ਜਵਾਨ ਸ਼ਕਲ-ਸੂਰਤ ਤੋਂ ਨੇਪਾਲੀ ਲੱਗਦੇ ਸਨ। ਸਾਡੇ ਵਾਰ-ਵਾਰ ਨਾਂਹ ਕਰਨ 'ਤੇ ਉਸ ਫੌਜੀ ਨੇ ਸਾਨੂੰ ਪੈਸਿਆਂ ਦਾ ਲਾਲਚ ਵੀ ਦਿੱਤਾ ਕਿ ਅਸੀਂ ਇਹ ਬੱਕਰੀ ਉਹਨਾਂ ਨੂੰ ਵੇਚ ਦੇਈਏ । ਫੌਜ ਦਾ ਇਸ ਤਰ੍ਹਾਂ ਦਾ ਵਿਹਾਰ ਸਾਨੂੰ ਬਹੁਤ ਬੁਰਾ ਲੱਗਾ ਰਿਹਾ ਸੀ। ਸਾਨੂੰ ਲੱਗ ਰਿਹਾ ਸੀ ਕਿ ਸਾਡੇ ਨਾਲ ਵਿਦੇਸ਼ੀ ਸੈਲਾਨੀ ਹੋਣ ਕਾਰਨ ਉਹ ਸਾਡੇ ਨਾਲ ਕੋਈ ਬਦਤਮੀਜ਼ੀ ਨਹੀਂ ਕਰ ਰਹੇ। ਜੇਕਰ ਇਮਤਿਆਜ਼ ਇੱਕਲਾ ਹੁੰਦਾ ਤਾਂ ਸ਼ਾਇਦ ਉਹ ਜ਼ਬਰਦਸਤੀ ਵੀ ਬੱਕਰੀ ਖੋਹ ਕੇ ਲੈ ਜਾਂਦੇ। ਇਮਤਿਆਜ਼ ਵੀ ਸਾਨੂੰ ਇਹੀ ਕਹਿ ਰਿਹਾ ਸੀ ਕਿ ਫੌਜੀ ਮੇਰੇ ਤੋਂ ਇਹ ਬੱਕਰੀ ਜ਼ਰੂਰ ਖੋਹਣਗੇ। ਹੁਣ ਸਾਡਾ ਸਾਰਾ ਗਰੁੱਪ ਇੱਥੇ ਪਹੁੰਚ ਗਿਆ ਸੀ ।ਰਾਤ ਰੁਕਣ ਲਈ ਟੈਂਟ ਲੱਗ ਗਏ ਸਨ। ਅਸੀਂ ਆਪਣਾ ਖਾਣਾ ਬਣਾ ਕੇ ਖਾ ਲਿਆ। ਅਸਲ 'ਚ ਸਾਡੇ ਕੋਲ ਖਾਣੇ 'ਚ ਰੂਪ ਚ ਬਣਾਉਣ ਲਈ ਮੈਗੀ ਅਤੇ ਸੂਪ ਹੀ ਸੀ।

ਇਜ਼ਰਾਇਲ ਵਾਲਿਆਂ ਕੋਲ ਰਸੋਈ ਦਾ ਸਾਰਾ ਸਮਾਨ ਘੋੜਿਆਂ 'ਤੇ ਲੱਦਿਆ ਹੋਇਆ ਸੀ।ਉਹਨਾਂ ਨੂੰ ਦਿਨ 'ਚ ਤਿੰਨ ਵਾਰ ਪੂਰਾ ਖਾਣਾ ਬਣਾ ਕੇ ਪਰੋਸਿਆ ਜਾਂਦਾ ਸੀ ।ਅੱਜ ਉਹਨਾਂ ਨੂੰ ਇਹ ਸਮੱਸਿਆ ਪੈਦਾ ਹੋ ਗਈ ਕਿ ਉਹਨਾਂ ਦਾ ਲੂਣ ਵਾਲਾ ਪੈਕਟ ਕਿਤੇ ਡਿੱਗ ਪਿਆ ਸੀ ।ਲੂਣ ਬਿਨਾਂ ਕੋਈ ਖਾਣਾ ਨਹੀਂ ਬਣਨਾ ਸੀ। ਇਕੋ ਹੀ ਰਸਤਾ ਬਚਦਾ ਸੀ ਕਿ ਲੂਣ ਚੈੱਕ ਪੋਸਟ ਵਾਲੇ ਫੌਜੀਆਂ ਤੋਂ ਮੰਗਿਆ ਜਾਵੇ, ਪਰ ਬੱਕਰੀ ਨਾ ਦੇਣ ਕਾਰਨ ਉਹਨਾਂ ਨਾਲ ਪਹਿਲਾਂ ਹੀ ਝਮੇਲਾ ਪੈ ਚੁੱਕਿਆ ਸੀ। ਇਮਤਿਆਜ਼ ਸਾਡੇ ਕੋਲ ਆਇਆ ਤੇ ਸਾਰੀ ਸਮੱਸਿਆ ਦੱਸੀ। ਮੈਂ ਤੇ ਮੇਰੇ ਦੋਸਤ ਅੰਮ੍ਰਿਤਪਾਲ ਨੇ ਮਨ ਬਣਾਇਆ ਕਿ ਆਪਾਂ ਜਾ ਕੇ ਫੌਜੀਆਂ ਤੋਂ ਲੂਣ ਮੰਗਦੇ ਹਾਂ।ਅਸੀਂ ਦੋਨੋਂ ਫੌਜੀਆਂ ਦੀ ਚੈੱਕ ਪੋਸਟ ਵੱਲ ਤੁਰ ਪਏ। ਅਸੀਂ ਫੌਜੀਆਂ ਤੋਂ ਲੂਣ ਮੰਗਿਆ ਤਾਂ ਉਹਨਾਂ ਸਾਡੇ ਨਾਲ ਬਹੁਤ ਰੁੱਖੇਪਣ 'ਚ ਗੱਲ ਕੀਤੀ। ਮੇਰੇ ਪੈਰਾਂ 'ਚ ਚੱਪਲਾਂ ਪਾਈਆਂ ਸਨ, ਜਿਸ ਨੂੰ ਆਧਾਰ ਬਣਾ ਕਿ ਫੌਜੀ ਅਫ਼ਸਰ ਮੇਰੇ 'ਤੇ ਗੁੱਸਾ ਕੱਢਣ ਲੱਗਾ ਕਿ ਸਰਦੀ ਲੱਗ ਜਾਏਗੀ, ਤਾਮੀਜ ਨਹੀਂ ਗੂੰਮਨੇ ਕੀ.... ਆਪ ਕੋ ਮਾਲੂਮ ਨਹੀਂ ਆਪ ਕਿਸ ਇਲਾਕੇ ਮੇਂ ਹੈ...। ਕੁਝ ਸਮਾਂ ਬੋਲਣ ਤੋਂ ਬਾਅਦ ਹਲਾਤ ਕੁਝ ਅਨੁਕੂਲ ਹੋ ਗਏ ਤੇ ਅਸੀਂ ਕਿਹਾ ਕਿ ਸਾਨੂੰ ਨਮਕ ਚਾਹੀਦਾ ਹੈ।ਇਕ ਫੌਜੀ ਬੋਲਿਆ..

ਉਸ ਕਸ਼ਮੀਰੀ ਕੋ ਭੇਜੋ, ਉਸਕੋ ਦੇਤੇ ਹੈ ਨਮਕ

ਇੱਕ ਹੋਰ ਫੌਜੀ ਬੋਲਿਆ..

ਆਪ ਕਹਾਂ ਕਿ ਹੋ..?

ਅਸੀਂ ਕਿਹਾ, 'ਹਮ ਤੋ ਪੰਜਾਬ ਸੇ ਹੈ।' ਸਾਡੇ ਇਹ ਕਹਿਣ ਨਾਲ ਉਹਨਾਂ ਦਾ ਵਤੀਰਾ ਬਿਲਕੁਲ ਹੀ ਬਦਲ ਗਿਆ ਤੇ ਉਹਨਾਂ ਸਾਨੂੰ ਇੱਕ ਕਾਗਜ਼ 'ਤੇ ਲੂਣ ਪਾ ਕੇ ਦੇ ਦਿੱਤਾ, ਜੋ ਅਸੀਂ ਦੂਜੇ ਗਰੁੱਪ ਦੇ ਗਾਈਡ ਨੂੰ ਫੜਾ ਦਿੱਤਾ।

ਲੂਣ ਦੇ ਅਹਿਸਾਨ 'ਚ ਅੱਜ ਸ਼ਾਮ ਨੂੰ ਸਾਡੇ ਕੋਲ ਵੀ ਪੱਕਿਆ-ਪਕਾਇਆ ਖਾਣਾ ਪਹੁੰਚ ਗਿਆ ।

ਅਸੀਂ ਆਪੋ ਆਪਣੇ ਟੈਂਟਾਂ ਵਿੱਚ ਸੌਂ ਗਏ। ਮੌਸਮ ਬਹੁਤ ਠੰਢਾ ਸੀ। ਸਵੇਰੇ ਉੱਠੇ ਤਾਂ ਪਹਾੜਾਂ ਦੀਆਂ ਚੋਟੀਆਂ 'ਤੇ ਧੁੱਪ ਚਮਕ ਰਹੀ ਸੀ ।ਪੂਰੇ ਆਲੇ-ਦੁਆਲੇ ਵਿੱਚ ਨਿੱਘ ਦਾ ਅਹਿਸਾਸ ਸੀ।ਪਹਾੜਾਂ ਦੀਆਂ ਚੋਟੀਆਂ 'ਤੇ ਧੁੱਪ ਪੈਣ ਨਾਲ ਹਲਕੇ ਸੁਨਹਿਰੇ ਰੰਗ ਦੀ ਭਾਅ ਵੱਜ ਰਹੀ ਸੀ।ਸਾਡੇ ਤੋਂ ਥੋੜ੍ਹੀ ਦੂਰ ਇੱਕ ਵੱਡਾ ਪੱਥਰ ਪਿਆ ਸੀ, ਜਦ ਮੈਂ ਇਸ ਪੱਥਰ ਨੂੰ ਦੇਖਿਆ ਤਾਂ ਉਸ ਉੱਪਰ 1988 ਲਿਖ ਕੇ ਨਾਲ ਕਿਸੇ ਟਰੈਕਿੰਗ ਗਰੁੱਪ ਦਾ ਨਾਂਅ ਲਿਖਿਆ ਹੋਇਆ ਸੀ, ਜਿਸ ਦੇ ਅੱਧ ਤੋਂ ਵੱਧ ਅੱਖਰ ਢਹਿ ਚੁੱਕੇ ਸਨ।1988 ਲਿਖਿਆ ਦੇਖ ਮੇਰੀ ਰੁਚੀ ਇਸ ਪੱਥਰ 'ਚ ਵਧ ਗਈ, ਕਿਉਂਕਿ ਮੇਰਾ ਜਨਮ 26 ਮਾਰਚ 1988 ਦਾ ਹੈ। ਮੈਂ ਇਹ ਸਾਲ ਲਿਖਿਆ ਦੇਖ ਸੋਚਣ ਲੱਗਾ ਕਿ ਜਿਸ ਸਾਲ ਦਾ ਮੇਰਾ ਜਨਮ ਹੈ, ਉਦੋਂ ਤੇ ਉਸ ਤੋਂ ਬਾਅਦ ਪਤਾ ਨਹੀਂ ਕਿੰਨੇ ਲੋਕ ਇਹਨਾਂ ਰਾਹਾਂ 'ਤੇ ਆਪਣੀਆਂ ਪੈੜਾਂ ਕਰਕੇ ਚਲੇ ਗਏ।ਉਹਨਾਂ 'ਚ ਕਿੰਨੇ ਜਿਉਂਦੇ ਹੋਣਗੇ, ਕਿੰਨੇ ਮਰ ਗਏ ਹੋਣਗੇ।ਕਿੰਨਿਆਂ ਦੇ ਪਰਵਾਰ ਇਸ ਦੁਨੀਆ 'ਤੇ ਹੋਣਗੇ ਤੇ ਕੁਝ ਕੁ ਉਹ ਵੀ ਹੋਣਗੇ, ਜਿਨ੍ਹਾਂ ਦਾ ਕੋਈ ਨਾਮੋ-ਨਿਸ਼ਾਨ ਵੀ ਇਸ ਜਹਾਨ 'ਤੇ ਨਹੀਂ ਹੋਵੇਗਾ।ਖਾਲੀ ਪਿਆ ਮੈਦਾਨ ਮੈਨੂੰ ਭਰਿਆ-ਭਰਿਆ ਲੱਗ ਰਿਹਾ ਸੀ।

ਮੇਰੀ ਸੋਚਣ ਸ਼ਕਤੀ ਮੇਰੇ ਅੱਗੇ ਕਿੰਨੇ ਹੀ ਕਾਲੇ, ਗੋਰੇ, ਇੰਡੀਅਨ, ਇਜ਼ਰਾਇਲੀ, ਯੂਰਪੀ ਚਿਹਰੇ ਬਣਾਉਣ ਲੱਗ ਪਈ। ਇੱਕ ਭੀੜ ਜੋ ਲਗਾਤਾਰ ਤੁਰ ਰਹੀ ਸੀ। ਸਟਿੱਕਾਂ ਦੀ ਆਵਾਜ਼ ਮੇਰੇ ਕੰਨਾਂ 'ਚ ਗੂੰਜ ਰਹੀ ਸੀ।ਮੈਂ ਕਿੰਨੇ ਹੀ ਚਿਹਰੇ ਬਣਾਏ ਅਤੇ ਕਿੰਨੇ ਹੀ ਚਿਹਰੇ ਢਾਹੇ।

ਮੇਰੇ ਸਾਥੀ ਅੰਮ੍ਰਿਤਪਾਲ ਨੇ ਮੈਨੂੰ ਆਵਾਜ਼ ਮਾਰੀ ਤਾਂ ਮੇਰੀ ਸੁਰਤ ਏਧਰੋਂ ਧੁੱਟੀ ਗਈ।

ਅੱਜ ਫਿਰ ਘੋੜੇ ਪਿੱਛੇ ਭੱਜ ਗਏ ਸਨ।ਜਿਨ੍ਹਾਂ ਨੂੰ ਭਾਲਣ ਲਈ ਘੋੜਿਆਂ ਵਾਲੇ ਮਗਰ ਗਾਡਸਰ ਪਾਸ ਵੱਲ ਗਏ ਹੋਏ ਸਨ।ਇੱਕ ਵਾਰ ਤਾਂ ਸਾਨੂੰ ਫਿਰ ਲੱਗਾ ਕਿ ਅੱਜ ਦਾ ਦਿਨ ਏਥੇ ਹੀ ਰੁਕਣਾ ਪਵੇਗਾ, ਪਰ ਛੇਤੀ ਹੀ ਸਾਨੂੰ ਘੋੜਿਆਂ ਵਾਲੇ ਆਉਂਦੇ ਹੋਏ ਦਿਸ ਗਏ।ਇਹ ਆਪਣੇ ਘੋੜੇ ਗਾਡਸਰ ਝੀਲ ਤੋਂ ਮੋੜ ਕੇ ਲਿਆਏ ਸਨ।

ਸਾਡਾ ਅੱਜ ਦਾ ਦਿਨ ਇਸ ਟਰੈਕ ਦਾ ਸਭ ਤੋਂ ਲੰਮਾ ਦਿਨ ਸੀ।ਘੋੜੇ ਪਿੱਛੇ ਭੱਜ ਜਾਣ ਕਾਰਨ ਅਸੀਂ ਤੁਰਨ ਵਿੱਚ ਥੋੜ੍ਹਾ ਲੇਟ ਹੋ ਗਏ । ਸਵੇਰੇ ਦਸ ਵਜੇ ਸਾਰੇ ਜਣੇ ਅੱਗੇ ਵੱਲ ਤੁਰਨ ਲੱਗੇ। ਪੰਦਰਾਂ-ਵੀਹ ਮਿੰਟ ਲਗਾਤਾਰ ਤੁਰਨ ਤੋਂ ਬਾਅਦ ਸਾਨੂੰ ਤੀਹ ਪੈਂਤੀ ਫੁੱਟ ਚੌੜਾ ਠੰਢੇ ਪਾਣੀ ਦਾ ਨਾਲਾ ਪਾਰ ਕਰਨਾ ਪੈਣਾ ਸੀ ।ਇਹ ਨਾਲਾ ਪਿਛਲੀਆਂ ਝੀਲਾਂ ਚੋਂ ਨਿਕਲ ਕੇ ਵਗ ਰਿਹਾ ਸੀ।ਪਾਣੀ ਦਾ ਵਹਾਅ ਵੀ ਤੇਜ਼ ਸੀ ਅਤੇ ਪਾਣੀ ਠੰਢਾ ਵੀ ਬਹੁਤ ਸੀ ।ਇਮਤਿਆਜ਼ ਨੇ ਇਹ ਨਾਲਾ ਪਾਰ ਕਰਨ ਲਈ ਇੱਕ ਖਾਸ ਥਾਂ ਚੁਣੀ, ਜਿੱਥੇ ਪਾਣੀ ਜ਼ਿਆਦਾ ਡੂੰਘਾ ਨਹੀਂ ਸੀ। ਅਸੀਂ ਇੱਕ-ਦੂਜੇ ਦੀਆਂ ਬਾਹਾਂ ਫੜ ਕੇ ਇਹ ਨਾਲਾ ਪਾਰ ਰਹੇ ਸਾਂ। ਇੰਜ ਲਗਦਾ ਸੀ ਕਿ ਜੇਕਰ ਇਹ ਨਾਲਾ ਦਸ-ਪੰਦਰਾਂ ਫੁੱਟ ਹੋਰ ਚੌੜਾ ਹੁੰਦਾ ਤਾਂ ਅਸੀਂ ਰਸਤੇ 'ਚ ਹੀ ਠਰ ਕੇ ਡਿੱਗ ਪੈਂਦੇ ।ਨਾਲਾ ਪਾਰ ਕਰਦਿਆਂ ਲੱਤਾਂ ਬਿਲਕੁਲ ਠਰ ਗਈਆਂ ਸਨ। ਇਜ਼ਰਾਇਲ ਵਾਲੇ ਗਰੁੱਪ ਦੇ ਇੱਕ ਮੁੰਡੇ ਨੇ ਨਾਲਾ ਪਾਰ ਕਰਨ 'ਚ ਥੋੜ੍ਹੀ ਜਲਦਬਾਜ਼ੀ ਕੀਤੀ, ਜਿਸ ਨਾਲ ਉਹ ਨਾਲੇ ਦੇ ਪੱਤਣ 'ਤੇ ਬਹੁਤ ਬੁਰੇ ਤਰੀਕੇ ਨਾਲ ਡਿੱਗਿਆ ।ਉਹ ਕਿਸੇ ਵੱਡੀ ਸੱਟ ਤੋਂ ਤਾਂ ਬਚ ਗਿਆ, ਪਰ ਉਸ ਦਾ ਸਾਰਾ ਸਰੀਰ ਝੰਜੋੜਿਆ ਗਿਆ, ਜੋ ਪੂਰੇ ਦਿਨ ਉਹਦੀ ਤੋਰ ਅਤੇ ਗੱਲਬਾਤ 'ਚੋਂ ਝਲਕਦਾ ਰਿਹਾ।

ਨਾਲਾ ਪਾਰ ਕਰਨ ਤੋਂ ਬਾਅਦ ਅਸੀਂ ਤਿੱਖੀ ਚੜ੍ਹਾਈ ਚੜ੍ਹਨੀ ਸ਼ੁਰੂ ਕਰ ਦਿੱਤੀ ।ਅਸੀਂ ਗਾਡਸਰ ਪਾਸ ਦੀ ਚੜ੍ਹਾਈ ਚੜ੍ਹ ਰਹੇ ਸਾਂ। ਅਸੀਂ ਦੇਖਿਆ ਕਿ ਥੋੜ੍ਹਾ ਜਿਹਾ ਚੱਲਣ ਤੋਂ ਬਾਅਦ ਸਾਡੇ ਇੱਕ ਸਾਥੀ ਦੇ ਗੋਡੇ ਵਿੱਚ ਦਰਦ ਹੋਣਾ ਸ਼ੁਰੂ ਹੋ ਗਿਆ। ਇਹ ਮੁੰਡਾ ਜਮੀਲਾ ਦਾ ਦੋਸਤ ਸੀ। ਅਸੀਂ ਸਾਰੇ ਉਸ ਦੇ ਕੋਲ ਰੁਕ ਗਏ ।ਗਾਈਡ ਨੇ ਉਸ ਨੂੰ ਕੁਝ ਮੁੱਢਲੀ ਸਹਾਇਤਾ ਦਿੱਤੀ ਅਤੇ ਤੁਰਨ ਲਈ ਕਿਹਾ। ਇਹ ਪਾਸ ਦੀ ਚੜ੍ਹਾਈ ਚੜ੍ਹਦੇ-ਚੜ੍ਹਦੇ ਅਸੀਂ ਉਹਨਾਂ ਤੋਂ ਕਾਫੀ ਅੱਗੇ ਲੰਘ ਗਏ। ਇਮਤਿਆਜ਼ ਨੇ ਸਾਨੂੰ ਰੁਕਣ ਦਾ ਇਸ਼ਾਰਾ ਕੀਤਾ ਕਿ ਅੱਗੇ ਹਵਾ ਬਹੁਤ ਤੇਜ਼ ਹੈ, ਸਾਰੇ ਜਣੇ ਇਕੱਠੇ ਹੀ ਅੱਗੇ ਜਾਵਾਂਗੇ। ਜੋ ਨਾਲਾ ਅਸੀਂ ਪਾਰ ਕਰਕੇ ਆਏ ਸੀ, ਉਹ ਬਹੁਤ ਨੀਵਾਂ ਰਹਿ ਗਿਆ ਸੀ। ਦੂਰ-ਦੂਰ ਤੱਕ ਉੱਚੇ ਪਹਾੜ ਦਿਸ ਰਹੇ ਸਨ।ਸਾਰੇ ਜਣੇ ਇਕੱਠੇ ਹੋ ਗਏ, ਸਭ ਨੇ ਆਪੋ-ਆਪਣੇ ਗਰਮ ਕੱਪੜੇ ਕੱਢੇ ਅਤੇ ਠੰਢੇ ਮੌਸਮ 'ਚ ਵਿਚਰਨ ਲਈ ਤਿਆਰ ਹੋ ਕੇ ਅੱਗੇ ਵਧਣ ਲੱਗੇ।


ਅਸੀਂ ਜਿਵੇਂ-ਜਿਵੇਂ ਪਾਸ ਵੱਲ ਜਾ ਰਹੇ ਸੀ, ਠੰਢੀ ਅਤੇ ਤੇਜ਼ ਹਵਾ ਦਾ ਪ੍ਰਕੋਪ ਵਧ ਰਿਹਾ ਸੀ। ਜਦ ਅਸੀਂ ਬਿਲਕੁਲ ਸਿਖਰ 'ਤੇ ਪਹੁੰਚੇ ਤਾਂ ਹਵਾ ਏਨੀ ਤੇਜ਼ ਵਗ ਰਹੀ ਸੀ ਕਿ ਸਾਨੂੰ ਇੱਕ-ਦੂਜੇ ਦੀ ਆਵਾਜ਼ ਵੀ ਨਹੀਂ ਸੁਣ ਰਹੀ ਸੀ।ਅਸੀਂ ਕੁਝ ਸਮਾਂ ਪਾਸ 'ਤੇ ਰੁਕ ਕਿ ਇਸ ਮੌਸਮ ਨੂੰ ਮਹਿਸੂਸ ਕੀਤਾ। ਫਿਰ ਸਾਰੇ ਜਣੇ ਅੱਗੇ ਤੁਰਨ ਲੱਗੇ । ਸਤਸਰ (ਝੀਲ) 'ਤੇ ਪਹੁੰਚ ਕਿ ਅਸੀਂ ਪੀਣ ਲਈ ਪਾਣੀ ਭਰਿਆ ਤੇ ਲਗਾਤਾਰ ਤੁਰਨਾ ਸ਼ੁਰੂ ਕਰ ਦਿੱਤਾ ।ਸਾਨੂੰ ਸਾਡੇ ਗਾਈਡ ਨੇ ਦੱਸਿਆ ਨੇ ਇੱਥੇ ਪਹਾੜਾਂ ਦੇ ਪਿੱਛੇ ਸੱਤ ਝੀਲਾਂ ਹਨ, ਜਿਨ੍ਹਾਂ ਕਰਕੇ ਇਸ ਇਲਾਕੇ ਨੂੰ 'ਸਤਸਰ' ਕਿਹਾ ਜਾਂਦਾ ਹੈ। ਹੁਣ ਤੱਕ ਅਸੀਂ ਇਹ ਸਮਝ ਚੁੱਕੇ ਸੀ ਕਿ ਇਸ ਟਰੈਕ ਦੇ ਚਾਰ-ਚੁਫੇਰੇ ਝੀਲਾਂ ਦੀ ਬਹੁਤਾਤ ਹੈ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


## ਬਾਲ ਕੋਨਾ



ਬਲਜੋਤ ਸਿੰਘ, ਦੂਜੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ, ਸ੍ਰੀ ਆਨੰਦਪੁਰ ਸਾਹਿਬ




ਯਸ਼ਕਿਤ ਸੈਨ, ਦੂਜੀ, ਸ. ਪ੍ਰ. ਸ., ਲਹਿਰਾ ਮੁਹੱਬਤ




ਪੁਲਕਿਤ ਸੈਨ, ਪੰਜਵੀਂ, ਸ. ਪ੍ਰ. ਸ., ਲਹਿਰਾ ਮੁਹੱਬਤ

### ਡੱਬੇ ਵਾਲੀ ਚੂਰੀ

ਮਹਿਕ ਪੁੱਛੇ ਨੂਰ ਨੂੰ
ਅੱਜ ਕੀ ਡੱਬੇ ਵਿੱਚ ਲਿਆਇਆ।
ਨੂਰ ਆਖੇ ਮਹਿਕ ਨੂੰ
ਅੱਜ ਮੰਮੀ ਨੇ ਜੰਮੀ ਜੰਮੀ ਖਾਣਾ ਬਣਾਇਆ।
ਅੱਜ ਮਹਿਕ ਮੰਮੀ ਨੇ
ਦੇਸੀ ਘਿਓ ਦੀ ਚੂਰੀ ਕੁੱਟ ਬਣਾਈ।
ਇੱਕ ਪਿਨੀ ਮੇਰੇ ਲਈ
ਤੇ ਦੂਜੀ ਤੇਰੇ ਲਈ ਮੰਮੀ ਨੇ ਪਾਈ।
ਅੱਧੀ ਛੁੱਟੀ ਵੇਲੇ ਆਪਾਂ
ਰਲ ਕੇ ਦੋਹਾਂ ਨੇ ਚੂਰੀ ਹੈ ਖਾਣੀ,
ਘਰ ਜਾ ਕੇ ਤੂੰ ਵੀ ਆਖੀਂ ਆਂਟੀ ਨੂੰ,
ਚੂਰੀ ਮੈਂ ਹੈ ਖਾਣੀ।
ਟੀਚਰ ਆਖਣ ਰੋਜ਼ ਤੁਸੀਂ
ਸ਼ੁੱਧ ਤੇ ਵਧੀਆ ਖੁਰਾਕ ਖਾਵੋ।
ਤੰਦਰੁਸਤ ਤੇ ਵਧੀਆ ਇਨਸਾਨ,
ਖਿਡਾਰੀ ਤੁਸੀਂ ਬਣ ਜਾਵੋ।
ਕਹੇ ਜਖਵਾਲੀ ਵੱਡਿਆਂ ਦਾ
ਤੁਸੀਂ ਰੱਜ ਕੇ ਕਰਿਓ ਸਤਿਕਾਰ।
ਪਿਆਰ ਦੇ ਬਦਲੇ ਪਿਆਰ ਬੱਚਿਓ
ਮਿਲੂਗਾ ਬੇਸ਼ੁਮਾਰ।

— ਗੁਰਪ੍ਰੀਤ ਸਿੰਘ ਜਖਵਾਲੀ